ਪੰਜਾਬ ਜੀਉਂਦਾ ਗੁਰੂ ਦੇ ਨਾਂ 'ਤੇ

ਪ੍ਰੋ: ਪੂਰਨ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਪੰਜਾਬ ਜੀਉਂਦਾ ਗੁਰੂ ਦੇ ਨਾਂ ਤੇ

ਪੰਜਾਬੀ ਰੂਪਾਂਤ੍ਰਕਾਰ : ਕ੍ਰਿਪਾਲ ਸਿੰਘ ਕਸੇਲ
ਸਹਾਇਕ : ਜਤਿੰਦਰ ਸਿੰਘ ਨੰਦਾ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ਤਤਕਰਾ

1. ਅਬਚਲ ਜੋਤ

1. ਹਰਕਾਰਾ 21
2. ਕਾਲੀ ਕੋਇਲ 22
3. ਰਾਜ ਹੰਸ 24
4. ਚਾਤ੍ਰਿਕ 26
5. ਚਕਵੀ ਚਕਵਾ 29
6. ਪਾਰਸ 33
7. ਅਬਚਲ ਜੋਤ 38
8. ਚਾਂਦੀ ਦੇ ਪੈਰਾਂ ਵਾਲਾ 39

2. ਅਲਖ ਪਾਰਬ੍ਰਹਮ

1. ਮਹਾਨ ਹੈ ਤੇਰੀ ਕੁਦਰਤ 41
2. ਪੱਗ ਵਾਲਾ ਪੁਰਖ 42
3. ਅਗਿਆਤ ਪੁਰਖ 44
4. ਪੁਰਖ ਜੋ ਮੇਰਾ ਰੂਪ ਧਾਰਦਾ 46
5. ਮੇਰੇ ਅੰਦਰ ਦਾ ਪੁਰਖ 47
6. ਪੁਰਖ ਜੋ ਮੇਰੇ ਅੰਦਰ ਵੀ ਹੈ ਤੇ ਨਹੀਂ ਵੀ 48
7. ਮੈਂ ਕੀ ਜਾਣਾਂ ! ਕਦੋਂ ? 49
8. ਹਰ ਥਾਂ ਤੇਰੀ ਸ਼ਾਨ 50
9. ਨਦਰ ਕਰਮ ਦੀ ਜਗਦੀ ਜੋਤ 51
10. ਪ੍ਰਭੂ ਦਾ ਬੰਦਾ 52
11. ਪ੍ਰਭੂ ਜੀ ਮੇਰੇ ਹਿਰਦੇ ਨੂੰ ਛੁਹ ਬਖ਼ਸ਼ੋ 55
12. ਮੇਰੇ ਪ੍ਰੀਤਮ ਦੇ ਚੋਜ ਨਿਆਰੇ 58
13. ਸਦਾ ਅੰਗ ਸੰਗ 59

3. ਹਰਿਮੰਦਰ ਸਾਹਿਬ

1. ਹਰਿਮੰਦਰ ਸਾਹਿਬ 61
2. ਹਰਿਮੰਦਰ ਦਾ ਮੰਗਤਾ 63

3. ਆਦਰਸ਼ਕ ਸਿਖ ਮਾਂਵਾਂ 65
4. ਸਿਖ ਮਾਂਵਾਂ ਹਨ ਨਿਰਭਉ 67
5. ਸਿਖ ਮਾਂਵਾਂ ਤੇ ਚਾਲੀ ਮੁਕਤੇ 68
6. ਖ਼ੁਸ਼ਹਾਲੀ ਦਾ ਭੇਦ 70
7. ਭਾਗਭਰੀ ਦੇ ਮੰਦਰ ਉਤੇ ਮੱਥਾ ਟੇਕਣਾ 72
8. ਗੁਰੂ ਗ੍ਰੰਥ 73
9. ਵਿਰੋਸਾਏ ਘਰ 74
10. ਸੰਤ ਪੁਰਸ਼ ਦੀ ਦਿਆਲਤਾ 79
11. ਸੋਨੇ ਦੀ ਕਿਸ਼ਤੀ 81
12. ਦਸਮੇਸ਼ ਜੀ ਦੀ ਮੁੜ ਪੰਜਾਬ ਫੇਰੀ 82
13. ਆਪਣੇ ਆਉਣ ਦੀ ਦਸੋ ਨਿਸ਼ਾਨੀ 87
14. ਗੁਰੂ ਮਨੁੱਖ ਦਾ ਤਿਲ ਤਿਲ ਕਰੇ ਨਿਰਮਾਣ 93
15. ਭਾਈ ਲਾਲੋ 95
16. ਭਾਈ ਤਾਰੂ ਸਿੰਘ 96
17. ਭਾਈ ਮਨੀ ਸਿੰਘ 99
18. ਸਢੌਰੇ ਦਾ ਬੁਧੂ ਸ਼ਾਹ, ਉਸ ਦੀ ਪਤਨੀ ਨਸੀਰਾਂ ਅਤੇ ਨਸੀਰਾਂ ਦਾ ਭਰਾ ਸੈਦ ਖ਼ਾਂ (ਸੈਦ ਖ਼ਾਨ ਤੇ ਸਢੌਰੇ ਦਾ ਬੁਧੂ ਸ਼ਾਹ) 101
19. ਭਾਈ ਨੰਦ ਲਾਲ 105
20. ਪਦਮਾ 107
21. ਝੰਡਾ ਬਾਢੀ 108
22. ਭਾਈ ਬੁਢਾ 110
23. ਗੁਰੂ ਜੀ ਦੇ ਪੰਜ ਪਿਆਰੇ 114

4. ਅਨੰਤ-ਲੀਲਾ

1. ਵੇਖ ਵਿਡਾਣ ਰਿਹਾ ਵਿਸਮਾਦ 116
2. ਸੁੰਦਰਤਾ ਦਾ ਜਾਇਆ 118
3. ਪ੍ਰੇਮ ਹੈ ਮਹਾਨ 127
4. ਪਰਦਾ ਨਸ਼ੀਨ 129
5. ਇਕ ਵਾਰ ਮੈਂ ਇਕ ਸੁੰਦਰ ਨਾਰ ਨੂੰ ਮਿਲਿਆ 131
6. ਮਿਹਰ ਦੀ ਨਿਗ੍ਹਾ 133

7. ਘਾਹ ਪੱਤੀਆਂ ਵਿਚ ਮੇਰਾ ਆਲ੍ਹਣਾ 135
8. ਚੋਜੀ ਮੇਰੇ ਗੋਵਿੰਦਾ 137
9. ਚਰਨ ਕੰਵਲਾਂ 'ਤੇ 141
10. ਅਣਿਆਲੇ ਤੀਰ ਦੀ ਉਡੀਕ 142
11. ਜੇ ਤੂੰ ਮੇਰਾ ਹੋ ਰਹੇਂ 143
12. ਮੇਰੇ ਪ੍ਰੀਤਮ 144
13. ਬੇੜੀ ਮੇਰੀ ਵਿਚ ਤੂਫ਼ਾਨ ਦੇ ਪਈ ਡੋਲੇ 146
14. ਤੇਰੇ ਤੇ ਮੇਰੇ ਵਿਚਕਾਰ ਦੀ ਵਿਥ 147
15. ਮੇਰੇ ਸਾਂਈਆਂ 148

5. ਨਾਮ ਅੰਮ੍ਰਿਤ

1. ਪ੍ਰੀਤਮ ਦੇ ਨਾਮ ਸਿਮਰਨ ਦਾ ਦਿਵਸ 151
2. 'ਅਨੰਤ' ਦਾ ਨਾਮ 152
3. ਮੇਰੇ ਮਨ ਦਾ ਸਰਬ ਪਸਾਰ 160
4. ਪਤਨੀ ਵਾਲਾ ਪ੍ਰੀਤਮ ਪ੍ਰੇਮ 162
5. ਕਿਸ ਕੰਮ ਇਹ ਮਾਲਾ ਦਾ ਫੇਰਨ 164
6. ਸੰਤ ਜਨ ਸਿਮਰਨ ਦੀ ਜਗਦੀ ਜੋਤ 167
7. ਸਿਮਰਨ ਦਾ ਚੱਕ 169
8. ਮੈਂ ਕੀ ਜਾਣਾਂ ਸਾਰ 172
9. ਜਿੰਦ ਕਣੀ ਜਦ ਮੇਰੇ ਅੰਦਰ ਜਾਗੀ 174
10. ਜਦ ਮੈਂ ਮੋਇਆ 175
11. ਅਨੰਦ ਕਟੋਰਾ 176
12. ਕੀਮਤ ਕਹਿਣ ਨਾ ਜਾਏ 177
13. ਮੰਜ਼ਲ ਵਲ ਦੀ ਰੱਬੀ ਯਾਤਰਾ 178
14. ਨਮਸਕਾਰ 180

6. ਪ੍ਰਭੂ ਪ੍ਰੀਤਮ

1. ਦੀਦਾਰ ਦੀ ਝਲਕ 181
2. ਪ੍ਰੀਤਮ ਦੇ ਮੰਗਲ–ਦਰਸ਼ਨ 198

3. ਤੇਰੇ ਦਰ 'ਤੇ 207
4. ਜਦ ਤੋਂ ਮੈਂ ਉਸ ਪ੍ਰਭੂ ਪ੍ਰੀਤਮ ਨੂੰ ਹਾਂ ਮਿਲਿਆ 224
5. ਉਸ ਦਾ ਪਿਆਰ–ਮੇਰਾ ਪੱਕਾ ਆਧਾਰ 226
6. ਜੀਵਨ ਦਾ ਪਾਤਸ਼ਾਹ 227
7. ਸਭ ਨੂੰ ਖਿਚਾਂ ਪਾਵਣ ਵਾਲਾ 228
8. ਮੇਰਾ ਪ੍ਰੀਤਮ ਮੈਨੂੰ ਮਿਲਿਆ 229
9. ਮਿਲਾਪ ਰਾਤ 230
10. ਬਿਰਹਾ 231
11. ਵਿਛੜਿਆ ਪ੍ਰੀਤਮ 232
12. ਆਉ ਮੇਰੇ ਪ੍ਰੀਤਮ ਆਉ 233
13. ਪ੍ਰੀਤਮ ਦਾ ਬਜਰਾ 234
14. ਮੈਂ ਜਾਤਾ ਮੈਂ ਜਾਣਾਂ ਉਸ ਨੂੰ 235
15. ਪ੍ਰੀਤਮ ਮੈਨੂੰ ਗੂੜ੍ਹੇ ਪ੍ਰੇਮ ਰੰਗ ਵਿਚ ਰੰਗੋ 236
16. ਮੇਰਾ ਪ੍ਰੀਤਮ 238
17. ਪ੍ਰੀਤਮ ਮੈਨੂੰ ਅੰਕ ਸਮਾਉ 240
18. ਮੇਰੇ ਪ੍ਰੀਤਮ ਆਉ 242
19. ਸੰਜੋਗੀ ਮੇਲ 244
20. ਈਸਾਈਆਂ ਤੇ ਯਹੂਦੀਆਂ ਦਾ ਰੱਬ 245
21. ਪ੍ਰੀਤਮ ਅਗੇ ਅਰਦਾਸ 247
22. ਪ੍ਰੀਤਮ ! ਆਇਓ ਮੈਂ ਸ਼ਰਨ ਤੁਹਾਰੀ 251
23. ਪ੍ਰੀਤਮ ਨੂੰ 252
24. ਅਨੰਤਾਂ ਦਾ ਸਫ਼ਰ 253
25. ਸਭ ਜਗ ਚਿਕੜ ਭਰਿਆ 254

7. ਲੰਮੀ ਨਦਰ

1. ਜਗ ਦੇ ਮੇਲੇ ਵਿਚ ਮੈਂ ਇਕ ਗੁਆਚਾ ਬਾਲ 256
2. ਮੈਂ ਮਾਲੀ ਦੀ ਬੇਟੜੀ 273
3. ਮਿਹਰ ਦੀ ਨਿਗ੍ਹਾ 283

4. ਮੁਰੀਦ 290
5. ਆਤਮਿਕ ਉਡਾਰੀ 300
6. ਦੇਸ਼ਾਂ ਨੂੰ ਸਰ ਕਰਨ ਵਾਲੀ ਦੇਵੀ 308
7. ਬੇਪ੍ਰਵਾਹ ਰਾਜਾ 309
8. ਮੁਕਤੀ 310
9. ਨਾਮਦੇਵ ਜੀ ਦਾ ਠਾਕਰ 315
10. ਭੇਟਾ -1 ਅਤੇ 2 318
11. ਮੁਗਲ 324
12. ਪ੍ਰਹਿਲਾਦ 325
13. ਧ੍ਰੂ ਤੇ ਉਸ ਦੀ ਮਾਤਾ 326
14. ਜਦ ਹੋਏ ਸਭ ਬੂਹੇ ਬੰਦ 328
15. ਗੁਰੂ ਨਾਨਕ 332
16. ਸੰਤ ਪੁਰਸ਼ 346
17. ਸ਼ਬਦ ਬ੍ਰਹਮ 348
18. ਮਨ ਮੰਦਰ 349
19-ਅੰ — 348

ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਸਿਖੀ ਸੇਵਕੀ

ਨੂੰ

ਆਦਿ ਪੂਰਨ ਮਧਿ ਪੂਰਨ

ਅੰਤਿ ਪੂਰਨ ਪਰਮੇਸੁਰਹ ।। ਸਿਮਰੰਤਿ ਸੰਤ ਸਰਬਤ੍ਰ ਰਮਣੰ

ਨਾਨਕ ਅਘਨਾਸਨ ਜਗਦੀਸੁਰਹ ।।

(ਗੁਰੂ ਗ੍ਰੰਥ ਸਾਹਿਬ ਪੰਨਾ ਨੰ: ੭੦੫)

ਪੰਜਾਬ ਵਿਚ ਸਤਿਗੁਰਾਂ ਦੀ ਨਿਗਾਹ ਵਿਚੋਂ
ਜੀਵਨ-ਬਿਜਲੀਆਂ ਦੇ ਅਸਗਾਹ ਦਰਿਆ ਵਗ ਉਠੇ,
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ
ਤੇ ਜੇਹਲਮ ਤੇ ਅਟਕ ਸਭ ਬਲ ਉਠੇ,
ਗੁਰੂ ਦਾ ਜਪੁ ਸਾਹਿਬ ਗਾਉਂਦੇ ।
ਇਉਂ ਅਥਾਹ ਪ੍ਰਵਾਹ ਹੋਇਆ,
ਸੁੱਕਾ ਨਾਂਹ ਰਿਹਾ ਕੋਈ ਥਾਂ ।
ਹਿੰਦੂ, ਮੁਸਲਮਾਨ, ਪੰਛੀ, ਪਸ਼ੂ, ਆਦਮੀ ਸਭ ਭਿਜਿਆ,
ਡੁਬਿਆ ਅੰਮ੍ਰਿਤ ਉਸ ਨਿਗਾਹ ਵਿਚ ।

ਇਥੇ ਜਾਨ ਆਈ, ਰੂਹ ਆਇਆ, ਰੱਬ ਆਇਆ,
ਗੀਤ ਅਸਮਾਨੀ ਆਇਆ, ਦਿਲ ਆਇਆ ਬਖ਼ਸ਼ ਦਾ,
ਇਥੇ ਚਾਅ ਦੇ ਅਸਮਾਨ ਟੁੱਟੇ,
ਇਥੇ ਹੁਸਨ ਖ਼ੁਦਾਈ ਦਾ ਅਵਤਾਰ ਆਇਆ
ਇਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹਾਂ ਦੇ ਤੀਰਾਂ ਦੇ ਮੀਂਹ ।

ਇਥੇ ਦਾਤੇ ਬਲਕਾਰ ਆਏ,
ਇਥੇ ਸਾਂਈਂ ਦੇ ਪਿਆਰੇ ਆਏ
ਇਸ ਧਰਤੀ ਵਿਚ ਕਲਗੀ ਵਾਲੇ ਦੇ ਘੋੜੇ ਦੇ ਸੁਮਾਂ ਦੀ ਟਾਪ ਲਗੀ
ਇਥੇ ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ ।

ਆਦਿ ਕਥਨ

'ਪੰਜਾਬ ਜਿਉਂਦਾ ਗੁਰੂ ਦੇ ਨਾਂ 'ਤੇ' ਸਿਖ ਅਧਿਆਤਮਿਕ ਕਵਿਤਾ ਦਾ ਅਦੁਤੀ ਸੰਗ੍ਰਹਿ ਹੈ, ਜਿਸ ਨੂੰ ਪੰਜਾਬ ਦੇ ਮਹਾਨ ਕਵੀ, ਸੰਤ ਪੁਰਸ਼ ਤੇ ਚਿੰਤਕ ਸਵਰਗਵਾਸੀ ਪ੍ਰੋ. ਪੂਰਨ ਸਿੰਘ ਨੇ ਮਾਨ-ਸਰੋਵਰ ਦੀਆਂ ਉਚਾਣਾਂ ਵਿਚ ਬੈਠ ਕੇ ਆਤਮਾ ਦੀ ਤਲ-ਭੂਮੀ ਉਤੇ ਰਚਿਆ ਤੇ ਸਿਰਜਿਆ ਹੈ । ਮੂਲ ਰੂਪ ਵਿਚ ਇਸ ਪੁਸਤਕ ਦੀ ਸਾਰੀ ਕਵਿਤਾ ਅਧਿਆਤਮਕ ਕਵਿਤਾ ਹੈ, ਜਿਸ ਵਿਚ ਗੁਰਮਤਿ ਦਾ ਸਿਖ-ਚਿੰਤਨ ਵਿਦਮਾਨ ਹੈ ਅਤੇ ਇਸ ਦੀਆਂ ਰਹੱਸਵਾਦੀ ਰਮਜ਼ਾਂ ਉਚਕੋਟੀ ਦੇ ਆਤਮਿਕ ਅਨੁਭਵ ਦੀ ਸਾਖੀ ਭਰਦੀਆਂ ਹਨ, ਜੋ ਇਨ੍ਹਾਂ ਰਚਨਾਵਾਂ ਦੇ ਅੱਖਰ-ਅੱਖਰ ਵਿਚ ਲਟ-ਲਟ ਜੋਤ ਦੇ ਰੂਪ ਵਿਚ ਜਗਮਗਾ ਰਹੀਆਂ ਹਨ ।ਅਜਿਹਾ ਉਚਕੋਟੀ ਦਾ ਸਿਖ ਅਧਿਆਤਮਿਕ ਕਾਵਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਬਾਹਰ ਘੱਟ ਹੀ ਪ੍ਰਾਪਤ ਹੁੰਦਾ ਹੈ । ਇਸ ਕਵਿਤਾ ਵਿਚ ਜਿਥੇ ਅਧਿਆਤਮਿਕ ਅਨੁਭਵ ਦੇ ਸਿਖ਼ਰਾਂ ਨੂੰ ਛੁਹਿਆ ਗਿਆ ਹੈ, ਉਥੇ ਇਸ ਦੀ ਕਲਾਤਮਿਕ ਸੁੰਦਰਤਾ ਦੀ ਪੂਰਨਤਾ ਵੀ ਅਨੁਪਮ ਤੇ ਬਹੁਮੁਲੀ ਹੈ, ਜਿਸ ਦੀਆਂ ਸਿਖ਼ਰਾਂ ਤਕ ਪਹੁੰਚ ਸਕਣਾ ਜੇ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ ।

ਸਵਰਗਵਾਸੀ ਪ੍ਰੋ. ਪੂਰਨ ਸਿੰਘ (੧੮੮੧-੧੯੩੧) ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸਾਹਿਤਕਾਰ ਸਨ, ਜਿਨ੍ਹਾਂ ਦੀ ਪ੍ਰਤਿਭਾ ਨੇ ਕਈ ਭਾਸ਼ਾਵਾਂ ਅੰਗ੍ਰੇਜ਼ੀ, ਹਿੰਦੀ, ਪੰਜਾਬੀ ਆਦਿ ਵਿਚ ਰਚਨਾ ਕੀਤੀ ਅਤੇ ਪਦ ਤੇ ਗਦ ਦੇ ਅਨੇਕ ਸਾਹਿਤਕ ਰੂਪਾਂ ਨੂੰ ਆਪਣੀ ਸਵੈ-ਅਭਿਵਿਅਕਤੀ ਦਾ ਮਾਧਿਅਮ ਬਣਾਇਆ । ਆਪ ਦੀ ਪਦਵੀ ਤੇ ਗੌਰਵ ਭਾਰਤ ਦੇ ਉਚਕੋਟੀ ਦੇ ਮਹਾਨ ਸਾਹਿਤਕਾਰਾਂ ਗੁਰੁਦੇਵ ਰਾਬਿੰਦਰ ਨਾਥ ਟੈਗੋਰ, ਡਾ. ਮੁਹੰਮਦ ਇਕਬਾਲ ਅਤੇ ਸ੍ਰੀ ਅਰਵਿੰਦੂ ਘੋਸ਼ ਸਮਾਨ ਵਿਸ਼ਵ-ਵਿਆਪੀ ਪ੍ਰਸਿੱਧੀ ਦਾ ਲਖਾਇਕ ਹੈ। ਇਨ੍ਹਾਂ ਸਭ ਮਹਾਨ ਭਾਰਤੀ ਕਵੀਆਂ, ਚਿੰਤਕਾਂ ਤੇ ਸਾਹਿਤਕਾਰਾਂ ਨੇ ਭਾਰਤ ਵਰਸ਼ ਦੇ ਅਧਿਆਤਮਿਕ ਪ੍ਰਕਾਸ਼ ਦੀ ਜੋਤੀ ਨੂੰ ਨਵੀਂ ਨੁਹਾਰ ਬਖ਼ਸ਼ੀ ਅਤੇ ਇਸ ਦੇ ਅਨੇਕ ਆਯਾਮਾਂ ਦਾ ਪਾਸਾਰ ਕਰਕੇ ਇਸ ਪੂਰਬ ਦੀ ਆਤਮਿਕ ਵੱਥ ਨੂੰ ਪਛਮੀ ਭੂ-ਖੰਡ ਦੇ ਅੰਤਮ ਸਿਰਿਆਂ ਤਕ ਪਹੁੰਚਾ ਦਿਤਾ ।ਇਹ ਸਾਰੇ ਸਾਹਿਤਕਾਰ ਭਾਰਤ ਦੀ ਉਸ ਨਵ-ਅਧਿਆਤਮਿਕ ਜਾਗ੍ਰਿਤੀ ਦੀ ਦੇਣ ਹਨ, ਜੋ ਉਨ੍ਹੀਵੀਂ ਸਦੀ ਦੇ ਅੰਤ ਵਿਚ ਆਤਮਿਕ ਪੁਨਰ-ਜਾਗਰਣ ਦੇ ਰੂਪ ਵਿਚ ਪ੍ਰਗਟ ਹੋਈ ।ਇਸ ਅਧਿਆਤਮਿਕ ਜਾਗ੍ਰਿਤੀ ਦੀਆਂ ਜੜ੍ਹਾਂ ਭਾਵੇਂ ਬਹੁਤ ਡੂੰਘੀਆਂ ਅਤੇ ਵੇਦਾਂ ਤੇ ਉਪਨਿਸ਼ਦਾਂ ਦੇ ਅਤੀਤ ਕਾਲ ਤਕ ਜਾ ਪੁਜਦੀਆਂ ਹਨ, ਜਿਸ ਵਿਚ ਬੁਧ, ਜੈਨ, ਨਾਥ, ਭਗਤ, ਸੂਫ਼ੀ, ਗੁਰੂ ਸਾਹਿਬਾਨ ਨੇ ਵੱਡਾ ਯੋਗਦਾਨ ਪਾਇਆ, ਪਰ ਆਧੁਨਿਕ ਕਾਲ ਵਿਚ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਤੇ ਹੋਰ ਸੁਆਮੀ-ਜਨਾਂ

(ਸੁਆਮੀ ਵਿਵੇਕਾ ਨੰਦ, ਸੁਆਮੀ ਰਾਮ ਤੀਰਥ) ਨੇ ਇਸ ਨਿਰੰਤਰ ਜਗਦੀ ਅਧਿਆਤਮਿਕ ਜੋਤ ਵਿਚ ਨਵੀਂ ਸਮੱਗਰੀ ਪਾ ਦਿਤੀ, ਜਿਸ ਨਾਲ ਇਸ ਦਾ ਪ੍ਰਕਾਸ਼ ਸਾਰੇ ਵਿਸ਼ਵ ਵਿਚ ਦੂਰ-ਦੂਰ ਤਕ ਫੈਲ ਗਿਆ । ਇਨ੍ਹਾਂ ਪੂਰਬੀ ਰਹੱਸਵਾਦੀ ਚਿੰਤਕਾਂ ਨੇ ਆਪਣੇ ਅਨੁਭਵ ਦੀ ਅਭਿਵਿਅਕਤੀ ਤੇ ਚਿੰਤਨ ਦੇ ਪ੍ਰਸਾਰ ਲਈ ਪਛਮੀ ਉਕਤੀ ਅਰਥਾਤ ਅੰਗ੍ਰੇਜ਼ੀ ਭਾਸ਼ਾ ਦੇ ਮਾਧਿਅਮ ਨੂੰ ਚੁਣਿਆਂ, ਜਿਸ ਨਾਲ ਇਹ ਭਾਰਤ ਦਾ ਸਰਵੋਤਮ ਚਿੰਤਨ ਤੇ ਅਨੁਭਵ ਇਨ੍ਹਾਂ ਮਹਾਨ ਵਿਭੂਤੀਆਂ ਦੀ ਘਾਲਨਾ ਦੁਆਰਾ ਵਿਸ਼ਵ-ਵਿਆਪੀ ਚਿੰਤਨ ਤੇ ਅਧਿਆਤਮਿਕ ਸੰਸਕ੍ਰਿਤੀ ਦਾ ਰੂਪ ਧਾਰਨ ਕਰ ਗਿਆ । ਇਸ ਦਾ ਇਕ ਪ੍ਰਮੁਖ ਉਦਾਹਰਨ ੧੮੯੩ ਦਾ ਸ਼ਿਕਾਗੋ ਵਿਖੇ ਹੋਇਆ ਵਿਸ਼ਵ ਧਰਮ ਸੰਮੇਲਨ ਸੀ, ਜਿਸ ਵਿਚ ਭਾਰਤ ਦੇ ਪ੍ਰਤੀਨਿਧ ਵਜੋਂ ਸੁਆਮੀ ਵਿਵੇਕਾਨੰਦ ਜੀ ਸ਼ਾਮਲ ਹੋਏ ਅਤੇ ਉਨ੍ਹਾਂ ਦੇ ਵਿਚਾਰਾਂ ਤੋਂ ਪਛਮੀ ਜਗਤ ਬਹੁਤ ਪ੍ਰਭਾਵਤ ਹੋਇਆ । ਸੁਆਮੀ ਵਿਵੇਕਾ ਨੰਦ ਨੇ ਇਸ ਅਧਿਆਤਮਿਕ ਚਿੰਤਨ ਨੂੰ ਸਮਾਜਕ ਕਰਮ ਤੇ ਭਾਰਤ ਦੀ ਸੁਤੰਤਰਤਾ ਦੀ ਲਹਿਰ ਨਾਲ ਜੋੜ ਕੇ ਇਸ ਨੂੰ ਭਾਰਤੀ ਰਾਸ਼ਟਰੀ ਆਤਮਾ ਨਾਲ ਪੂਰਨ ਤੌਰ 'ਤੇ ਇਕਸੁਰ ਕਰ ਦਿਤਾ।

ਸੁਆਮੀ ਵਿਵੇਕਾਨੰਦ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਸੁਆਮੀ ਰਾਮ ਤੀਰਥ ਜੀ ਨੇ ਇਸ ਅਧਿਆਤਮਿਕ ਨਿਧੀ ਦੇ ਭੰਡਾਰ ਨੂੰ ਆਪਣੀ ਆਤਮਕ ਸੁਰਤੀ ਤੇ ਰਹੱਸਵਾਦੀ ਅਨੁਭੂਤੀ ਦੁਆਰਾ ਨਵੇਂ ਰੰਗ ਵਿਚ ਰੰਗਿਆ ਤੇ ਤਪੋਬਨਾਂ ਦੇ ਪ੍ਰਭੂ-ਅਨੁਭਵ ਨਾਲ ਇਕਸੁਰ ਹੋ ਕੇ, ਅਧਿਆਤਮਿਕ ਅਨੁਭਵ ਦੀਆਂ ਉਚੀਆਂ ਸਵਰਨ-ਭੂਮੀਆਂ ਦੀ ਯਾਤਰਾ ਕੀਤੀ। ਆਪ ਵੀ ਸੁਆਮੀ ਵਿਵੇਕਾਨੰਦ ਦੇ ਪਗ-ਚਿੰਨ੍ਹਾਂ ਉਤੇ ਚਲ ਕੇ ੧੯੦੩ ਵਿਚ ਜਾਪਾਨ ਵਿਖੇ ਵਿਸ਼ਵ ਧਰਮ ਸੰਮੇਲਨ ਦੀ ਖ਼ਬਰ ਸੁਣ ਕੇ ਟੋਕੀਓ ਵਲ ਚਲ ਪਏ। ਭਾਵੇਂ ਜਾਪਾਨ ਵਿਖੇ ਇਹ ਵਿਸ਼ਵ ਧਰਮ ਸੰਮੇਲਨ ਨਾ ਹੋ ਸਕਿਆ, ਪਰ ਉਥੇ ਉਨ੍ਹਾਂ ਨੂੰ ਆਪਣਾ ਨਵਾਂ ਸ਼ਿਸ਼ ਪੂਰਨ ਸਿੰਘ ਮਿਲ ਪਿਆ ਜੋ ਉਨ੍ਹਾਂ ਦਿਨਾਂ ਵਿਚ ਪ੍ਰਯੋਗਕ ਰਸਾਇਣ ਦੀ ਉਚ ਸਿੱਖਿਆ ਪ੍ਰਾਪਤ ਕਰਨ ਲਈ ਜਾਪਾਨ ਗਿਆ ਹੋਇਆ ਸੀ । ਸੁਆਮੀ ਰਾਮ ਤੀਰਥ ਜਦੋਂ ਨੌਜਵਾਨ ਵਿਦਿਆਰਥੀ ਪੂਰਨ ਸਿੰਘ ਨੂੰ ਮਿਲੇ ਤਾਂ ਦੋਹਾਂ ਵਿਚ ਹੋਏ ਦੋ ਵਾਕਾਂ ਦੇ ਸੰਵਾਦ ਨੇ ਇਕ ਦੂਜੇ ਨੂੰ ਗੁਰੂ ਤੇ ਸ਼ਿਸ਼ ਦੀ ਸਾਂਝ ਵਿਚ ਜੋੜ ਦਿਤਾ । ਇਸ ਬਾਰੇ ਪ੍ਰੋ: ਪੂਰਨ ਸਿੰਘ ਆਪ ਲਿਖਦੇ ਹਨ ਕਿ ਜਦੋਂ ਛੋਟੇ ਸੁਆਮੀ ਨੇ ਪੁਛਿਆ, "ਨੌਜੁਆਨ ! ਤੇਰਾ ਦੇਸ਼ ਕਿਹੜਾ ਹੈ ?" ਮੈਂ ਉੱਤਰ ਦਿੱਤਾ, "ਸਾਰਾ ਸੰਸਾਰ ਹੀ ਮੇਰਾ ਦੇਸ਼ ਹੈ ।" ਸੁਆਮੀ ਰਾਮ ਤੀਰਥ ਜੀ ਨੇ ਕਿਹਾ, "ਤੇ ਸ਼ਿਵ ਕਰਮ ਕਰਨਾ ਮੇਰਾ ਧਰਮ ਹੈ ।"

ਆਪ ਅਗੇ ਜਾ ਕੇ ਲਿਖਦੇ ਹਨ, "ਮੈਂ ਵੇਦਾਂਤ ਦਰਸ਼ਨ ਕਦੀ ਪੜ੍ਹਿਆ ਨਹੀਂ ਸੀ, ਨਾ ਹੀ ਮੈਂ ਪੁਸਤਕਾਂ ਦੇ ਅਧਿਐਨ ਨਾਲ ਉਹ ਕੁਝ ਪ੍ਰਾਪਤ ਕਰ ਸਕਦਾ ਸਾਂ ਜੋ ਮੈਨੂੰ ਸੁਆਮੀ ਦੀ ਛੁਹ ਨਾਲ ਇੰਨੇ ਥੋੜ੍ਹੇ ਸਮੇਂ ਵਿਚ ਪ੍ਰਾਪਤ ਹੋ ਗਿਆ । ਉਸ ਨੇ ਆਪਣਾ ਬਹੁਤ ਕੁਝ ਮੈਨੂੰ ਸੌਂਪ ਦਿਤਾ ਸੀ ਤੇ ਮੈਂ ਸੱਚੇ ਵੇਦਾਂਤੀ-ਦਰਸ਼ਨ ਵਿਚ ਮਘਣ ਲਗ ਪਿਆ ਸੀ।"

ਭਾਰਤ ਪਰਤ ਕੇ ਵੀ ਪੂਰਨ ਸਿੰਘ ਦਾ ਮੇਲ-ਮਿਲਾਪ ਸੁਆਮੀ ਰਾਮ ਤੀਰਥ ਜੀ ਨਾਲ ੧੯੦੬ ਵਿਚ ਉਨ੍ਹਾਂ ਦੇ ਪ੍ਰਲੋਕ ਗਮਨ ਦੇ ਸਮੇਂ ਤਕ ਰਿਹਾ । ਉਨ੍ਹਾਂ ਤੋਂ ਅੰਤਮ ਸਮੇਂ ਵਿਦਾਇਗੀ ਲੈਣ ਵੇਲੇ ਸੁਆਮੀ ਰਾਮ ਤੀਰਥ ਜੀ ਨੇ ਜੋ ਅੰਤਿਮ ਦੀਖਿਆ ਆਪਣੇ ਸ਼ਿਸ਼ ਪੂਰਨ ਸਿੰਘ ਨੂੰ ਦਿਤੀ, ''ਪੂਰਨ ਜੀ, ਉਸ ਸਵਰਨ ਭੂਮੀ ਨੂੰ ਨਾ ਭੁਲਾਉਣਾ, ਜਿਸ ਦੀ ਤੁਸੀਂ ਯਾਤਰਾ ਕੀਤੀ ਹੈ ।'' ਸੁਆਮੀ ਰਾਮ ਤੀਰਥ ੧੯੦੬ ਵਿਚ ਪ੍ਰਲੋਕ ਗਮਨ ਕਰ ਗਏ, ਪਰ ਪ੍ਰੋ: ਪੂਰਨ ਸਿੰਘ ਸੁਆਮੀ ਰਾਮ ਤੀਰਥ ਵਰਗੀ ਪੂਰਨ ਆਤਮਾ ਦੀ ਭਾਲ ਵਿਚ ਲਗਾ ਰਿਹਾ, ਜਿਸ ਨੂੰ ਮਿਲ ਕੇ ਉਸ ਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋ ਸਕੇ ।

੧੯੧੨ ਵਿਚ ਉਨ੍ਹਾਂ ਦਾ ਮੇਲ ਸਿਆਲਕੋਟ ਦੀ ਸਿਖ ਵਿਦਿਅਕ ਕਾਨਫਰੰਸ ਉਤੇ ਭਾਈ ਵੀਰ ਸਿੰਘ ਜੀ ਨਾਲ ਹੋਇਆ ਤੇ ਇਸ ਤੋਂ ਪਿਛੋਂ ਆਪ ਨੇ ਮੁੜ ਸਿਖੀ ਜੀਵਨ ਵਿਚ ਪ੍ਰਵੇਸ਼ ਕੀਤਾ । ਉੱਤਰ ਪਛਮੀ ਸਰਹੱਦ ਦੇ ਐਬਟਾਬਾਦ ਜ਼ਿਲੇ ਦੇ ਇਕ ਛੋਟੇ ਜਿਹੇ ਪਿੰਡ ਸਲਹੱਡ ਵਿਚ ਜਨਮ ਲੈ ਕੇ ਇਸ ਪਠਾਣੀ ਤੇ ਪਹਾੜੀ ਇਲਾਕੇ ਦੀ ਸੁਤੰਤਰਤਾ ਤੇ ਪ੍ਰਾਕ੍ਰਿਤਕ ਸੁੰਦਰਤਾ ਦੇ ਵਾਤਾਵਰਨ ਵਿਚ ਜਨਮ ਲੈ ਕੇ ਜਾਪਾਨ ਵਿਚਲਾ ਬੋਧੀ ਪੂਰਨ ਸਿੰਘ ਸੁਆਮੀ ਰਾਮ ਤੀਰਥ ਦੇ ਵੇਦਾਂਤੀ ਚੋਲੇ ਪਿਛੋਂ ਹੁਣ ਭਾਈ ਵੀਰ ਸਿੰਘ ਜੀ ਦੀ ਸੰਗਤ ਦੁਆਰਾ ਗੁਰਸਿਖੀ ਦੇ ਪੂਰਨ ਅਧਿਆਤਮਿਕ ਰੰਗ ਵਿਚ ਰੰਗਿਆ ਗਿਆ । ਇਸ ਤਰ੍ਹਾਂ ਬੋਧੀ, ਵੇਦਾਂਤ ਤੇ ਸਿਖ ਦਰਸ਼ਨ ਦੀ ਤ੍ਰਿਵੇਣੀ ਦਾ ਪਰਿਆਗ ਉਸ ਦੀ ਆਤਮਾ ਵਿਚ ਪ੍ਰਵਾਹਤ ਹੋ ਤੁਰਿਆ, ਜਿਸ ਦੇ ਸੁਰਜੀ ਪ੍ਰਕਾਸ਼ ਨੂੰ ਆਪ ਨੇ ਆਪਣੇ ਸਾਹਿਤ ਦੁਆਰਾ ਵਿਤਰਤ ਕੀਤਾ । ਭਾਵੇਂ ਭਾਈ ਵੀਰ ਸਿੰਘ ਜੀ ਦੀ ਸੰਗਤ ਦੁਆਰਾ ਪ੍ਰੋ: ਪੂਰਨ ਸਿੰਘ ਪੰਜਾਬੀ ਭਾਸ਼ਾ ਵਿਚ ਵੀ ਕਵਿਤਾ ਤੇ ਵਾਰਤਕ ਰਚਣ ਲਗ ਪਏ ਅਤੇ ਮੌਲਿਕ ਕਿਰਤਾਂ ਦਾ ਇਕ ਤਰ੍ਹਾਂ ਦਾ ਅਖੁਟ ਪ੍ਰਵਾਹ ਚਲਾ ਦਿਤਾ, ਜਿਸ ਵਿਚ ਪੰਜਾਬੀ ਭਾਸ਼ਾ ਦਾ ਸਾਹਿਤ ਆਪ ਜੀ ਦੀ ਵਿਰਾਟ ਪ੍ਰਤਿਭਾ ਦੀ ਛੁਹ ਨਾਲ ਵਿਸ਼ਵ-ਵਿਆਪੀ ਸਿਖ਼ਰਾਂ ਨੂੰ ਜਾ ਛੂਹਿਆ। ਪੰਜਾਬੀ ਭਾਸ਼ਾ ਵਿਚ ਉਹ ਸਭ ਤੋਂ ਪਹਿਲੇ ਸਾਹਿਤਕਾਰ ਹਨ, ਜਿਨ੍ਹਾਂ ਦਾ ਬੋਧ ਤੇ ਅਨੁਭਵ ਵਿਸ਼ਵ-ਵਿਆਪੀ ਪੱਧਰ ਦਾ ਉਚੇਰਾ ਤੇ ਜਿਨ੍ਹਾਂ ਦਾ ਸਾਹਿਤ ਹਰ ਦ੍ਰਿਸ਼ਟੀ ਤੋਂ ਸੰਪੂਰਨ ਸਾਹਿਤ ਸੀ ।

ਪਰ ਇਸ ਵਿਰਾਟ ਪ੍ਰਤਿਭਾ ਦੇ ਸੁਆਮੀ ਲਈ ਪੰਜਾਬੀ ਭਾਸ਼ਾ ਦਾ ਇਕੋ-ਇਕ ਸਾਹਿਤਕ ਮਾਧਿਅਮ ਕਾਫ਼ੀ ਨਹੀਂ ਸੀ । ਇਸ ਲਈ ਆਪ ਅੰਗ੍ਰੇਜ਼ੀ ਭਾਸ਼ਾ ਵਿਚ ਨਿਰੰਤਰ ਸਾਹਿਤ ਰਚਨਾ ਕਰਦੇ ਰਹੇ ਅਤੇ ਲਗਭਗ ਡੇਢ ਦਰਜਨ ਪੁਸਤਕਾਂ ਅੰਗ੍ਰੇਜ਼ੀ ਭਾਸ਼ਾ ਵਿਚ ਲਿਖੀਆਂ । ਅੰਗ੍ਰੇਜ਼ੀ ਦਾ ਭਾਸ਼ਾਈ ਮਾਧਿਅਮ ਉਨ੍ਹਾਂ ਦੇ ਸੂਖਮ ਤੇ ਸੰਵੇਦਨਸ਼ੀਲ ਅਨੁਭਵ ਤੇ ਉਚੇਰੇ ਆਤਮਕ ਚਿੰਤਨ ਦੇ ਸੰਚਾਰਨ ਲਈ ਅਤਿ ਢੁਕਵਾਂ ਸੀ । ਇਨ੍ਹਾਂ ਵਿਚੋਂ ਕੁਝ ਪੁਸਤਕਾਂ ਉਨ੍ਹਾਂ ਦੇ ਜੀਵਨ ਕਾਲ (੧੯੩੧) ਤਕ ਪ੍ਰਕਾਸ਼ਤ ਹੋਈਆਂ ਅਤੇ ਬਾਕੀ ਮਰਨ

ਉਪਰੰਤ ਪੰਜਾਬੀ ਯੂਨੀਵਰਸਿਟੀ ਵਲੋਂ ਪਿਛਲੇ ਤਿੰਨ ਦਹਾਕਿਆਂ ਵਿਚ ਪ੍ਰਕਾਸ਼ਤ ਹੋਈਆਂ ਹਨ । ਉਨ੍ਹਾਂ ਦੀ ਅੰਗ੍ਰੇਜ਼ੀ ਕਵਿਤਾ ਦੇ ਸੱਤ ਮੌਲਿਕ ਕਾਵਿ-ਸੰਗ੍ਰਹਿ ਮੇਰੀ ਦ੍ਰਿਸ਼ਟੀ ਵਿਚੋਂ ਗੁਜ਼ਰੇ ਹਨ । ਅੰਗ੍ਰੇਜ਼ੀ ਵਿਚ ਅਨੁਵਾਦਤ ਕਵਿਤਾ ਇਨ੍ਹਾਂ ਤੋਂ ਵਖਰੀ ਹੈ । ਇਸ ਸਾਰੀ ਕਵਿਤਾ ਦਾ ਆਕਾਰ ਲਗਪਗ ਡੇਢ ਹਜ਼ਾਰ ਪੰਨਿਆਂ ਤਕ ਫੈਲਿਆ ਹੋਇਆ ਹੈ, ਜਿਸ ਦਾ ਰੂਪ ਛੰਦ-ਮੁਕਤ ਕਵਿਤਾ ਵਾਲਾ ਹੈ, ਪਰ ਜਿਸ ਵਿਚ ਅਨੇਕ ਆਧੁਨਿਕ ਕਾਵਿ-ਰੂਪ ਤੇ ਰੂਪਾਕਾਰ ਆ ਜਾਂਦੇ ਹਨ ।ਇਹ ਕਵਿਤਾ ਬਿਰਤਾਂਤਕ, ਨਾਟਕੀ ਅਤੇ ਪ੍ਰਗੀਤਕ ਉਹਨਾਂ ਤਿੰਨਾਂ ਰੂਪਾਕਾਰਾਂ ਵਿਚ ਹੀ ਮਿਲਦੀ ਹੈ, ਜੋ ਪਛਮੀ ਕਵਿਤਾ ਦੇ ਪ੍ਰਮੁਖ ਰੂਪਾਕਾਰ ਸਨ ।

ਇਸ ਅੰਗ੍ਰੇਜ਼ੀ ਕਵਿਤਾ ਦੇ ਗੰਭੀਰ ਤੇ ਵਿਸ਼ਲੇਸ਼ਣਾਤਮਿਕ ਅਧਿਐਨ ਤੋਂ ਕੁਝ ਤੱਥ ਉਨ੍ਹਾਂ ਦੀ ਇਸ ਕਵਿਤਾ ਬਾਰੇ ਉਭਰ ਕੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚੋਂ ਮੁਖ ਇਹ ਹਨ:-

(ੳ) ਮੁਖ ਰੂਪ ਵਿਚ ਆਪ ਅਧਿਆਤਮਿਕ ਧਾਰਾ ਦੇ ਕਵੀ ਸਨ, ਜਿਨ੍ਹਾਂ ਦੀ ਸਾਰੀ ਕਵਿਤਾ ਆਤਮਿਕ ਤਲ ਦੀ ਧਿਆਨੀ ਅੰਤਰ-ਦ੍ਰਿਸ਼ਟੀ ਦੁਆਰਾ ਰਚੀ ਗਈ ਹੈ । ਇਸੇ ਲਈ ਅਸੀਂ ਇਸ ਨੂੰ ਆਤਮਿਕ ਕਵਿਤਾ ਦੀ ਸੰਗਿਆ ਦੇ ਸਕਦੇ ਹਾਂ । ਇਸ ਵਿਚ ਕਵੀ ਨੇ ਨਵੀਨ ਅਧਿਆਤਮਿਕ ਸੰਸਕ੍ਰਿਤੀ, ਆਤਮਿਕ ਅਨੁਭੂਤੀ ਅਤੇ ਚਿੰਤਨ ਦੇ ਅਦੁੱਤੀ ਪ੍ਰਮਾਣ ਪ੍ਰਸੁਤਤ ਕੀਤੇ ਹਨ । ਇਸ ਕਵਿਤਾ ਦੀ ਆਤਮਾ ਪੂਰਬੀ ਅਤੇ ਉਕਤੀ ਪਛਮੀ ਹੈ ।

(ਅ) ਇਸ ਕਵਿਤਾ ਦੇ ਪ੍ਰਮੁਖ ਘਟਕ ਰੁਮਾਂਸ, ਰਹੱਸ ਅਤੇ ਆਤਮਚਿੰਤਨ ਦੇ ਤੱਤ ਹਨ । ਇਨ੍ਹਾਂ ਸਭ ਵਿਚ ਕਵੀ ਦੇ ਨਿਜ ਅਨੁਭਵ ਦੀ ਛੁਹ ਏਨੀ ਪ੍ਰਬਲ, ਪ੍ਰਭਾਵਸ਼ਾਲੀ ਤੇ ਵਿਆਪਕ ਹੈ ਕਿ ਇਸ ਸਾਰੀ ਕਵਿਤਾ ਦੀ ਧੁਨੀ ਪ੍ਰਗੀਤਕ ਪ੍ਰਤੀਤ ਹੁੰਦੀ ਹੈ ਜੋ ਇਕ ਪ੍ਰਕਾਰ ਦੀ ਕਵੀ ਦੀ ਸਵੈ-ਅਭਿਵਿਅਕਤੀ ਹੀ ਹੋ ਨਿਬੜਦੀ ਹੈ ।

(ੲ) ਪ੍ਰਕ੍ਰਿਤੀ, ਸੰਸਕ੍ਰਿਤੀ ਤੇ ਮਨੁੱਖ-ਇਨ੍ਹਾਂ ਤਿੰਨਾਂ ਦੇ ਦੁਆਲੇ ਇਹ ਕਵਿਤਾ ਚੱਕਰ ਕਟਦੀ ਹੈ ਅਤੇ ਇਹ ਤਿੰਨੋ ਮਿਲ ਕੇ ਇਸ ਨੂੰ ਵਿਸ਼ਵ-ਵਿਆਪੀ ਵਿਸ਼ਾਲਤਾ ਪ੍ਰਦਾਨ ਕਰਦੇ ਹਨ ।

(ਸ) ਇਸ ਦਾ ਸਮੁਚਾ ਸਰੂਪ ਉਦਾਤ-ਭਾਵੀ ਤੇ ਬਾਰੀਕ ਅਵਲੋਕਣ ਤੇ ਪ੍ਰਚੰਡ ਕਲਪਨਾ ਦੀ ਸਾਖੀ ਭਰਦਾ ਹੈ । ਇਥੇ ਕਵੀ ਪੂਰਨ ਸਿੰਘ ਵਿਗਿਆਨ ਵਾਲੀ ਇੰਨਬਿੰਨਤਾ ਤੇ ਕਵੀ ਵਾਲੀ ਲੰਮੀ ਨਦਰ ਦਾ ਪ੍ਰਮਾਣ ਪ੍ਰਸਤੁਤ ਕਰਦਾ ਹੈ, ਜਿਸ ਵਿਚ ਵਿਸਥਾਰ ਵੀ ਕਮਾਲ ਦਾ ਹੈ ਅਤੇ ਡੂੰਘੀ ਨਜ਼ਰ ਦੀ ਪਾਰਦਰਸ਼ਤਾ ਵੀ ਝਲਕਦੀ ਹੈ ।

(ਹ) ਇਹ ਸਾਰੀ ਰਚਨਾ ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਪ੍ਰੇਮ, ਸੁਤੰਤਰਤਾ ਅਤੇ ਆਤਮਾ ਦੇ ਤਿੰਨ ਸ਼ਬਦ-ਸੰਕਲਪਾਂ ਉਤੇ ਕੇਂਦਰਤ ਹੈ, ਜਿਨ੍ਹਾਂ ਦੀ ਵਿਆਖਿਆ ਕਵੀ ਪੂਰਨ ਸਿੰਘ ਨੇ ਆਪਣੇ ਮੌਲਿਕ ਚਿੰਤਨ ਤੇ ਵਿਲੱਖਣ ਅਨੁਭਵ ਦੁਆਰਾ ਕੀਤੀ ਹੈ ।

ਸਮੁਚੇ ਤੌਰ 'ਤੇ ਅਸੀਂ ਇਸ ਕਵਿਤਾ ਨੂੰ ਅਧਿਆਤਮਿਕ ਕਾਵਿ ਦੀ ਸੰਗਿਆ ਦੇ ਸਕਦੇ ਹਾਂ, ਜਿਸ ਦਾ ਸਰੂਪ ਪਰੰਪਰਾਵਾਦੀ, ਅਧਿਆਤਮਿਕ ਰਚਨਾਵਾਂ ਤੋਂ ਭਿੰਨ ਅਤੇ ਨਵੀਨ ਹੈ ਅਤੇ ਇਹ ਲਗਪਗ ਉਹੋ ਜਿਹਾ ਹੀ ਅਨੁਭਵ ਹੈ, ਜਿਸ ਦੀ ਕਾਵਿ-ਅਭਿਵਿਅਕਤੀ ਉਸ ਦੇ ਹੋਰ ਸਮਾਕਾਲੀ ਮਹਾਨ ਭਾਰਤੀ ਕਵੀਆਂ ਟੈਗੋਰ, ਅਰਵਿੰਦੂ ਘੋਸ਼ ਅਤੇ ਇਕਬਾਲ ਨੇ ਕੀਤੀ ਹੈ । ਪ੍ਰੋ. ਪੂਰਨ ਸਿੰਘ ਨੇ ਇਸ ਸਾਰੇ ਚਿੰਤਨ ਨੂੰ ਏਸ਼ਿਆਈ ਰਹੱਸਵਾਦ ਦੀ ਸੰਗਿਆ ਦਿਤੀ ਹੈ । ਸ਼ਾਇਦ ਇਸ ਕਾਰਨ ਕਿ ਜਦੋਂ ਉਹ ਵੀਹਵੀਂ ਸਦੀ ਦੇ ਆਰੰਭ ਵਿਚ ਜਾਪਾਨ ਵਿਚ ਸਨ ਤਾਂ ਉਥੇ ਪਛਮੀ ਸਾਮਰਾਜੀ ਗ਼ੁਲਾਮੀ ਤੋਂ ਏਸ਼ੀਆ ਮਹਾਂਦੀਪ ਨੂੰ ਮੁਕਤ ਕਰਨ ਲਈ ਏਸ਼ੀਆ ਦੀ ਏਕਤਾ ਅਤੇ ਸੁਤੰਤਰਤਾ ਉਤੇ ਜ਼ੋਰ ਦਿਤਾ ਜਾ ਰਿਹਾ ਸੀ । ਇਸ ਲਈ ਇਸ ਕਵਿਤਾ ਵਿਚ ਪਛਮ ਪ੍ਰਤੀ ਪੂਰਬੀ ਪੱਖ ਨੂੰ ਇਕ ਧਿਰ ਵਜੋਂ ਪ੍ਰਸਤੁਤ ਕਰਨ ਦਾ ਪ੍ਰਭਾਵਸ਼ਾਲੀ ਯਤਨ ਕੀਤਾ ਗਿਆ ਹੈ, ਪਰ ਇਹ ਪਛਮ ਦਾ ਅੰਧਾਧੁੰਧ ਵਿਰੋਧ ਨਹੀਂ ਕਰਦੀ ਸਗੋਂ ਉਸ ਦੇ ਸਾਰਥਕ ਤੱਤਾਂ ਦਾ ਸਨਮਾਨ ਕਰਦੀ ਹੈ ਅਤੇ ਪਛਮ ਦੇ ਪ੍ਰਮੁਖ ਸਾਹਿਤਕਾਰਾਂ ਕਾਰਲਾਇਲ, ਐਮਰਸਨ, ਵਾਲਟ ਵਿਟਮੈਨ, ਵਿਕਟਰ ਹਿਊਗੋ, ਲਿਓ ਟਾਲਟਸਟਾਏ, ਗੇਟੇ ਆਦਿ ਨੂੰ ਆਪਣੀ ਧਿਆਨੀ ਪਕੜ ਤੋਂ ਲਾਂਭੇ ਨਹੀਂ ਹੋਣ ਦਿੰਦੀ ।

ਪ੍ਰੋ. ਪੂਰਨ ਸਿੰਘ ਆਪ ਇਕ ਥਾਂ ਲਿਖਦੇ ਹਨ ਕਿ ਜਿਸ ਧਰਤੀ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਪੰਜਾ ਲਾਇਆ, ਉਥੇ ਜੀ. ਟੀ. ਰੋਡ ਉਤੇ ਖੜ੍ਹ ਕੇ ਜੇ ਨਜ਼ਰ ਦੌੜਾ ਕੇ ਵੇਖੀਏ ਤਾਂ ਪੂਰਬ ਤੇ ਪਛਮ ਦੋਵੇਂ ਮਿਲਦੇ ਵਿਖਾਈ ਦਿੰਦੇ ਹਨ ਅਤੇ ਇਥੇ ਆ ਕੇ ਪੂਰਬ ਪੂਰਬ ਨਹੀਂ ਰਹਿੰਦਾ, ਪਛਮ-ਪਛਮ ਨਹੀਂ ਰਹਿੰਦਾ ਸਗੋਂ ਦੋਵੇਂ ਇਕ ਦੂਜੇ ਨਾਲ ਘੁਲਮਿਲ ਜਾਂਦੇ ਹਨ । ਸ਼ਾਇਦ ਇਹੋ ਸੁਭਾਅ ਹੀ ਹੈ ਪ੍ਰੋ. ਪੂਰਨ ਸਿੰਘ ਜੀ ਦੀ ਇਸ ਸਾਰੀ ਅੰਗ੍ਰੇਜ਼ੀ ਕਵਿਤਾ ਦਾ ।

2. ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ ਕਿ ਇਸ ਕਾਵਿ-ਸੰਗ੍ਰਹਿ ਵਿਚ ਪ੍ਰੋ. ਪੂਰਨ ਸਿੰਘ ਜੀ ਦੀ ਅੰਗ੍ਰੇਜ਼ੀ ਕਵਿਤਾ ਵਿਚੋਂ ਉਹ ਚੋਣਵੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਗਈਆਂ ਹਨ, ਜੋ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਗੁਰਮਤਿ ਕਾਵਿਧਾਰਾ ਤੇ ਸਿਖ ਚਿੰਤਨ ਨਾਲ ਸੰਬੰਧਤ ਹਨ । ਪ੍ਰੋ. ਪੂਰਨ ਸਿੰਘ ਜੀ ਨੇ ਆਪਣੀਆਂ ਉਨ੍ਹਾਂ ਅੰਗ੍ਰੇਜ਼ੀ ਪੁਸਤਕਾਂ ਜਿਵੇਂ 'ਬੁਕ ਆਫ਼ ਟੈਨ ਮਾਸਟਰਜ਼', 'ਦ ਸਪਿਰਟ ਬੋਰਨ ਪੀਪਲ' ਅਤੇ 'ਸਪਿਰਟ ਆਫ਼

ਦ ਸਿਖ' (ਤਿੰਨ ਜਿਲਦਾਂ) ਵਿਚ ਜੋ ਸਿਖ ਅਧਿਆਤਮਿਕ ਦਰਸ਼ਨ ਦੀ ਮਾਰਮਿਕ ਤੇ ਚਿੰਤਨਸ਼ੀਲ ਵਿਆਖਿਆ ਕੀਤੀ ਹੈ, ਉਸ ਦੀ ਪ੍ਰਕ੍ਰਿਤੀ ਇਤਨੀ ਸੂਖਮ, ਸੰਵੇਦਨਸ਼ੀਲ ਤੇ ਸੁਰਤ-ਜਗਾਊ ਹੈ ਕਿ ਉਹ ਪਾਠਕਾਂ ਨੂੰ ਇਕਦਮ ਗੁਰਮਤਿ ਦੇ ਅਜਿਹੇ ਵਿਸ਼ਾਲ ਤੇ ਬ੍ਰਹਿਮੰਡ-ਵਿਆਪੀ ਉੱਚਤਮ ਆਤਮਿਕ ਮੰਡਲਾਂ ਵਿਚ ਲੈ ਜਾਂਦੀ ਹੈ, ਜਿਸ ਦੀ ਸੂਖਮ ਉਚਤਾ ਨੂੰ ਕੋਈ ਵਿਰਲਾ ਬ੍ਰਹਮ-ਗਿਆਨੀ ਤੇ ਸਤਿਗੁਰੂ ਦੇ ਨਦਰਿ-ਕਰਮ ਦਾ ਪਾਤਰ ਹੀ ਬਿਆਨ ਕਰ ਸਕਦਾ ਹੈ, ਕੇਵਲ ਉਹ ਵਿਅਕਤੀ ਜੋ ਸਦਾ ਗੁਰੂ ਦੇ ਬਖ਼ਸ਼ੇ ਹੋਏ ਨਾਮ-ਅੰਮ੍ਰਿਤ ਨੂੰ ਸਦਾ ਚਖਦਾ ਰਹੇ ਅਤੇ ਪ੍ਰਭੂ-ਪ੍ਰੀਤਮ ਦੇ ਪਿਆਰ ਵਿਚ ਸਦਾ ਰੰਗਿਆ ਰਹੇ, ਜਿਸ ਵਿਚ ਇਸ ਪ੍ਰਭੂ-ਮਿਲਾਪ ਲਈ ਸਦਾ ਤੀਬਰਤਾ ਜਾਗਦੀ ਰਹੇ ਅਤੇ ਉਹ ਇਸ ਆਤਮਕ ਅਨੁਭਵ ਨੂੰ ਮਨੁੱਖ-ਮਾਤਰ ਦੀ ਮੁਕਤੀ ਜਾਂ ਪੂਰਨ ਸੁਤੰਤਰਤਾ ਦੇ ਆਤਮਿਕ ਅਨੁਭਵ ਤਕ ਲੈ ਜਾਵੇ ।

ਪ੍ਰੋ: ਪੂਰਨ ਸਿੰਘ ਦੀ ਕਵਿਤਾ ਵਿਚ ਆਤਮਾ ਸਾਖੀ ਵੀ ਹੈ ਤੇ ਭੁਗਤਾ ਵੀ । ਇਸ ਦੀ ਹਰ ਪੰਕਤੀ ਵਿਚੋਂ ਸਾਨੂੰ ਆਤਮਿਕ ਦਰਸ਼ਨ ਦੇ ਝਲਕਾਰੇ ਮਿਲਦੇ ਹਨ ।

ਸਿਖ ਦਰਸ਼ਨ ਦੇ ਪ੍ਰਮੁਖ ਤੱਤ ਗੁਰੂ-ਮਿਹਰ, ਨਾਮ-ਅੰਮ੍ਰਿਤ, ਪ੍ਰੇਮ, ਸੇਵਾ ਅਤੇ ਉਪਕਾਰ ਹਨ । ਇਨ੍ਹਾਂ ਸਭ ਸੂਖਮ ਪਖਾਂ ਨੂੰ ਪ੍ਰੋ: ਪੂਰਨ ਸਿੰਘ ਜੀ ਨੇ ਆਪਣੀ ਇਸ ਸਿਖ ਅਧਿਆਤਮਿਕ ਕਵਿਤਾ ਵਿਚ ਵਰਣਨ ਤੇ ਚਿਤਰਨ ਦਾ ਯਤਨ ਕੀਤਾ ਹੈ । ਇਥੋਂ ਤਕ ਕਿ ਸਿਖ ਇਤਿਹਾਸ ਦੀਆਂ ਕੁਝ ਪ੍ਰਮੁਖ ਸ਼ਖ਼ਸੀਅਤਾਂ ਬਾਰੇ ਵੀ ਕੁਝ ਉਲੇਖ ਕੀਤਾ ਗਿਆ ਹੈ, ਪਰ ਇਤਿਹਾਸ ਸੰਬੰਧੀ ਆਪ ਜੀ ਦਾ ਦ੍ਰਿਸ਼ਟੀਕੋਣ ਸਦਾ ਅੰਤਰਮੁਖੀ ਤੇ ਨਿਜੀ ਅਨੁਭਵ ਉਤੇ ਆਧਾਰਤ ਰਿਹਾ ਹੈ, ਜਿਹਾ ਕਿ ਪੁਸਤਕ 'ਸਪਿਰਟ ਬੋਰਨ ਪੀਪਲ' ਦੀ ਭੂਮਿਕਾ ਵਿਚ ਅੰਕਿਤ ਕੀਤਾ ਗਿਆ ਹੈ । ਇਸ ਸਾਰੀ ਅਧਿਆਤਮਿਕ ਜਿਗਿਆਸਾ ਵਿਚ ਦਰਸ਼ਨ ਦੀ ਸਿਕ ਬੜੀ ਪ੍ਰਬਲ ਹੈ ਅਤੇ ਇਸ ਦੇ ਵਿਸਮਾਦੀ ਅਨੁਭਵ ਨੂੰ ਮਹਾਂਕਵੀ ਪ੍ਰੋ: ਪੂਰਨ ਸਿੰਘ ਜੀ ਨੇ ਆਪਣੀਆਂ ਅਨੇਕ ਕਵਿਤਾਵਾਂ ਵਿਚ ਵਰਣਨ ਕੀਤਾ ਹੈ । ਕਿਤੇ ਇਹ ਸੰਜੋਗੀ ਮੇਲ ਦੀ ਅਵਸਥਾ ਦਾ ਵਚਿਤਰ ਅਨੁਭਵ ਹੈ ਅਤੇ ਕਿਤੇ ਬਿਰਹੋਂ ਦੀ ਝੀਣੀ ਤੜਪ ਦਾ । ਦੋਹਾਂ ਹਾਲਤ ਵਿਚ ਕਵੀ ਦਾ ਅਨੁਭਵ ਨਿਜੀ ਸੰਵੇਦਨਸ਼ੀਲਤਾ ਦੀ ਤੀਖਣਤਾ ਦਾ ਆਭਾਸ ਕਰਾਉਂਦਾ ਹੈ । ਮੇਰੇ ਵਿਚਾਰ ਅਨੁਸਾਰ ਸਿਖ ਅਧਿਆਤਮਿਕ ਕਵਿਤਾ ਦਾ ਇਹ ਸੰਗ੍ਰਹਿ ਸਿਖ ਚਿੰਤਨ ਤੇ ਗੁਰਮਤਿ ਕਾਵਿਧਾਰਾ ਦੀ ਇਕ ਵਡਮੁਲੀ ਤੇ ਆਧੁਨਿਕ ਯੁਗ ਦੀ ਸਰਵੋਤਮ ਪ੍ਰਾਪਤੀ ਹੈ ।

3. ਇਸ ਸੰਗ੍ਰਹਿ ਨੂੰ ਸੱਤਾਂ ਭਾਗਾਂ ਵਿਚ ਵੰਡਿਆ ਗਿਆ ਹੈ । ਪਹਿਲੇ ਭਾਗ 'ਅਬਚਲ-ਜੋਤ' ਵਿਚ ਪ੍ਰਤੀਕਾਤਮਿਕ ਕਵਿਤਾਵਾਂ ਸੰਕਲਿਤ ਹਨ, ਜਿਸ ਵਿਚ ਕੋਇਲ, ਚਾਤ੍ਰਿਕ, ਰਾਜਹੰਸ, ਚਕਵੀ ਚਕਵਾ ਆਦਿ ਨੂੰ ਪ੍ਰਤੀਕ ਬਣਾ ਕੇ ਇਕ ਅਧਿਆਤਮਿਕ

ਜਿਗਿਆਸੂ ਦੀ ਮਨੋਦਸ਼ਾ ਦਾ ਵਰਣਨ ਕੀਤਾ ਗਿਆ ਹੈ ।ਉਂਝ ਇਨ੍ਹਾਂ ਵਿਚੋਂ ਬਹੁਤੇ ਸੰਕੇਤ ਜਿਵੇਂ ਕੋਇਲ, ਚਾਤ੍ਰਿਕ, ਪਾਰਸ ਤੇ ਰਾਜਹੰਸ ਗੁਰਬਾਣੀ ਵਿਚ ਵੀ ਅਜਿਹੇ ਪ੍ਰਤੀਕਾਂ ਵਜੋਂ ਵਰਤੇ ਗਏ ਹਨ ।

ਦੂਜੇ ਖੰਡ 'ਅਲੱਖ ਪਾਰਬ੍ਰਹਮ' ਵਿਚ ਮਹਾਂ ਕਵੀ ਨੇ ਪ੍ਰਮਾਤਮਾ ਦੇ ਉਸ ਅਗਮ ਅਗੋਚਰ ਦੇ ਵਿਸਮਾਦੀ ਸਰੂਪ ਤੇ 'ਅਨੇਕ ਹੈਂ ਫੇਰ ਏਕ ਹੈਂ' ਵਾਲੇ ਸੂਤਰ ਨੂੰ ਵਿਭਿੰਨ ਕਾਵਿ ਅਨੁਭੂਤੀਆਂ ਦੁਆਰਾ ਪ੍ਰਗਟਾਉਣ ਦਾ ਯਤਨ ਕੀਤਾ ਹੈ ।ਪ੍ਰਮਾਤਮਾ ਨੂੰ ਪੂਰਨ ਤੌਰ ਤੇ ਲਖ ਸਕਣਾ ਅਸੰਭਵ ਹੈ, ਪਰ ਉਹ ਆਪਣੇ ਅਨੁਪਮ ਸਰੂਪ ਦੇ ਝਲਕਾਰੇ ਕਈ ਰੂਪਾਂ ਵਿਚ ਦਰਸਾ ਕੇ ਅਲਖ ਨੂੰ ਲਖ ਵੀ ਕਰਵਾ ਦਿੰਦਾ ਹੈ ।ਅਲਖ ਪਾਰਬ੍ਰਹਮ ਭਾਵੇਂ ਤ੍ਰੈਗੁਣ-ਅਤੀਤ ਅਤੇ ਨਿਰਗੁਣ ਸਰੂਪ ਵਾਲਾ ਹੈ, ਪਰ ਇਸ ਭਾਗ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਉਸ ਨੂੰ ਪੁਰਖ ਰੂਪ ਵਿਚ ਹੀ ਚਿਤਰਿਆ ਗਿਆ ਹੈ ।ਇਹੋ ਇਕ ਨਿਰਗੁਣ ਅਤੇ ਸਰਗੁਣ ਦਾ ਅਭੇਦ ਹੀ ਪ੍ਰਮਾਤਮਾ ਦੀ ਅਕਥਨੀ ਤੇ ਵਿਸਮਾਦੀ ਲੀਲ੍ਹਾ ਦਾ ਵਡਾਣਾ ਚੋਜ ਹੈ ।

'ਹਰਿਮੰਦਰ ਸਾਹਿਬ' ਵਾਲੇ ਭਾਗ ਵਿਚ ਬਹੁਤ ਸਾਰੀਆਂ ਕਵਿਤਾਵਾਂ ਸਿਧੇ ਤੌਰ ਤੇ ਗੁਰਧਾਮਾਂ ਤੇ ਸਿਖ ਇਤਿਹਾਸ ਅਤੇ ਸੰਸਥਾਵਾਂ ਨਾਲ ਸੰਬੰਧਤ ਹਨ ।'ਹਰਿਮੰਦਰ ਸਾਹਿਬ' ਨਾਂ ਦੀ ਮੁਖ ਕਵਿਤਾ ਵਿਚ ਕਵੀ ਨੂੰ ਜੋ ਗੁਰ ਦਰਬਾਰ ਦਾ ਵਿਸਮਾਦੀ ਅਨੁਭਵ ਪ੍ਰਾਪਤ ਹੋਇਆ, ਉਹ ਆਪਣੇ ਆਪ ਨੂੰ ਇਕ ਅਦੁੱਤੀ ਅਨੁਭਵ ਹੈ, ਜੋ ਪ੍ਰੋ. ਪੂਰਨ ਸਿੰਘ ਵਰਗੇ ਮਹਾਨ ਰਹੱਸਵਾਦੀ ਨੂੰ ਹੀ ਪ੍ਰਾਪਤ ਹੋ ਸਕਦਾ ਹੈ ।'ਆਦਰਸ਼ਕ ਸਿਖ ਮਾਂਵਾਂ' ਤੇ 'ਹਰਿਮੰਦਰ ਸਾਹਿਬ ਦਾ ਮੰਗਤਾ' ਆਪਣੇ ਆਪ ਨੂੰ ਅਨੋਖੇ ਤੇ ਗੁਰੂ ਪ੍ਰਤੀ ਸਮਰਪਿਤ ਦ੍ਰਿਸ਼ਟੀਕੋਣ ਦੀਆਂ ਲਖਾਇਕ ਹਨ ।'ਸੰਤ ਪੁਰਖ ਦੀ ਦਿਆਲਤਾ' ਸਚਮੁੱਚ ਇਕ ਔਖੀ ਆਚਰਨਕ ਘਾਟੀ ਦੀ ਯਾਤਰਾ ਹੈ, ਜੋ ਸ਼ਾਇਦ ਕੋਈ ਵਿਰਲਾ ਜਨ ਹੀ ਕਰ ਸਕਦਾ ਹੈ ।'ਵਿਗੋਸਾਏ ਘਰ' ਇਕ ਆਦਰਸ਼ਕ ਗੁਰਸਿਖ ਦੇ ਗ੍ਰਿਹਸਤ ਧਰਮ ਤੇ ਗੁਰਧਾਮਾਂ ਉਤੇ ਇਕੱਤਰ ਹੁੰਦੀ ਸਾਧ ਸੰਗਤ ਦੀ ਮਹਿਮਾ ਨੂੰ ਦਰਸਾਉਣ ਵਾਲੀ ਕਵਿਤਾ ਹੈ ਜਿਸ ਵਿਚ ਸਿਖ ਸਮਾਜ ਦੇ ਸਭਿਆਚਾਰਕ ਆਦਰਸ਼ ਪ੍ਰਸਤੁਤ ਕੀਤੇ ਗਏ ਹਨ ।

'ਅਨੰਤ-ਲੀਲਾ', 'ਨਾਮ ਅੰਮ੍ਰਿਤ' ਤੇ 'ਪ੍ਰਭੂ ਪ੍ਰੀਤਮ' ਵਿਚ ਸਿਖ ਰਹੱਸਵਾਦੀ ਕਵਿਤਾ ਦਾ ਸਿਖਰ ਵੇਖਿਆ ਜਾ ਸਕਦਾ ਹੈ, ਜਿਸ ਵਿਚ ਇਕ ਪੂਰਨ ਬ੍ਰਹਮ ਗਿਆਨੀ ਤੇ ਨਾਮਰਸੀਏ ਰਸਰੰਗ-ਰਤੜੇ ਜਿਉੜੇ ਦੇ ਉਸ ਵਿਸਮਾਦੀ ਅਨੁਭਵ ਨੂੰ ਪੇਸ਼ ਕੀਤਾ ਗਿਆ ਹੈ, ਜੋ ਕੁਦਰਤ ਦੇ ਅਦਭੁਤ ਦ੍ਰਿਸ਼ ਨੂੰ ਦੇਖ ਕੇ ਇਸ ਲਈ ਬਲਿਹਾਰੇ ਜਾਂਦਾ ਹੈ ਕਿਉਂ ਜੋ ਉਸ ਦੇ ਇਸ਼ਟ ਦੇਵ ਦਾ ਇਸ ਵਿਚ ਵਾਸਾ ਹੈ ।ਉਹ ਨਦੀਆਂ ਦੀਆਂ ਧਾਰਾਂ ਵਿਚ, ਪੰਛੀਆਂ ਦੀਆਂ ਉਡਾਣਾਂ ਵਿਚ, ਤਾਰਿਆਂ ਦੀ ਚਮਕ ਤੇ ਪੰਛੀਆਂ ਦੀ

ਚਹਿਚਹਾਟ, ਰੁੱਖਾਂ ਦੀ ਸਰਸਰਾਹਟ, ਫੁੱਲਾਂ ਦੀ ਭਿੰਨੀ ਮਹਿਕ ਸਭ ਵਿਚ ਵਿਦਮਾਨ ਹੈ। ਉਹ ਪਾਪੀਆਂ ਨੂੰ ਵੀ ਬਖ਼ਸ਼ ਦਿੰਦਾ ਹੈ । ਯਤਨ ਕੀਤਿਆਂ ਵੀ ਮਿਲਦਾ ਨਹੀ, ਪਰ ਭੇਲੇ ਭਾਅ ਹੀ ਆ ਨਿਵਾਜਦਾ ਹੈ । ਉਸ ਦੇ ਮੁਰੀਦੇ ਦੀ ਘਾੜਤ ਵਿਚ ਬੜੀ ਘਾਲਣਾ ਕਰਮਸ਼ੀਲ ਹੁੰਦੀ ਹੈ । 'ਮੈਂ ਹਾਂ ਸੁੰਦਰਤਾ ਦਾ ਜਾਇਆ', 'ਮਿਹਰ ਦੀ ਨਿਗ੍ਹਾ' ਅਤੇ 'ਅੰਨਤ-ਲੀਲਾ' ਇਸ ਭਾਗ ਦੀਆਂ ਵਿਸ਼ੇਸ਼ ਧਿਆਨ ਆਕਰਸ਼ਤ ਕਰਨ ਵਾਲੀਆਂ ਸੁੰਦਰ ਕਵਿਤਾਵਾਂ ਹਨ। 'ਨਾਮ ਅੰਮ੍ਰਿਤ' ਦੇ ਜਿਹੜੇ ਮਿੱਠੇ ਰਸ-ਗੁਧੇ ਆਨੰਦ ਸਰੂਪ ਦਾ ਜਿਸ ਵਿਸਥਾਰ ਤੇ ਸੂਖਮਤਾ ਨਾਲ ਇਨ੍ਹਾਂ ਬਹੁ-ਪਸਾਰਾਂ ਤੇ ਬਹੁ-ਆਯਾਮਾਂ ਦਾ ਚਿਤਰਨ ਕੀਤਾ ਗਿਆ ਹੈ, ਉਹ ਸਚਮੁੱਚ ਰਹੱਸਵਾਦੀ ਅਨੁਭਵ ਦਾ ਵਿਅਕਤੀਗਤ ਅਨੂਠਾ ਪਖ ਹੀ ਕਿਹਾ ਜਾ ਸਕਦਾ ਹੈ ਅਤੇ ਪ੍ਰਭੂ ਪ੍ਰੀਤਮ ਦੀ ਦਰਸ਼ਨ ਸਿਕ ਵਿਚ ਇਹ ਕਵਿਤਾ ਆਪਣੇ ਸਿਖਰ ਨੂੰ ਜਾ ਛੁੰਹਦੀ ਹੈ ਕਿਉਂ ਜੋ ਇਹੀ ਤਾਂ 'ਗੋਬਿੰਦ ਮਿਲਣ ਕੀ ਬਰੀਆ' ਦੀ ਉਚਤਮ ਅਧਿਆਤਮਿਕ ਪ੍ਰਾਪਤੀ ਲਈ ਇਕ ਸਿਖ ਦੀ ਸਦਾ ਅਰਦਾਸ ਰਹਿੰਦੀ ਹੈ । 'ਲੰਮੀ ਨਦਰ' ਭਾਗ ਦੀਆਂ ਸਾਰੀਆਂ ਕਵਿਤਾਵਾਂ ਜਿਥੇ ਕਵੀ ਦੀਆਂ ਲੰਮੇਰੀਆਂ ਕਵਿਤਾਵਾਂ ਹਨ, ਉਥੇ ਉਨ੍ਹਾਂ ਵਿਚੋਂ ਹਰ ਇਕ ਕਵੀ ਦੇ ਅਦੁਤੀ ਕਾਵਿ -ਕੌਸ਼ਲ ਉਤੇ ਪ੍ਰਕਾਸ਼ ਪਾਉਂਦੀ ਹੈ । ਇਹ ਕਵੀ ਪੂਰਨ ਸਿੰਘ ਹੀ ਹੈ ਜੋ ਮੁਕਤ ਛੰਦ ਦੇ ਰੂਪ ਵਿਚ ਕਵਿਤਾ ਦੇ ਇਸ ਲੰਮੇਰੇ ਤਾਣੇ, ਪੇਟੇ ਨੂੰ ਬਿਨਾਂ ਉਲਝਾਏ ਪੂਰਨ ਰਸ-ਸੁਆਦ ਸਹਿਤ ਇਸ ਨੂੰ ਤੀਖਣ ਭਾਵਕਤਾ ਤੇ ਸੂਖਮ ਚਿੰਤਨਸ਼ੀਲ ਕਾਵਿਸ਼ੈਲੀ ਦੁਆਰਾ ਨਿਭਾ ਸਕਦਾ ਹੈ । 'ਜਗ ਦੇ ਮੇਲੇ ਵਿਚ ਮੈਂ ਇਕ ਗੁਆਚਾ ਬਾਲ', 'ਮੈਂ ਮਾਲੀ ਦੀ ਬੇਟੜੀ' ਇਸ ਸੰਬੰਧ ਵਿਚ ਖ਼ਾਸ ਧਿਆਨ ਮੰਗਣ ਵਾਲੀਆਂ ਕਵਿਤਾਵਾਂ ਹਨ ।

ਪ੍ਰੋ. ਪੂਰਨ ਸਿੰਘ ਦੀ ਇਸ ਸਾਰੀ ਕਵਿਤਾ ਵਿਚ ਪ੍ਰਗੀਤਕ ਤੱਤ ਇਤਨਾ ਪ੍ਰਬਲ ਹੈ ਕਿ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕਵੀ ਨੇ ਆਪਣੀ ਆਤਮਾ ਦੇ ਨਿਜ ਮਹਿਲ ਤੇ ਹਿਰਦੇ ਤਲ ਨੂੰ ਪੂਰਨ ਤੌਰ 'ਤੇ ਪ੍ਰਭਾਵਸ਼ਾਲੀ ਪਰ ਸਹਿਜ ਰੂਪ ਵਿਚ ਹੀ ਸਾਡੇ ਸਾਮ੍ਹਣੇ ਖੁਲ੍ਹੀ ਪੁਸਤਕ ਦੀ ਤਰ੍ਹਾਂ ਖੋਲ੍ਹ ਕੇ ਰਖ ਦਿਤਾ ਹੋਵੇ, ਪਰ ਇਹ ਸਭ ਕੁਝ ਖੁਲ੍ਹਾ ਹੁੰਦਾ ਹੋਇਆ ਵੀ ਖੁਲ੍ਹਾ ਨਹੀਂ ਹੈ ।ਇਸ ਵਿਚ ਰਹੱਸ ਵੀ ਹੈ, ਰਮਜ਼ ਵੀ ਤੇ ਸਿਖ ਅਧਿਆਤਮਿਕ ਚਿੰਤਨ ਦਾ ਏਕਾਤਮਕ ਸੁਸੰਗਠਤ ਅਧਿਆਤਮਿਕ ਦਰਸ਼ਨ ਦਾ ਸੂਤਰ ਵੀ ।

ਆਉ, ਸਾਰੇ ਰਲ ਕੇ ਪ੍ਰੋ. ਪੂਰਨ ਸਿੰਘ ਦੇ ਸਿਖੀ ਅਨੁਭਵ ਦੇ ਸਮਰਪਨ ਤੇ ਸ਼ਾਨ ਨੂੰ ਇਸ ਕਵਿਤਾ ਦੁਆਰਾ ਨਿਹਾਰੀਏ, ਜਿਸ ਨੂੰ ਗੁਰੂ ਨੇ ਆਪ ਆਪਣੇ ਨਦਰਿ-ਕਰਮ ਰਾਹੀਂ ਕਵੀ ਦੁਆਰਾ ਸਾਡੇ ਸਾਮ੍ਹਣੇ ਗੁਰੂ ਉਪਦੇਸ਼ ਤੇ ਗੁਰੂ ਸੰਦੇਸ਼ ਨੂੰ ਦੇਣ ਲਈ ਦੈਵੀ ਆਵੇਸ਼ ਰੂਪ ਵਿਚ ਭੇਜਿਆ ਹੈ, ਪਰ ਜਿਥੇ ਇਹ ਰਚਨਾ ਦੈਵੀ ਆਵੇਸ਼ ਦੀ ਧਾਰਨੀ ਹੈ, ਉਥੇ ਇਹ ਸਹਿਜ ਪ੍ਰਵਾਹ ਦੀ ਵੀ ਅਨੋਖੀ ਮਿਸਾਲ ਹੈ । ਇਹ ਜਿਥੇ ਅਧਿਆਤਮਿਕ ਸਤਿ ਨੂੰ

ਪ੍ਰਗਟਾਉਂਦੀ ਹੈ , ਉਥੇ ਇਸ ਦਾ ਸੁਭਾਅ ਪੂਰਨ ਤੌਰ ਤੇ ਸਿਵੰ ਅਤੇ ਰੂਪ ਸੁੰਦਰੰ ਵਾਲਾ ਹੈ । ਇਸ ਵਿਚ ਕੋਈ ਵਿਖਾਵਾ ਨਹੀਂ ਤੇ ਨਾ ਕੋਈ ਓਹਲਾ ਤੇ ਪਰਦਾ ਹੈ, ਇਹ ਤਾਂ ਕਵੀ ਆਤਮਾ ਦੀ ਰੂਹ ਦੀ ਨੰਗੀ ਤਸਵੀਰ ਹੈ ।

ਅੰਤ ਵਿਚ ਮੈਂ ਆਪਣੇ ਪਰਮ ਮਿੱਤਰ ਤੇ ਸਨੇਹੀ ਗੁਰਮਤਿ ਆਚਾਰੀਆ ਤੇ ਸਿਖ ਇਤਿਹਾਸਕਾਰ ਸੁਰਗਵਾਸੀ ਪ੍ਰਿੰ. ਸਤਿਬੀਰ ਸਿੰਘ ਜੀ ਦਾ ਹਾਰਦਿਕ ਤੌਰ 'ਤੇ ਰਿਣੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਦੇ ਫਲਸਰੂਪ ਮੈਂ ਸਿਖ ਅਧਿਆਤਮਿਕ ਕਵਿਤਾ ਦੇ ਇਸ ਅਦੁੱਤੀ ਤੇ ਉਚਤਮ ਕਾਵਿ ਸੰਗ੍ਰਹਿ ਨੂੰ ਪਾਠਕਾਂ ਦੇ ਸਨਮੁਖ ਕਰ ਸਕਣ ਦੇ ਯੋਗ ਹੋਇਆ ਹਾਂ।

ਇਸ ਪੁਸਤਕ ਦੀ ਤਿਆਰੀ ਵਿਚ ਸਹਿਯੋਗ ਵਾਸਤੇ ਸ. ਸਤਿੰਦਰ ਸਿੰਘ ਨੰਦਾ ਵੀ ਮੇਰੇ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਨੇ ਅਣਥਕ ਮਿਹਨਤ ਕਰਕੇ ਇਸ ਪੰਜਾਬੀ ਕਾਵਿ-ਰੂਪਾਂਤਰਣ ਵਿਚ ਅਤੇ ਇਸ ਖਰੜੇ ਦੀ ਸੋਧ ਤੇ ਤਰਤੀਬ ਦੇਣ ਵਿਚ ਮੇਰਾ ਹੱਥ ਵਟਾਇਆ ਹੈ ।

ਆਸ ਹੈ ਕਿ ਪੰਜਾਬੀ ਪਾਠਕ ਪ੍ਰੋ. ਪੂਰਨ ਸਿੰਘ ਦੀ ਅੰਗ੍ਰੇਜ਼ੀ ਕਵਿਤਾ ਦੇ ਪੰਜਾਬੀ ਕਾਵਿ-ਰੂਪਾਂਤਰਣ ਦਾ ਵੀ ਪੂਰਨ ਆਨੰਦ ਮਾਣ ਸਕਣਗੇ ।

ਪਟਿਆਲਾ
੧੪ ਜਨਵਰੀ, ੧੯੯੫ ਕਿਰਪਾਲ ਸਿੰਘ ਕਸੇਲ

ਪ੍ਰਕਾਸ਼ਕ ਵੱਲੋਂ

ਪੰਜਾਬ ਦੇ ਪ੍ਰਸਿੱਧ ਕਵੀ ਪ੍ਰੋ: ਪੂਰਨ ਸਿੰਘ ਜੀ ਦੀਆਂ ਅੰਗ੍ਰੇਜ਼ੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਸ. ਕ੍ਰਿਪਾਲ ਸਿੰਘ ਕਸੇਲ ਵੱਲੋਂ ਕੀਤਾ ਗਿਆ ਪੰਜਾਬੀ ਰੂਪਾਂਤਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵੱਲੋਂ ਸੰਨ ੧੯੯੫ ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ, ਜਿਸ ਨੂੰ ਪਾਠਕਾਂ ਵੱਲੋਂ ਮਿਲੇ ਉਤਸ਼ਾਹਜਨਕ ਹੁੰਗਾਰੇ ਸਦਕਾ ਇਸ ਦੀ ਦੂਜੀ ਐਡੀਸ਼ਨ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ।



ਅਗਸਤ, ੧੯੯੯

(ਸੁਰਜੀਤ ਸਿੰਘ)
ਸਕੱਤਰ ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ।

1. ਅਬਚਲ ਨੀਤ

1. ਹਰਕਾਰਾ

ਮੈਂ ਹਾਂ ਇਕ ਘੋੜੇ ਸਮਾਨ
ਜੋ ਆਪਣੇ ਅਸਵਾਰ ਦੀ
ਕਰਦਾ ਹੈ ਉਡੀਕ,
ਜਿਸ ਨੇ ਤੇਰੇ ਸ਼ਬਦ ਅਗਨ ਦੇ
ਸ਼ੀਤਲ ਸੰਦੇਸ਼ ਤਾਂਈਂ ਹੈ ਪੁਚਾਣਾ !
ਤੇਰਾ ਸੰਦੇਸ਼ ਲੈ ਕੇ
ਮੈਂ ਧਰਤੀ 'ਤੇ ਧੂੜਾਂ ਪੁਟਦਾ ਜਾਵਾਂ,
ਨਚਦਾ ਜਾਵਾਂ ਅਥਰਾ ਨਾਚ ਖ਼ੁਸ਼ੀ ਵਿਚ
ਜਿਸ ਦੀ ਤਾਲ ਗਤੀ ਹੈ
ਬਿਜਲੀ ਦੀ ਚਮਕ ਸਮਾਨ;
ਮੇਘਲਿਆਂ ਦੀ ਗਰਜ ਦੇ ਅੰਦਰ
ਮੈਂ ਸਾਂਭ ਰਖਿਆ ਹੈ
ਤੁਹਾਡਾ ਪਰਮ ਸੰਦੇਸ਼
ਆਪਣੇ ਸੀਨੇ ਅੰਦਰ ।

2. ਕਾਲੀ ਕੋਇਲ

(ਕਵੀ ਵਲੋਂ ਪ੍ਰਸ਼ਨ)

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥

* * *

ਕਿਹੜੀ ਬਿਜਲੀ ਗਿਰੀ ਤੇਰੇ 'ਤੇ
ਹੋਏ ਤੇਰੇ ਖੰਭ ਕਾਲੇ,
ਕਾਲੀ ਕੋਇਲ ਹੋ ਕੇ ਵੀ ਤੂੰ
ਟਹਿਕੇਂ ਵਾਂਗ ਉਜਾਲੇ ?
ਅੰਬ-ਪੱਤਿਆਂ ਵਿਚ ਲੁਕ ਕੇ ਗਾਵੇਂ
ਮਿੱਠੇ ਮਿੱਠੇ ਗੀਤ,
ਵਾਹ ਤੇਰਾ ਸੰਗੀਤ !
ਉਚੀਆਂ ਧੁਨਾਂ ਗੀਤ ਤੇਰੇ ਦੀਆਂ
ਕਰ ਰਹੀਆਂ ਸਾਕਾਰ
ਮੇਰੇ ਮਨ ਵਿਚ
ਯਾਦਾਂ ਕਈ ਹਜ਼ਾਰ ।
ਕਿਉਂ ਏਨੇ ਬੇਚੈਨ
ਸ਼ੋਅਲੇ ਬਣ ਕੇ ਭੜਕ ਰਹੇ ਨੇ
ਤੇਰੇ ਮਿੱਠੇ ਬੈਣ
ਕਰ ਰਹੇ ਪ੍ਰਚੰਡ
ਅਗਨੀ ਦਾ ਅਲੰਬ ?
ਵੇਖੋ ਫੁੱਲ ਗੁਲਾਬ ਦੇ
ਲਟ ਲਟ ਬਲਦੇ ਪਏ,
ਚੜ੍ਹ ਗਏ ਪੌਣ ਪਾਣੀ ਦੇ ਢਹੇ,
ਬਲਦੇ ਪਏ ਅੰਬਾਂ ਦੇ ਸਾਏ,

ਕਿਥੋਂ ਹਿੰਗਿਆੜੇ ਆਏ ?
ਕਿਸ ਇਹ ਮੀਂਹ ਵਰ੍ਹਾਏ ?
ਕਿੱਥੇ ਪੰਛੀ ਗੀਤ ਤੇਰੇ ਨੇ
ਕਿੰਝ ਇੰਝ ਘਾਇਲ ਕੀਤਾ,
ਕਿਉਂ ਬਿਜਲੀਆਂ ਗਿਰੀਆਂ,
ਕਿੰਝ ਅੰਬਰ ਕੜਕਾਏ ?

(ਕੋਇਲ ਦਾ ਉੱਤਰ)

ਪ੍ਰੇਮ ਅਗਨ ਵਿਚ ਸੜ ਕੇ ਮੇਰੇ
ਚਮਕ ਉੱਠੇ ਨੇ ਪੰਖ,
ਹੋ ਗਈ ਹਾਂ ਨਵਨੀਤ
ਪਤਤੋਂ ਮੈਂ ਪੁਨੀਤ
ਏਸੇ ਲਈ ਬੇਚੈਨ ।
ਕਿਥੇ ਹੈ ਪ੍ਰੀਤਮ ਮੇਂਡਾ
ਜਿਸ ਦੀ ਯਾਦ' ਚ ਗਾਂਵਾਂ
ਮੈਂ ਦਿਨ ਰੈਣ ?
ਅੰਬਾਂ ਦੇ ਬੂੰਡਾਂ ਦਾ ਖੇੜਾ
ਹੋਰ ਅੱਗ ਭੜਕਾਵੇ,
ਹੁੰਦੇ ਜਾਂਦੇ ਜਿਉਂ ਜਿਉਂ
ਬਾਗਾਂ ਦੇ ਪੱਤ ਸਾਵੇ,
ਦਿਲ ਮੇਰੇ ਦੀ ਜਵਾਲਾ ਤਿਉਂ ਤਿਉਂ
ਹੋਰ ਭੜਕਦੀ ਜਾਵੇ ।
ਜਗਮਗ ਕਰਦੀ ਰੂਹ ਪਈ ਪੁਛੇ,
ਪ੍ਰੀਤਮ ਕਿਹੜੇ ਦੇਸ਼ ਸਿਧਾਏ ?
ਦਸੋ ਵੇ !
ਅਹਿਲ ਪੌਂਤਓ
ਕਿਉਂ ਚੁੱਪ ਨੇ ਸਾਏ !

3. ਰਾਜ-ਹੰਸ

ਰਾਜ-ਹੰਸ !
ਹੇ ਸਵਰਨ ਪੰਛੀ !
ਹੈ ਇਹ ਤੇਰੇ ਖੰਭਾਂ ਦਾ ਚਮਕਾਰ
ਜਾਂ ਧੁੱਪ ਸੁਨਹਿਰੀ ਰੰਗ ਦਿਤੀ
ਸਦਾ ਲਈ ਹੈ ਹਿੰਮ ਧਾਰ ...?
ਜਗ ਦੀ ਮਮਟੀ ਸੋਹੇ
ਮਾਨ-ਸਰੋਵਰ ਝੀਲ,
ਹੇ ਉਥੋਂ ਦੇ ਵਸਣਹਾਰ !
ਤੇਰੀ ਸਨਹਿਰੀ ਚੁੰਝ
ਰਹੀ ਦੁੱਧ ਪਾਣੀ ਨਿਤਾਰ !
ਹੈਂ ਤੂੰ ਉਹ ਵਿਮੁਕਤ ਰੂਹ,
ਨਿਹਾਰੇ ਜੀਵਨ-ਨਦੀ ਦੀ ਧਾਰ !
ਤੇਰੀ ਧੌਣ ਦੇ ਉਭਾਰ ਦਾ ਕਿੰਨਾ ਜਮਾਲ
ਝਲਿਆ ਨਾ ਜਾਵੇ
ਨੀਲੇ ਗਗਨਾਂ ਤੋਂ ਜਿਸ ਦਾ ਕਮਾਲ !
ਮੋਤੀਆਂ ਦਾ ਕਰੇਂ ਆਹਾਰ
ਅੰਮ੍ਰਿਤ-ਬੂੰਦ ਬਰਸੇ ਬਣ ਧਾਰ,
ਹਰੀ ਨਾਮ ਤੇਰਾ ਆਧਾਰ ।
ਹੇ ਆਤਮਾ ਮਹਾਨ !
ਨੀਲਿਆਂ ਦੇ ਪਿਆਰੇ !
ਪਾਰਦਰਸ਼ੀ ਅਨੰਤਾਂ ਦੇ ਪੁਜਾਰੀ !
ਮਾਨ-ਸਰੋਵਰ ਦੀ ਵਾਯੂ ਤੋਂ ਬਿਨਾਂ
ਤੇਰਾ ਦਮ ਘੁਟੇ,
ਉਚੀਆਂ ਹੇਮਕੁੰਟੀ ਚੋਟੀਆਂ ਤੋਂ ਵਿਛੜ ਕੇ
ਬਚ ਨਹੀਂ ਸਕਦੇ ਤੇਰੇ ਪ੍ਰਾਣ !
ਜੰਗਲੀ ਮ੍ਰਿਗ ਨਾਫ਼ੇ ਤੋਂ ਨਿਕਲ

ਜਿਹੜੀ ਕਥੂਰੀ ਹੈ ਹੁਲੀ ਇਸ ਦੇਸ਼,
ਉਸ ਵਿਚ ਰੱਤਾ ਰਹੇਂ ਹਮੇਸ਼ ।
ਹੇ ਸੁੰਦਰ ਆਤਮਾ !
ਮਨੁੱਖੀ ਵਿਚਾਰਾਂ ਦੇ ਦੇਸ਼ ਤੋਂ ਪਰੇ ਦੀ ਵੱਥ
ਤੇਰੀ ਸਮਾਧੀ ਵਿਚ ਝਲਕਾਂ ਮਾਰਦੀ,
ਤਾਰਿਆਂ ਭਰੇ ਗਗਨ ਦੀ ਅਨੰਤਤਾ ।
ਪਾਕ ਤੇਰੇ ਦਿਲ ਦੇ ਅੰਮ੍ਰਿਤਸਰ ਵਿਚ
ਰੋਜ਼ ਸੂਰਜ ਆ ਕੇ ਕਰਦਾ ਇਸ਼ਨਾਨ ।
ਪਵਨਾਂ ਦੀ ਅਸੀਮ ਵਿਸ਼ਾਲਤਾ ਤੇਰੀ ਦਾਸੀ,
ਸੁਗੰਧ-ਸਮੀਰਾਂ ਦੇ ਦੇਵ ਤੇਰੇ ਸਾਥੀ
ਫਿਰ ਵੀ ਅਸੀਂ ਜਾਣੀਏ
ਤੂੰ ਛੱਡ ਆਵੇਂ ਇਹ ਸੁੰਦਰ ਭਵਨ
ਤਾਂ ਜੋ ਸਾਂਝਾ ਕਰ ਸਕੇਂ
ਮਨੁੱਖੀ ਪ੍ਰੇਮ-ਪੀੜਾ ਦਾ ਗ਼ਮ ।
ਉਤਰ ਆਵੇਂ ਕਦੀ ਕਦੀ ਅਚੇਤ ਹੀ
ਕਿਸੇ ਗ਼ਰੀਬੜੇ ਕਿਰਸਾਨ ਦੇ ਕਣਕਾਂ ਭਰੇ ਕੋਠੇ 'ਤੇ,
ਜਗਾ ਦੇਵੇਂ ਕੁਦਰਤ ਦੇ ਕੰਵਾਰੇ ਦਿਲ,
ਆਪਣੇ ਅਨੋਖੀ ਪ੍ਰੀਤ ਦੀ ਕਹਾਣੀ ਛੇੜ ਕੇ ।
ਇਸਤਰੀ ਪੁਰਸ਼ ਦਾ ਪਿਆਰ !
ਮਨੁੱਖੀ ਦਿਲ ਸਾਗਰ ਦੀਆਂ ਲਹਿਰਾਂ ਦੀ ਨਿੱਕੀ ਪ੍ਰੀਤ-ਝੁਣਝੁਣੀ
ਲਿਆ ਦੇਵੇ ਤੈਨੂੰ ਖ਼ੁਮਾਰ
ਤੇ ਤੂੰ ਆਪਣੇ ਉਚੇ ਆਸਣ 'ਤੇ ਵੀ ਬੈਠਾ ਕੰਬਦਾ ।
ਹੇ ਪ੍ਰੀਤ ਰਾਹੀਂ ਮੁਕਤਗਾਮੀ ਆਤਮਾ !
ਪ੍ਰੀਤ ਦੀ ਮਹਿਮਾ ਨੂੰ ਜਾਣਨਹਾਰ !
ਜਿਸ ਦੀ ਖ਼ਾਤਰ ਸ਼ਹਿਰਾਂ ਦੀ ਧੂੜ-ਲੱਦੀ
ਧੂੰਏਂ ਧੁਆਂਖੀ ਹਵਾ ਨੂੰ ਵੀ ਕਰੇਂ ਪਾਰ
ਤਾਂ ਜੋ ਤੇਰੀ ਪ੍ਰੀਤ ਸੰਗ ਬਚ ਜਾਵੇ
ਕੋਈ ਪ੍ਰੀਤ ਢੱਠੀ ਆਤਮਾ ।

4. ਚਾਤ੍ਰਿਕ

ਹੇ ਚਾਤ੍ਰਿਕ !
ਤੂੰ ਕਾਲੀਆਂ ਘਟਾਵਾਂ ਨਾਲ ਘਿਰੇ
ਆਕਾਸ਼ਾਂ ਦਾ ਪ੍ਰੇਮੀ !
ਤ੍ਰਿਖਾਵੰਤ ਤੂੰ
ਉਸ ਸਵਾਂਤੀ-ਬੂੰਦ ਦਾ
ਜਿਸ ਦੇ ਅੰਮ੍ਰਿਤ-ਜਲ ਨੂੰ
ਤੂੰ ਸਦਾ ਪੀਣਾ ਲੋਚਦਾ !
ਤੇਰੇ ਵਿਚ ਵਸਦੀ ਮੁਰੀਦ ਦੀ ਉਹ ਆਤਮਾ
ਜੋ ਸਦਾ 'ਹਰੀ ਨਾਮ' ਨੂੰ ਤਾਂਘਦੀ !
ਮੇਘਲਿਆਂ ਦੀ ਰੁੱਤੇ
ਸਾਵਣ ਦੇ ਮਹੀਨੇ
ਤੇਰੀ ਦਰਦ ਭਰੀ ਕੂਕ ਗੀਤ ਬਣ ਗੂੰਜਦੀ,
ਜਦੋਂ ਤੂੰ ਇਕ ਬ੍ਰਿਛ ਤੋਂ ਉੱਡ ਦੂਜੇ 'ਤੇ ਜਾ ਬੈਠਦਾ,
ਉਸ ਅੰਮ੍ਰਿਤ-ਬੂੰਦ ਨੂੰ ਲੋਚਦਾ !
ਆਪਣੇ ਅੱਧੇ ਮੂੰਹ ਨੂੰ ਖੋਲ੍ਹ
ਤੂੰ ਉਸ ਮੋਤੀ ਨੂੰ ਪੁਕਾਰਦਾ
ਜੋ ਗਗਨਾਂ ਉਤੇ ਸਾਵਣ ਦੀਆਂ ਘਟਾਵਾਂ ਦੇ
ਖ਼ਜ਼ਾਨੇ ਵਿਚ ਛਿਪਿਆ !
ਤੇਰੀ ਇਸ ਤ੍ਰਿਖਾ ਵਿਚ
ਕਿੰਨੀ ਪੀੜਾ ਤੇ ਦਰਦ
ਇਹ ਪਿਆਸ ਕਿੰਨੀ ਅਬੁਝ !
ਜਿਸ ਲਈ ਵੱਡਾ ਸਬਰ ਰਖਣਾ ਪੈਂਦਾ,
ਇਸ ਤ੍ਰੇਹ ਨੂੰ ਆਕਾਸ਼ ਦੀਆਂ ਨੀਵੀਆਂ ਚੋਟੀਆਂ
ਬੁਝਾ ਨਾ ਸਕਦੀਆਂ;

ਜਿਸ ਧਰਤ ਦੇ ਸਾਰੇ ਨਦੀ ਨਾਲੇ, ਝੀਲਾਂ ਤੇ ਛੰਭ,
ਤੇਰੇ ਲਈ ਸਭ ਸੁੱਕ ਕੇ ਮਾਰੂਥਲ ਬਣ ਗਏ,
ਪਿਆਸ ਤੇਰੀ ਅਬੁਝ ।
ਤੇਰੀ ਰੂਹ ਉਸ ਸਵਾਂਤ-ਬੂੰਦ ਨੂੰ ਸਦਾ ਉਡੀਕਦੀ,
ਜੋ ਅਰਸ਼ਾਂ ਦੇ ਵਾਸੀ
ਬੱਦਲਾਂ ਦੀ ਆਤਮਾ ਨਾਲ ਇਕਸੁਰ,
ਉਸ ਨੂੰ ਪਾਉਣ ਲਈ ਸਦਾ ਕੂਕਦੀ।
ਹੇ ਪ੍ਰੇਮ ਬੀਰ !
ਤੂੰ ਉਨ੍ਹਾਂ ਸਾਗਰਾਂ ਦੇ
ਅਸਗਾਹ ਜਲਾਂ ਵਲ ਨਾ ਤੱਕਦਾ,
ਜੋ ਪ੍ਰਿਥਵੀ ਦੇ ਇਰਦ-ਗਿਰਦ ਸਦਾ ਛਲਕਦੇ ।
ਤੂੰ ਤਾਂ ਧੁੱਪਾਂ ਸਾੜੀ ਧਰਤ ਦਾ ਉਹ ਕੰਠ
ਜੋ ਸਦਾ ਗਗਨ-ਮੰਡਲ ਦੀ
ਉਸ ਅੰਮ੍ਰਿਤ-ਬੂੰਦ ਲਈ ਪੁਕਾਰਦਾ
ਜਿਸ ਨੂੰ ਪਾ ਕੇ ਸਾਰੀ ਧਰਤੀ ਖ਼ੁਸ਼ੀ ਮਨਾਉਂਦੀ,
ਸ਼ਾਂਤ ਹੋ ਜਾਂਦੀ !
ਤੇ ਉਸ ਦੇ ਵਾਸੀ ਸਾਰੇ ਪੰਛੀ,
ਜੀਵ-ਜੰਤ ਤੇ ਜਾਨਵਰ,
ਉਸ ਖ਼ੁਸ਼ੀ ਵਿਚ ਸ਼ਾਮਲ ਹੁੰਦੇ,
ਸਾਰੀ ਮਨੁੱਖਤਾ ਧੰਨ-ਧੰਨ ਪੁਕਾਰ ਉਠਦੀ !
ਨਿਹਾਲ ਹੋ ਜਾਂਦੀ !
ਹੇ ਚਾਤ੍ਰਿਕ !
ਤੂੰ ਤਾਂ ਸੰਤ ਮਹਾਂਪੁਰਸ਼ ਦਾ
ਉਹ ਪਵਿੱਤਰ ਹਿਰਦਾ
ਜੋ ਕੇਵਲ ਆਪਣੇ ਖੰਭਾਂ ਦੀ
ਗਗਨ-ਉਡਾਰੀ ਲਈ ਨਹੀਂ ਧੜਕਦਾ
ਸਗੋਂ ਜਿਸ ਦੀ ਧੜਕਣ ਵਿਚ

ਉਸ ਸਾਰੀ ਮਾਤ- ਪ੍ਰਕ੍ਰਿਤੀ ਦੀ
ਸਾਂਝੀ ਧੜਕਣ,
ਜੋ ਉਸ ਅੰਮ੍ਰਿਤ ਜਲ ਨੂੰ ਪੀਣਾ ਲੋਚਦੀ,
ਜੋ ਕਿਰਪਾਧਾਰ ਚਾਣਚੱਕ ਆਕਾਸ਼ਾਂ 'ਚੋਂ
ਮੀਂਹ ਦੀ ਛਹਿਬਰ ਲੈ ਕੇ ਵਰ੍ਹਦੀ ।
ਹੇ ਚਾਤ੍ਰਿਕ ਵੇਖ !
ਤੇਰੀ ਪ੍ਰੀਤ-ਤੇਰੀ ਆਸ,
ਤੇਰੀ ਤਾਂਘ ਦੀ ਪੂਰਤੀ ਕਿਵੇਂ ਹੁੰਦੀ,
ਗਗਨਾਂ ਤੋਂ ਮੋਤੀਆਂ ਦਾ ਮੀਂਹ ਪਿਆ ਵਰ੍ਹਦਾ,
ਤੇਰੇ ਭਾਗਾਂ ਵਿਚ ਬਸ ਉਸ ਸਵਾਂਤ-ਬੂੰਦ ਦੇ
ਅੰਮ੍ਰਿਤ-ਜਲ ਦਾ ਇਕ ਤੁਪਕਾ,
ਜਿਸ ਨਾਲ ਤੇਰੀ ਆਤਮਾ ਤੇ ਹਿਰਦਾ
ਅਨੰਤ ਦੀ ਵਿਸ਼ਾਲਤਾ ਨਾਲ
ਇਕਸੁਰ ਹੋ ਭਰਪੂਰ ਹੋ ਜਾਂਦਾ ।
ਵਾਹ ਵਾਹ ਕੈਸਾ ਕਮਾਲ !
ਕਿਸ ਤਰ੍ਹਾਂ ਹੋਵੇਂ ਤੂੰ ਨਿਹਾਲ !

5. ਚਕਵੀ-ਚਕਵਾ

ਚਕਵੀ:

ਵਿਛੋੜੇ ਵਾਲੀ ਰਾਤ ਹੈ ਆਈ ?
ਜਾਂ ਇਹ ਮੌਤ ਦੀ ਘੜੀ ਵਿਹਾਈ ?
ਮੈਨੂੰ ਅੰਧਕਾਰ ਨੇ ਘੇਰ ਲਿਆ ਹੈ,
ਆਵਾਜ਼ ਤੁਹਾਡੀ ਆਵੇ
ਦਰਿਆ ਦੇ ਪਰਲੇ ਪਾਰੋਂ,
ਪਰ ਤੁਹਾਡਾ ਮੁਖੜਾ ਦਿਸ ਨਾ ਆਵੇ ?
ਮੇਰੇ ਪਿਆਰੇ ! ਮੇਰੇ ਪਿਆਰੇ !!

ਚਕਵਾ:

ਵਿਛੋੜੇ ਦਾ ਕਾਲਾ ਸਾਗਰ ਹੈ ਛਾਇਆ,
ਚਾਹਾਂ ਮੈਂ ਮੇਰੇ ਖੰਭ ਪਸਰ ਦੁਰਾਡੇ ਜਾਣ
ਤੇ ਇਸ ਰਾਤ ਤੋਂ ਸਾਡੀ ਪ੍ਰੀਤ ਨੂੰ ਬਚਾਣ,
ਇਕੱਲਤਾ ਦੀ ਪੀੜਾ ਨੇ ਮੈਨੂੰ ਦਬ ਲਿਆ ਹੈ,
ਫਿਰ ਵੀ ਉਸ ਪਾਰ ਤੇਰੇ ਤੇ ਇਸ ਪਾਰ ਮੇਰੇ,
ਦੋਹਾਂ ਦੇ ਬੋਲ ਪਏ ਸੁਣੀਂਦੇ !
ਮੇਰੀ ਪਿਆਰੀ ! ਮੇਰੀ ਪਿਆਰੀ !!

ਚਕਵੀ:

ਪਿਆਰੇ ! ਇਹ ਤਾਂ ਰਾਤ ਨਹੀਂ ਹੈ,
ਇਹ ਤਾਂ ਮੌਤ ਸਮਾਨ,
ਸਾਹੋ ਸਾਹੀ ਮੈਂ ਹਾਂ ਹੋਈ,
ਦਮ ਪਿਆ ਘੁਟਦਾ,
ਪ੍ਰੀਤ ਵਾਲੀ ਭਿੰਨੀ ਮਹਿਕ ਨਾ ਕਿਧਰੋਂ ਆਵੇ,
ਜੀਭਾ ਮੇਰੀ ਲੁਛ ਰਹੀ ਹੈ,
ਜਿੰਦ ਨਿਮਾਣੀ ਢਹਿ ਪਈ ਹੈ ਵਿਚ ਬੇਹੋਸ਼ੀ !
ਮੇਰੇ ਪਿਆਰੇ ! ਮੇਰੇ ਪਿਆਰੇ !!

ਚਕਵਾ:

ਇਹ ਜ਼ਾਲਮ ਰਾਤ ਸਦਾ ਨਹੀਂ ਰਹਿਣੀ,
ਪਾਰਲੇ ਬੰਨਿਉਂ ਦਿਨ ਨੇ ਪੁਲ ਬਣਾਉਣਾ ਵਿਢ ਦਿਤਾ ਹੈ,
ਮੇਰੇ ਖੰਭਾਂ ਨੂੰ ਇੰਝ ਹੋ ਰਿਹਾ ਆਭਾਸ

ਕਿ ਨਵ-ਜੀਵਨ ਦੀ ਧਾਰਾ ਦਾ
ਛੇਤੀ ਹੀ ਪ੍ਰਵਾਹ ਜਾਵੇਗਾ ਹੋ
ਤੇ ਮੇਰੇ ਦਿਲ ਵਿਚ
ਨਵੇਂ ਜੀਵਨ ਦੀ ਧੜਕਣ ਦੀ ਪੈ ਰਹੀ ਕਨਸੋਅ
ਥੋੜ੍ਹਾ ਹੋਰ ਖਲੋ,
ਮੇਰੀ ਪਿਆਰੀ ! ਮੇਰੀ ਪਿਆਰੀ !!

ਚਕਵੀ: ਮੇਰੇ ਨਿਰਬਲ ਦਮ ਤਗਣ ਨਹੀਂ ਲਗੇ,
ਸਵੇਰ ਹੋਣ ਤੋਂ ਪਹਿਲਾਂ
ਮੇਰੇ ਦਿਲ ਦੇ ਦੀਪ ਨੇ ਬੁਝ ਹੋ ਜਾਣਾ,
ਇਕ ਪਲ ਹੋਰ ਗੁਜ਼ਰਨ ਦੇ ਪਿਛੋਂ
ਘੜੀ ਮੌਤ ਦੀ ਨੇ ਹੈ ਆਉਣਾ,
ਕਿਦਾਂ ਹੋਰ ਕਰਾਂ ਉਡੀਕ ?
ਮੇਰੇ ਪਿਆਰੇ ! ਮੇਰੇ ਪਿਆਰੇ !!

ਚਕਵਾ: ਇਹ ਰੈਣ ਕੁਝ ਪਲ ਦੀ ਖੇਡ,
ਇਸ ਨੇ ਅੰਤ ਮੁੱਕ ਹੋ.ਜਾਣਾ,
ਦੇਵ-ਗਣ ਹਨ ਬਣਤ ਬਣਾ ਰਹੇ,
ਸੱਤ ਰੰਗਾਂ ਨੂੰ ਕਰ ਇਕੱਠਾ
ਚਾਨਣ ਦਾ ਹਨ ਪੁਲ ਬਣਾ ਰਹੇ,
ਹਨੇਰੇ ਦਾ ਪਰਦਾ ਹਟਾ ਰਹੇ;
ਮੇਰੀ ਪਿਆਰੀ !
ਕਿਦਾਂ ਹੋ ਸਕਦਾ ਹੈ ਤੇਰਾ ਅੰਤ
ਜਦਕਿ ਮੇਰੇ ਖ਼ਿਆਲਾਂ ਵਿਚ
ਤੂੰ ਹੈਂ ਸੁਰਜੀਤ !
ਮੇਰੀ ਪਿਆਰੀ ! ਮੇਰੀ ਪਿਆਰੀ !!

ਚਕਵੀ: ਪਰ ਇਸ ਅੰਧਕਾਰ ਦੇ ਪਰਦੇ ਦੇ ਫਟਣ ਤੋਂ ਪਹਿਲਾਂ
ਹੋਇਆ ਬਹੁਤ ਆਘਾਤ,
ਇਹ ਮੌਤ ਵਰਗਾ ਸੰਨਾਟਾ

ਮੇਰੀ ਜਿੰਦ ਦੇ ਗੀਤ ਦਾ
ਕਰ ਨਾ ਦੇਵੇ ਅੰਤ
ਤੇ ਫਿਰ ਆਸਾਡਾ ਮੇਲ ਹੋ ਜਾਵੇ ਅਸੰਭਵ !
ਮੇਰੇ ਪਿਆਰੇ !ਮੇਰੇ ਪਿਆਰੇ !!

ਚਕਵਾ: ਪਰ ਸਾਡੇ ਦੋਹਾਂ ਦੇ ਸਵਾਸ ਹਨ ਇਕੱਠੇ ਬੱਧੇ ਹੋਏ,
ਭਾਵੇਂ ਇਨ੍ਹਾਂ ਨੂੰ ਬੰਨ੍ਹਣ ਵਾਲਾ ਹੈ
ਜੀਵਨ ਦਾ ਟੁੱਟਿਆ ਹੋਇਆ ਧਾਗਾ,
ਫਿਰ ਵੀ ਮੇਰੇ ਸਾਥ ਤੋਂ ਬਿਨਾਂ
ਤੂੰ ਕਿਵੇਂ ਮਰ ਸਕਦੀ ਹੈਂ ?
ਹੈ ਇਹ ਗੱਲ ਅਸੰਭਵ,
ਕੁਝ ਚਿਰ ਹੋਰ ਉਡੀਕ,
ਮੈਂ ਆ ਜਾਵਾਂਗਾ ਤੇਰੇ ਕੋਲ,
ਜੋ ਹਾਂ ਤੇਰਾ ਆਪਣਾ, ਤੇਰਾ ਆਪਣਾ !
ਮੇਰੀ ਪਿਆਰੀ ! ਮੇਰੀ ਪਿਆਰੀ !

ਚਕਵੀ : ਪਰ ਮੇਰੇ ਖੰਭ ਹੁਣ ਤਾਂ
ਫੜਫੜਾਣ ਤੋਂ ਵੀ ਹੋਏ ਨਿਤਾਣੇ,
ਤੇਰੇ ਬੋਲ ਜਦ ਮੇਰੇ ਕੰਨੀਂ ਪੈਂਦੇ
ਤਾਂ ਉਹ ਆਸ ਵੀ ਪਲ ਪਲ ਘਟਦੀ ਜਾਵੇ,
ਭਾਵੇਂ ਬੋਲ ਤੇਰੇ ਉਡ ਕੇ ਮੇਰੇ ਕੋਲ ਹਨ ਆਉਂਦੇ,
ਪਰ ਬੋਲ ਤਾਂ ਆਖਰ ਹਨ, ਬੋਲ ਪਿਆਰੇ,
ਇੰਝ ਜਾਪੇ ਜਿਵੇਂ ਤੂੰ ਆਇਆ,
ਪਰ ਹੁੰਦੀ ਇਹ ਇਕ ਕੂਕ ਵਿਛੋੜੇ ਵਾਲੀ,
ਹੁਣ ਤਾਂ ਇਹ ਪੀੜ ਹੋਈ ਹੈ ਬਹੁਤ ਬਲਕਾਰ,
ਕਿੰਝ ਮੈਂ ਜਿਉਂਦੀ ਰਹਿ ਸਕਦੀ ਹਾਂ ?
ਕੁਝ ਪਲ ਲਈ ਹੋਰ ?
ਮੇਰੇ ਪਿਆਰੇ ! ਮੇਰੇ ਪਿਆਰੇ !!

ਚਕਵਾ : ਇਹ ਤੜਪਾਣੀ ਪੀੜ ਹੀ ਹੈ ਜੀਵਨ
ਤੇ ਰੈਣ ਦੀਆਂ ਡੂੰਘਾਣਾਂ ਨੇ ਤੈਨੂੰ ਹੈ ਵਲਿਆ,

ਇਹ ਮੌਤ ਵਰਗੀ ਵਸਤੂ ਹੀ ਤਾਂ ਹੈ ਪਿਆਰ !
ਮੇਰੀ ਪਿਆਰੀ ! ਮੇਰੀ ਪਿਆਰੀ !

ਚਕਵੀ : ਤੇਰੀ ਆਵਾਜ਼ ਹੋਰ ਮਾਂਦੀ ਹੈ ਹੁੰਦੀ ਜਾਂਦੀ
ਤੇ ਇਸ ਦੇ ਵੇਦਨਾ ਭਰੇ ਬੋਲ
ਹੁੰਦੇ ਜਾਂਦੇ ਹੋਰ ਵੀ ਭਾਰੂ,
ਸਗਲੀ ਰੈਣ ਮੇਰੇ ਦਿਲ ਦੀਆਂ ਤੰਦਾਂ
ਟੁਟਦੀਆਂ ਟੁਟਦੀਆਂ ਰਹੀਆਂ
ਕੀ ਸਾਡਾ ਮੇਲ ਮੁੜ ਕੇ ਹੋਵੇਗਾ ਕਦੀ ਸੰਭਵ ?
ਮੇਰੇ ਪਿਆਰੇ ! ਮੇਰੇ ਪਿਆਰੇ !!

ਚਕਵਾ : ਧੁੰਧ ਦੇ ਕਾਲੇ ਕੰਧਿਆਂ ਪਿਛੇ
ਦਿਨ ਦਾ ਉਦੇ ਹੋਣ ਹੈ ਲਗਾ,
ਉਹ ਵੇਖ !
ਚਾਰ ਚੁਫੇਰੇ ਚਾਨਣ ਹੈ ਪਸਰਦਾ ਜਾਂਦਾ
ਤੇ ਹੁਣ ਤਾਂ ਅਸੀਂ ਜ਼ਰੂਰ ਮਿਲਾਂਗੇ !
ਮੇਰੀ ਪਿਆਰੀ ! ਮੇਰੀ ਪਿਆਰੀ !!

❖ ❖ ❖ ❖

6. ਪਾਰਸ

ਪਾਰਸ !
ਤੂੰ ਸਾਧਾਰਨ ਪੱਥਰ ਗੀਟਿਆਂ ਵਿਚ ਰਲਿਆ,
ਕੇਵਲ ਕੋਈ ਵਿਕੋਲਿਤਰੀ ਆਵਾਰਾ ਭੇਡ ਹੀ
ਦੇਖ ਨੈਣ ਤੈਨੂੰ ਲੱਭਣ ਦਾ ਕਾਰਨ ਬਣਦੀ,
ਜਦੋਂ ਉਹਦੀਆਂ ਤਿੱਖੀਆਂ ਖੁਰੀਆਂ
ਤੇਰੀ ਛੁਹ ਪਾ
ਇਕਦਮ ਸੁਨਹਿਰੀ ਹੋ ਜਾਂਦੀਆਂ,
ਉਸ ਨੂੰ ਵੇਖ ਆਜੜੀ ਕੂਕ ਉਠਦੇ :
''ਇਥੇ ਕੋਈ ਪਾਰਸ ਜ਼ਰੂਰ ਹੈ !''

ਉਸ ਆਵਾਰਾ ਭੇਡ ਦੇ
ਸੋਨੇ ਦੇ ਚਮਕਦੇ ਖੁਰਾਂ ਨੂੰ ਵੇਖ
ਆਜੜੀ ਆਪਣੇ ਸਾਥੀਆਂ ਨੂੰ
ਇਹ ਗੱਲ ਚਾਈਂ-ਚਾਈਂ ਦਸਦਾ,
ਜਦੋਂ ਉਹ ਇਕੱਠੇ ਬੈਠੇ ਭੇਡਾਂ ਦੀ
ਕਤਰੀ ਉਨ ਨੂੰ ਤੁੰਬ ਰਹੇ ਹੁੰਦੇ,
ਕਾਲੀ ਅਤੇ ਚਿੱਟੀ ਉਨ ਮਿਲਾ ਰਹੇ ਹੁੰਦੇ -
ਆਜੜੀ ਆਖਦਾ :
''ਬੇਲੀਓ ! ਉਹ ਵੇਖੋ !
ਉਸ ਆਵਾਰਾ ਭੇਡ ਦੇ ਸੁਨਹਿਰੀ ਖੁਰ ਚਮਕ ਰਹੇ !
ਪੁਰਾਣੀ ਕਹਾਵਤ ਠੀਕ ਹੀ ਹੈ :
ਇਥੇ ਜ਼ਰੂਰ ਕੋਈ ਪਾਰਸ ਪੱਥਰ ਹੋਵੇਗਾ
ਜਿਸ ਦੀ ਛੁਹ ਪਾ
ਹਰ ਧਾਤ ਸੋਨਾ ਬਣ ਜਾਂਦੀ ।''

ਉਹ ਗਰੀਬ ਆਜੜੀ
ਜਿਸ ਦੇ ਕੋਲ ਬਸ
ਇਕ ਡੰਡਾ, ਇਕ ਕੰਬਲੀ
ਤੇ ਕੁਝ ਭੇਡਾਂ ਦਾ ਇੱਜੜ;
ਸਦਾ ਲੋੜਵੰਦ ਉਹ !
ਆਪਣੀ ਹਰ ਲੋੜ ਦੀ ਪੂਰਤੀ ਲਈ
ਉਹ ਉਪਰ ਆਕਾਸ਼ ਵਲ ਤੱਕ ਯਾਚਨਾ ਕਰਦਾ
ਰੱਬ ਕੋਲੋਂ ਮੰਗਦਾ ਐਸਾ ਜਿਊੜਾ ਹੀ
ਪਰਬਤਾਂ ਦੇ ਪੱਥਰਾਂ ਵਿਚ ਪਏ
ਪਾਰਸ ਨੂੰ ਲਖ ਸਕਦਾ,
ਉਸ ਦੇ ਰਹੱਸ ਨੂੰ ਜਾਣ ਸਕਦਾ ।
ਉਸ ਦੇ ਨੈਣਾਂ ਦੀ ਨਿਰਛਲ ਤੱਕਣੀ
ਤੇ ਦਿਲ ਦੀ ਪਵਿੱਤਰਤਾ ਵਿਚ ਵੱਸਦਾ ਪ੍ਰੇਮ ਹੀ
ਇਸ ਪਾਰਸ ਦੇ ਭੇਦ ਨੂੰ ਪਾ ਸਕਦੇ ।

ਪਾਰਸ !
ਭਾਵੇਂ ਇਸ ਗੱਲ ਦਾ ਸਾਨੂੰ ਗਿਆਨ
ਕਿ ਇਸ ਸੰਸਾਰ ਵਿਚ ਤੇਰੀ ਜੋਤ ਸਤਿ ਹੈ
ਫਿਰ ਵੀ ਅਸੰਖ ਨੈਣ ਪਰਬਤਾਂ ਦੀਆਂ
ਸਾਗਰਾਂ ਵਰਗੀਆਂ ਵਿਸ਼ਾਲ ਚਟਾਨਾਂ ਵਿਚੋਂ
ਤੈਨੂੰ ਢੂੰਡਣ ਵਿਚ ਅਸਮਰੱਥ ।

ਕੋਈ ਵੀ ਦਾਨਾ ਪੁਰਸ਼
ਹਜ਼ਾਰ ਯਤਨ ਕਰਨ ਉਤੇ ਵੀ
ਤੈਨੂੰ ਲਭ ਨਾ ਸਕੇ,
ਤੇਰੀ ਇਕ ਵੀ
ਝਲਕ ਨੂੰ ਨਾ ਪਾ ਸਕਣ,
ਕਈ ਜ਼ਿੰਦਗੀਆਂ ਤੈਨੂੰ ਲਭਣ ਲਈ
ਥੱਕ ਹੁਟ ਚੁਕੀਆਂ,
ਫਿਰ ਵੀ ਤੂੰ ਕਿਸੇ ਦੇ ਹੱਥ ਨਾ ਆਉਂਦਾ

ਤੇਰੀ ਭਾਲ ਦੀ ਸਭ ਘਾਲ ਵਿਅਰਥ ਹੋ ਨਿਬੜਦੀ ।
ਪਰ ਸੱਚੀ ਗੱਲ ਤਾਂ ਇਹ
ਕਿ ਪੋਥੀਆਂ ਵਿਚ
ਜੀਹਦੇ ਅਸੀਂ ਤੈਨੂੰ ਲਭਦੇ ਫਿਰਦੇ;
ਤੂੰ ਤਾਂ ਸੰਤ ਮਹਾਂਪੁਰਸ਼ਾਂ ਦੀ
ਪਵਿੱਤਰ ਨਜ਼ਰ ਵਿਚ ਸਮਾਇਆ,
ਜਿਨ੍ਹਾਂ ਦੇ ਨੈਣ ਪ੍ਰਭੂ ਸਿਮਰਨ ਵਿਚ ਗੜੂੰਦ ।

ਉਹ ਰੱਬ ਦਾ ਘੜਿਆ ਹੋਇਆ ਰੱਬੀ ਜਿਊੜਾ
ਉਹੋ ਹੀ ਅਸਲੀ ਪਾਰਸ -
'ਹਰੀ ਨਾਮ' ਹੀ ਅਸਲੀ ਪਾਰਸ !
ਅਜਿਹੇ ਸੰਤ ਮਹਾਂਪੁਰਸ਼ ਦੀ ਛੁਹ ਪਾ
ਹਰ ਨਿਗੁਣੀ ਧਾਤ ਕੰਚਨ ਬਣ ਜਾਂਦੀ,
ਹਰ ਨੀਚ ਤੇ ਢੱਠਾ ਬੰਦਾ,
ਉਸ ਦੀ ਮਿਹਰ ਦੀ ਨਦਰ ਨਾਲ
ਉਚਾ ਤੇ ਗਹੁਰਾ ਹੋ ਜਾਂਦਾ,
ਨੇਤਰ-ਫੋਰ ਵਿਚ
ਮਾਨਸ ਤੋਂ ਦੇਵਤਾ ਬਣ ਜਾਂਦਾ ।

ਜਦ ਅਜਿਹੇ ਸੰਤ ਪੁਰਸ਼ ਦੀ ਦ੍ਰਿਸ਼ਟੀ
ਕਿਸੇ ਕੰਚਨੀ ਜਾਂ ਗਣਿਕਾ ਉਤੇ ਪੈਂਦੀ
ਤਾਂ ਉਹ ਪਾਕ ਦਾਮਨ
ਦੇਵ ਕੰਨਿਆਂ ਹੋ ਜਾਂਦੀ,
ਸੰਤ ਬਣ ਜਾਂਦੀ ।

ਜਦੋਂ ਚੋਰਾਂ, ਡਾਕੂਆਂ, ਵਾਟ ਮਾਰਾਂ, ਠੱਗਾਂ
ਤੇ 'ਗਲ ਵਢ ਹਤਿਆ' ਕਮਾਉਣ ਵਾਲੇ ਹਤਿਆਰਿ[illegible]
ਹੈਂਸਿਆਰਿਆਂ, ਪਾਪੀਆਂ ਤੇ ਨੀਚਾਂ ਨੂੰ
'ਹਰੀ ਨਾਮ' ਦੀ ਦਾਤ ਪ੍ਰਾਪਤ ਹੁੰਦੀ
ਤਾਂ ਉਹ ਗੁਨਾਹਾਂ ਵਲੋਂ ਪਿੱਠ ਮੋੜ ਲੈਂਦੇ

ਅਤੇ ਸਚਿਆਰੇ ਪੁਰਸ਼ ਬਣ ਜਾਂਦੇ ।
ਉਨ੍ਹਾਂ ਦੇ ਰਕਤ ਵਿਚ ਰਲਿਆ
'ਹਰੀ ਨਾਮ' ਦਾ ਇਕ ਕਿਣਕਾ
ਉਨ੍ਹਾਂ ਅੰਦਰ ਨਵੀਂ ਜੀਵਨ-ਜੋਤ ਜਗਾ ਦਿੰਦਾ ।
ਜਦੋਂ ਗੁਰੂ-ਸੁਆਮੀ ਦੀ ਰਜ਼ਾ ਹੋਵੇ
ਤਾਂ ਮਨੁੱਖ ਦੀ ਗਿਆਨ-ਕੋਠੜੀ ਦੇ ਸਭ ਵਿਕਾਰ
ਸੰਕਲਪ ਤੇ ਵਿਕਲਪ ਧੋਤੇ ਜਾਂਦੇ,
'ਕੂੜੀ ਪਾਲ' ਟੁੱਟ ਜਾਂਦੀ,
ਅਨਾਥ ਤੇ ਪਾਪਾਂ ਵਿਚ ਗ਼ਲਤਾਨ ਜੀਅ
'ਰੱਬ ਦੇ ਪੁੱਤਰ' ਬਣ ਜਾਂਦੇ ।

ਇੰਝ ਜਦ ਮਨੁੱਖ ਅੰਦਰ 'ਰੱਬੀ ਮਨੁੱਖ' ਜਾਗਦਾ
ਤਾਂ ਜਨਮਾਂ-ਜਨਮਾਂਤਰਾਂ ਦੀਆਂ ਨੀਵੀਂਆਂ ਖ਼ਾਹਿਸ਼ਾਂ
ਤੇ ਪਾਪਾਂ-ਲੱਦੇ ਜੀਵਨ ਦੀ ਅੰਧਕਾਰਤਾ
ਇੰਝ ਮਿਟ ਜਾਂਦੀ
ਜਿਵੇਂ ਦਿਨ ਦੇ ਚੜ੍ਹਾਅ ਨਾਲ
ਸੂਰਜ ਦੀ ਛੁਹ ਪਾ
ਰਾਤ ਦਾ ਹਨੇਰਾ ਛਾਈਂ-ਮਾਈਂ ਹੋ ਜਾਂਦਾ ।

ਮਨੁੱਖ ਦੀ ਕਾਂਇਆਂ-ਕਲਪ ਕਰਨ ਵਾਲੀ
ਇਹ ਅਸਲੀ ਸ਼ਕਤੀ 'ਹਰੀ ਨਾਮ' ਹੈ,
ਇਹੋ ਹੀ ਪਾਰਸ ਹੈ,
ਇਹ ਹੀ ਕੀਮੀਆਂਗਰੀ ਹੈ
ਜੀਵਨ ਦੇ ਕਾਂਇਆਂ-ਕਲਪ ਕਰਨ ਦੀ ਕਲਾ !

ਇਕ ਧਾਤ ਦੂਜੀ ਨੂੰ ਬਦਲ ਦੇਂਦੀ,
ਤਾਂਬਾ ਸੋਨਾ ਬਣ ਜਾਂਦਾ,
ਇਕ ਬ੍ਰਿਛ ਦੀ ਪ੍ਰਕ੍ਰਿਤੀ ਹੀ ਬਦਲ ਜਾਂਦੀ,
ਕੰਡਿਆਲੀ ਕਿੱਕਰ ਚੰਦਨ ਬ੍ਰਿਛ ਬਣ ਜਾਂਦੀ ,
ਪਰ

ਫਿਰ ਸਭ ਸ਼ਗਲ ਕਿਸ ਮੁਲ ਦੇ ?
ਕਿਸ ਅਰਥ !
ਜੇ ਮਾਨਵ ਵਿਚਲੀ ਉਹ ਦੇਵ-ਤੱਕਣੀ,
ਮੇਰੀ ਅੰਦਰਲੀ ਜਿੰਦੜੀ ਨਾਲ ਇਕਸੁਰ ਹੋ
ਜੀਵਨ ਦੇ ਮਹਾਂ-ਤਾਲ ਵਿਚ ਨਹੀਂ ਥਰਕਦੀ ?
ਮੇਰੇ ਅੰਦਰ ਦੀ ਧਾਤ ਨੂੰ ਉਸ ਉਚੀ
ਦੇਵ-ਪ੍ਰਕ੍ਰਿਤੀ ਵਿਚ ਨਹੀਂ ਢਾਲਦੀ,
ਜਿਥੇ ਮੇਰੀ ਆਤਮਾ
ਪਰਮਾਤਮਾ ਵਿਚ ਲੀਨ ਹੋ
ਨਵੇਂ ਰੂਪ ਵਿਚ ਜੀਊ ਨਹੀਂ ਉਠਦੀ,
ਪ੍ਰਭੂ-ਪ੍ਰੀਤਮ ਦੇ ਉਚੇਰੇ ਜੀਵਨ ਤੇ ਪ੍ਰੇਮ ਵਿਚ
ਮੇਰੇ ਹਿਰਦੇ ਨੂੰ ਰੰਗ ਕੇ
ਮੈਨੂੰ ਆਕਾਸ਼ਾਂ ਦੀ ਉਚਾਣਾਂ ਵਾਲਾ
ਜੀਵਨ ਨਹੀਂ ਬਖ਼ਸ਼ਦੀ ?

7. ਅਬਚਲ ਜੋਤ

ਮੈਂ ਹਾਂ ਉਹ ਪੰਛੀ
ਜਿਸ ਦੇ ਖੁਲ੍ਹੇ ਖੰਭ
ਉਸ ਅਟਲ ਜੋਤੀ ਦੀ
ਅਗਨੀ ਭਾਲਣ,
ਜਿਸ ਨੂੰ ਤੁਸਾਂ ਪ੍ਰਭੂ ਜੀ
ਮਨੁੱਖਾਂ ਦੇ ਹਿਰਦੇ ਅੰਦਰ
ਦੀਪਕ ਹਾਰ ਜਗਾਇਆ,
ਇਸੇ ਲਈ ਆਪਣੀ ਇਕ ਉਡਾਰੀ ਅੰਦਰ
ਪ੍ਰਭੂ ਜੀ !
ਮੈਂ ਤੁਹਾਡੀ ਅਨੰਤ ਹੋਂਦ ਨੂੰ ਢੂੰਡਾਂ ।

❖ ❖ ❖ ❖

8. ਚਾਂਦੀ ਦੇ ਪੈਰਾਂ ਵਾਲਾ

ਉਹ ਉੱਡਦੇ ਪੰਛੀ ਦੇ
ਚਾਂਦੀ ਧੋਤੇ ਪੈਰ,
ਮੇਰੇ ਹਿਰਦੇ ਤਲ ਉਤੇ ਆ ਕੇ
ਠੁਮਕ ਠੁਮਕ ਕਰਦੇ !
ਮੇਰੇ ਨੈਣ ਦੋ ਕੁਰਲਾਂਦੀਆਂ ਕੂੰਜਾਂ ਸਮਾਨ
ਪਵਿੱਤਰ ਨੀਲੇ ਗਗਨ ਵਿਚ
ਉਸ ਦੇ ਪਿਛੇ ਉਡ ਤੁਰਦੇ ।
ਇਸ ਉਡਾਰੀ ਪਿਛੋਂ !
ਅਦ੍ਰਿਸ਼ਟ ਉਚਾਣਾਂ ਵਿਚੋਂ
ਕੋਈ ਕਨਸੋਅ ਨਾ ਆਉਂਦੀ,
ਪਰ ਖ਼ੁਸ਼ੀਆਂ ਦਾ ਹੜ੍ਹ ਵਹਿ ਤੁਰਦਾ,
ਅੰਮ੍ਰਿਤ ਦੀ ਵਰਖਾ ਹੁੰਦੀ,
ਜੋ ਮੈਨੂੰ ਨਕੋ ਨੱਕ ਭਰਪੂਰ ਕਰ ਦਿੰਦੀ
ਤੇ ਮੈਂ
ਹੇਠਾਂ ਲਾਲ ਭੂਰੀ ਧਰਤੀ ਉਤੇ ਬੈਠਾ
ਇਸ ਅੰਮ੍ਰਿਤ ਵਰਖਾ ਨਾਲ
ਗੜੁਚ ਹੋ ਜਾਂਦਾ ।
ਵਾਹੁ ! ਵਾਹੁ !!
ਇਹ ਅਦ੍ਰਿਸ਼ਟ ਦਾ ਦ੍ਰਿਸ਼,
ਉਸ ਦੇ ਚਾਂਦੀ-ਧੋਤੇ ਪੈਰ,
ਮੇਰਾ ਜੀਵਨ,
ਮੇਰੀ ਟੇਕ,
ਮੇਰੀ ਥਿਰਤਾ !

੨. ਅਲਖ ਪਾਰਬ੍ਰਹਮ

1. ਮਹਾਨ ਹੈ ਤੇਰੀ ਕੁਦਰਤ !

ਵੱਡੀ ਤੇਰੀ ਕਰਾਮਾਤ !
ਜਿਸ ਬਣਾਏ ਦਿਨ ਤੇ ਰਾਤ ।
ਫੁੱਲਾਂ ਵਿਚ ਲਿਆਂਦੀ ਬਹਾਰ;
ਬਖ਼ਸ਼ੀ ਇਹ ਜਵਾਨੀ ਦੀ ਦਾਤ ।
ਉਸ ਨੇ ਇਹ ਸੰਸਾਰ ਰਚਾਇਆ,
ਆਪਣੇ ਹੱਥੀਂ ਵਿਸ਼ਵ ਸਜਾਇਆ !
ਸੁੰਦਰਤਾ ਨਾਰੀ ਨੂੰ ਬਖ਼ਸ਼ੀ,
ਉਹ ਨਰ ਕਿੰਨਾ ਭਾਗਵਾਨ
ਜਿਸ ਨੂੰ ਨਾਰੀ ਕਰੇ ਸਮਰਪਣ
ਆਪਣਾ ਹਿਰਦਾ ਤੇ ਪ੍ਰਾਣ !
ਉਹ ਸਾਨੂੰ ਜੋੜਨ ਵਾਲਾ,
ਉਹ ਹੈ ਵਿਛੋੜਨ ਵਾਲਾ,
(ਸੰਜੋਗ ਵਿਯੋਗ ਦੀ ਕਾਰ ਚਲਾਵੇ)
ਉਹ ਭੁੱਖ ਤੇ ਤ੍ਰੇਹ ਉਪਜਾਵੇ,
ਅੰਨ ਧੰਨ ਫਿਰ ਆਪੇ ਦਿੰਦਾ,
ਆਪੇ ਸਾਨੂੰ ਤ੍ਰਿਪਤ ਅਘਾਵੇ ।
ਉਸ ਦੀ ਵੱਡੀ ਕਰਾਮਾਤ
ਜੋ ਸਾਡੀ ਹੈ ਜੀਵਨ-ਦਾਤ ।
ਸਾਡਾ ਮਨ, ਤਨ, ਨਿਜ-ਆਪਾ ਤੇ ਹਿਰਦਾ,
ਆਤਮ ਤੇ ਅਨੰਤ ਅਨਾਤਮ,
ਕਾਲ ਚੱਕਰ ਦੇ ਕਦਮਾਂ ਦੀ ਚਾਪ,
ਪਰਬਤ, ਸਾਗਰ, ਵਡਾਣਾ ਆਕਾਸ਼
ਹੈ ਸਭ ਉਸੇ ਦੀ ਵੱਡੀ ਕਰਾਮਾਤ ।

❖ ❖ ❖ ❖

੨. ਪੱਗ ਵਾਲਾ ਪੁਰਖ

ਪਗੜੀ ਵਾਲਾ ਪੁਰਖ !
ਆਕਾਸ਼ਾਂ ਦਾ ਸੁਆਮੀ !
ਮੇਰੇ ਹਿਰਦੇ ਦੇ ਬਗੀਚੇ
ਉਸ ਦੇ ਕਦਮਾਂ ਦੀ
ਚਾਪ ਸੁਣਾਈ ਦਿੰਦੀ,
ਮੇਰੀ ਜਿੰਦ ਉਸ ਦੇ
ਚਰਨ-ਕੰਵਲਾਂ ਲਈ ਧੜਕਦੀ !
ਉਸ ਦੀ ਪਗੜੀ ਦੇ
ਪ੍ਰੇਮ-ਰੰਗੇ ਪੇਚ ਸਦੀਵੀ !
ਨਛੱਤਰ ਉਸ ਦੇ
ਦਰਸ਼ਨਾਂ ਲਈ ਇਵੇਂ ਸਿਕਦੇ
ਜਿਵੇਂ ਪੰਛੀ ਰਾਤ ਸਮੇਂ
ਆਪਣੇ ਆਲ੍ਹਣਿਆਂ ਵਿਚ ਵਿਸਰਾਮ ਕਰਦੇ
ਤੇ ਪ੍ਰਭਾਤ ਸਮੇਂ
ਊਸ਼ਾ ਦੇ ਆਗਮਨ ਲਈ ਸਹਿਕਦੇ ।
ਉਹ ਤਾਂ ਸ੍ਰਿਸ਼ਟੀ ਦੇ
ਹਿਰਦੇ ਦਾ ਪਾਤਸ਼ਾਹ !
ਪ੍ਰੀਤ ਵਿਚ ਉਗੀ ਕਪਾਹ ਦਾ
ਉਸ ਦਾ ਤਾਜ,
ਜਿਸ ਦੇ ਧਾਗੇ
ਪ੍ਰੀਤ ਦੀ ਚਰਖੀ 'ਤੇ ਕੱਤੇ,
ਪ੍ਰੀਤ ਨਾਲ ਬੁਣੀ ਹੋਈ
ਉਸ ਦੀ ਪੋਸ਼ਾਕ ।
ਉਸ ਦਾ ਤਾਜ ਸਾਗਰ ਦੀਆਂ ਤਰੰਗਾਂ ਦਾ
ਝਿਲਮਿਲਾਂਦਾ ਪ੍ਰਕਾਸ਼ !

ਜੁਗਨ ਵੀ ਉਸ ਦੀ ਪੱਗ ਦੇ ਪੇਚ ਵਿਚੋਂ
ਉਦੇ ਹੋਇਆ !
ਸਾਰੇ ਤਾਰੇ ਰੈਣ ਦੇ
ਉਸ ਦੇ ਉਪਰ ਜਗਮਗਾਂਦੇ,
ਜਿਨ੍ਹਾਂ ਦੇ ਧੁਰ ਉਪਰਲੇ ਕਿਨਾਰੇ
ਧੁੰਧਾਂ ਦਾ ਤਾਜ !
ਚਮਕਦੇ ਮੁੱਖੜੇ ਇੰਝ ਕਹਿੰਦੇ :
''ਇਹ ਤਾਂ ਅੱਧੀ ਰਾਤ ਦਾ ਪੂਰਾ ਚੰਨ ।''
ਪਰ ਮੈਂ,
ਜੋ ਉਨ੍ਹਾਂ ਤੋਂ ਛੋਟੀ ਪਦਵੀ ਵਾਲਾ
ਰਾਤ ਨੂੰ,
ਧਰਤੀ ਨੂੰ ਖਨੋਤਰ,
ਆਪਣੇ ਅੰਦਰਲੇ ਨੂੰ ਹੋਲੀ ਹੋਲੀ ਆਖਦਾ,
ਮਤਾਂ ਕੋਈ ਸੁਣ ਨਾ ਲਵੇ
ਮੇਰੀ ਇਹ ਕਨਸੋਅ :
''ਇਹ ਜੋ ਦਿਸ ਰਿਹਾ ਪ੍ਰਕਾਸ਼
ਇਹ ਤਾਂ ਉਸ ਦੀ ਪਗੜੀ ਹੇਠਲੇ
ਮਸਤਕ 'ਚੋਂ ਹੈ ਝਰ ਰਿਹਾ ।''

3. ਅਗਿਆਤ ਪੁਰਖ

ਅਗਿਆਤ ਪੁਰਖ ਭੇਸ ਵਟਾ
ਧਰਤੀ 'ਤੇ ਚਕਰ ਮਾਰਦਾ,
ਅੱਧੀ ਰਾਤ ਨੂੰ
ਮੈਨੂੰ ਘੂਕ ਨੀਂਦਰ ਵਿਚ
ਸੁੱਤੇ ਪਏ ਢੇਰ ਨੂੰ
ਉਸ ਆਪਣੇ ਕੰਧਾੜੇ ਚੁਕਿਆ
ਤੇ ਲੈ ਗਿਆ ਉਹ
ਮੈਨੂੰ ਆਪਣੀ ਕੁਟੀਆ ਵਿਚ,
'ਜਾਗ ਬੱਚਾ' ਆਖ ਕੇ
ਉਸ ਮੈਨੂੰ ਦੁਲਾਰਿਆ,
ਮੇਰੇ ਨੈਣ ਖੋਲ੍ਹ ਦਿਤੇ,
ਮੈਨੂੰ ਪੂਰਨ ਕਰ ਦਿਤਾ !
ਇਸ ਪੁਰਖ ਦੇ ਨੈਣ ਝਰੋਖਿਆਂ ਵਿਚੋਂ
ਆਕਾਸ਼ ਦਾ ਨੂਰ ਵਰ੍ਹਿਆ,
ਮੇਰੀ ਆਤਮਾ ਉਤੇ
ਜੋ ਲਟ ਲਟ ਬਲੀ;
ਜਿਸ ਵਿਚ ਹੁਣ ਸੀ ਮਚਲਦਾ
ਅੰਮ੍ਰਿਤ ਵੇਲੇ ਦਾ ਨੂਰੀ ਸੁਪਨਾ ।
ਜਿਹੜੀ ਬਖ਼ਸ਼ੀ ਉਸ ਨੇ ਮੈਨੂੰ
ਅਨੁਪਮ ਦਾਤ,
ਉਸ ਨੂੰ ਮੈਂ ਭੁਲ ਗਿਆ ਸਾਂ

ਝੱਲੀ ਜਵਾਨੀ ਦੇ ਜੋਸ਼ ਵਿਚ,

ਇਸ ਜਵਾਨੀ ਮਸਤਾਨੀ ਵਿਚ

ਉਸ ਮੈਨੂੰ

ਇੰਝ ਹੀ ਸੀ ਭੁਲਣ ਦਿਤਾ,

ਜਦੋਂ ਇਸੇ ਤਰ੍ਹਾਂ

ਉਹ ਹੋਇਆ ਮੇਰਾ ਸਹਾਈ ।

ਪਰ ਆਪਣੇ ਰਚਣਹਾਰ ਨੂੰ

ਕਿਵੇਂ ਕੋਈ ਭੁਲਾ ਸਕੇ ?

ਅਗਿਆਤ ਪੁਰਖ ਉਹ ਭੇਸ ਵਟਾ

ਇਸ ਧਰਤੀ 'ਤੇ ਘੁੰਮਦਾ !

ਹੁਣ ਵੀ ਉਹ ਮੇਰੇ ਸੰਗ ਹੈ ਵਿਚਰਦਾ,

ਮੇਰਾ ਸਹਾਈ ਹੁੰਦਾ ।

4. ਪੁਰਖ ਜੋ ਮੇਰਾ ਰੂਪ ਧਾਰਦਾ

ਮਾਤਾ ਧਰਤ ਤੇ ਪਿਤਾ ਆਕਾਸ਼ ਦਾ ਜਾਇਆ ਪੁਰਖ
ਮੇਰਾ ਰੂਪ ਧਾਰਨ ਕਰਦਾ,
ਪਰ ਉਸ ਦੀਆਂ ਭਾਵਨਾਵਾਂ ਮੇਰੇ ਤੋਂ ਭਿੰਨ,
ਉਹਦਾ 'ਪ੍ਰੇਮ' ਸਰਬ ਸਾਧਾਰਨ ਦੇ ਪ੍ਰੇਮ ਦੀ
ਦੱਖ ਨਾ ਦਿੰਦਾ,
ਫਿਰ ਡੂੰਘਾਣਾਂ ਦੀਆਂ ਡੂੰਘਾਣਾਂ ਵਿਚ
ਉਸ ਦੀ ਨਦਰ ਰੱਬ ਵਾਂਗ ਪ੍ਰਕਾਸ਼ਮਾਨ ਹੁੰਦੀ !
ਉਸ ਦਾ ਧਰਤੀ ਵਰਗਾ ਪਿਆਰ !
ਉਸ ਦੀ ਖਿਝਾਉਣ ਵਾਲੀ ਲੰਮੀ ਚੁੱਪ !
ਬੀਜ ਉਸ ਦਾ ਧਰਤ, ਪੌਣ, ਪਾਣੀ
ਮੇਰੇ ਅੰਦਰ ਆ ਕੇ ਮੌਲਦਾ
ਅਤੇ ਮੈਨੂੰ ਰੂਪ ਦੇ ਦਿੰਦਾ
ਫੁੱਲ ਦਾ, ਮਿੱਠੇ ਫਲ ਦਾ, ਭਿੰਨੀ ਮਹਿਕ ਦਾ
ਅਤੇ ਮੈਨੂੰ ਆਖਦਾ :
''ਇਹ ਮੈਂ ਹਾਂ ਜੋ ਉਗਦਾ ਤੇ ਖਿੜਦਾ ।''
ਮਾਤਾ ਧਰਤੀ ਤੇ ਪਿਤਾ ਆਕਾਸ਼ ਦਾ ਜਾਇਆ ਪੁਰਖ
ਇਹ ਹੈ ਜੋ ਮੇਰਾ ਰੂਪ ਧਾਰਨ ਕਰਦਾ ।

5. ਮੇਰੇ ਅੰਦਰ ਦਾ ਪੁਰਖ

ਮੇਰੇ ਅੰਦਰ ਦਾ ਪੁਰਖ
ਜੋ ਮੇਰੇ ਅੰਤਰ ਵਿਚਰਦਾ
ਅਦ੍ਰਿਸ਼ਟ ਹੈ !
ਮੇਰੇ ਮਸਤਕ ਵਿਚ ਉਸ ਦਾ ਮਸਤਕ,
ਮੇਰੇ ਕੇਸਾਂ ਵਿਚ ਉਸ ਦੇ ਕੇਸ,
ਮੇਰੀਆਂ ਹੱਡੀਆਂ ਵਿਚ ਉਸ ਦੀਆਂ ਹੱਡੀਆਂ,
ਉਸ ਦਾ ਦਿਲ ਮੇਰੇ ਦਿਲ ਅੰਦਰ ਧੜਕਦਾ ।
ਜਦ ਉਹ ਮੇਰੇ ਸੰਗ
ਤਾਂ ਮੈਂ ਹੋਵਾਂ,
ਮੈਂ ਇਹ ਜਾਣਦਾ
ਉਹ ਹੈ ਪ੍ਰਭੂ ਸੁੱਤ
ਜਿਸ ਦੀ ਖ਼ੁਸ਼ੀ ਤੇ ਸ਼ਾਨ ਨੂੰ
ਸਾਰੀ ਸ੍ਰਿਸ਼ਟੀ ਪਈ ਉਡੀਕੇ;
ਉਸ ਦਾ ਪਾਣੀ ਭਰੇ ।
ਇਸ ਪੁਰਖ ਤੋਂ ਬਿਨਾਂ
ਮੈਂ ਇਕ ਸੁੰਨਾ ਖੋਲ,
ਇਕ ਕੂਕ, ਇਕ ਉਚੀ ਵਿਲਕਣੀ,
ਮੈਂ ਬਾਲਣ ਦੀ ਲੱਕੜ ਵਿਚਲੇ ਕੀਟ ਤੋਂ ਨਕਾਰਾ
ਤੇ ਚਿੱਕੜ ਵਿਚ ਉਗੀ ਬੂਟੀ ਤੋਂ ਨਿਗੁਣਾ !
ਪਰ ਅਚਰਜ !
ਵੇਖੋ ! ਮੇਰੇ ਅੰਦਰਲਾ ਪੁਰਖ,
ਮੈਨੂੰ ਤੱਕਦਾ
ਅਤੇ ਮੈਨੂੰ ਕਦੀ ਵੀ ਛੱਡ ਕੇ ਨਾ ਜਾਂਦਾ ।
"ਜੈ ਹੋ ਗੁਰ-ਮਾਨਵ ਅਵਤਾਰ !"

❖ ❖ ❖ ❖

6. ਪੁਰਖ ਜੋ ਮੇਰੇ ਅੰਦਰ ਹੈ ਵੀ ਤੇ ਨਹੀਂ ਵੀ

ਪੁਰਖ ਜੋ ਮੇਰੇ ਅੰਦਰ ਹੈ ਵੀ ਤੇ ਨਹੀਂ ਵੀ
ਆਪਣੀ ਮਰਜ਼ੀ ਨਾਲ ਹੀ ਮੇਰੇ ਅੰਦਰ
ਆਂਵਦਾ ਤੇ ਜਾਂਵਦਾ।
ਮੈਂ ਤਾਂ ਇਕ ਮੌਨ ਤੇ ਸੁੰਨਾ ਕੱਚਾ ਕੋਠਾ
ਜਿਸ ਦੀਆਂ ਕੰਧਾਂ ਮੌਨ ਤੇ ਚੁੱਪ।
ਮੇਰਾ ਇਹ ਅਨੋਖਾ ਮਿਤਰ
ਜਿਸ ਦੇ ਪ੍ਰੀਤ ਦੇ ਆਪਣੇ ਹੀ ਨੇਮ ਤੇ ਕਰਮ,
ਮੇਰੇ ਅੰਦਰ ਆ ਕੇ ਇੰਝ ਅਲੋਪ ਹੋ ਜਾਂਦਾ
ਜਿਵੇਂ ਉਸ ਮੁੜ ਕੇ ਕਦੀ ਨਾ ਪਰਤਣਾ ਹੋਵੇ
ਪਰ ਫਿਰ ਉਹ.ਨੈਣਾਂ ਵਿਚ
ਹੰਝੂਆਂ ਦੀ ਝੜੀ ਲਾਈ ਆਉਂਦਾ;
ਮੈਥੋਂ ਇੰਝ ਉਡੀਕ ਕਰਾਉਂਦਾ
ਜਿਵੇਂ ਇਕ ਪ੍ਰੇਮਕਾ ਆਪਣੇ ਪ੍ਰੇਮੀ ਨੂੰ ਉਡੀਕਦੀ,
ਪਰ ਜਿਸ ਪਲ ਉਹ ਮੈਨੂੰ
ਆਪਣੇ ਅੰਕ ਸਮਾਉਂਦਾ।
ਤਾਂ ਮੈਂ ਅਨੇਕ ਘੰਟੀਆਂ ਦੀ ਟੁਣਕਾਰ ਵਿਚ ਗੂੰਜਦਾ
ਇਕ ਗੀਤ ਬਣ ਜਾਂਦਾ।
ਮੇਰੇ ਰੋਮ ਰੋਮ ਨੂੰ ਜੀਭਾ ਲਗ ਜਾਂਦੀ
ਅਤੇ ਮੈਂ ਵਿਸਮਾਦੀ ਆਨੰਦ ਵਿਚ
ਦੇਵੀ ਅੰਮ੍ਰਿਤ ਵਿਚ ਇਸ਼ਨਾਨ ਕਰਦਾ,
ਇਸ ਵਿਸਮਾਦੀ ਅਵਸਥਾ ਵਿਚ
ਸ਼ੁਕਰ ਸ਼ੁਕਰ ਅਲਾਉਂਦਾ।
ਮੇਰੇ ਰੋਮ ਰੋਮ ਵਿਚ ਉਸ ਦਾ
(ਨਾਮ ਰੂਪੀ) ਅੰਮ੍ਰਿਤ ਰਚ ਜਾਂਦਾ,
ਤੇ ਮੇਰਾ ਤਨ ਤੇ ਮਨ ਕੂਕ ਉਠਦੇ:
''ਵਾਹੁ! ਵਾਹੁ!!
ਮੇਰੇ ਸਾਹਿਬਾ! ਤੇਰੀ ਸ਼ਾਨ!''

7. ਮੈਂ ਕੀ ਜਾਣਾ ! ਕਦੋਂ ?

ਮੈਂ ਕੀ ਜਾਣਾ ! ਕਦੋਂ ?
ਮੇਰੀ ਰਾਤ ਵਿਚ ਸਵੇਰਾ ਉਗਮ ਪੈਂਦਾ !
ਸੁੱਤੇ ਪਿਆਂ ਮੇਰਾ ਸੁਆਮੀ ਘਰ ਪਰਤ ਆਉਂਦਾ ,
ਅਜਿਹਾ ਸੁਅਪਨ
ਜਿਸ ਵਿਚ ਸਹੰਸਰ ਦਿਵਸ
ਪ੍ਰੀਤ ਨਾਲ ਚਮਕ ਉਠਦੇ !
ਅਤੇ ਸਹੰਸਰ ਹੀ
ਮੇਰੀਆਂ ਉਦਾਸ ਰਾਤਾਂ ਹੁੰਦੀਆਂ,
ਇਸ ਸੁਹਣੀ ਨੀਂਦਰ ਦਾ ਇਕ ਛਿਣ
ਮੇਰੇ ਜੀਵਨ ਨੂੰ ਭਰਪੂਰ ਕਰ ਦਿੰਦਾ
ਤੇ ਜੀਵਨ, ਪ੍ਰੇਮ, ਭਰੋਸਾ, ਆਨੰਦ
ਪ੍ਰਭੂ, ਮਾਨਵ, ਅਰਸ਼ ਕੁਰਸ਼
ਸਭ ਇਕੋ ਥਾਂ ਆ ਸਮਾਉਂਦੇ ।
ਮੈਂ ਵੇਦਨਾ ਭਰਪੂਰ
ਆਪਣੀ ਆਤਮਾ ਵਿਚ ਸੌਂਦਾ
ਅਤੇ ਜਦੋਂ ਮੈਂ ਜਾਗਦਾ
ਤਾਂ ਮੇਰੇ ਹੋਠਾਂ ਅਤੇ ਰਸਨਾ ਉਤੇ
'ਵਾਹਿਗੁਰੂ' ਦੇ ਨਾਮ ਦਾਂ ਗੀਤ ਗੂੰਜਦਾ ।
ਮੇਰੇ ਨਿਜ ਮਹਿਲ ਦੀਆਂ
ਪਾਰਦਰਸ਼ੀ ਕੰਧਾਂ ਵਿਚ
ਖ਼ੁਸ਼ੀ ਦੀ ਇਕ ਤਰੰਗ ਆਉਂਦੀ
ਜਿਸ ਵਿਚ ਇਹ ਸਭ ਕੁਝ ਸਮੋ ਜਾਂਦਾ ।
ਪਰ ਫਿਰ ਇਹ ਦਰਿਆਵਾਂ ਵਿਚ
ਚੱਟਾਨਾਂ ਵਿਚ, ਹਵਾਵਾਂ ਵਿਚ
ਤੇ ਸਭ ਦਿਸ਼ਾਵਾਂ ਵਿਚ
ਪ੍ਰਵਾਹਤ ਹੋ ਜਾਂਦਾ ।
ਮੈਂ ਆਪਣੇ ਨਿਜ ਦੇ ਭੋਜ ਦਾ
ਸਾਰੇ ਵਿਸ਼ਵ ਨੂੰ ਨਿਉਤਾ ਦਿੰਦਾ ।

8. ਹਰ ਥਾਂ 'ਤੇਰੀ' ਸ਼ਾਨ

ਖ਼ੁਸ਼ੀ ਵਿਚ ਮੇਰੇ ਕਦਮ ਨਾ ਮਿਉਂਦੇ !
ਮੈਂ ਡਿਗਦਾ, ਮੈਂ ਉਠਦਾ,
ਮੈਂ ਡੁਬਦਾ ਤੇ ਉਡਦਾ
ਉਸ ਦੇ ਅੰਕ ਸਮਾਉਂਦਾ ।
ਮੇਰੇ ਹਿਰਦੇ ਵਿਚ
ਅੰਮ੍ਰਿਤ-ਵਰਖਾ ਦਾ ਹੜ੍ਹ ਪਿਆ ਵਰ੍ਹਦਾ,
ਜੋ ਮੇਰੇ ਮਨ ਨੂੰ ਪ੍ਰਭੂ-ਪ੍ਰੀਤਮ ਦੀ
ਪਵਿੱਤਰਤਾ ਵਿਚ ਢਾਲ ਦਿੰਦਾ,
ਇਸ ਤਰ੍ਹਾਂ ਪ੍ਰਭੂ ਪ੍ਰੀਤਮ ਦੇ
'ਦਰਸ਼ਨ' ਦਾ ਆਨੰਦ ਮਾਣਦਾ,
ਮੈਨੂੰ ਸਭ ਵਸਤਾਂ ਸੁੰਦਰ ਤੇ ਦੈਵੀ ਦਿਸਦੀਆਂ ।
ਹਰ ਥਾਂ 'ਤੇਰੀ' ਸ਼ਾਨ !
ਧਰਤ, ਆਕਾਸ਼ ਤੇ ਸਭ ਵਸਤਾਂ ਵਿਚ
ਉਸ ਦੀ·ਜੀਵਨ ਜੋਤ ਦਾ
ਨੂਰੀ ਪ੍ਰਕਾਸ਼ ਝਲਕਦਾ ।
ਇਹੋ ਤਾਂ ਪ੍ਰਭੂ ਪ੍ਰੀਤਮ ਹੈ
ਜੋ ਹਰ ਥਾਂ ਸੁਭਾਇਮਾਨ !
ਸਗਲ ਖੰਡ ਬ੍ਰਹਿਮੰਡ ਉਸ ਦੇ ਅੰਦਰ
ਅਤੇ ਉਹ ਸਭ ਵਿਚ ਵਿਆਪਕ,
ਅਕਾਲ ਸਰੂਪ ਉਹ ਸਦਾ ਅਮਰ !
ਹਰ ਥਾਂ 'ਤੇਰੀ' ਸ਼ਾਨ ਪ੍ਰਭੂ ਜੀ,
ਹਰ ਥਾਂ 'ਤੇਰੀ' ਸ਼ਾਨ !

9. ਨਦਰ ਕਰਮ ਦੀ ਜਗਦੀ ਜੋਤ

ਤੇਰੀ ਮਿਹਰ ਨਿਗ੍ਹਾ ਦੀ ਊਸ਼ਾ
ਸੁੰਦਰਤਾ ਦਾ ਮੀਂਹ ਵਰ੍ਹਾਉਂਦੀ ਆਉਂਦੀ
ਧਰਤ ਦੇ ਜਵਾਨ ਤੇ ਫੁੱਲ
ਮਿਹਰ-ਮੀਂਹ ਵਿਚ ਧੋਤੇ ਜਾਂਦੇ ।
ਬਨਰਾਹਾਂ 'ਤੇ ਪਏ ਸੁੱਕੇ ਤੇ ਮੜ੍ਹਚੇ ਪੱਤੇ
ਉਸ ਦੀ ਨਦਰ ਪ੍ਰਾਪਤ ਕਰਕੇ
ਹੋ ਜਾਵਣ ਨਿਹਾਲ
ਹਰੇ ਕਚੂਰ !
ਇਸੇ ਊਸ਼ਾ ਦਾ ਪ੍ਰਕਾਸ਼
ਬਨਾਂ ਦੇ ਬਿਰਖਾਂ ਤਾਂਈਂ
ਹਰਿਆਲੀ ਦਾ ਕਰਦਾ ਸ਼ਿੰਗਾਰ !
ਤੇਰੀ ਮਿਹਰ ਨਿਗ੍ਹਾ ਦੀ ਊਸ਼ਾ
ਬਣ ਇਕ ਵੱਡਾ ਪ੍ਰਭਾਵ
ਮੇਰੀ ਆਤਮਾ 'ਤੇ ਛਾ ਜਾਂਦੀ,
ਮੇਰੇ ਹਿਰਦੇ ਦੀਆਂ ਤੰਦੀਆਂ ਨੂੰ
ਮਹਾਂ-ਸ਼ਕਤੀ ਦੀ ਕਸ ਵਿਚ ਕਸਦੀ -
ਮੇਰੇ ਦਿਲ ਦੀਆਂ ਤਰਬਾਂ,
ਜਿਸ ਵਿਚ ਸੋਦਰੀ ਸੰਗੀਤ ਦੀਆਂ
ਅਨੰਤ ਧੁਨਾਂ ਜਾਗਦੀਆਂ
ਅਨਾਦੀ ਮਹਾਂ ਸੰਗੀਤ ਗੂੰਜਦਾ ।
ਜਿਸ ਵਿਚ ਸੁਰਬਧ ਹੋਇਆ ਮੈਂ ਕੂਕਦਾ,
ਜਾਗ ਪਵੇ ਮੇਰਾ ਸਗਲਾ ਆਪਾ,
ਤੇ ਇੰਝ ਦੇ ਕੁਝ ਬੋਲ ਅਲਾਪੇ :
"ਜਾਗ ਮਨਾਂ
ਤੱਕ ਰੱਬ ਦੀ ਸ਼ਾਨ
ਵਾਹੁ ! ਵਾਹੁ ! ਦਾ ਗੀਤ ਮਹਾਨ !"

10. ਪ੍ਰਭੂ ਦਾ ਬੰਦਾ

ਪ੍ਰਭੂ ਦਾ ਬੰਦਾ
ਆਪਣੇ ਸਿਰਜੇ ਸੁਅਪਨ-ਦ੍ਰਿਸ਼ਾਂ ਦੇ
ਸੁਰਗਾਂ ਵਿਚ ਵਿਚਰਦਾ,
ਆਪਣੇ ਨਛੱਤਰਾਂ ਦੀ ਸਹਿਜ ਸ਼ਾਂਤੀ ਅੰਦਰ
ਨਾਨਾ ਰੰਗਾਂ ਦੀ ਅਦਭੁਤ ਲੀਲ੍ਹਾ ਦੇ
ਪਰਿਵਰਤਨ ਤਾਂਈਂ ਨਿਹਾਰੇ,
ਤੱਕ ਤੱਕ ਉਨ੍ਹਾਂ ਵਾਲੀ ਬਦਲਦੀ ਗਤਮਿਤ
ਉਹਦੇ ਆਪਣੇ ਅੰਦਰ ਦੀ ਪ੍ਰਸੰਨਤਾ,
ਸਵੈਮਾਣ ਤੇ ਭਰੋਸੇ ਦੀ ਮਹਿਕ
ਨਿਤ ਨਿਤ ਰੂਪ ਵਟਾਵੇ !
ਜੀਵਨ-ਧਾਰਾ ਉਸ ਦੀ ਬਣ ਜਾਏ
ਫਿਰ ਨਿਰੰਤਰ ਇਕ ਪ੍ਰੇਰਨਾ ਵਾਲੀ ਲਹਿਰ ।
ਪਰ ਕਦੀ ਕਦੀ ਇਸ ਨਦੀ ਦੀ ਧਾਰ
ਇਤਨੀ ਹੋ ਜਾਵੇ ਮਹੀਨ
ਜਿਨਾ ਅਣ-ਕੱਤਿਆ ਇਕ ਧਾਗਾ ਹੋਵੇ ।
ਮਕੜੀ ਵਾਂਗ ਉਹ ਹੋ ਜਾਵੇ
ਸਭ ਤੋਂ ਨਿਰਲੇਪ;
ਆਪਣੇ ਅੰਦਰ ਜਾਲ ਉਹ ਤਣਦਾ,
ਜਾਲੇ ਦੀ ਤੰਦੀ ਉਤੇ
ਉਪਰ ਵਲ ਨੂੰ ਚੜ੍ਹਦਾ,
ਪਰ ਹੋਰ ਸਮੇਂ ਇਹੋ ਨਦੀ ਦੀ ਧਾਰ
ਠਾਠਾਂ ਮਾਰ ਸਾਗਰ ਬਣ ਲਹਿਰੇ,
ਅਨੰਤ ਤਟਾਂ ਤਕ ਇਸ ਦਾ ਹੋਵੇ ਪਾਸਾਰ
ਤੇ ਇਸ ਸ਼ਾਂਤ ਸਾਗਰ ਵਿਚ
ਆ ਜਾਵੇ ਤਦ ਜਵਾਰ,
ਚਾਰ ਚੁਫੇਰੇ ਪਸਰੇ

ਜਿਸ ਮਹਾਂ ਜਲ ਦਾ ਪਾਸਾਰ ।
ਤਦ ਇਹ ਪ੍ਰਭੂ ਦਾ ਬੰਦਾ
ਜਗ ਦਾ ਇਹ ਮਨੁੱਖ
ਜਿਵੇਂ ਆਪੇ ਤੇ ਭਰੋਸੇ ਦੀ ਨਾਸਤਿਕਤਾ ਸਾਂਹਵੇਂ
ਆਤਮਕੱਸਾ ਕਰ ਉਠ ਖਲੋਵੇ,
ਤੇ ਚੁੱਕੇ ਸ਼ਸਤਰ ।
ਉਸ ਦੀ ਪ੍ਰਭੂ ਵਰੋਸਾਈ ਇਹ ਤਲਵਾਰ
ਅੰਧਕਾਰ ਨੂੰ ਪਈ ਮਿਟਾਵੇ,
ਸੰਤਾਂ ਦੀ ਰੱਛਕ ਬਣ ਜਾਵੇ,
ਸਭ ਕੂੜਾਂ ਦਾ ਨਾਸ ਕਰਾਵੇ ।
ਫਿਰ ਵੀ ਉਹ ਪ੍ਰਭੂ ਦਾ ਬੰਦਾ
ਮਾਲਕ ਦਾ ਸੁੱਤ,
ਜਿਸ ਦਾ ਆਪਣਾ ਪਾਲਣ ਪੋਸਣ ਤੇ ਆਧਾਰ
ਹੈ ਉਹ ਦੁੱਧ ਕਟੋਰਾ ਅੰਮ੍ਰਿਤ ਵਾਲਾ,
ਜਿਸ ਨੂੰ ਉਹ ਪ੍ਰੇਮ-ਨਦੀ ਦੀਆਂ
ਸਤੋ-ਰੰਗੀਆਂ ਲਹਿਰਾਂ ਤੋਂ
ਨਿਤ ਨਵੇਂ ਰੂਪ ਵਿਚ ਭਰਦਾ
ਲਿਵ ਜੋੜ ਕੇ ਪ੍ਰਭੂ ਪ੍ਰੀਤਮ ਦੇ
ਚਰਨ-ਕੰਵਲਾਂ ਦੇ ਨਾਲ ।
ਪ੍ਰਭੂ-ਪ੍ਰੀਤਮ ਦੀ ਇਸ ਹਜ਼ੂਰੀ ਵਿਚੋਂ
ਜੇ ਉਹ ਹੁੰਦਾ ਹੈ ਦੂਰ
ਤਾਂ ਇਸ ਪ੍ਰਭੂ ਦੇ ਬੰਦੇ ਦਾ ਦਮ ਘੁਟਦਾ ਜ਼ਰੂਰ ।
ਪ੍ਰਭੂ ਪ੍ਰੀਤਮ ਦੇ ਦਰਸ਼ਨ ਦਾ ਇਹ ਰੰਗ ਤੇ ਸ਼ਾਨ
ਉਸ ਦੇ ਮਨ ਨੂੰ ਸਭ ਭਟਕਣਾਂ ਤੋਂ
ਕਰ ਦੇਵਣ ਆਜ਼ਾਦ
ਤੇ ਜੋੜਨ ਉਸ ਦੀ ਲਿਵਤਾਰ,
'ਹਰੀ ਨਾਮ' ਦੇ ਜਗਦੇ ਬਿੰਦੂ ਨਾਲ ।
ਜਿਸ ਕਾਰਨ ਉਸ ਦੇ ਅੰਦਰ
ਇਹ ਵੱਡਾ ਨਿਹਚਾ ਜਾਗੇ,

ਹੈ ਰੱਬ ਸੱਚੇ ਦੀ ਹੋਂਦ ਕੋਈ ਹਸਤੀ ।
ਇਨ੍ਹਾਂ ਧੁੰਦਲੇ ਸੁਪਨਿਆਂ ਦੀ ਮਿੱਠੀ ਲੋਅ ਵਿਚ
ਆਦਿ ਮਨੁੱਖ ਦੀ ਹੁੰਦੀ ਘਾੜਤ
ਆਦਿ ਕਾਲ ਤੋਂ ਉਸ ਦਾ ਜੀਵਨ ਹੈ
ਰੱਬ ਸੱਚੇ ਦਾ ਪ੍ਰੇਮ,
ਇਹ ਤਾਂ ਗੁਰੂ ਨਾਨਕ ਦਾ ਸਿਮਰਨ;
ਇਹ ਤਾਂ ਸਦਾ-ਵਿਗਾਸੀ ਪ੍ਰੇਮ ਦਾ ਹੈ ਵਿਗਿਆਨ,
ਇਸ ਵਿਚ ਹੈ ਭਰੋਸਾ ਮਾਨਵ ਉੱਤੇ
ਉਸ ਦੀ ਕਲਾ ਜੁਗਤ ਹੈ ਮਾਲੀ ਵਰਗੀ
ਜੋ ਮਨੁੱਖ ਦੇ ਅੰਦਰ
ਪ੍ਰਭੂ ਦਾ ਬੰਦਾ ਸਿਰਜੇ ।
ਸਰਬ ਸਾਧਾਰਨ ਮਨੁੱਖ ਦੇ ਬਾਲ ਰੂਪ ਦੇ ਅੰਦਰ
ਰਚਣਹਾਰ ਹੈ ਰਚਦਾ,
ਕਵੀ, ਰਿਖੀਸਰ, ਪ੍ਰਭੂ ਪ੍ਰੀਤਮ ਦਾ ਪਿਆਰਾ,
ਜੋਧ ਮਹਾਂਬਲ ਸੂਰ ।
ਮਨੁੱਖ ਦੀ ਸ਼ਾਨ ਨੂੰ ਉਹ ਉਚਿਆਵੇ ਦੇਵਤਿਆਂ ਸਮਾਨ,
ਕਦੀ ਕਦੀ ਬਣਾ ਦਿੰਦਾ ਹੈ
ਉਨ੍ਹਾਂ ਤੋਂ ਵੀ ਮਹਾਨ ।
ਐਸੇ ਪ੍ਰਭੂ ਵਰੋਸਾਏ ਜੀਵਨ
ਦੇ ਆਨੰਦ ਨੂੰ ਮਾਨਣਾ ਲੋਚੇ ਸਰਬ ਸ੍ਰਿਸ਼ਟੀ
ਤੇ ਚਾਹੁਣ ਸਾਰੇ ਦੇਵ-ਲੋਕ ਸਵਰਗ ਦੇ ।

11. ਪ੍ਰਭੂ ਜੀ ਮੇਰੇ ਹਿਰਦੇ ਨੂੰ ਛੁਹ ਬਖ਼ਸ਼ੋ !

ਪ੍ਰਭ ਜੀ !
ਮੇਰੇ ਹਿਰਦੇ ਨੂੰ
ਆਪਣੇ ਚਰਨ-ਕੰਵਲਾਂ ਦੀ
ਛੁਹ ਬਖ਼ਸ਼ੋ !
ਤਾਂ ਜੋ ਇਸ ਦੁਨੀਆਂ ਦੇ ਦੁਖਾਂ, ਕਸ਼ਟਾਂ
ਤੇ ਘੱਟੇ ਧੂੜ ਦੇ ਅੰਦਰ
ਮੈਂ ਤੁਹਾਡੀ ਸੂਰਤ ਵੇਖਾਂ !
ਤੇ ਇੰਝ ਕਰਾਂ ਪ੍ਰਤੀਤ
ਜਿਵੇਂ ਹੋਵੋ ਤੁਸੀਂ ਮੇਰੇ ਅੰਗ-ਸੰਗ !
ਪ੍ਰਭ ਜੀ !
ਮੈਨੂੰ ਆਪਣੇ ਉਤੇ ਨਾ ਛਡੋ !
ਮੈਂ ਹਾਂ ਸਦਾ ਇਹ ਭੁਲ ਜਾਂਦਾ
ਕਿ ਮੇਰੇ ਉਪਰ ਹੈ ਆਕਾਸ਼ ਤੁਸਾਡਾ;
ਮੈਂ ਇਹ ਵੀ ਹਾਂ ਭੁਲ ਜਾਂਦਾ
ਕਿ ਜਿਹੜੀ ਪਵਨ ਆਸਰੇ ਮੈਂ ਹਾਂ ਜੀਉਂਦਾ
ਉਹ ਵੀ ਤੁਹਾਡੀ ਬਖ਼ਸ਼ੀ ਹੋਈ ਦਾਤ ਹੈ,
ਤੁਹਾਡਾ ਹੀ ਜਲ ਹਾਂ ਮੈਂ ਪੀਂਦਾ,
ਤੁਹਾਡੇ ਤਾਰੇ ਨਿਤ ਮੈਂ ਵੇਖਾਂ,
ਤੁਹਾਡੇ ਹੀ ਬਾਗ਼ਾਂ ਦੇ ਅੰਦਰ
ਮੈਂ ਹਾਂ ਸੈਰ ਕਰੇਂਦਾ,
ਤੁਹਾਡੇ ਹੀ ਫ਼ਲਾਂ ਨੂੰ ਖਾਂਦਾ,
ਇਹ ਜੋ ਵਹਿੰਦੀਆਂ ਨਦੀਆਂ ਦਾ ਹੈ ਮਧੁਰ ਸੰਗੀਤ
ਇਹ ਸਭ ਤੁਹਾਡੀ ਹੀ ਹੈ ਵਸਤ ਅਮੋਲਕ,
ਤੁਹਾਡੇ ਬੰਦਿਆਂ ਇਸਤਰੀ ਪੁਰਸ਼ਾਂ ਨੂੰ
ਮੈਂ ਕਰਾਂ ਪਿਆਰ,
ਪਰ ਇਹ ਸਭ ਕੁਝ ਮਾਣ ਕੇ ਵੀ

ਮੈਂ ਇਹ ਭੁੱਲ ਜਾਂਦਾ
ਕਿ ਇਸ ਸਭ ਪਿੱਛੇ
ਤੁਹਾਡੀ ਇਕ ਮਹਾਂ ਹਸਤੀ
ਹੈ ਹੇ ਕਰਤਾਰ !
ਪ੍ਰਭ ਜੀ !
ਮੈਨੂੰ ਇੰਝ ਆਪਣੇ ਆਪ ਉਤੇ ਨਾ ਛੱਡੋ;
ਹਰ ਕਦਮ 'ਤੇ ਮੈਂ ਭੁਲ ਜਾਂਦਾ ਹਾਂ ਤੁਹਾਨੂੰ ।
ਇਹ ਦੁਨੀਆਂ ਦਾ ਪਾਗਲਪਨ
ਮੈਨੂੰ ਨਿਤ ਆਪਣੇ ਵਿਚ ਗ੍ਰਸੇ !
ਹੇ ਪ੍ਰਭੂ ਜੀ !
ਤੁਸੀਂ ਆਪਣੀਆਂ ਗਗਨ ਉਡਾਰੀਆਂ ਉਤੋਂ
ਮੇਰੇ ਹਿਰਦੇ-ਤਲ ਉਤੇ ਵੀ ਆ ਬਰਾਜੋ
ਉਸ ਪੰਛੀ ਹਾਰ
ਜੋ ਝਪਟਾ ਮਾਰ ਹੇਠ ਨੂੰ ਆਉਂਦਾ !
ਤਾਂ ਜੋ ਹਰ ਛਿਣ ਮੈਨੂੰ
ਇੰਝ ਹੋਵੇ ਪ੍ਰਤੀਤੀ
ਕਿ ਤੁਸੀਂ ਸਭ ਥਾਂਵਾਂ 'ਤੇ ਹੋ ਵਿਆਪਕ,
ਤੁਸੀਂ ਹੋ ਮੇਰਾ ਜੀਵਨ,
ਮੇਰੀ ਖ਼ੁਸ਼ੀ ਤੇ ਖੇੜਾ,
ਮੇਰਾ ਮਾਣ ਤੇ ਤਾਣ
ਤੇ ਸਭ ਘੁੰਮਦੀਆਂ ਵਸਤਾਂ ਅੰਦਰ
ਹੈ ਤੁਹਾਡਾ ਹੀ ਪਹਿਰਾ !
ਪ੍ਰਭ ਜੀ !
ਮੇਰੀ ਹੈ ਅਰਦਾਸ !
ਮੈਨੂੰ ਗਗਨਾਂ ਵਾਲਾ ਬਖ਼ਸ਼ੋ ਉਹ 'ਨੀਸ਼ਾਨ',
ਜਿਸ ਨੂੰ ਲਖ ਪੇਖ ਕੇ
ਮੇਰੇ ਅੰਦਰ ਜਾਗੇ ਉਹ ਵਿਸਮਾਦ
ਤੇ ਮੈਂ ਸਦਾ ਉਚਾਰਾਂ :
''ਵਾਹੁ !ਵਾਹੁ ! ਦੀ ਅਨਹਦ ਧੁਨ !''

ਆਪਣੇ ਪਰਿਵਰਤਨ ਦੇ ਚਲ ਰਹੇ ਚੱਕਰ ਤੋਂ
ਮੇਰੇ ਹਿਰਦੇ ਨੂੰ
ਆਪਣੀ ਪ੍ਰੇਮ-ਡੋਰੀ ਨਾਲ ਬੰਨੋ
ਤਾਂ ਜੋ ਮੈਂ ਉਪਰ ਉਠਾਂ ਉਤਾਂਹ ਨੂੰ ਸਹਿਜੇ-ਸਹਿਜੇ ।
ਪ੍ਰਭ ਜੀ !
ਸਹਿਜੇ-ਸਹਿਜੇ
ਮੈਨੂੰ ਆਪਣੇ ਵਲ ਨੂੰ ਉਪਰ ਖਿਚੋ !
ਤਾਂ ਜੋ ਤੁਹਾਡੇ ਨੂਰੀ ਜਮਾਲ ਦੀ ਮਹਾਂ-ਸ਼ਾਨ ਵਿਚ
ਮੈਂ ਹੋ ਜਾਵਾਂ ਅਭੇਦ
ਤੇ ਇਸ ਰਹੱਸ ਨੂੰ ਜਾਣਾਂ
ਕਿ ਇਹ ਧਰਤ-ਆਕਾਸ਼ ਹਨ
ਇਕੋ ਸੂਤ ਵਿਚ ਬਝੇ ।
ਪ੍ਰਭ ਜੀ !
ਮੇਰੇ ਤਪਦੇ ਨੈਣਾਂ ਤਾਂਈਂ
ਆਪਣੇ ਚਰਨ-ਕੰਵਲਾਂ ਦੀ ਛੁਹ ਨਾਲ
ਕਰ ਦਿਉ ਸ਼ਾਂਤ
ਤੇ ਮੇਰੇ ਤਪਦੇ ਤਨ-ਮਨ ਤੇ ਹਿਰਦੇ ਅੰਦਰ
ਠੰਢ ਵਰਤਾਉ !
ਤਾਂ ਜੋ ਤੁਹਾਡੇ ਮਹਾਂ ਬ੍ਰਿਛ ਦੀ ਮਹਾਂ-ਸ਼ਾਨ ਵਿਚ
ਮੈਂ ਕਰ ਸਕਾਂ ਬਿਸਰਾਮ !
ਦੁਨੀਆਂ ਦੇ ਇਸ ਤਪਦੇ ਸੂਰਜ ਦੀ ਗਰਮੀ
ਨਾ ਸਕੇ ਮੈਨੂੰ ਸਾੜ
ਤੇ ਮੈਨੂੰ ਅਮਨ-ਸ਼ਾਂਤੀ ਵਾਲੀ ਆਵੇ ਮਿੱਠੀ ਗੂੜ੍ਹੀ ਨੀਂਦ ।
ਪ੍ਰਭ ਜੀ !
''ਦੁਇ ਦੁਇ ਲੋਚਨ ਪੇਖਾ
ਹਉ ਹਰਿ ਬਿਨੁ ਅਉਰੁ ਨ ਦੇਖਾ ।'' (ਗੁਰੂ ਗ੍ਰੰਥ ਪੰਨਾ ੬੫੫)

12. ਮੇਰੇ ਪ੍ਰੀਤਮ ਦੇ ਚੋਜ ਨਿਆਰੇ

ਮੇਰੇ ਪ੍ਰੀਤਮ ਦੇ ਹਨ ਚੋਜ ਨਿਆਰੇ !
ਹਰ ਛਿਣ ਹਰ ਪਲ ਸੁਹਜ ਤੇ ਸ਼ਕਤ ਉਸ ਦੀ
ਨਵੇਂ ਨਵੇਂ ਰੂਪਾਂ ਨੂੰ ਧਾਰੇ !
ਹਰ ਪਲ ਹਰ ਛਿਣ ਉਹ ਨਵੇਂ ਨਵੇਂ ਭੇਸ ਵਟਾਵੇ;
ਕੋਈ ਨਾ ਕਰ ਸਕੇ ਇਹ ਦਾਅਵਾ
ਕਿ "ਮੈਂ ਹੈ ਉਸ ਨੂੰ ਲਖਿਆ"
ਕੌਣ ਜੋ ਉਸ ਦੇ ਭੇਦ ਨੂੰ ਪਾਵੇ ?
ਇਕ ਰਾਤ ਚੰਨ ਚਾਨਣੀ
ਉਸ ਨੂੰ ਜ਼ਖਮੀ ਕੀਤਾ,
ਅਗਲੀ ਭਲਕ ਪਰ ਬਲਦੇ ਸੂਰਜ ਨੇ
ਉਸ ਦੇ ਜ਼ਖਮਾਂ ਨੂੰ ਸੀ ਰਾਜ਼ੀ ਕੀਤਾ ।
ਜਦ ਇਕ ਰਾਉ ਨੇ ਬੇਨਤੀ ਕੀਤੀ,
"ਆਉ ਪ੍ਰਭ ਜੀ ਮੇਰੇ ਨੇੜੇ !"
ਤਾਂ ਪ੍ਰੀਤਮ ਨੇ ਕਰ ਦਿਤਾ ਸੀ ਸਾਫ਼ ਇਨਕਾਰ,
ਪਰ ਦੂਜੇ ਪਲ ਉਸ
ਸਰਦੀ ਅੰਦਰ ਠੁਰ ਠੁਰ ਕਰਦੇ
ਮੰਗਤੇ ਨੂੰ ਸੀ ਪੋਸ਼ਾਕ ਪਹਿਨਾਈ
ਤੇ ਉਸ ਦਾ ਮੂੰਹ ਸੀ ਚੁੰਮਿਆਂ ।

13. 'ਸਦਾ ਅੰਗ ਸੰਗੇ'

ਮਿੱਠੀ ਨੀਂਦਰ ਸੁਤਾ
ਮੈਂ ਹਾਂ ਉਸ ਦੀ ਛੁਹ ਮਾਣਦਾ,
ਸੁਪਨਿਆਂ ਵਿਚ
ਮੈਂ ਉਸ ਦੇ ਚਰਨਾਂ ਨੂੰ ਨਿਤ ਚੁੰਮਦਾ ।
ਉਹੋ ਹੀ ਹੈ ਮੇਰਾ ਚਾਨਣ
ਉਹੋ ਹੀ ਮੇਰਾ ਅੰਧਕਾਰ ।
ਅਰਸ਼ਾਂ ਉਤੋਂ ਪੁਸ਼ਪਾਂ ਦੀ
ਮੇਰੇ ਉਤੇ ਨਿਤ ਵਰਖਾ ਹੁੰਦੀ,
ਸੂਰਜ ਵਿਚੋਂ
ਮੈਂ ਉਸ ਦੇ ਨੈਣਾਂ ਦੇ ਚਾਨਣ ਨੂੰ ਹਾਂ
ਡੀਕਾਂ ਲਾ-ਲਾ ਪੀਂਦਾ.
ਤਾਰਿਆਂ ਦੇ ਮੈਂ ਚੜ੍ਹ ਕੰਧਾੜੇ
ਭ੍ਰਮਣ ਕਰਦਾ,
ਹਰ ਥਾਂ ਹਰ ਛਿਣ ਉਹ
ਜਾਪੇ ਸਦਾ ਵਿਆਪਕ
ਜੋ ਕਦੀ ਨਹੀਂ ਦਿਸਦਾ ।

੩. ਹਰਿਮੰਦਰ ਸਾਹਿਬ

1. ਹਰਿਮੰਦਰ ਸਾਹਿਬ

ਅਬਨਾਸ਼ੀ ਅੰਮ੍ਰਿਤ ਸਰੋਵਰ ਦੇ ਅੱਧ ਵਿਚਕਾਰ
ਅਸੰਖ ਪੱਤੀਆਂ ਵਾਲਾ ਕੰਵਲ
ਉਭਰ ਹੈ ਆਇਆ;
'ਬ੍ਰਹਮ ਕੰਵਲ' ਦਾ ਰੂਪ
ਜਿਸ ਨੇ ਲਿਆ ਤਦ ਧਾਰ,
ਜਦ ਅੰਧਕਾਰ ਦੇ ਸਾਗਰ ਵਿਚੋਂ ਹੋਇਆ
ਅੰਮ੍ਰਿਤ ਵੇਲੇ ਸੂਰਜ ਦਾ ਪ੍ਰਕਾਸ਼ ।
ਨੀਲਾ ਸਾਗਰ,
ਊਸ਼ਾ ਦੀਆਂ ਅਲੌਕਿਕ ਕਿਰਨਾਂ ਦੀ ਝਿਲਮਿਲ ਵਿਚ
ਰੱਬੀ ਸੰਗੀਤ ਦੀਆਂ ਤਰੰਗਾਂ ਨਾਲ ਇਕਸੁਰ ਹੋ ਕੇ
ਕਰਦਾ ਪਿਆ ਹੈ ਨਾਚ;
ਇਸ ਅੰਮ੍ਰਿਤ-ਜਲ ਦੇ ਤਲ ਉਤੇ
ਤਰ ਰਿਹਾ ਹੈ ਸਹਿਜ-ਆਨੰਦ ।
ਕੀ ਇਥੇ ਸ਼ਬਦ-ਬ੍ਰਹਮ ਦਾ ਜਨਮ ਹੈ ਹੋਇਆ ?
ਜਾਂ ਫਿਰ ਨਵ-ਸ੍ਰਿਸ਼ਟੀ ਸਿਰਜਨ ਦੇ
ਪ੍ਰਥਮ ਪਹਿਰ ਦਾ ਹੋਇਆ ਪ੍ਰਕਾਸ਼ ?
ਮੈਂ ਤਾਂ ਭਾਵਾਵੇਸ਼ ਦੀ ਮਨੋਦਸ਼ਾ ਵਿਚ ਗੁੰਮ-ਸੁੰਮ ਹੋਇਆ
ਸੰਗਮਰਮਰ ਦੇ ਫ਼ਰਸ਼ ਉਤੇ ਮੱਥਾ ਪਿਆ ਟੇਕਾਂ,
ਹਰਿਮੰਦਰ ਦੇ ਪ੍ਰਸਾਦ-ਕਰਮ ਦੇ ਮਧੂ-ਰਸ ਨੂੰ
ਮੈਂ ਬਣ ਮਧੂਮੱਖੀ ਹਾਂ ਚਖ ਰਿਹਾ;
ਇਕ ਇਕ ਬੂੰਦ ਘੁਟ-ਘੁਟ ਕਰਕੇ ਪੀ ਰਿਹਾ ਹਾਂ ।
ਇਸ ਮਹਾਂ-ਸੁਗੰਧੀ ਦੀ ਰਸ-ਛਹਿਬਰ ਵਿਚ
ਮੈਂ ਮਧੂਮੱਖੀ ਨੇ ਹੈ ਆਪਣੀ ਸੁਧ-ਬੁਧ ਖੋਈ
ਤੇ ਮੇਰੇ ਸਿਰ ਉਪਰ ਪ੍ਰੇਮ ਦੀ ਘੁੱਗੀ
'ਕੂ-ਕੂ' ਕਰਦੀ ਉਡ ਰਹੀ ਹੈ ।

ਇਹ ਤਾਂ 'ਸਰਮ ਖੰਡ' ਦੀ
ਸੁੱਚੀ ਕਿਰਤ ਦਾ ਹੈ ਉਪਕਾਰ
ਜਿਸ ਨੇ ਕੀਤਾ ਹੈ
ਇਹ ਸੁੰਦਰ ਹਰਿਮੰਦਰ ਤਿਆਰ;
ਇਹ ਤਾਂ ਪ੍ਰਾਪਤੀ ਦੇ ਅਨੁਭਵ ਦਾ ਹੈ ਸ਼ਾਹਕਾਰ !
ਇਹ ਤਾਂ ਉਨ੍ਹਾਂ ਅੱਧ-ਮੁੰਦੇ ਨੈਣਾਂ ਲਈ ਸੁਖਦਾਇਕ ਦ੍ਰਿਸ਼ ਹੈ
ਜੋ ਪ੍ਰੀਤਮ ਦੇ ਵਿਯੋਗ ਵਿਚ
ਘਾਇਲ ਹੋਏ ਤੜਪ ਰਹੇ ਨੇ
ਤੇ ਉਨ੍ਹਾਂ ਅੱਧ-ਮੁੰਦੇ ਨੈਣਾਂ ਵਾਲੇ ਪ੍ਰੇਮੀਆਂ ਦੇ
ਪਰਮਾਨੰਦ ਦੀ ਮਸਤੀ,
ਜਿਨ੍ਹਾਂ ਨੂੰ ਉਸ ਪ੍ਰੀਤਮ ਪਿਆਰੇ ਦਾ
ਹੋਇਆ ਹੈ ਦੀਦਾਰ ।
ਇਹ ਤਾਂ ਉਨ੍ਹਾਂ ਪ੍ਰੇਮੀਆਂ ਦੀਆਂ
ਬਾਹਾਂ ਦਾ ਹੈ ਹਾਰ,
ਜਿਨ੍ਹਾਂ ਨੇ ਪ੍ਰੀਤਮ ਪਿਆਰੇ ਦੀ ਕੰਡ ਦੁਆਲੇ
ਹੈ ਪ੍ਰੇਮ-ਗਲਵਕੜੀ ਪਾਈ,
ਇਹ ਤਾਂ ਅਰਦਾਸ ਵਿਚ ਜੁੜੇ ਹੱਥਾਂ ਦਾ
ਹੈ ਕੀਤਾ ਸ਼ੁਕਰਾਨਾ ।

❖ ❖ ❖ ❖

2. ਹਰਿਮੰਦਰ ਦਾ ਮੰਗਤਾ

ਹਰਿਮੰਦਰ ਦੇ ਦਰਸ਼ਨ ਕਰਨ ਆਏ ਯਾਤਰੀ ਵੀਰੋ;
ਦਿਉ ਮੈਨੂੰ ਉਹ ਦਾਤ
ਜੋ ਤੁਸੀਂ ਲਿਆਏ ਹੋ ਮੇਰੀ ਖ਼ਾਤਰ ।
ਪਰ
ਜੇ ਤੁਸੀਂ ਭੁਲ ਸਕਦੇ ਹੋ 'ਉਸ' ਨੂੰ
ਜਿਦਾਂ ਬਨ ਭੁਲ ਜਾਂਦਾ ਹੈ ਆਪਣੇ ਫ਼ੁੱਲਾਂ ਨੂੰ
ਤੇ ਜਿਵੇਂ ਬ੍ਰਿਛ ਭੁਲ ਜਾਂਦਾ ਹੈ ਆਪਣੇ ਫ਼ੱਲਾਂ ਨੂੰ
ਜਿੱਦਾਂ ਨਦੀ ਦੀ ਵਹਿੰਦੀ ਧਾਰਾ ਵਿਚੋਂ
ਪੰਛੀ ਚੁੰਝ ਭਰ ਨੀਰ ਪੀ ਕੇ ਉਡ ਹੈ ਜਾਂਦਾ
'ਚਿੜੀ ਚੋਂਚ ਭਰ ਲੈ ਗਈ
ਨਦੀ ਨਾ ਘਟਿਉ ਨੀਰ'
ਯਾਤਰੀ ਪਿਆਰੇ;
ਜੇ ਤੁਸੀਂ ਸਮਝੋ
ਕਿ ਅਸੀਂ ਕਰਦੇ ਪਏ ਹਾਂ
ਇਸ ਮੰਗਤੇ 'ਤੇ ਉਪਕਾਰ
ਜੋ ਬਣਿਆ ਹੈ ਦਇਆ ਦਾ ਪਾਤਰ,
ਤਾਂ ਬਿਲਕੁਲ ਮੈਨੂੰ ਕੁਝ ਨਾ ਦੇਣਾ,
ਮੈਨੂੰ ਤੁਹਾਡੇ ਦਾਨ ਤੇ ਦਇਆ ਦੀ ਲੋੜ ਨਹੀਂ ਹੈ,
ਸਮਝ ਲਵਾਂਗਾ ਮੈਂ ਵੀ
ਕਿ ਤੁਸੀਂ ਹੋ ਮੇਰੇ ਵਰਗੇ ਕੰਗਲੇ ਮੰਗਤੇ,
ਤੁਹਾਡੀਆਂ ਉਹ ਦਾਤਾਂ ਮੈਨੂੰ ਨਹੀਂ ਪ੍ਰਵਾਨ
ਜਿਨ੍ਹਾਂ 'ਤੇ ਹੋਵੇ ਅੰਕਤ ਦਇਆ ਤੇ ਦਾਨ ।
ਮੈਨੂੰ ਤਾਂ ਉਹ ਦਿਉ ਬਸਤਰ
ਤੇ ਦਿਉ ਗਹਿਣੇ-ਗੱਟੇ
ਜਿਸ ਨੂੰ ਪਾ ਕੇ
ਮੇਰੀ ਨਿਜ-ਆਤਮਾ ਕਰ ਲਏ ਸ਼ਿੰਗਾਰ ।
ਇਸ ਲਈ ਤੁਹਾਡੇ ਅੰਦਰ

ਆਤਮ-ਬਲੀਦਾਨ ਦਾ ਭਾਵ ਜਾਗਣਾ ਚਾਹੀਦੇ ।
ਇਨ੍ਹਾਂ ਨਿਕੀਆਂ-ਨਿਕੀਆਂ ਵਸਤਾਂ ਲਈ
ਮੈਂ ਨਹੀਂ ਦੇਂਦਾ ਕੋਈ ਅਸੀਸ ।
ਮੇਰੇ ਕੋਲ ਰੱਬ ਦੇ ਦਿਤੇ ਰਤਨ ਅਮੋਲਕ
ਜੋ ਮੇਰੇ ਹਿਰਦੇ ਅੰਤਰ ਨੂੰ ਸ਼ਿੰਗਾਰ ਰਹੇ ਨੇ ।
ਇਹ ਸੋਨੇ ਚਾਂਦੀ ਦੇ ਛਿਲੜ
ਹਨ ਨਿਗੁਣੇ ਜਿਹੇ ਖਿਡੌਣੇ,
ਇਨ੍ਹਾਂ ਰਤਨਾਂ ਦੀ ਤੁਲਨਾ ਵਿਚ
ਇਹ ਤਾਂ ਬਾਲ ਖੇਡ ਜਿਹੇ ਜਾਪਣ ।
ਜੇ ਤੁਸੀਂ ਇਹ ਸਮਝੋ
ਕਿ ਮੈਂ ਹਾਂ ਤੁਹਾਡੇ ਦਾਨ ਦਾ ਪਾਤਰ
ਇਕ ਮੰਗਤਾ ਇਕ ਭਿਖਾਰੀ
ਤਾਂ ਤੁਸੀਂ ਹੋ ਕਿਸੇ ਭਰਮ-ਭੁਲੇਖੇ ਅੰਦਰ ।
ਮੇਰੇ ਹਿਰਦੇ ਜੋ ਰਤਨ ਅਮੋਲਕ ਲਟਕ ਰਹੇ ਨੇ
ਜਿਨ੍ਹਾਂ ਦਾ ਸੂਰਜ ਤੇ ਚੰਦ ਤੋਂ ਵੀ ਵੱਧ ਹੈ ਪ੍ਰਕਾਸ਼;
ਮੈਨੂੰ ਸਹਿਜ-ਆਨੰਦ ਨੇ ਦੇਂਦੇ ।
ਮੇਰੀ ਆਤਮਾ ਅੰਦਰ ਉਹ ਪਰਮਾਨੰਦ ਸਮਾਇਆ
ਜੋ ਮੇਰੇ ਲਈ ਹੈ ਕਾਫ਼ੀ ਤੇ ਵੱਡਾ ਸੰਤੋਖ ਦਾ ਸੋਮਾ ।

3. ਆਦਰਸ਼ਕ ਸਿਖ ਮਾਂਵਾਂ

ਅੰਮ੍ਰਿਤ ਵੇਲੇ
ਜਦ ਹਾਲੀ ਹੋਇਆ ਨਹੀਂ ਸੀ ਪਹੁ-ਫੁਟਾਲਾ,
ਇਕ ਸਿਖ ਮਾਤਾ
ਕੁਛੜ ਚੁਕ ਕੇ ਆਪਣਾ ਬਾਲ
ਸੀ ਜਾ ਰਹੀ
ਸ੍ਰੀ ਹਰਿਮੰਦਰ ਦੇ ਦਰਸ਼ਨ ਕਰਨ
ਤੇ ਅੰਮ੍ਰਿਤ ਸਰੋਵਰ ਵਿਚ ਕਰਨ ਇਸ਼ਨਾਨ ।
''ਕਿਥੇ ਜਾ ਰਹੀ ਹੈਂ ਮਾਈ ?''
ਪੁਛਿਆ ਕੌੜਾ ਮੱਲ ਦੀਵਾਨ
ਜੋ ਸੀ ਲਾਹੌਰ ਦੇ ਹਾਕਮ ਦਾ ਅਹਿਲਕਾਰ ।
ਆਖਿਆ ਉਸ ਸੁਆਣੀ ਨੇ :
''ਮੈਂ ਤਾਂ ਜਾ ਰਹੀ ਹਾਂ ਵੀਰ ਜੀ
ਕਰਨ ਗੁਰਾਂ ਦੇ ਦਰਸ਼ਨ;
ਸ੍ਰੀ ਹਰਿਮੰਦਰ ਸਾਹਿਬ;
ਜਿਥੇ ਅਜ ਗੁਰੂ ਦੇ ਖ਼ਾਲਸੇ ਦਾ
ਲਗਣਾ ਹੈ ਦੀਵਾਨ !
ਮੈਂ ਤਾਂ ਸਾਧ ਸੰਗਤ ਵਿਚ
'ਨਾਮ' ਅੰਮ੍ਰਿਤ ਦੀਆਂ ਲਹਿਰਾਂ ਅੰਦਰ
ਕਰਨ ਆਈ ਇਸ਼ਨਾਨ
ਤੇ ਆਪਣੇ ਪੁੱਤਰ ਪਿਆਰੇ ਨੂੰ ਵੀ
ਹਾਂ ਲੈ ਕੇ ਆਈ ਇਸੇ ਕਾਰਨ
ਤਾਂ ਜੋ ਇਸ ਦਾ ਵੀ ਹੋਵੇ ਕਲਿਆਣ ।''
ਦੀਵਾਨ ਨੇ ਫ਼ੁਰਮਾਇਆ :
''ਪਰ ਮਾਤਾ ! .....
ਹਰਿਮੰਦਰ ਦੇ ਦਰਵਾਜ਼ੇ
ਅਜ ਕਰ ਦਿਤੇ ਗਏ ਨੇ ਬੰਦ

ਹਾਕਮਾਂ ਵਲੋਂ
ਤੇ ਜਿਹੜਾ ਵੀ ਅਜ ਆਵੇਗਾ ਵਿਚ ਹਰਿਮੰਦਰ
ਉਸ ਨੂੰ ਸਮਝ ਲਿਆ ਜਾਵੇਗਾ 'ਬਾਗ਼ੀ'
ਇਸੇ ਖ਼ਾਤਰ ਸ਼ਾਹੀ ਫ਼ੌਜਾਂ ਇਥੇ ਹਨ ਖੜੀਆਂ
ਤਾਂ ਜੋ ਜਿਹੜਾ ਆਵੇ ਦਰਸ਼ਨ ਕਰਨ
ਇਸ ਮੰਦਰ ਦੇ
ਉਸ ਨੂੰ ਕਰ ਦਿਤਾ ਜਾਵੇ ਕਤਲ,
ਇਸ ਤਰ੍ਹਾਂ ਅਜ ਹੋਵੇਗਾ ਇਥੇ ਬਹੁਤ ਕਤਲਾਮ।"
"ਕੋਈ ਗੱਲ ਨਹੀਂ ਵੀਰ ਪਿਆਰੇ,
ਜੇ ਸਾਡੀ ਰਤ ਵੀ ਅੰਮ੍ਰਿਤ ਸਰੋਵਰ ਦੇ
ਅੰਮ੍ਰਿਤ ਜਲ ਵਿਚ ਜਾ ਰਲੇਗੀ
ਤਾਂ ਇਸ ਤੋਂ ਵੱਧ ਹੋਰ ਕੀ ਹੋਵਣਗੇ
ਸਾਡੇ ਚੰਗੇ ਭਾਗ?"
ਦੀਵਾਨ ਨੇ ਮੁੜ ਇਹ ਦੁਹਰਾਇਆ:
"ਮਾਈ!
ਆਪਣੇ ਪੁੱਤ 'ਤੇ ਤਾਂ ਤਰਸ ਕਰੋ।"
ਤਾਂ ਉਸ ਸਿਖ ਮਾਂ ਨੇ ਉਤਰ ਦਿਤਾ:
"ਵੀਰ ਪਿਆਰੇ,
ਤੁਸੀਂ ਕੀ ਜਾਣੋ ਇਸ ਦੀ ਸਾਰ,
ਇਹ ਮੇਰਾ ਪੁੱਤਰ ਹੈ ਮੈਨੂੰ ਬਹੁਤ ਪਿਆਰਾ,
ਇਸੇ ਲਈ ਇਸ ਨੂੰ ਵੀ ਲਿਆਈ ਹਾਂ ਨਾਲ,
ਇਹ ਮੌਤ ਕੋਈ ਮੌਤ ਨਹੀਂ ਹੈ,
ਇਹ ਤਾਂ ਬਖ਼ਸ਼ੇ ਨਵਾਂ ਜੀਵਨ ਸਦੀਵੀ।"

4. ਸਿਖ ਮਾਂਵਾਂ ਹਨ ਨਿਰਭਉ

ਜਦੋਂ ਪੁਰਾਣੇ ਲਾਹੌਰ ਦੇ ਹਾਕਮ
ਸਿਖ ਯੁਵਕ ਨੂੰ ਫੜ ਕੇ ਜੇਲ੍ਹ 'ਚ ਸੁਟਿਆ ;
ਕੋਈ ਵੀ ਉਸ ਦਾ ਜੁਰਮ ਨਹੀਂ ਸੀ,
ਚਾਹੇ ਹਾਕਮ ਕਿ ਉਹ ਨੌਜਵਾਨ ਈਨ ਮੰਨ ਜਾਵੇ
ਤੇ ਹੋਵੇ ਅੰਗਪਾਲ
ਉਸ ਦੀ ਬੇਇਨਸਾਫ਼ੀ ਅਤੇ ਜ਼ੁਲਮ ਦਾ ।
ਉਹ ਸੀ ਇਕਲੌਤਾ ਸਿਖ ਵਿਧਵਾ ਮਾਂ ਦਾ
ਉਸ ਦਾ ਨਹੀਂ ਸੀ ਕੋਈ ਹੋਰ ਅਪਰਾਧ,
ਧਰਮ ਬਦਲੀ ਲਈ ਹਾਕਮ ਸੀ ਤੁਲਿਆ ਹੋਇਆ,
ਜਿਸ ਤੋਂ ਬਿਨਾਂ ਉਸ ਹਾਕਮ ਨੇ ਫਤਵਾ ਦੇ ਕੇ
ਦੇਣਾ ਸੀ ਉਸ ਨੂੰ ਜਾਨੋਂ ਮਾਰ ।
ਮਾਂ ਵਿਚਾਰੀ ਕੁਝ ਵੀ ਨਹੀਂ ਸੀ ਕਰ ਸਕਦੀ
ਉਸ ਦੀ ਖ਼ਾਤਰ ਚਾਰਾਜੋਈ,
ਉਸ ਨੇ ਆਪਣੇ ਆਪ ਨੂੰ
ਇਕ ਕੋਠੇ ਵਿਚ ਬੰਦ ਕੀਤਾ,
ਮੁੰਦ ਕੇ ਨੈਣ ਉਸ ਜਦ ਕੀਤੀ ਅਰਦਾਸ,
ਵਿਚ ਸਮਾਧੀ ਉਹ ਪੁਜੀ ਸਤਿਗੁਰ ਪਾਸ,
ਦਰਦ ਭਿਜੀ ਉਸ ਮਾਂ ਨੂੰ ਹੋਏ
ਸਤਿਗੁਰ ਦੇ ਦੀਦਾਰ :
''ਗੁਰੁਦੇਵ !
ਮੇਰੇ ਬਚੜੇ ਤਾਈਂ ਆਪਣੀ ਗੋਦੀ ਵਿਚ ਸਮਾ ਲਉ,
ਬਿਨਾਂ ਤੁਹਾਡੇ ਉਹ ਸੱਚੇ ਸਾਈਂ,
ਕਿਸੇ ਹੋਰ ਦਾ ਹੋ ਨਾ ਜਾਵੇ !''
ਤਦ ਇੰਞ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ :
''ਚਿੰਤਾ ਨਾ ਕਰ ਮੇਰੀ ਪੁੱਤਰੀ ;
ਉਹ ਆਉਂਦਾ ਹੈ ਤੁਹਾਡਾ ਨੌਨਿਹਾਲ,
ਜਿਸ ਦੇ ਗਿਰਦੇ ਤੱਕੋ ਹੈ ਚਾਨਣ ਦੀ ਢਾਲ !''
ਤਦ ਉਸ ਮਾਤ ਨੇ ਆਪਣੇ ਪੁੱਤ ਤਾਂਈਂ
ਚਾਨਣ ਦੇ ਕਵਚ ਵਿਚ ਤੱਕਿਆ
ਜੋ ਖੜਾ ਸੀ ਹੁਣ ਗੁਰੂ ਦੇ ਦਵਾਰ ।

5. ਸਿਖ ਮਾਂਵਾਂ ਤੇ ਚਾਲੀ ਮੁਕਤੇ

ਚਾਲੀ ਸਿਖ ਗੁਰੂ ਦੇ
ਉਸ ਸਮੇਂ ਆਏ ਦੇ ਬੇਦਾਵਾ
ਜਦ ਗੁਰੂ ਗੋਬਿੰਦ ਸਿੰਘ
ਕਿਲ੍ਹੇ ਆਨੰਦਪੁਰ ਦੇ ਘੇਰੇ ਵਿਚ ਸਨ ਬੈਠੇ
ਕਿਉਂ ਜੋ ਉਹ ਗੁਰਾਂ ਦੇ ਨਾਲ
ਨਹੀਂ ਸਨ ਭੁਖ ਦਾ ਦੁਖ ਜਰ ਸਕਦੇ ।
ਗੁਰੂਦੁਆਰੇ ਤੋਂ ਆਪਣੇ ਘਰਾਂ ਨੂੰ ਉਹ ਸਨ ਪਰਤੇ,
ਪਰ ਉਨ੍ਹਾਂ ਲਈ
ਬੂਹੇ ਆਪਣੇ ਘਰਾਂ ਦੇ ਬੰਦ ਸਨ ਹੋਏ ।
ਸਿਖ ਮਾਤਾਵਾਂ, ਪਤਨੀਆਂ ਤੇ ਭੈਣਾਂ ਨੇ
ਕੀਤੀ ਸੀ ਪੁਕਾਰ
ਤੇ ਉਨ੍ਹਾਂ ਨੂੰ ਦਿਤਾ ਸੀ ਧ੍ਰਿਕਾਰ,
ਵੀਰਾਂਗਣ ਇਸਤਰੀਆਂ ਨੇ
ਉਨ੍ਹਾਂ ਨੂੰ ਘਰਾਂ ਵਿਚ ਸ਼ਰਨ ਨਹੀਂ ਸੀ ਦਿਤੀ
ਤੇ ਕਿਹਾ ਸੀ :
''ਜਾਉ ਮੁੜ ਕੇ ਆਪਣੇ ਗੁਰੂ ਦੇ ਵਲ
ਜਿਥੋਂ ਮੋੜ ਕੇ ਕੰਡਾਂ ਬੁਜ਼ਦਿਲਾਂ ਵਾਂਗੂੰ
ਤੁਸੀਂ ਘਰਾਂ ਨੂੰ ਨੱਠੇ ।''
''ਕੋਈ ਸਿਖ ਮਾਂ ਵੀ
ਆਪਣੇ ਉਸ ਪੁੱਤਰ ਨੂੰ ਨਹੀਂ ਅਪਣਾਉਂਦੀ
ਨਾ ਕੋਈ ਸਿਖ ਤ੍ਰੀਮਤ

ਆਪਣੇ ਉਸ ਪਤੀ ਦਾ ਛੱਤਰ ਹੈ ਚਾਹੁੰਦੀ,
ਜਾਂ ਜੀਵੀ ਭੈਣ
ਉਸ ਵੀਰ ਤਾਂਈਂ ਕਰੇ ਪਿਆਰ
ਜੋ ਆਇਆ ਹੋਵੇ
ਗੁਰੂ ਘਰ ਤੋਂ ਮੂੰਹ ਮੋੜ ਕੇ ।
ਗੁਰੂ ਸੰਗ ਮਰਨ ਵਿਚ ਹੈ ਜੀਵਨ
ਐਸੀ ਮੌਤ ਸੁਹਾਵੀ
ਜਿਹੜੀ ਹੋਰ ਨਾ ਮਿਲਦੀ ।’’
ਇਹ ਸਿੰਘ ਗੁਰੂ ਕੇ
ਮੁੜ ਹੋਏ ਤਿਆਰ
ਅਤੇ ਇਨ੍ਹਾਂ ਨੇ ਗੁਰੂ ਚਰਨਾਂ ਤੋਂ
ਦਿੱਤੇ ਸਨ ਆਪਣੇ ਸਿਰ ਵਾਰ -
ਚਾਲੀ ਮੁਕਤੇ ਅਮਰ ਸ਼ਹੀਦ
ਰੌਸ਼ਨ ਹਨ ਵਿਚ ਸਿਖ ਇਤਿਹਾਸ ।

6. ਖ਼ੁਸ਼ਹਾਲੀ ਦਾ ਭੇਦ

ਸਿਖ ਸੁਆਣੀ ਖ਼ੁਸ਼ਹਾਲ ਬੜੀ ਹੈ
ਰੱਜੀ ਪੁਜੀ
ਆਵੇ ਨਾ ਉਸ ਦੇ ਦਿਲ ਵਿਚ
ਕੋਈ ਵੀ ਹੋਰ ਵਿਚਾਰ ।
ਕੋਈ ਨਾ ਜਾਣੇ ਉਸ ਦੇ ਦਿਲ ਅੰਦਰ
ਜੋ ਵਸ ਰਹੀ ਖ਼ੁਸ਼ੀ ਫੁਹਾਰ ;
ਦੂਜਿਆਂ ਨਾਲੋਂ ਉਸ ਦਾ ਜਾਪੇ
ਵੱਧ ਨਿਆਰਾ ਵਿਵਹਾਰ,
ਕਿਉਂ ਜੋ ਸਦਾ ਉਸ ਦੇ ਨੈਣ ਤੱਕਦੇ ਰਹਿੰਦੇ
ਆਪਣੇ ਪ੍ਰੀਤਮ ਦੇ ਰਾਹਾਂ ਵਲ ।

....

ਖੂਹ ਤੋਂ ਉਹ ਪਾਣੀ ਹੈ ਢੋਂਦੀ,
ਚੱਕੀ ਉਤੇ ਆਟਾ ਪੀਂਹਦੀ,
ਗੁੰਨ੍ਹਦੀ ਅਤੇ ਪਕਾਉਂਦੀ,
ਪਰ ਉਸ ਦੇ ਨੈਣ ਸਦਾ ਤੱਕਦੇ ਰਹਿੰਦੇ
ਆਪਣੇ ਪ੍ਰੀਤਮ ਦੇ ਰਾਹਾਂ ਵਲ ।

....

ਉਹ ਤੱਕਦੀ ਵਲ ਉਚੇ ਆਸਮਾਨ
ਸੂਰਜ ਦੀ ਟਿੱਕੀ ਨੂੰ ਤੱਕਦੀ
ਕਿਥੇ ਹੈ ਉਹ ਚੜ੍ਹਦੇ ਵਲ
ਜਾਂ ਅੱਧ ਵਿਚ ਅਸਮਾਨ ?
ਜਾਂ ਲੌਢੇ ਪਹਿਰ ਨੂੰ ਢਲ ਗਿਆ ਹੈ ?
ਜਾਂ ਪਛਮ ਵਿਚ ਛਿਪਣ ਲਗਾ ਹੈ ਜਾਣ ?

ਜਿਸ ਰਾਹਾਂ ਉਹ ਤੱਕਦੀ
ਆਪਣੇ ਕਟਕ ਦੇ ਖੇਤਾਂ ਵਲ ਨੂੰ
ਜਿਨ੍ਹਾਂ ਉਤੇ ਦਿਨ ਨੂੰ ਸੂਰਜ
ਰਾਤ ਨੂੰ ਤਾਰੇ ਚਮਕਣ
ਤੇ ਇਹ ਸੋਚ ਕੇ ਹੰਝੂ ਪਈ ਵਗਾਵੇ
ਕਿਉਂ ਜੋ ਉਸ ਦੇ ਪ੍ਰੀਤਮ ਦੇ ਰਾਹਾਂ ਵਲ
ਉਸ ਤੋਂ ਬਿਨਾਂ ਹੋਰ ਨਾ ਕੋਈ ਤਕਾਵੇ ।

....

ਹੋਰਾਂ ਵਾਂਗੂੰ ਉਹ ਵੀ ਸੰਝ ਸਵੇਰੇ
ਦੋ ਵੇਲੇ ਆਪਣੀ ਗਾਂ ਨੂੰ ਚੋਂਦੀ
ਪਰ ਪਹਿਲੀ ਧਾਰ ਥਣਾਂ 'ਚੋਂ ਉਹ
ਆਪਣੇ ਪ੍ਰੀਤਮ ਲਈ ਵਗਾਵੇ;
ਉਸ ਦਿਸ਼ਾ ਵਲ
ਜਿਸ ਵਲ ਉਸ ਦੇ
ਨੈਣ ਨੇ ਸਦਾ ਤੱਕਦੇ ਰਹਿੰਦੇ
ਜਿਸ ਦਿਸ਼ਾ ਤੋਂ ਉਸ ਦੇ
ਪ੍ਰੀਤਮ ਨੇ ਘਰ ਨੂੰ ਹੈ ਆਉਣਾ ।

7. ਭਾਗਭਰੀ ਦੇ ਮੰਦਰ ਉਤੇ ਮੱਥਾ ਟੇਕਣਾ

ਭਾਗਭਰੀ ਦੇ ਪੁਨੀਤ ਧਾਮ 'ਤੇ
ਮੈਂ ਆਪਣਾ ਮਸਤਕ ਧਰਿਆ,
ਚਾਣਚਕ ਮੈਨੂੰ ਨਜ਼ਰੀਂ ਆਇਆ,
ਉਹ ਸਾਰਾ ਮਾਰਗ
ਜੋ ਸ੍ਰੀਨਗਰ ਤੋਂ ਅੰਮ੍ਰਿਤਸਰ ਦੇ
ਹਰਿਮੰਦਰ ਤੀਕਰ ਸੀ ਪਸਰਿਆ ।
ਇਸ ਮਾਰਗ 'ਤੇ ਚਲ ਕੇ
ਮੇਰਾ ਪ੍ਰੀਤਮ ਇਥੇ ਸੀ ਸਿਧਾਇਆ ।
ਇਥੇ ਮੱਥਾ ਟੇਕਣ ਸਮੇਂ
ਭਾਗਭਰੀ ਦੇ ਧਾਮੇ
ਤੇ ਇੰਞ ਮੈ ਲਖਿਆ
ਜਿਵੇਂ ਮੈਂ ਧਰਿਆ ਹੋਵੇ ਸੀਸ ਆਪਣਾ
ਹਰਿਮੰਦਰ ਦੇ ਦਰ 'ਤੇ,
ਭਾਗਭਰੀ ਦੇ ਇਸ ਪਵਿੱਤਰ ਧਾਮ ਨੂੰ ਚੁੰਮਿਆਂ
ਜੋ ਮੈਂ ਇਕ ਵਾਰ
ਇੰਞ ਜਾਪਿਆ ਜਿਵੇਂ ਮੈਂ ਚੁੰਮਿਆਂ ਹੋਵੇ
ਉਸ ਮਾਰਗ ਦੇ ਹਰ ਕਦਮ ਨੂੰ
ਜਿਥੋਂ ਦੀ ਆਏ ਚਲ ਕੇ ਸਨ
ਆਪ ਮੇਰੇ ਕਰਤਾਰ ;*
ਯੁਗਾਂ ਜਿਡੀ ਸਿਕ ਦਰਸ਼ਨ ਦੀ
ਮੇਰੀ ਹੋਈ ਸੀ ਠੰਢੀ ਠਾਰ ।

---

* ਇਹ ਸੰਕੇਤ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਵਲ ਹੈ ਜੋ ਆਪਣੀ ਅਨਿਨ ਭਗਤ ਮਾਤਾ ਭਾਗਭਰੀ ਨੂੰ ਦਰਸ਼ਨ ਦੇਣ ਲਈ ਅੰਮ੍ਰਿਤਸਰ ਤੋਂ ਚਲ ਕੇ ਸ੍ਰੀਨਗਰ ਆਏ ਸਨ ।

8. ਗੁਰੂ ਗ੍ਰੰਥ

ਇਕ ਵਾਰ
ਮੇਰੇ ਅੰਦਰ ਪ੍ਰਭੂ ਦੀ ਹੋਂਦ ਦੇ ਅਹਿਸਾਸ ਦਾ
ਮਿੰਮ੍ਹਾ ਨਿੰਮ੍ਹਾ ਪ੍ਰਵਾਹ ਸੀ ਚਲ ਰਿਹਾ,
ਪਿਆਰ ਦੇ ਸਾਗਰ ਵਿਚ
ਲਹਿਰਾਂ ਦਾ ਜਵਾਰਭਾਟਾ ਸੀ ਆ ਰਿਹਾ,
ਮੇਰੇ ਜੀਵਨ ਦੀ ਬੱਤੀ ਟਿਮਟਿਮਾ ਕੇ
ਬੁਝਣ ਹੀ ਵਾਲੀ ਸੀ
ਤੇ ਲਗਪਗ ਬੁਝ ਹੀ ਚੁਕੀ ਸੀ;
ਅਚਾਨਕ;
ਮੈਂ ਜੀਵਨ ਖ਼ਾਤਰ ਦੌੜਿਆ
ਅਤੇ ਜਾ ਕੇ ਗੁਰੂ ਗ੍ਰੰਥ ਜੀ ਦੀ
ਪਵਿੱਤਰ ਛੁਹ ਪ੍ਰਾਪਤ ਕੀਤੀ,
ਮੈਂ ਸਾਖਿਆਤ ਸਰੂਪ ਗੁਰੂ ਗ੍ਰੰਥ ਦੇ
ਦੇਹ ਸਰੂਪ ਦਾ ਆਭਾਸ ਕਰਦਾ ਹੋਇਆ
ਅਰਧ ਨੀਂਦਰ ਅਵਸਥਾ ਵਿਚ ਪਿਆ ਸਾਂ,
ਜਦੋਂ ਮੈਂ ਉਥੋਂ ਉਠਿਆ
ਤਾਂ ਮੈਨੂੰ ਇੰਝ ਆਭਾਸ ਹੋਇਆ
ਜਿਵੇਂ ਮੈਂ ਕਿਸੇ
ਪ੍ਰੇਮ-ਵਿਗੁਤੀ ਸੁੰਦਰੀ ਦੇ ਸਰੂਪ ਵਿਚ
ਸਹੰਸਰ ਰੰਗਾਂ ਦੀ ਝਿਲਮਿਲ ਵਿਚ ਬੈਠਾ
ਨਵ-ਪ੍ਰੀਤ ਨੂੰ ਮਾਣ ਰਿਹਾ ਹੋਵਾਂ ।

❖ ❖ ❖ ❖

9. ਵਿਰੋਸਾਏ ਘਰ

ਇਸ ਸੰਸਾਰ ਵਿਚ
ਦੋ ਤਰ੍ਹਾਂ ਦੇ ਹੈਨ ਘਰ
ਇਕ ਘਰ ਸੁਖਦਾਈ ਆਲ੍ਹਣੇ
ਦੂਜੇ ਹਨ ਪਾਵਨ ਨਿਵਾਸ,
ਇਹ ਦੋਵੇਂ ਘਰ ਪਰਮ ਪਵਿੱਤਰ
ਸ਼ੋਭਨੀਕ ਮਹਾਨ ।
ਦੂਜੇ ਜੋ ਸ਼ਾਨਦਾਰ ਮਕਾਨ
ਬੰਗਲੇ ਕੋਠੀਆਂ ਸਜੀਆਂ ਹੋਈਆਂ
ਐਸ਼ਵਰਜ਼ ਦੇ ਸਭ ਸਮਿਆਨ,
ਜਿਨ੍ਹਾਂ ਵਿਚ ਹਨ ਸੰਗ੍ਰਹਿ ਕੀਤੇ
ਹਨ ਇਹ ਸਭ ਮਕਾਨ,
ਨਿਰਜਿੰਦ ਕਬੱਰ ਸਮਾਨ,
ਜਿਥੇ ਜਿਉਂਦੀਆਂ ਲਾਸ਼ਾਂ
ਸੜਦੀਆਂ ਨਿਤ ਦਿਹਾੜੇ
ਉਮਰਾ ਭਰ ਬਲਦੇ ਸਿਵੇ ਸਮਾਨ ।
....
ਇਹ ਘਰ ਜੋ ਹਨ ਰਹਿਣਵਾਸ
ਪਿਆਰੇ ਪਿਆਰੇ ਮਰਦਾਂ ਤੇ ਤ੍ਰੀਮਤਾਂ ਦੇ
ਜਿਥੇ ਉਹ ਰਹਿੰਦੇ ਨਾਲ ਪਿਆਰ
ਆਪਣੇ ਬਚਿਆਂ ਸੰਗ,
ਇਨ੍ਹਾਂ ਘਰਾਂ ਵਿਚ ਵਸਦੇ ਪਿਆਰ ਤੇ ਸ਼ਾਂਤੀ
ਮਿੱਠਾ ਗੀਤ ਪ੍ਰੇਮ ਦਾ ਗੂੰਜੇ,
ਹਰ ਪ੍ਰਾਹੁਣੇ ਦਾ ਆਦਰ ਕਰਦੇ
ਹੋਵੇ ਸਭ ਦਾ ਇਥੇ ਸਨਮਾਨ
ਧਨ ਧਨ ਇਹ ਘਰ ਭਾਗਵਾਨ ।
ਜਿਥੇ ਜਦੋਂ ਕੋਈ ਆਵੇ ਮਹਿਮਾਨ
ਘਰ ਦੇ ਸਾਰੇ ਜੀਅ
ਪ੍ਰੇਮ ਤੇ ਖ਼ੁਸ਼ੀ 'ਚ ਨਚ ਨਚ ਉਠਦੇ
ਇੰਝ ਚਹਿਕਦੇ ਪੰਛੀਆਂ ਹਾਰ
ਗਾਵਣ ਗੀਤ ਮਲ੍ਹਾਰ,

ਜਿਵੇਂ ਊਸ਼ਾ ਨੂੰ ਆਖਣ
ਜਗ ਪੰਛੀ ਸ਼ੁਭ ਆਗਮਨ ।
ਇਨ੍ਹਾਂ ਘਰਾਂ ਦੇ ਨਿੱਕੇ ਬੂਹਵੇ
ਭਾਵੇਂ ਰਹਿੰਦੇ ਬੰਦ,
ਪਰ ਇਨ੍ਹਾਂ ਵਿਚੋਂ ਚਾਨਣ ਦੀਆਂ ਰਿਸ਼ਮਾਂ
ਜਿਹ ਮਾਰਨ ਝਲਕਾਰੇ
ਪ੍ਰੇਮ ਤੇ ਸ਼ਾਂਤੀ ਦੇ ਨਜ਼ਾਰੇ ।
ਫਿਰ ਇਕ ਇਹੋ ਜਿਹੇ ਵੀ ਘਰ ਜਾਂ ਨਿਵਾਸ
ਜਿਨ੍ਹਾਂ ਦੇ ਦਰ ਸਦਾ ਸਦਾ ਲਈ ਖੁਲ੍ਹੇ
ਨਾ ਕੋਈ ਜੰਦਰਾ ਨਾ ਕੋਈ ਕੁੰਡਾ,
ਜਗ ਦਾ ਕਰਨ ਸੁਆਗਤ
ਸਾਰਾ ਦਿਨ, ਹਰ ਘੜੀ, ਹਰ ਪਲ ।
ਇਹ ਹਨ ਸਰਾਂਅ ਸਮਾਨ
ਜਿਥੇ ਕਰਨ ਬਿਸਰਾਮ
ਥੱਕੇ ਟੁੱਟੇ ਰਾਹੀ ਆਉਂਦੇ
ਕਰਨ ਲਈ ਇਕ ਰਾਤ ਦਾ ਗੁਜ਼ਰਾਨ,
ਕੁਝ ਪਲ ਇਥੇ ਕਰ ਆਰਾਮ
ਫਿਰ ਤੁਰ ਜਾਂਦੇ ਇਹ ਮੁਸਾਫ਼ਰ
ਆਪਣਾ ਪੰਧ ਮੁਕਾਣ
ਆਪਣੀ ਮੰਜ਼ਲ ਵਲ ।
ਇਹ ਸੰਤਾਂ ਮਹਾਂ-ਪੁਰਸ਼ਾਂ ਦੇ ਲੰਗਰ
ਸਦਾ ਵਿਰੋਸਾਏ ਸਦਾ ਵਰਤ ਚਲਦੇ ਰਹਿੰਦੇ ।
ਇਥੇ ਰੱਬੀ ਬਰਕਤਾਂ ਬੁਕੀਂ ਬੁਕੀਂ ਜਾਂਦੀਆਂ ਵੰਡੀਆਂ ।
ਇਥੋਂ ਦਾ ਅੱਧਾ ਪ੍ਰਸ਼ਾਦਾ
ਕਿਕੜਿਆਂ ਉਮਰਾਂ ਦੇ ਭੁਖਿਆਂ ਤਾਂਈਂ ਤ੍ਰਿਪਤ ਅਘਾਏ ।
ਇਥੇ ਜੋ ਕੋਈ ਆਏ
ਕਦੇ ਨਿਰਾਸ਼ ਨਾ ਜਾਏ ।
ਇਥੇ 'ਇਨਸਾਨ' ਦੀ ਹੁੰਦੀ ਘਾੜਤ,
ਇਥੋਂ ਉਹ ਪਰਮ ਸ਼ਾਂਤੀ ਮਿਲਦੀ
ਜਿਸ ਨੂੰ ਰੂਹ ਮਾਨਵ ਦੀ
ਸਦਾ ਤਰਸਦੀ ਰਹਿੰਦੀ ।
ਇਸ ਘਰ ਵਿਚ ਕਿਸੇ ਵਸਤ ਦੀ ਥੁੜੋਂ ਨਹੀਂ ਹੈ ।
ਸੰਤਾਂ ਦਾ ਇਕ ਅੰਮ੍ਰਿਤ ਬਚਨ

ਮਨੁੱਖ ਦੀ ਰੂਹ ਨੂੰ
ਦਿੰਦਾ ਉਹ ਪਰਮ ਸ਼ਾਂਤੀ
ਜੋ ਉਸ ਦੇ ਸੰਗ ਸਾਰੀ ਉਮਰਾ ਰਹਿੰਦੀ,
ਇਹ ਸ਼ਾਂਤੀ ਕਦੀ ਭੰਗ ਨਾ ਹੁੰਦੀ,
ਨਾ ਇਹ ਥੁੜ੍ਹਦੀ, ਨਾ ਮੁਕਦੀ,
ਹੈ ਅਖੁੱਟ ਇਸ ਦਾ ਭੰਡਾਰਾ ।
ਭਾਵੇਂ ਉਹ ਸੰਤਾਂ ਦਾ ਵਿਰੋਸਾਇਆ ਇਹ ਜੀਊੜਾ
ਇਸ ਬਖ਼ਸ਼ਸ਼ ਤੇ ਨਦਰ ਕਰਮ ਨੂੰ
ਬੁਕ ਭਰ ਭਰ ਕੇ ਡੋਲ੍ਹੇ ।
ਬਖ਼ਸ਼ਸ਼ ਦੇ ਇਸ ਘਰ ਵਿਚ
ਪੁਨੀ ਪਾਪੀ ਇਕ ਸਮਾਨ
ਸਭ ਦਾ ਹੋਵੇ ਸੁਆਗਤ ਇਥੇ
ਇਥੇ ਸਭ ਰੱਬ ਦੇ ਮਹਿਮਾਨ,
ਸੰਤ ਅਸੰਤ ਵਿਚ ਨਹੀਂ ਕੋਈ ਅੰਤਰ ।
ਇਥੇ ਬਸ ਇਕ ਅਚੰਭਾ
ਇਕ ਕਰਾਮਾਤ ਰੱਬੀ,
ਇਸ ਦੀ ਧੂੜੀ ਦੇ ਵਿਚ
ਸੂਰਜਾਂ ਦਾ ਪ੍ਰਕਾਸ਼
ਹਰ ਮਾਨਵ ਨੂੰ ਦੇਵੇ ਚਾਨਣ ਤੇ ਗਿਆਨ ।
ਇਥੇ ਰੱਬੀ ਪ੍ਰੇਮ ਦੀਆਂ ਦਾਤਾਂ ਵੰਡੀਆਂ ਜਾਂਦੀਆਂ
ਇਥੋਂ ਕਵਿਤਾ ਮਿਲਦੀ
ਕਲਾ ਵੀ ਮਿਲਦੀ
ਮਿਲਦਾ ਧਰਮ ਆਚਾਰ
ਅਨੇਕ ਰੂਪ ਵਿਚ;
ਇਥੋਂ ਬਖ਼ਸ਼ਸ਼ ਹੋਵੇ ਪ੍ਰਾਪਤ
ਮਿਲੇ ਜੋ ਕਿਸੇ ਭਾਗਵਾਨ ਨੂੰ
ਇਕ ਪ੍ਰਸ਼ਾਦੇ ਜਾਂ ਕਿਸੇ ਬਸਤਰ
ਜਾਂ ਫਿਰ ਇਕ ਫੁੱਲ ਪੱਤੀ ਦੇ ਰਾਹੀਂ;
ਜਦ ਹੋਵੇ ਇਥੋਂ ਨਦਰ ਕਰਮ ਦੀ ਮਿਹਰ
ਤਾਂ ਹੋਵੇ ਨਦਰ ਨਿਹਾਲ
ਲੰਮੀ ਨਦਰ ਪ੍ਰਾਪਤ ਹੋਵੇ
ਆਤਮ ਦ੍ਰਿਸ਼ਟੀ ਵਾਲੀ ।
ਇਸ ਘਰੋਂ ਜਦ ਜਾਣ ਮੁਸਾਫ਼ਰ
ਉਨ੍ਹਾਂ ਦੀ ਝੋਲੀ ਭਰ ਜਾਂਦੀ

ਰੱਬੀ ਰਹਿਮਤਾਂ ਨਾਲ ।
ਇਥੇ ਹਰੀ ਨਾਮ ਦੀ ਲੁਟ ਪਈ ਮਚਦੀ,
ਇਥੇ ਪ੍ਰਭੂ ਪ੍ਰੀਤਮ ਦੇ ਹਿਰਦੇ ਦਾ ਸੱਚਾ ਪਿਆਰ
ਸਭ ਨੂੰ ਮਿਲਦਾ ।
ਪ੍ਰਭੂ ਨਾਮ ਦੀ ਮਹਿਕ
ਚਾਰ ਚੁਫੇਰੇ ਖਿੰਡਰੀ
ਸਰਬ ਰੋਗ ਅਤੇ ਦਿਲ ਦੀ ਪੀੜਾ
ਮਨ ਦੇ ਦੁੱਖ ਸੰਤਾਪ
ਕਸ਼ਟ ਦੇਹ ਦੇ
ਤੇ ਹੋਰ ਸਭ ਪਾਪ
ਇਥੋਂ ਦੀ ਮਿੱਠੀ ਪਿਆਰੀ ਛੁਹ ਨੂੰ ਪਾ ਕੇ
ਸਭ ਦੂਰ ਹੋ ਜਾਂਦੇ ।
ਇਸ ਰੱਬੀ ਰਹਿਮਤ ਦੇ ਘਰ ਵਿਚ
'ਨਾਮ' ਦੀ ਰੌਂ
ਸਦਾ ਵਗਦੀ ਰਹਿੰਦੀ,
ਹਜ਼ਾਰਾਂ ਨਰ ਤੇ ਨਾਰਾਂ ਦੇ 'ਕਰਮ' ਜਦ ਰਲਦੇ
ਤਾਂ ਨਵਜੀਵਨ ਧਾਰਾ ਦੇ ਪ੍ਰਵਾਹ
ਦੇ ਨਿਰਮਲ ਜਲ ਦੀ
ਪਵਿੱਤਰਤਾ ਇਥੇ ਵਹਿੰਦੀ,
ਹਰ ਜਾਚਕ ਨੂੰ ਨਵੀਂ ਤਾਜ਼ਗੀ ਦਿੰਦੀ ।
ਇਥੇ ਵਹਿੰਦੀ ਗੰਗਾ ਦੀ ਜਲਧਾਰਾ
ਜੋ ਹਰ ਮਾਨਵ ਮਾਤਰ ਦੇ
ਪਾਪਾਂ ਤੇ ਸੰਤਾਪਾਂ ਨੂੰ ਧੋ ਦਿੰਦੀ ।

❖ ❖ ❖ ❖

ਇਥੋਂ ਦੇ ਭਰਪੂਰ ਖੇੜੇ ਵਿਚ ਸਮਾਈ ਪੂਰਨਤਾ
ਰੱਬੀ ਮਸਤੀ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ
ਜਿਸ ਦੀ ਦਾਤ ਹਰ ਕਿਸੀ ਨੂੰ ਮਿਲਦੀ ।

❖ ❖ ❖ ❖

ਰੱਬ ਅਖੌਤੀ ਮੰਦਰਾਂ ਦੇ ਪੁਜਾਰੀਆਂ ਤੋਂ ਦੁੱਖੀ ਹੋ
ਇਥੇ ਸੰਤਾਂ ਦੇ ਹਿਰਦੇ ਦੀ ਸ਼ਾਂਤੀ
ਅਤੇ ਸਹਿਜ ਵਿਚ ਆ ਸਮਾਉਂਦਾ ।
ਸੰਤ ਜਨ ਪ੍ਰਭੂ ਪ੍ਰੀਤਮ ਦੇ ਆਗਮਨ ਲਈ
ਨਿਤ ਹਿਰਦੇ ਦਾ ਮੰਦਰ ਸਜਾਉਂਦੇ,

ਹਰ ਰਾਤ ਉਸ ਦੇ ਸੁਖ ਆਰਾਮ ਲਈ
ਨਵਾਂ ਨਿਵਾਸ ਬਣਾਉਂਦੇ ।

❖ ❖ ❖ ❖

ਇਸ ਘਰ ਵਿਚ ਕੀਤੀ ਜਾਂਦੀ ਟਹਿਲ ਸੇਵਾ
ਹੈ ਮਾਨਵ ਦੀ ਸੱਚੀ ਸੇਵਾ
ਇਥੇ ਪਾਣੀ ਢੋਣਾ, ਚੱਕੀ ਪੀਹਣਾ,
ਲੰਗਰ ਵਿਚ ਰੋਟੀ ਦਾ ਪਕਾਉਣਾ,
ਜੂਠੇ ਬਰਤਨਾਂ ਦਾ ਮਾਂਜਣਾ,
ਰੋਗੀਆਂ ਦਾ ਉਪਚਾਰ,
ਵਿਹੜੇ ਦੇ ਫ਼ਰਸ਼ਾਂ ਨੂੰ ਧੋਣਾ
ਜਾਂ ਕਰਨਾ ਨਿਰਮਾਣ
ਕਿਸੇ ਮੰਦਰ ਦਾ
ਹੈ ਸੱਚੀ ਸੇਵਾ ਦੀ ਕਾਰ-
ਕਿਉਂਜੋ ਇਸ ਧਾਮ ਤੇ ਕੀਤੀ ਸੇਵਾ
ਪ੍ਰਭੂ ਪ੍ਰੀਤਮ ਦੇ ਚੇਤੰਨ ਸਰੂਪ ਦੀ
ਸਹਿਜ ਸ਼ਾਂਤੀ ਤੇ ਅਨੰਦ ਦਾ ਲੁਕਿਆ
ਸੇਵਾ ਵਿਚ ਭੰਡਾਰ ।
ਇਸ ਧਾਮ ਦੀ ਪਰਮ ਸ਼ਾਂਤੀ ਤੋਂ ਵਿਹੂਣੀ
ਹੋਰ ਸਭ ਸੇਵਾ ਮਨੁੱਖ ਮਾਤਰ ਦੀ ਤੇ ਸਭ ਉਪਕਾਰ,
ਕੁਝ ਵੀ ਅਰਥ ਨਾ ਰਖਣ,
ਬਣ ਜਾਂਦੇ ਨੇ ਕੇਵਲ ਹੱਡ ਚੰਮ ਦਾ ਵਿਵਹਾਰ ।

❖ ❖ ❖ ❖

ਇਹ ਦੋ ਪ੍ਰਕਾਰ ਦੇ ਘਰ 'ਆਲ੍ਹਣੇ' ਜਾਂ 'ਨਿਵਾਸ'
ਜਿਨ੍ਹਾਂ ਦੇ ਬੂਹੇ ਹਰ ਪਲ ਰਹਿੰਦੇ ਖੁਲ੍ਹੇ,
ਉਨ੍ਹਾਂ ਸਭ ਨਰ ਨਾਰਾਂ ਲਈ
ਜਿਨ੍ਹਾਂ ਉਤੇ ਹੁੰਦੀ ਰੱਬੀ ਕਿਰਪਾ;
ਇਨ੍ਹਾਂ ਵਿਚ ਆ ਕੇ ਸੁਖ ਆਨੰਦ ਨੂੰ ਪਾਉਣਾ
ਹੁੰਦਾ ਹੈ ਕੇਵਲ ਰੱਬੀ ਮਿਹਰ ਦੁਆਰਾ,
ਬਿਨਾਂ ਪ੍ਰਭੂ ਦੀ ਦਇਆ ਮਿਹਰ ਤੇ ਨਦਰਿ ਕਰਮ ਦੇ
ਕੋਈ ਵੀ ਇਨ੍ਹਾਂ ਅੰਦਰ ਕਰ ਨਾ ਸਕੇ ਨਿਵਾਸ

❖ ❖ ❖ ❖

ਗੁਰੂ ਅਰਜਨ ਨੇ ਸੱਚ ਫਰਮਾਇਆ :
''ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥''

10. ਸੰਤ ਪੁਰਸ਼ ਦੀ ਦਿਆਲਤਾ

ਬਿਆਸ ਨਦੀ ਦੇ ਕੰਢੇ
ਉਸ ਨੇ ਇਕ ਮੁਟਿਆਰ ਨੂੰ
ਹਉਕੇ ਭਰਦੀ ਸੁਣਿਆਂ,
ਜਿਸ ਨੇ ਵਿਚ ਨਿਰਾਸ਼ਾ
ਸਨ ਆਪਣੇ ਵਾਲ ਖਿਲਾਰੇ
ਤੇ ਰੰਗ ਉਸ ਦਾ ਹੋਇਆ
ਪੀਲਾ ਭੂਕ ਵਾਂਗ ਵਸਾਰ ।
ਜਿਸ ਪ੍ਰੇਮੀ ਨੇ ਭਾਵਾਵੇਗ ਵਿਚ
ਉਸ ਨੂੰ ਸੀ ਭਰਮਾਇਆ,
ਹੁਣ ਉਸ ਨੂੰ ਛੱਡ ਕੇ
ਵਿਖੜੇ ਰਾਹੀਂ ਪਾਇਆ ।
ਇਸ ਇਕ ਖੁਨਾਮੀ ਬਦਲੇ
ਹੁਣ ਉਹ ਸੀ ਹੋਈ ਉਦਾਸ
ਤੇ ਨਦੀ ਵਿਚ ਛਾਲ ਮਾਰ ਕੇ
ਕਰਨ ਲਗੀ ਸੀ ਆਤਮਘਾਤ ।
ਉਸ ਨੂੰ ਇਹ ਸੀ ਖ਼ਿਆਲ
ਕਿ ਕੋਈ ਵੀ ਮਾਨਵ ਉਸ ਉਤੇ
ਨਹੀਂ ਸੀ ਹੋ ਸਕਦਾ ਦਿਆਲ,
ਜਦੋਂ ਕਿ ਉਸ ਦਾ ਆਪਣਾ ਪ੍ਰੇਮੀ
ਹੋਇਆ ਏਨਾ ਬੇਰਹਿਮ ਤੇ ਮੱਕਾਰ ਧੋਖੇਬਾਜ਼;
ਇਸ ਦਸ਼ਾ ਵਿਚ ਉਸ ਨੇ
ਮੌਤ ਦੇ ਦਰਿਆ ਦੀਆਂ ਲਹਿਰਾਂ ਦੇ ਪਰਦੇ ਨੂੰ ਸੀ
ਗਲੇ ਲਗਾਉਣਾ ਚਾਹਿਆ ।
ਕਿੰਨਾ ਵਚਿੱਤਰ ਧਰਵਾਸ !
ਜਵਾਨੀ ਹੈ ਢੂੰਡਦੀ

ਜਦ ਹੋਵੇ ਨਿਰਾਸ਼ !
ਐਸੀ ਦਸ਼ਾ ਵਿਚ
ਇਕ ਸੰਤ ਪੁਰਸ਼ ਅਗੇ ਸੀ ਆਇਆ,
ਉਸ ਨੇ ਉਸ ਯੁਵਤੀ ਨੂੰ
ਇੰਝ ਸੀ ਗਲੇ ਲਗਾਇਆ
ਜਿਵੇਂ ਕੋਈ ਪਿਤਾ ਆਪਣੇ ਲੰਮੇ ਚਿਰ ਤੋਂ
ਗੁਆਚੀ ਧੀ ਨੂੰ ਲਭ ਕੇ ਗਲੇ ਲਗਾਉਂਦਾ ।
ਉਸ ਨੇ ਉਸ ਦੇ ਕੇਸਾਂ ਨੂੰ ਇੰਝ ਸੀ ਪਲੋਸਿਆ
ਜਿਸ ਤਰ੍ਹਾਂ ਇਕ ਮਾਂ
ਆਪਣੀ ਧੀ ਦੇ ਕੇਸਾਂ ਤਾਂਈਂ ਸੁਆਰੇ;
ਇੰਝ ਉਸ ਨੇ ਵਿਚ ਹਮਦਰਦੀ
ਉਸ ਦੀ ਦਰਦ ਭਰੀ ਵਿਥਿਆ ਨੂੰ ਸੁਣਿਆਂ ।
ਪਿਤਾ ਬਣ ਕੇ ਜਾਂ ਭਰਾ ਦੇ ਰੂਪ ਵਿਚ
ਉਹ ਉਸ ਦੇ ਦੋਸ਼ ਦੇ ਤਾਂਈਂ
ਨਹੀਂ ਸੀ ਕਜ ਸਕਦਾ ।
ਸਾਰੀ ਰਾਤ ਉਹ ਮਰਦ ਪਿਆਰਾ
ਉਸ ਦੇ ਦੁੱਖ ਦਰਦ ਵਿਚ ਰਿਹਾ ਸੀ ਘੁਲਦਾ ।
ਸਵੇਰ ਹੋਈ ਤਾਂ ਖ਼ਬਰ ਫੈਲ ਗਈ ਸਾਰੇ
ਸੰਤ ਪੁਰਸ਼ ਨੇ ਉਸ ਯੁਵਤੀ ਨਾਲ
ਆਪਣਾ ਵਿਆਹ ਰਚਾਇਆ ।
ਪਰ ਜੱਗ ਨੂੰ ਕੀ ਇਹ ਸੀ ਸਾਰ
ਕਿ ਉਹ ਸੰਤ ਪੁਰਸ਼ ਸੀ
ਉਸ ਯੁਵਤੀ ਦਾ ਰਖਿਅਕ ਫ਼ਰਿਸ਼ਤੇਹਾਰ !

❖ ❖ ❖ ❖

11. ਸੋਨੇ ਦੀ ਕਿਸ਼ਤੀ

ਗੁਰੂ ਗੋਬਿੰਦ ਸਿੰਘ
ਮਲਾਹ ਦੀ ਬੇੜੀ ਰਾਹੀਂ
ਹੋਏ ਨਦੀ ਤੋਂ ਪਾਰ
ਤੇ ਬਖ਼ਸ਼ੀ ਉਸ ਨੂੰ
ਮੋਹਰ ਇਕ ਸੋਨੇ ਦੀ,
ਬਦਲੇ ਉਸ ਦੇ ਇਸ ਉਪਕਾਰ ।
ਮਾਹੀਗੀਰ ਨੇ
ਹੱਥ ਜੋੜ ਕੇ ਇੰਝ ਅਰਜ਼ ਗੁਜ਼ਾਰੀ:
''ਸ੍ਰੀ ਹਜ਼ੂਰ;
ਕਿਉਂ ਤੁਸੀਂ ਮੈਨੂੰ ਬਖ਼ਸ਼ੀ ਹੈ
ਇਹ ਮੋਹਰ ਸੋਨੇ ਦੀ ?
ਇਸ ਭੌਤਿਕ ਜਗਤ ਦੀ
ਜੋ ਇਕ ਭਰਮ ਤੋਂ ਵੱਧ ਕੁਝ ਵੀ ਨਹੀਂ ਹੈ
ਤੇ ਮੇਰੀ ਇਹ ਨਿਤਾਣੀ ਕਿਸ਼ਤੀ
ਜੋ ਹੈ ਇਕ ਭੁਲੇਖਾ ਸੁਪਨੇ ਹਾਰ;
ਹੇ ਗੁਰੂਦੇਵ;
ਕਰਨਾ ਮੇਰੇ ਉੱਤੇ ਉਪਕਾਰ
ਤੇ ਮੈਨੂੰ ਆਪਣੀ
ਸੋਨੇ ਦੀ ਕਿਸ਼ਤੀ ਵਿਚ ਬਿਠਾ ਕੇ
ਕਰਨਾ ਮੌਤ ਦੇ ਭਵਜਲੋਂ ਪਾਰ।''

12. ਦਸਮੇਸ਼ ਜੀ ਦੀ ਮੁੜ ਪੰਜਾਬੀ ਫੇਰੀ

ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ :
''ਪੰਜਾਬ ਵਿਚ ਹੁਣ ਮੇਰੀ ਕੌਣ ਉਡੀਕ ਕਰਦਾ ਹੈ ?''
ਇਹ ਫ਼ੁਰਮਾਨ ਸੁਣ
ਆਪ ਦੇ ਸੈਂਕੜੇ ਰਬਾਬੀ ਤੇ ਢਾਡੀ
ਤੇ ਦਰਬਾਰੀ ਕਵੀ ਸਾਵਧਾਨ ਖੜੇ ਹੋ ਕੇ
ਵੀਣਾ ਵਾਦਨ ਕਰਨ ਲਗੇ
ਤੇ ਸਭ ਨੇ ਹਜ਼ੂਰ ਦੀ ਸ਼ਾਨ ਵਿਚ ਸੀਸ ਝੁਕਾਏ
ਇਨ੍ਹਾਂ ਸਭ ਨੇ ਫ਼ਰਿਸ਼ਤਿਆਂ ਹਾਰ
ਚਾਨਣ ਦਾ ਨੂਰੀ ਸਰੂਪ ਧਾਰਨ ਕੀਤਾ ਹੋਇਆ ਸੀ
ਤੇ ਦੇਵ ਲੋਕ ਦੇ ਸਾਰੇ ਦੇਵਤੇ
ਉਥੇ ਇਕੱਤਰ ਹੋ ਗਏ ।
ਲਖਾਂ ਨੈਣ ਅਰਦਾਸ ਵਿਚ ਜੁੜ ਗਏ
ਤੇ ਹਜ਼ੂਰ ਦੀ ਇੱਛਾ ਅਨੁਸਾਰ
ਆਤਮਾ ਦਾ ਗੀਤ ਗਾਉਣ ਲਗੇ ।
ਹਜ਼ਾਰਾਂ ਵੀਣਾਂ ਦੀਆਂ ਤਰਬਾਂ
ਇੰਞ ਥਰਹਰ ਕੰਬਣ ਲਗੀਆਂ
ਜਿਵੇਂ ਚੰਨ-ਰਿਸ਼ਮਾਂ ਨਦੀ ਜਲ ਵਿਚ
ਝਿਲਮਿਲ ਝਿਲਮਿਲ ਕੰਬਦੀਆਂ ।
ਗੁਰੂ ਗੋਬਿੰਦ ਸਿੰਘ ਜੀ ਨੇ
ਇਸ ਅਮਰ-ਨਾਦ ਦੀ ਝੁਣਕਾਰ ਵਿਚ
ਮੁੜ ਪੰਜਾਬ ਫੇਰੀ ਪਾਈ ।

* * * *

ਇਸ ਸਮੇਂ ਸਾਰਾ ਪੰਜਾਬ ਸੀ ਘੂਕ ਸੁਤਾ,
ਇਕ ਵੀ ਰੂਹ ਅਜਿਹੀ ਜਾਗਦੀ ਨਹੀਂ ਸੀ
ਜੋ ਉਸ ਰਾਤ ਦੀ ਸ਼ਾਨ ਨੂੰ ਨਿਹਾਰ ਸਕਦੀ,
ਜਿਸ ਰਾਤ ਗੁਰੂ ਗੋਬਿੰਦ ਸਿੰਘ ਜੀ ਨੇ

ਪੰਜਾਬ ਵਿਚ ਮੁੜ ਫੇਰੀ ਪਾਈ ।
ਪਰ ਇਕ ਸਾਧਾਰਨ ਜਿਹਾ ਗੁਰਸਿਖ ਕਿਰਤੀ ਕਾਮਾ
ਉਸ ਰਾਤ ਦੇ ਦਿਲ ਵਿਚ ਬੈਠ ਯੋਗ-ਨਿੰਦਰਾ ਦੀਆਂ
ਤ੍ਰੇਲ-ਮਣੀਆਂ ਨਾਲ ਭਿੰਨਾ
ਜਾਗ ਦੇ ਸੁੰਨ ਨੂੰ ਪੰਛੀ ਦੇ ਗੀਤ ਹਾਰ
ਇਕਾਖਰੀ ਸ਼ਬਦ-ਧੁਨੀ 'ਤੂ ਹੀ-ਤੂ ਹੀ'
ਅਲਾਪ ਰਿਹਾ ਸੀ ।

* * * *

ਉਥੇ ਹੋਰ ਕੋਈ ਵੀ ਨਹੀਂ ਸੀ,
ਪਵਨ ਵੀ ਅਹਿਲ ਤੇ ਸ਼ਾਂਤ ਸੀ,
ਜੀਵਨ ਦਾ ਇਕ ਸਾਹ ਵੀ ਨਹੀਂ ਸੀ ਧੜਕ ਰਿਹਾ ।
ਇਹ ਵਿਅਕਤੀ ਤਾਰਿਆਂ ਭਰੀ ਰਾਤ ਵਿਚ
ਇਕੱਲਾ ਬੈਠਾ ਪ੍ਰੀਤਮ ਦੇ ਗੀਤ ਦੇ
ਦਰਦ ਵਿਚ ਰੰਗਿਆ ਹੋਇਆ ਸੀ ।

* * * *

ਜਦ ਉਸ ਨੇ ਇਕ ਛਿਣ ਭਰ ਲਈ
ਤਾਰਿਆਂ ਦੇ ਝੁਰਮਟ ਵਲ ਤੌਂਕਿਆ
ਤਾਂ ਉਸ ਨੂੰ ਪੂਰਬ ਵਿਚ
ਜਨ-ਸਮੂਹ ਚੜ੍ਹਿਆ ਨਜ਼ਰੀਂ ਪਿਆ
ਤੇ ਦੂਜੇ ਛਿਣ ਜਦ ਉਸ ਨੇ
ਪਛਮ ਵਿਚ ਆਕਾਸ਼ ਵਲ ਤੌਂਕਿਆ
ਤਾਂ ਉਸ ਨੂੰ ਉਸੇ ਗੀਤ ਦੀ ਧੁਨੀ
ਗੂੰਜਦੀ ਸੁਣਾਈ ਦਿਤੀ
ਜੋ ਉਹ ਆਪਣੀ ਲਿਵਤਾਰ
ਦੇ ਆਨੰਦ ਵਿਚ ਚੜ੍ਹਿਆ
ਆਪ ਅਲਾਪ ਰਿਹਾ ਸੀ ।

* * * *

ਫਿਰ ਉਸ ਨੇ ਦੱਖਣ ਦਿਸ਼ਾ ਵਲ ਤੌਂਕਿਆ
ਤੇ ਫਿਰ ਉਤਰ ਵਲ

ਤਾਂ ਜੋ ਉਹ ਉਨ੍ਹਾਂ ਨਛੱਤਰਾਂ ਤੋਂ
ਉਸ ਆਨੰਦ ਗੀਤ ਦੀ ਧੁਨੀ ਸੁਣ ਸਕੇ
ਜੋ ਉਹ ਆਪਣੇ ਹਿਰਦੇ ਦੇ ਵਾਦਨ ਯੰਤਰ ਉਤੇ
ਗਾ ਰਿਹਾ ਸੀ ।

* * * *

ਜਦੋਂ ਉਹ ਇਸ ਅਲੌਕਿਕ ਵਿਸਮਾਦੀ ਦ੍ਰਿਸ਼ ਨੂੰ
ਨਿਹਾਰ ਰਿਹਾ ਸੀ
ਤਾਂ ਉਸ ਨੂੰ ਉਤਰ-ਪੂਰਬੀ ਦਿਸ਼ਾ ਤੋਂ
ਮਹਾਂ ਨੂਰ ਦਾ ਵਿਸਮਾਦੀ ਦ੍ਰਿਸ਼ ਵਿਖਾਈ ਦਿਤਾ ।
ਉਸ ਦੇ ਚਾਂਦੀ ਰੰਗੇ ਅੰਗ
ਇਸ ਯੋਗ-ਨਿੰਦਰਾ ਦੇ ਵਿਸਮਾਦ ਵਿਚ
ਅਹਿਲ ਹੋ ਗਏ
ਤੇ ਉਸ ਦੇ ਦੋਵੇਂ ਨੈਣ
ਉਨ੍ਹਾਂ ਖਿੜਕੀਆਂ ਸਮਾਨ ਖੁਲ੍ਹੇ ਸਨ,
ਜਿਨ੍ਹਾਂ ਦੇ ਘਰ ਦਾ ਮਾਲਕ ਰਾਤ ਨੂੰ ਸੌਣ ਲਗਾ
ਬੰਦ ਕਰਨਾ ਭੁਲ ਗਿਆ ਹੋਵੇ ।

* * * *

ਗੁਰੂ ਦਾ ਇਹ ਬੀਰ ਸਪੂਤ
ਆਪਣੇ ਸਿਰ ਉਪਰਲੇ ਆਕਾਸ਼ ਦੇ
ਨੀਲੇ ਸਾਗਰਾਂ ਵਿਚ ਤਾਰੀਆਂ ਲਾ ਰਿਹਾ ਸੀ
ਤੇ ਆਤਮਾ ਦੀ ਇਸ ਪਾਰਦਰਸ਼ਤਾ ਵਿਚ
ਨਿਸਲ ਸੁਤਾ ਸੀ
ਤੇ ਅਨੰਤ ਨਿਰੰਕਾਰ ਦੇ ਸੋਦਰੀ ਸੰਗੀਤ ਦੀਆਂ
ਧੁਨੀਆਂ ਦੇ ਅੰਮ੍ਰਿਤ-ਸੋਮੇ ਨੂੰ ਛੂਹ
ਪੀ, ਮਾਣ ਤੇ ਸੁਣ ਰਿਹਾ ਸੀ ।

* * * *

ਉਸ ਦੇ ਕੰਨਾਂ ਵਿਚ ਸੈਂਕੜੇ ਵੀਣਾਂ ਦੇ
ਨਾਦ ਸੁਣਾਈ ਦੇ ਰਹੇ ਸਨ
ਤੇ ਸੈਆਂ ਦੇਵਗਣਾਂ ਨੂੰ

ਉਹ ਆਪਣੇ ਨੈਣਾਂ ਦੁਆਰਾ ਤੱਕ ਰਿਹਾ ਸੀ,
ਜੋ ਆਪਣੇ ਪੰਜ ਭੌਤਿਕ ਨੈਣਾਂ ਵਿਚ ਉਸ ਨੂੰ
ਨਾਂ ਕੁਝ ਦਿਖਾਈ ਦੇ ਰਿਹਾ ਸੀ
ਤੇ ਨਾ ਹੀ ਉਸ ਦੇ ਨਾਸ਼ਵਾਨ ਕੰਨ
ਕੁਝ ਸੁਣ ਰਹੇ ਸਨ ।

* * * *

ਜਦ ਇੰਝ ਉਸ ਦੇ ਅੰਦਰ ਸੂਰਜ ਉਦੇ ਹੋਇਆ
ਤਾਂ ਅਗਲੀ ਭਲਕ ਜਦ ਉਹ ਕਿਰਤ ਕਰਨ ਗਿਆ
ਤਾਂ ਆਪਣੇ ਸਾਥੀ ਕਾਮਿਆਂ ਨੂੰ ਦਸਿਆ
ਕਿ ਬੀਤੀ ਰਾਤ ਉਸ ਨੇ ਅਦਭੁਤ ਸੂਰਤਾਂ
ਆਕਾਸ਼ ਵਿਚ ਤੱਕੀਆਂ ਹਨ
ਤੇ ਸੈਂਕੜੇ ਵੀਣਾਂ ਦੇ ਸੰਗੀਤ ਨੂੰ ਸੁਣਿਆਂ ਹੈ ।

* * * *

ਕਿਸੇ ਨੂੰ ਉਸ ਦੀ ਗੱਲ ਦੀ ਸਮਝ ਨਹੀਂ ਸੀ ਪੈ ਰਹੀ,
ਪਰ ਉਸ ਦੇ ਹਿਲਦੇ ਬੁਲ ਇਹ ਗੁਣਗੁਣਾ ਰਹੇ ਸਨ.
''ਵਾਹ ! ਵਾਹ ! ਵੀਣਾ ! ਵੀਣਾ ! ਕਈ ਵੀਣਾ !'' ਉਸ ਕਿਹਾ.
''ਮੈਂ ਤੱਕਿਆ
ਕਿ ਉਸ ਦੇਵਗਣਾਂ ਦੀ ਗੀਤ-ਮੰਡਲੀ ਵਿਚੋਂ
ਕੋਈ ਆ ਕੇ ਮੈਨੂੰ ਕਿਸੇ ਦਾ ਨਾਮ ਦਸ ਰਿਹਾ ਸੀ
ਜੋ ਹੁਣ ਮੈਨੂੰ ਚੇਤੇ ਨਹੀਂ ਹੈ ।

* * * *

''ਮੇਰੇ ਸਾਮ੍ਹਣੇ ਇਕ ਹੱਥ ਲੰਘਿਆ,
ਉਸ ਦੀ ਉਂਗਲੀ ਦੀ ਮੁੰਦਰੀ ਵਿਚ
ਨੀਲਮ ਜੜਿਆ ਹੋਇਆ ਸੀ,
ਜਿਸ ਦੀ ਚਮਕ ਅਨੋਖੀ ਤੇ ਨਿਆਰੀ ਸੀ
ਤੇ ਇਸ ਦੇ ਨਾਲ ਹੀ ਇਕ ਵੱਡਾ ਆਕਾਰ
ਮੇਰੇ ਸਾਮ੍ਹਣਿਉਂ ਦੀ ਗੁਜ਼ਰਿਆ
ਵਾਹ ਵਾਹ! ਕਮਾਲ ਦਾ ਸੀ ਉਸ ਦਾ ਨੀਲਮ !''
''ਮੈਂ ਉਸ ਦੀ ਚਮਕਦੀ ਪਗੜੀ ਦੇ ਲੜ ਨੂੰ ਤੱਕਿਆ

ਜਿਸ ਦੇ ਦੁਆਲੇ ਲਖਾਂ ਪ੍ਰਕਾਸ਼-ਮੰਡਲ ਘੁੰਮ ਰਹੇ ਸਨ !''
ਮੈਂ ਪਹਿਲੀ ਵਾਰ ਆਪਣੀ
ਆਤਮਾ ਦੀ ਡੂੰਘਾਣਾਂ ਨੂੰ ਜਾਤਾ !
ਤੇ ਮੈਨੂੰ ਇਸ ਦੀ ਸੱਤਾ ਉਤੇ ਵਿਸ਼ਵਾਸ ਹੋਇਆ !''
ਪਰ ਕਿਸੇ ਹੋਰ ਨੇ ਉਸ ਦੀ ਗੱਲ ਨਾ ਗੌਲੀ
ਤੇ ਉਹ ਇਕੱਲਾ ਹੀ ਸਾਰੀ ਦਿਹਾੜੀ
ਸੁੱਚੀ ਕਿਰਤ ਵਿਚ ਰੁਝਾ ਰਿਹਾ
ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੰਞ ਫ਼ੁਰਮਾਇਆ :
''ਪੰਜਾਬ ਵਿਚ ਹੈ ਇਕ 'ਕੱਲਾ ਕਾਰਾ
ਜੋ ਮੇਰੀ ਉਡੀਕ ਕਰਦਾ ਹੈ ?''
''ਮੇਰੇ ਮਿਤਰੋ,
ਅਗੇ ਤੋਂ ਤੁਸੀਂ ਉਸ ਦੇ ਨਿਵਾਸ ਵਿਚ ਜਾ ਕੇ
'ਨਾਮ' ਦੀ ਵੀਣਾ ਵਜਾਉ !''
ਤੇ ਫਿਰ ਹਜ਼ੂਰ ਨੇ ਇਹ ਬਚਨ ਕੀਤਾ:
''ਜਿਥੇ ਵੀ ਇਹ ਸਿਖ ਜਾਵੇ
ਉੱਥੇ ਦੇਵ-ਮੰਡਲ ਦਾ ਸੰਗੀਤ
ਉਸ ਦੇ ਅੰਗ-ਸੰਗ ਰਹੇ ।''

❖ ❖ ❖ ❖

13. ਆਪਣੇ ਆਉਣ ਦੀ ਦਸੋ ਨਿਸ਼ਾਨੀ

(੧)

ਮੇਰੇ ਸੁਆਮੀ !
ਮੈਂ ਥੱਕ ਚੁਕੀ ਹਾਂ
ਕਿ ਤੇਰੇ ਨਾਂ 'ਤੇ ਕਈ ਲੋਕ
ਮੇਰਾ ਬੂਹਾ ਆ ਖੜਕਾਉਂਦੇ ਹਨ
ਤੇ ਆ ਕੇ ਕਈ ਵਿਅਰਥ ਗੱਲਾਂ ਕਰਕੇ
ਰੁਕਦੇ ਤੇ ਚਲੇ ਜਾਂਦੇ ਹਨ,
ਪਰ ਇਸ ਨਾਲ ਮੇਰੀ ਦੈਵੀ-ਦ੍ਰਿਸ਼ਟੀ
ਧੁੰਧਲੀ ਪੈ ਜਾਂਦੀ ਹੈ
ਤੇ ਉਨ੍ਹਾਂ ਦੇ ਜਾਣ ਪਿਛੋਂ
ਮੈਂ ਹੋਰ ਵੀ ਉਦਾਸ ਹੋ ਜਾਂਦੀ ਹਾਂ,
ਇਸ ਨਾਲੋਂ ਤਾਂ ਮੈਂ ਪਹਿਲਾਂ
ਇਕੱਲੀ ਹੀ ਚੰਗੀ ਸਾਂ,
ਉਨ੍ਹਾਂ ਭੇਖ ਧਾਰੀਆਂ ਦੇ ਰੂਪ ਵਿਚ
ਮੈਨੂੰ ਸੌ ਵਾਰ 'ਤੇਰੇ' ਆਉਣ ਦੇ ਭੁਲਾਵੇ
ਬੂਹਾ ਖੋਲ੍ਹਣਾ ਪਿਆ ਹੈ,
ਪਰ ਉਨ੍ਹਾਂ ਵਿਚੋਂ ਮੈਨੂੰ ਤੁਹਾਡੇ ਦਰਸ਼ਨ ਨਹੀਂ ਹੁੰਦੇ
ਤੇ ਉਹ ਤਾਂ ਨਿਰਦਈ
ਸੰਸਾਰੀ ਇਸਤਰੀ ਪੁਰਸ਼ ਹੀ ਨਿਕਲਦੇ ਹਨ ।
ਮੇਰੇ ਸੁਆਮੀ !
ਮੈਨੂੰ ਉਹ ਗੁੱਝਾ ਰਹੱਸ ਸਮਝਾਵੋ
ਕਿ ਮੈਂ ਤੁਹਾਡੇ ਵਲੋਂ ਬੂਹਾ ਖੜਕਾਣ ਉਤੇ ਹੀ
ਇਹ ਜਾਣ ਸਕਾਂ ਕਿ ਤੁਸੀਂ ਆ ਗਏ ਹੋ !
ਤਾਂ ਜੋ ਮੈਨੂੰ ਉਨ੍ਹਾਂ ਲੋਕਾਂ ਦੇ ਪਿਛੇ
ਝਲਿਆਂ ਨਾ ਹੋਣਾ ਪਵੇ
ਜੋ ਤੇਰੇ ਨਾਂ 'ਤੇ ਆ ਕੇ
ਮੇਰੇ ਘਰ ਦਾ ਬੂਹਾ ਵਿਅਰਥ ਖੜਕਾਉਂਦੇ ਹਨ ।

(੨)

ਮੇਰੇ ਸੁਆਮੀ !
ਮੈਨੂੰ ਦਸੋ
ਕਿ ਜਦੋਂ ਤੁਸੀਂ ਕਿਸੇ ਇਸਤਰੀ ਦੇ ਭੇਸ ਵਿਚ ਆਉਂਦੇ ਹੋ
ਤਾਂ ਮੈਂ ਤੁਹਾਨੂੰ ਕਿਵੇਂ ਪਛਾਣਾਂ ?
ਨਾਰੀ ਵਿਚ ਤੁਹਾਡਾ ਕਿਹੜਾ ਸਰੂਪ ਹੈ ?
ਕੀ ਅੰਗਾਂ ਦਾ ਮਧੁਰ ਸੰਗੀਤ ?
ਜਾਂ ਕੰਵਾਰਪਣ ਦੀ ਰਸਿਕ ਪੂਰਨਤਾ ?
ਜਾਂ ਮਾਂ ਹੋਣ ਦੀ ਸਦੀਵਤਾ ?
ਜਾਂ ਫਿਰ ਗੁਨਾਹਗਾਰ ਦੇ ਰੂਪ ਵਿਚ
ਪੀਲੇ ਚੰਨ ਵਰਗਾ ਚਿਹਰਾ ?
ਜਾਂ ਸਦਗੁਣਾਂ ਦਾ ਚਮਕਦਾ ਸੂਰਜ ?
ਕੀ ਤੁਸੀਂ ਵਿਧਵਾ ਹੋ ਜਾਂ ਵਿਆਹੁਤਾ ਨਾਰ ?
ਜਾਂ ਉਹ ਕੰਜਕ
ਜੋ ਹਾਲੀ ਮਿੱਟੀ ਘਟੇ ਵਿਚ ਗੀਟੇ ਖੇਡ ਰਹੀ ਹੈ ?
ਫਿਰ ਮੇਰੇ ਸੁਆਮੀ !
ਪੁਰਸ਼ਾਂ ਵਿਚ ਤੁਹਾਡੀ ਕੀ ਨਿਸ਼ਾਨੀ ਹੈ ?
ਕੀ ਤੁਸੀਂ ਯੋਧਾ ਹੋ ਜਾਂ ਭਗਤ ?
ਰਾਉ ਹੋ ਜਾਂ ਰੰਕ ?
ਸ਼ਹਿਜ਼ਾਦਿਆਂ ਵਾਂਗ ਆਉਗੇ ਜਾਂ ਫ਼ਕੀਰਾਂ ਹਾਰ ?
ਕੀ ਤੁਹਾਡਾ ਬੋਲ ਯੋਧਿਆਂ ਵਾਲਾ ਕਰਾਰਾ ਹੋਵੇਗਾ ?
ਜਾਂ ਭਗਤਾਂ ਵਾਲਾ ਮਿੱਠਾ ਪਿਆਰਾ ?
ਜਾਂ ਸਾਧਾਰਨ ਪੁਰਸ਼ਾਂ ਵਾਲਾ ?
ਤੁਹਾਡੀ ਪੱਕੀ ਨਿਸ਼ਾਨੀ ਕੀ ਹੋਵੇਗੀ ?
ਮੇਰੇ ਸੁਆਮੀ !
ਮੈਂ ਤਾਂ ਦਮਯੰਤੀ ਵਾਂਗ ਪਰੇਸ਼ਾਨ ਹੋ ਗਈ ਹਾਂ
ਜਿਵੇਂ ਸੁਅੰਬਰ ਵਿਚ ਕਈ ਦੇਵਤੇ

ਜਲ ਦਾ ਰੂਪ ਧਾਰ ਕੇ ਆ ਗਏ ਹੋਣ ।
ਮੈਨੂੰ ਤਾਂ ਕੋਈ ਆਪਣੀ ਪੱਕੀ ਨਿਸ਼ਾਨੀ ਦਸੋ ।
ਜਿਸ ਤੋਂ ਮੈਂ ਇਕਦਮ ਜਾਣ ਸਕਾਂ ਕਿ ਤੁਸੀਂ ਹੀ ਮੇਰੇ ਸਨਮੁਖ ਹੋ
ਕੀ ਇਹ ਕਾਲੇ ਨੈਣਾਂ 'ਚੋਂ ਮਿਹਰ ਦੀ ਤੱਕਣੀ ਹੋਵੇਗੀ
ਜਾਂ ਕਿਸੇ ਹੋਠਾਂ ਦੀ ਮੁਸਕਰਾਹਟ ?
ਪਰ ਫਿਰ ਮੈਂ ਮੇਰੇ ਸੁਆਮੀ !
ਤੁਹਾਡੀ ਮੁਸਕਾਣ ਤੇ ਉਸ ਮੁਸਕਾਣ ਦੇ
ਭੇਦ ਨੂੰ ਕਿਵੇਂ ਜਾਣਾਂ ?
ਮੇਰੇ ਮਨ ਦੇ ਆਕਾਸ਼ ਉਤੇ
ਇਹ ਤਲਵਾਰ ਵਰਗੀ ਚਮਕਾਰ ਹੋਵੇ
ਜਿਸ ਦਾ ਪ੍ਰਕਾਸ਼
ਇਕਦਮ ਮੈਨੂੰ ਚੁੰਧਿਆ ਜਾਵੇ ।
ਤੇ ਮੈਂ ਅੱਖਾਂ ਮੁੰਦ ਲਵਾਂ ।
ਪਰ ਫਿਰ ਮੈਂ ਉਸ ਬਿਜਲੀ ਦੇ ਚਮਕਾਰੇ
ਤੇ ਤੁਹਾਡੇ ਆਪਣੇ ਪ੍ਰਕਾਸ਼ ਦੇ ਸ਼ਕਤੀਸ਼ਾਲੀ ਅੰਤਰ ਨੂੰ
ਕਿਵੇਂ ਪਛਾਣਾਂ ?
ਜਾਂ ਇਹ ਮੇਰੇ ਹੋਠਾਂ ਉਤੇ ਤੁਹਾਡੇ ਹੋਠਾਂ ਦੇ
ਚੁੰਮਣਾਂ ਦਾ ਆਭਾਸ ਹੋਵੇ,
ਤਾਂ ਜੋ ਮੈਂ ਇਸ ਨੂੰ ਦੂਜਿਆਂ ਤੋਂ ਨਿਖੇੜ ਸਕਾਂ ।
ਜਾਂ ਇਹ ਆਕਾਸ਼ ਉਤੇ ਤਾਰਿਆਂ ਦੇ ਚੜ੍ਹਨ ਸਮਾਨ ਹੋਵੇ ।
ਪਰ ਫਿਰ ਆਕਾਸ਼ ਉਤੇ ਤਾਰਿਆਂ ਦੇ ਚੜ੍ਹਨ
ਤੇ ਤੁਹਾਡੇ ਆਉਣ ਦੇ ਪ੍ਰਕਾਸ਼ ਦੇ ਅੰਤਰ ਨੂੰ
ਮੈਂ ਕਿਵੇਂ ਜਾਣ ਸਕਾਂ ?
ਜਾਂ ਫਿਰ ਮੇਰੇ ਸੁਆਮੀ !
ਇਹ ਕੋਈ ਐਸੀ ਨਿਸ਼ਾਨੀ ਹੋਵੇ
ਜੋ ਬਾਹਰੀ ਸੰਸਾਰ ਦੇ ਚਿੰਨ੍ਹਾਂ ਤੋਂ
ਮੂਲੋਂ ਨਿਆਰੀ ਹੋਵੇ ।

ਮੇਰੇ ਸੁਆਮੀ !

ਕੋਈ ਐਸੀ ਨਿਸ਼ਾਨੀ ਦਸੋ
ਕਿ ਜਦੋਂ ਤੁਸੀਂ ਆਵੋ ਮੇਰੇ ਕੋਲ
ਤਾਂ ਮੈਂ ਇਕਦਮ ਨਵ-ਨਵੇਲੀ ਹੋ ਕੇ
ਤੁਹਾਡੇ ਦਰਸ਼ਨ ਪਾਵਾਂ,
ਹਲਕੀ ਫੁਲਕੀ, ਪੁਨੀਤ ਪਵਿੱਤਰ,
ਨ੍ਹਾਤੀ ਧੋਤੀ, ਮਹਿਕਾਂ ਲੱਦੀ, ਸ਼ੁਧ ਰੂਪ ਵਿਚ,
ਐਸਾ ਮੇਰਾ ਅੰਦਰ ਹੋਵੇ
ਤੇ ਇਸ ਦਾ ਕੇਵਲ ਮੈਨੂੰ ਹੀ ਆਭਾਸ ਹੋਵੇ,
ਹੋਰ ਕਿਸੇ ਦੂਜੇ ਨੂੰ ਨਹੀਂ ।
ਤੇ ਜਦੋਂ ਮੈਨੂੰ ਹੋ ਜਾਵੇ ਗਿਆਤ
ਤੁਹਾਡੇ ਆਉਣ ਦੀ
ਤਾਂ ਮੇਰੇ ਜੁੱਸੇ ਅੰਦਰੋਂ
ਕਲੀਆਂ ਦੀ ਮਹਿਕ ਤੇ ਗੁਲਾਬਾਂ ਦੀ ਖ਼ੁਸ਼ਬੋ
ਗੀਤ ਦੇ ਰੂਪ ਵਿਚ ਪਸਰ ਜਾਵੇ ਚਾਰ ਚੁਫੇਰੇ ।
ਤੇ ਕੁਝ ਇਹ ਤਰ੍ਹਾਂ ਦਾ ਹੋਵੇ ਨਿਸ਼ਚਿਤ ਵਿਹਾਰ
ਕਿ ਮੈਂ ਬਾਹਰੀ ਦੁਨੀਆਂ ਕੋਲੋਂ ।
ਆਪਣੇ ਅੰਦਰ ਦੇ ਸਭ ਭਿਤ ਢੋਅ ਕੇ
ਕੇਵਲ ਤੁਹਾਡੀ ਛੁਹ ਨੂੰ ਮਾਣਾਂ
ਤੇ ਇੰਝ ਕੋਈ ਵੀ ਨਾ ਜਾਣ ਸਕੇ
ਕਿ ਮੈਂ ਆਪਣੇ ਅੰਦਰ ਦੇ ਬੂਹੇ
ਕਿਉਂ ਹੋਰ ਲੋਕਾਂ ਲਈ ਨਹੀਂ ਖੋਲ੍ਹਦੀ ।

(੩)

ਮੇਰੇ ਸੁਆਮੀ !
ਮੈਂ ਆਪਣੇ ਅੰਦਰ
ਤੁਹਾਡੀ ਬਖ਼ਸ਼ੀ ਹੋਈ ਚਿਟਾਈ ਉਤੇ ਲੇਟੀ ਹੋਵਾਂ
ਤੇ ਮੈਨੂੰ ਇਹੋ ਪਤਾ ਹੋਵੇ

ਕਿ ਤੁਹਾਡੇ ਬਿਨਾਂ ਹੋਰ ਕੋਈ ਵੀ
ਮੇਰੇ ਕੋਲ ਨਹੀਂ ਹੈ ਇਥੇ,
ਤੇ ਮੈਂ ਇਸ ਤਰ੍ਹਾਂ ਤੁਹਾਡੀ ਉਡੀਕ ਕਰਾਂ
ਤੇ ਤੁਸੀਂ ਮੇਰੇ ਕੋਲ ਕੁਝ ਪਲਾਂ ਲਈ ਆਉ,
ਜੇ ਇਸ ਤਰ੍ਹਾਂ ਦਾ ਸੁਭਾਗ ਮੈਨੂੰ ਮਿਲੇ
ਤਾਂ ਮੇਰੇ ਸੁਆਮੀ !
ਇਹ ਮੇਰੇ ਲਈ ਸਦੀਵੀ ਆਨੰਦ ਬਣ ਜਾਵੇ !

(੪)

ਤੁਹਾਡੀ ਯਾਦ ਦੀ ਮਸਤੀ ਵਿਚ ਮੇਰੇ ਅੱਧ-ਮੁੰਦੇ ਨੈਣ
ਖੀਵੇ ਹੋਣ ਤੇ ਤੁਹਾਡੇ ਨਾਮ ਦੀ ਧੁਨੀ
ਮੇਰੇ ਅੰਦਰ ਗੂੰਜ ਰਹੀ ਹੋਵੇ,
ਤੇ ਇਸ ਮਸਤੀ ਵਿਚ ਮੇਰੇ ਪੈਰ ਡਗਮਗਾ ਰਹੇ ਹੋਣ
ਤੇ ਇੰਝ ਜਾਪੇ ਕਿ ਮੈਂ ਹੁਣੇ ਡਿਗੀ ਕਿ ਡਿਗੀ ।

(੫)

ਭਾਵੇਂ ਮੈਂ ਕੁਝ ਨਹੀਂ ਜਾਣਦੀ,
ਪਰ ਮੇਰੇ ਸੁਆਮੀ !
ਤੁਸੀਂ ਕਿਰਪਾਲੂ ਤੇ ਦਿਆਲੂ ਹੋ !
ਤੁਸੀਂ ਮੇਰੇ ਪ੍ਰਭੂ ਪ੍ਰੀਤਮ ਹੋ !
ਇਸ ਆਨੰਦਮਈ ਅਕਹਿ ਅਵਸਥਾ ਵਿਚੋਂ
ਮੇਰਾ ਉਠਣ ਨੂੰ ਜੀਅ ਨਹੀਂ ਕਰਦਾ ।
ਪਰ ਮੇਰੇ ਪ੍ਰੀਤਮ !
ਜੇ ਤੁਸੀਂ ਮੈਨੂੰ ਉਭਾਰਨਾ ਚਾਹੁੰਦੇ ਹੋ
ਤਾਂ ਮੇਰੇ ਹੱਥ ਵਿਚ ਇਕ ਐਸਾ ਹਥੌੜਾ
ਤੇ ਬਿਜਲੀ ਦੀ ਸ਼ਕਤੀ ਬਖ਼ਸ਼ੋ
ਜਿਸ ਨਾਲ ਮੈਂ ਤੁਹਾਡਾ ਨਾਂ ਚੱਟਾਨਾਂ ਤੇ ਨਦੀਆਂ ਉਤੇ
ਉਕਰ ਸਕਾਂ,
ਜਾਂ ਮੈਨੂੰ ਉਹ ਮੁਸਕਾਨ ਬਖ਼ਸ਼ੋ

ਜਿਸ ਦੁਆਰਾ ਮੈਂ ਸਾਰੇ ਸੰਸਾਰ ਦੇ
ਇਸਤਰੀ ਪੁਰਸ਼ਾਂ ਵਿਚ
ਤੁਹਾਡੇ ਨਾਂ ਦੀ ਸ਼ਾਨ ਨੂੰ ਉਜਾਗਰ ਕਰ ਸਕਾਂ,
ਜਾਂ ਮੈਨੂੰ ਆਪਣੇ ਅਖੁਟ ਭੰਡਾਰੇ ਵਿਚੋਂ
ਉਹ ਪ੍ਰਸ਼ਾਦਾ ਬਖ਼ਸ਼ੋ
ਜਿਸ ਨੂੰ ਮੈਂ ਪ੍ਰਸ਼ਾਦ ਰੂਪ ਵਿਚ ਵੰਡ ਸਕਾਂ
ਤੇ ਮੈਂ ਪਸ਼ੂ ਪੰਛੀਆਂ ਤੇ ਮਨੁੱਖਾਂ ਦੇ
ਭੰਡਾਰਾਂ ਨੂੰ ਭਰਪੂਰ ਕਰ ਦੇਵਾਂ,
ਜਿਸ ਨੂੰ ਪ੍ਰਾਪਤ ਕਰਕੇ
ਉਹ ਜੀਵਨ ਦੀ ਪੂਰਨਤਾ ਦੇ ਆਨੰਦ ਨੂੰ ਮਾਣ ਸਕਣ
ਤੇ ਤੁਹਾਡੀ ਇਸ ਅਨੰਤ ਦਾਤ ਦੇ ਗੁਣਾਂ ਦਾ ਗਾਣ
'ਰਾਗ ਰਤਨ 'ਪਰਵਾਰ ਪਰੀਆ' ਦੇ ਰੂਪ ਵਿਚ
ਗਾ ਸਕਣ ।
ਜੇ ਤੁਹਾਡੀ ਰਜ਼ਾ ਇੰਝ ਨਹੀ
ਤਾਂ ਮੈਨੂੰ ਆਪਣੀ ਉਸ ਸੰਜੋਗੀ ਮਿਲਣੀ ਦੇ
ਇਕਾਂਤ ਆਨੰਦ ਵਿਚ ਹੀ ਵਿਚਰਨ ਦਿਉ;
ਤਾਂ ਜੋ ਮੈਂ ਇਸੇ ਸੰਜੋਗੀ ਮੇਲ ਦੇ ਆਨੰਦ ਨੂੰ ਮਾਣਦੀ ਰਹਾਂ ।

14. ਗੁਰੂ ਮਨੁੱਖ ਦਾ ਤਿਲ ਤਿਲ ਕਰੇ ਨਿਰਮਾਣ

ਗੁਰੂ ਮਨੁੱਖ ਦਾ ਤਿਲ ਤਿਲ ਕਰਕੇ ਕਰੇ ਨਿਰਮਾਣ,
ਮਨੁੱਖ ਜੋ ਇਛਾਵਾਂ ਦੀਆਂ ਰੇਤੜਾਂ ਅੰਦਰ
ਖਿੰਡਰਿਆ-ਪੁੰਡਰਿਆ ਹੋਇਆ,
ਰੱਬ ਤੋਂ ਬਾਹਰੇ ਹੋਰ ਮਨੋਰਥ
ਕਈ ਉਸ ਨੇ ਧਾਰੇ,
ਆਪਣੇ 'ਕਰਤੇ' ਤਾਂਈਂ ਵਿਸਾਰ
ਉਹ ਕਦੀ ਵੀ ਪੂਰਨ ਨਾ ਹੁੰਦਾ
ਪਰ
ਗੁਰੂ ਦਾ ਤਿਲ-ਤਿਲ ਘੜਿਆ ਨਵਾਂ ਮਨੱਖ
ਕਦੇ ਨਾ ਜਾਣੇ ਆਪਣਾ ਸਭ ਕੁਛ,
ਇਹੋ ਪਛਾਣੇ
ਕਿ ਹਰ ਇਕ ਵਸਤ ਉਸ ਦੀ
ਗੁਰੂ ਦੀ ਹੋਈ,
ਹੁਣ ਉਸ ਦਾ ਕੁਝ ਵੀ ਨਹੀਂ ਹੁੰਦਾ ਆਪਣਾ
ਸਭ ਕੁਝ ਗੁਰੂ ਦੇ ਅਰਪਨ,
ਨਾ ਉਸ ਦਾ ਸਿਰ ਹੁੰਦਾ ਆਪਣਾ,
ਨਾ ਉਸ ਦਾ ਦਿਲ,
ਨਾ ਉਸ ਦੇ ਸਭ ਅੰਗ,
ਇਕ ਇਕ ਰੋਮ ਉਸ ਦਾ
ਕੁਝ ਵੀ ਹੁਣ ਨਹੀਂ ਆਪਣਾ,
ਨਾ ਕੋਈ ਇਕ ਅੱਧ ਤਿਣਕਾ
ਜਿਸ ਨੂੰ ਉਹ ਆਪਣਾ ਸਮਝ ਸੀ ਬੈਠਾ ।
ਇਸ ਵਿਸ਼ਾਲ ਸੰਸਾਰ ਵਿਚ ਉਸ ਨੂੰ
'ਵਾਹਿਗੁਰੂ' ਵਿਆਪਕ ਦਿਸਦਾ,
ਉਸ ਲਈ 'ਵਾਹਿਗੁਰੂ' ਹੁਣ ਸਭ ਕੁਝ,
ਇਸ ਤਰ੍ਹਾਂ ਗੁਰੂ ਦਾ
ਤਿਲ-ਤਿਲ ਘੜਿਆ ਇਹ ਮਨੁੱਖ

ਆਪਣੇ ਅੰਦਰ ਸਦਾ ਜਾਗਦਾ ।
ਇਹੋ ਸਰਬ-ਸਾਧਾਰਨ ਮਨੁੱਖ
ਬਣ ਜਾਂਦਾ 'ਕਰਤਾਰ',
ਜਿਸ ਦੀ ਹੋਣੀ
ਸਭ ਮਨੁੱਖਾਂ ਦੀ ਸਾਂਝੀ ਹੋਣੀ ਬਣਦੀ,
ਆਪਣੀ ਰੋਜ਼ੀ ਰੋਟੀ ਖ਼ਾਤਰ ਕਿਰਤ ਕਮਾਂਦਾ
ਤੇ ਮੁੜ੍ਹਕਾ ਆਪਣਾ ਵਹਾਉਂਦਾ,
ਧਰਤੀ ਉਤੇ ਹਲ ਚਲਾ ਕੇ
ਪਾਵੇ ਉਸ ਨਾਲ ਸਾਂਝ,
ਬੀਜ ਬੀਜ ਕੇ ਫ਼ਸਲ ਉਗਾਉਂਦਾ
ਜੋ ਧੁੱਪ ਸੁਨਹਿਰੀ ਵਿਚ ਝੂੰਮਦੀ ਤੇ ਲਹਿਰਾਂਦੀ,
ਜਦ ਉਹ ਪਕਦੀ
ਦਾਣਾ ਦਾਣਾ ਜੋੜ
ਉਹ ਬੋਹਲ ਬਣਾਉਂਦਾ,
ਰਿਜ਼ਕ ਕਮਾਉਂਦਾ,
ਪਰ ਇਹ ਸਭ ਕੁਝ
ਆਪਣੇ ਨਿਜ ਲਈ
ਨਹੀਂ ਉਹ ਕਰਦਾ ।
ਇਹ ਸਭ ਕਰਦਾ ਕਾਰ
ਉਹ ਆਪਣੇ 'ਸਾਂਈਂ' ਰੱਬ ਸੱਚੇ ਲਈ ।
ਸਿਮਰਨ ਦੇ ਵਿਚ ਰੱਤੇ ਇਸ ਜਨ ਲਈ
ਨਹੀਂ ਕੋਈ ਕਰਮ ਦਾ ਬੰਧਨ,
ਕਿਉਂ ਜੋ
'ਨਾਮ' ਦੇ ਮਹਾਂ ਆਨੰਦ ਵਿਚ ਖੀਵਾ
ਉਹ ਤਾਂ ਆਪਣੇ ਬਾਰੇ ਕੇਵਲ ਅਰਧ-ਸੁਚੇਤ,
ਇਸ ਧਰਤੀ ਦੇ ਜੀਵਨ ਬਾਰੇ
ਉਹ ਬਸ ਇਤਨਾ ਹੀ ਜਾਣੇ
ਕਿ ਇਹ ਸਭ ਕੁਝ ਹੈ
ਰੱਬ ਸੱਚੇ ਦੀ ਹੁਕਮੀ ਖੇਡ ।

15. ਭਾਈ ਲਾਲੋ

ਭਾਈ ਲਾਲੋ
ਗੁਰੂ ਨਾਨਕ ਜੀ ਦਾ ਸਿਖ,
ਐਮਨਾਬਾਦ ਦਾ ਤਰਖਾਣ,
ਪੰਜਾਬ ਦੇ ਪਿੰਡ ਵਿਚ ਰਹਿੰਦਾ,
ਕਈ ਵਾਰ ਗੁਰੂ ਜੀ
ਭਾਈ ਲਾਲੋ ਦੇ ਪ੍ਰਾਹੁਣੇ ਬਣਦੇ ।
ਜਦੋਂ ਇਸ ਇਲਾਕੇ ਦੇ
ਹਾਕਮ ਮਲਕ ਭਾਗੋ ਨੇ
ਗੁਰੂ ਜੀ ਨੂੰ ਨਿਉਤਾ ਦਿਤਾ
ਤਾਂ ਉਨ੍ਹਾਂ ਨੇ ਉਸ ਦੇ
ਬ੍ਰਹਮ ਭੋਜ ਤੇ ਜਾਣ ਤੋਂ
ਇਨਕਾਰ ਕਰ ਦਿਤਾ ।
ਜਦੋਂ ਮਲਕ ਭਾਗੋ ਨੇ ਉਨ੍ਹਾਂ ਦੀ
ਜਵਾਬ ਤਲਬੀ ਕੀਤੀ
ਤਾਂ ਗੁਰੂ ਜੀ ਨੇ
ਮਲਕ ਦੇ ਪਕਵਾਨ ਮੰਗਵਾ ਲਏ
ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵੀ ਮੰਗਵਾ ਲਈ ।
ਗੁਰੂ ਜੀ ਨੇ ਇਕ ਆਪਣੇ ਖੱਬੇ ਹੱਥ ਵਿਚ
ਤੇ ਦੂਜੇ ਨੂੰ ਆਪਣੇ ਸੱਜੇ ਹੱਥ ਵਿਚ ਫੜ ਕੇ ਘੁਟਿਆ ।
ਕਹਿੰਦੇ ਹਨ,
ਮਲਕ ਭਾਗੋ ਦੇ ਪਕਵਾਨਾਂ ਵਿਚੋਂ ਲਹੂ ਦੀਆਂ ਬੂੰਦਾਂ ਡਿਗੀਆਂ
ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਦੀ ਧਾਰ ਵਗੀ ।

16. ਭਾਈ ਤਾਰੂ ਸਿੰਘ

ਭਾਈ ਤਾਰੂ ਸਿੰਘ ਦਸਮ ਪਾਤਸ਼ਾਹ ਦਾ ਸਿਖ,
ਜੋ ਮਾਝੇ ਦੇ ਪੂਲੇ ਪਿੰਡ ਵਿਚ ਰਹਿੰਦਾ ।
ਉਹ ਸੁੱਚੀ ਕਿਰਤ ਕਰਦਾ
ਅਤੇ ਆਪਣੀ ਭੈਣ ਨੂੰ ਵੀ
ਇਸ ਕਿਰਤ ਦਾ ਭਾਈਵਾਲ ਬਣਾਉਂਦਾ ।
ਇਸ ਕਿਰਤ ਵਿਚੋਂ ਉਸ ਨੂੰ
ਮਹਾਂ-ਆਨੰਦ ਪ੍ਰਾਪਤ ਹੁੰਦਾ ।
ਇਹ ਦੋਵੇਂ ਭੈਣ-ਭਰਾ
ਗੁਰੂ ਦੇ ਸਿਮਰਨ ਵਿਚ ਮਗਨ
ਗੁਰੂ-ਚਰਨਾਂ ਨਾਲ ਜੁੜੇ ਰਹਿੰਦੇ
ਤੇ ਨਿਹਚਾਵਾਨ ਸੱਚੇ ਗੁਰਸਿਖਾਂ ਦਾ ਜੀਵਨ ਬਿਤਾਂਦੇ ।
ਆਪਣੀ ਕਿਰਤ ਦੀ ਘਾਲ ਨੂੰ
ਉਹ ਦੂਜੇ ਗੁਰਸਿਖਾਂ ਨਾਲ ਵੰਡ ਕੇ ਛਕਦੇ ।
ਭਾਈ ਤਾਰੂ ਸਿੰਘ ਨੂੰ ਰਾਜਨੀਤਕ ਦੋਸ਼ ਵਿਚ
ਸ਼ੱਕੀ ਸਮਝ ਗ੍ਰਿਫ਼ਤਾਰ ਕੀਤਾ ਗਿਆ,
ਜਿਸ ਉਤੇ ਸੂਬੇ ਦੇ ਹਾਕਮ ਵਲੋਂ
ਇਹ ਦੋਸ਼ ਲਾਇਆ ਗਿਆ
ਕਿ ਉਹ ਆਪਣੇ ਘਰ ਵਿਚ ਬਾਗ਼ੀ ਸਿਖਾਂ ਨੂੰ
ਸ਼ਰਨ ਦਿੰਦਾ ਹੈ ।
ਉਸ ਸਮੇਂ ਦੇ ਲਾਹੌਰ ਦੇ ਹਾਕਮ ਨੇ
ਮਾਨਵ-ਮਾਤਰ ਦੇ ਸੱਚੇ ਭਾਈ ਨੂੰ
ਜੀਉਂਦੇ ਹੀ ਖੋਪਰੀ ਲੁਹਾਉਣ ਦਾ ਦੰਡ ਦਿਤਾ ।
ਪਰ ਉਹ ਤਾਂ ਅਮਰ ਹੋ ਚੁਕਾ ਸੀ !
ਮਹਾਂ-ਆਨੰਦ ਦਾ ਅੰਮ੍ਰਿਤ-ਸਰੋਵਰ ਸੀ !
ਭਾਈ ਤਾਰੂ ਸਿੰਘ !

ਤੇਰਾ ਹਿਰਦਾ ਗੁਰੂ ਦਾ ਹਰਿਮੰਦਰ ਹੈ,
ਜੋ ਇਕ ਮਾਣਕ ਹਾਰ ਤੇਰੇ ਅੰਦਰ ਇਸਥਿਤ ਹੈ !
ਤੇਰੇ ਜੀਵਨ ਦੇ ਗੁੰਬਦਾਂ ਵਿਚ
ਸ਼ਾਨਦਾਰ ਗਾਇਕ ਦਾ ਨਾਦ ਗੂੰਜ ਰਿਹਾ ਹੈ
ਅਤੇ ਤੂੰ ਖ਼ੁਸ਼ੀ ਤੇ ਅਨੰਦ ਵਿਚ ਖੀਵਾ
ਉਸ ਪ੍ਰਭੂ ਦੇ ਮਹਾਂ-ਕੀਰਤਨ ਨੂੰ ਸੁਣ ਰਿਹਾ ਹੈਂ ।
ਪਰਮਾਨੰਦ ਦੀ ਵਿਸਮਾਦੀ ਮਸਤੀ ਵਿਚ
ਤੂੰ ਨੀਲੇ ਆਕਾਸ਼ ਦੇ ਪ੍ਰਕਾਸ਼-ਮੰਡਲ ਵਿਚ ਸੁਭਾਇਮਾਨ
ਉਨ੍ਹਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਰਿਹਾ ਹੈਂ,
ਜੋ ਗੁਰੂ ਦੇ ਸੱਚੇ ਸ਼ਹੀਦ ਮੁਰੀਦ ਹਨ ।
ਤੂੰ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਸੁਣ ਰਿਹਾ ਹੈਂ,
ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ
ਕਿ ਉਨ੍ਹਾਂ ਨੂੰ ਖ਼ਤਮ ਕਰ ਦਿਤਾ ਗਿਆ ਸੀ ।
ਉਸੇ ਮੰਡਲ ਵਿਚ ਤੂੰ ਉਨ੍ਹਾਂ ਮਹਾਂਪੁਰਸ਼ਾਂ ਨੂੰ ਮਿਲ ਰਿਹਾ ਹੈਂ,
ਜਿਨ੍ਹਾਂ ਬਾਰੇ ਕੋਈ ਨਹੀਂ ਜਾਣਦਾ
ਅਤੇ ਜਿਨ੍ਹਾਂ ਹਾਲੀ ਪ੍ਰਗਟ ਹੋਣਾ ਹੈ ।
ਇਸ ਅੰਤਰੀਵ ਧਿਆਨੀ-ਦ੍ਰਿਸ਼ਟੀ ਨੇ
ਤੈਨੂੰ ਮੋਨ ਹੋ ਜਾਣ ਲਈ ਪ੍ਰੇਰਿਤ ਕੀਤਾ ਹੈ ।
ਕੌਣ ਤੇਰੀ ਅੰਤਰ-ਦ੍ਰਿਸ਼ਟੀ ਤੇ ਚਿੰਤਨ ਨੂੰ ਲਖ ਸਕਦਾ ਹੈ ?
ਜੇ ਕੋਈ ਤੈਨੂੰ ਉਨ੍ਹਾਂ ਬਾਰੇ ਪੁਛਦਾ ਵੀ ਹੈ
ਤਾਂ ਤੈਨੂੰ ਆਪ ਪਤਾ ਨਹੀਂ ਲਗਦਾ
ਕਿ ਤੂੰ ਉਨ੍ਹਾਂ ਨੂੰ ਕੀ ਉਤਰ ਦੇਵੇਂ !
ਅਰਧ-ਮੁੰਦੇ ਨੈਣਾਂ 'ਤੇ ਚੌਕੜੀ ਮਾਰ ਕੇ ਬੈਠਾ
ਤੂੰ ਆਪਣੀ ਕਿਰਤ ਦੀ ਘਾਲ ਤੇ ਪਿਆਰ
ਹਾਲੀ ਵੀ ਆਪਣੇ ਸਾਥੀਆਂ ਨੂੰ ਵੰਡ ਰਿਹਾ ਹੈਂ ।
ਤੂੰ ਤਾਂ ਭੰਵਰੇ ਵਾਂਗ ਕੰਵਲ ਫੁੱਲ 'ਤੇ ਮਸਤ ਬੈਠਾ ਹੈਂ ।
ਸੰਸਾਰ ਦੇ ਹਾਕਮਾਂ ਨੇ ਤੈਨੂੰ ਬਾਗ਼ੀ ਕਿਹਾ,

ਜਮੂਰਾਂ ਨਾਲ ਤੇਰੀ ਖੱਲ ਉਧੇੜੀ
ਤੇ ਜਿਉਂਦਿਆਂ ਹੀ ਤੇਰੀ ਖੋਪਰੀ ਉਤਾਰੀ ।
ਤੂੰ ਉਨ੍ਹਾਂ ਬਧਿਆੜਾਂ ਨੂੰ ਕੀ ਉੱਤਰ ਦੇਂਦਾ
ਜੋ ਕੇਵਲ ਸ਼ਿਕਾਰ ਨੂੰ ਪਾੜਨਾ ਹੀ ਜਾਣਦੇ ਹਨ ।
ਤੂੰ ਉਸੇ ਸ਼ਾਂਤੀ ਨਾਲ ਜੀਵਨ ਦੀ ਖੇਡ
ਸਮਾਪਤ ਕੀਤੀ, ਸ਼ਹੀਦੀ ਪਾਈ,
ਜਿਵੇਂ ਕਿ ਤੇਰਾ ਜੀਵਨ ਪਹਿਲਾਂ ਹੀ ਸ਼ਾਂਤ,
ਵਿਸ਼ਾਲ ਤੇ ਅਸਗਾਹ ਬਣ ਚੁਕਾ ਸੀ ।

17. ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਉੱਤੇ
ਲਾਹੌਰ ਦੇ ਜ਼ਾਲਮ ਹਾਕਮਾਂ ਨੇ
ਬੜਾ ਜਬਰ ਕੀਤਾ ।
ਉਨ੍ਹਾਂ ਨੂੰ ਕੁਹਾੜੇ ਨਾਲ
ਅੰਗ-ਅੰਗ ਕਟ ਦੇਣ ਦੀ
ਸਜ਼ਾ ਸੁਣਾਈ ।
ਪਰ ਭਾਈ ਸਾਹਿਬ ਨੇ ਬੜਾ ਹਠ ਕੀਤਾ
ਕਿ ਉਨ੍ਹਾਂ ਦਾ ਬੰਦ-ਬੰਦ ਕਟਿਆ ਜਾਵੇ ।
ਜਦੋਂ ਇਹ ਅਮਾਨਵੀ ਦੰਡ ਦਿਤਾ ਜਾ ਰਿਹਾ ਸੀ
ਤਾਂ ਭਾਈ ਸਾਹਿਬ ਬੜੇ ਸ਼ਾਂਤ-ਚਿਤ ਹੋ
'ਵਾਹਿਗੁਰੂ ! ਵਾਹਿਗੁਰੂ !!' ਦਾ ਜਾਪ ਕਰ ਰਹੇ ਸਨ ।
ਇਸ ਪ੍ਰਭੂ ਨਾਮ ਦੀ ਧੁਨੀ ਦਾ ਸੰਗੀਤ
ਉਨ੍ਹਾਂ ਦੇ ਅੰਦਰ ਓਨਾ ਚਿਰ ਚਲਦਾ ਰਿਹਾ
ਜਿੰਨਾ ਚਿਰ ਤਕ ਕਿ ਜ਼ਾਲਮਾਂ ਨੇ
ਉਨ੍ਹਾਂ ਦੇ ਸੀਸ ਨੂੰ ਧੜ ਤੋਂ ਵੱਖ ਨਹੀਂ ਸੀ ਕਰ ਦਿਤਾ ।
ਇਹ ਸਮਰਪਣ ਦੀ ਪਰਮ-ਸੁੰਦਰ ਆਤਮਾ,
ਸ੍ਰਿਸ਼ਟੀ ਦੇ ਜੀਵਨ-ਰਹੱਸ ਦੇ
ਪਰਬਤਾਂ ਦੀ ਉਚਤਮ ਚੋਟੀ
ਜੋ ਆਪਣੇ ਬਰਫ਼ਾਂ ਵਰਗੀ
ਪਵਿੱਤਰ ਆਤਮਾ ਦੇ ਪੁਸ਼ਪਾਂ ਨੂੰ
ਗੁਰੂ ਗੋਬਿੰਦ ਸਿੰਘ ਦੇ
ਚਰਨਾਂ ਉਤੇ ਭੇਟ ਕਰਦੀ ।
ਇਹ ਇਤਨੀ ਉਚੀ;
ਇਝ ਪ੍ਰਤੀਤ ਹੁੰਦਾ
ਕਿ ਜਿਵੇਂ ਇਹ
ਇਸ ਕੁੜਾਵੇ ਸੰਸਾਰ ਦਾ ਅੰਤਮ ਸਿਰਾ ਹੋਵੇ ।
ਤੁਹਾਡਾ ਸਮੱਗਰ ਆਪਾ

ਉਨ੍ਹਾਂ ਉਹੋ ਮੰਡਲਾਂ ਵਿਚ ਨਿਵਾਸ ਰਖਦਾ
ਜਿਥੋਂ ਇਹ ਸੰਸਾਰ ਇਕ ਟਿਮਕਣਾ ਦਿਸਦਾ ।
ਭਾਈ ਮਨੀ ਸਿੰਘ ਜੀ !
ਸ੍ਰੀ ਅੰਮ੍ਰਿਤਸਰ ਦੇ ਹਰਿਮੰਦਰ ਦੇ ਪ੍ਰਮੁਖ ਗ੍ਰੰਥੀ,
ਜਿਨ੍ਹਾਂ ਦੇ ਆਸਨ ਹੇਠੋਂ
ਸਹੰਸਰ ਜੀਵਨ ਦੇ ਸੋਮੇ ਫੁਟਦੇ !
ਭਾਈ ਮਨੀ ਸਿੰਘ ਜੀ !
ਤੁਸੀਂ ਹਰ ਨੈਣ ਲਈ ਇਕ ਅਨੁਪਮ ਵਿਸਮਾਦ !
ਸੰਸਾਰ ਦੀਆਂ ਪਾਤਸ਼ਾਹੀਆਂ ਨੇ
ਵਿਅਰਥ ਤੁਹਾਡੀ ਆਤਮਾ ਦੀ ਸ਼ਾਂਤੀ ਨੂੰ
ਭੰਗ ਕਰਨ ਦਾ ਯਤਨ ਕੀਤਾ ।
ਇਸ ਧਰਤੀ ਉਤੇ
ਕੁਹਾੜਾ ਤੁਹਾਡੇ ਬੰਦ ਬੰਦ ਉਤੇ ਠਾਹ ਠਾਹ ਵਜਦਾ
ਪਰ ਤੁਹਾਡੀ ਆਤਮਾ ਦੇ ਮਹਾਂ ਸੰਗੀਤ ਦੇ
ਮਧੁਰ ਤਾਲ ਤੇ ਸੁਰ
ਪ੍ਰਭੂ ਦੇ ਕੰਨਾਂ ਤਕ ਸੁਣਾਈ ਦਿੰਦੇ !
ਉਸ ਪ੍ਰਭੂ ਪ੍ਰੀਤਮ ਦੀ ਵਿਸਮਾਦੀ ਸ਼ਾਨ ਨੂੰ
ਵਾਹ ! ਵਾਹ ! ਵਾਹੁ ! ਵਾਹੁ !

੧੮. ਸਢੌਰੇ ਦਾ ਬੁਧੂ ਸ਼ਾਹ, ਉਸ ਦੀ ਪਤਨੀ ਨਸੀਰਾਂ ਤੇ ਨਸੀਰਾਂ ਦਾ ਭਰਾ ਸੈਦ ਖ਼ਾਨ

(ਹੇਠਲੀ ਰਚਨਾ ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਉਪਰ ਆਧਾਰਤ ਹੈ ।)

(ਬੁਧੂਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਅਤਿ ਪਿਆਰਾ ਮੁਰੀਦ ਸੀ । ਗੁਰੂ ਜੀ ਦੀ ਖ਼ਾਤਰ ਉਸ ਦੇ ਦੋ ਪੁੱਤਰ ਲੜਦੇ ਹੋਏ ਸ਼ਹੀਦ ਹੋ ਗਏ ਸਨ । ਧਿਆਨੀ ਅਵਸਥਾ ਵਿਚ ਉਸ ਦੀ ਪਤਨੀ ਨਸੀਰਾਂ ਨੂੰ ਗੁਰੂ ਜੀ ਨੇ ਉਪਦੇਸ਼ ਕੀਤਾ ਸੀ ਅਤੇ ਆਪਣੇ ਪੁੱਤਰਾਂ ਦੀ ਸ਼ਹਾਦਤ ਪਿਛੋਂ ਉਹ ਵੀ ਗੁਰੂ ਜੀ ਉਤੇ ਅਥਾਹ ਭਰੋਸਾ ਰਖਣ ਲਗ ਪਈ ਸੀ । ਉਹ ਵੀ ਗੁਰੂ ਜੀ ਨੂੰ ਆਪਣੇ ਪਤੀ ਦੀ ਤਰ੍ਹਾਂ ਪ੍ਰੇਮ ਕਰਦੀ ਸੀ । ਸੈਦ ਖ਼ਾਨ ਉਸ ਦਾ ਭਰਾ ਸੀ । ਇਕ ਪੱਤਰ ਨਸੀਰਾਂ ਨੇ ਆਪਣੇ ਭਰਾ ਸੈਦ ਖ਼ਾਨ ਨੂੰ ਲਿਖਿਆ ਸੀ । ਸੈਦ ਖ਼ਾਨ ਉਸ ਸਮੇਂ ਗੁਰੂ ਜੀ ਦੇ ਨਾਲ ਨੰਦੇੜ (ਦੱਖਣ) ਵਿਚ ਸੀ । ਗੁਰੂ ਜੀ ਨੇ ਇਹ ਪੱਤਰ ਹੰਝੂ ਭਰੇ ਨੈਣਾਂ ਨਾਲ ਪੜ੍ਹਿਆ ਸੀ ਅਤੇ ਇਸ ਪਰਿਵਾਰ ਨੂੰ ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਵੱਡੀ ਬਖ਼ਸ਼ਸ਼ ਕੀਤੀ ਸੀ ।)

ਸਢੌਰੇ ਦਾ ਬੁਧੂ ਸ਼ਾਹ

ਜਦੋਂ ਤੁਹਾਡੇ ਬੋਲ ਵਿਸਮਾਦ ਦੇ ਸਾਗਰ ਵਿਚ ਡੁੱਬ ਗਏ,
ਜਦੋਂ ਤੁਹਾਡੇ ਹੱਥ ਪਸਲੀਆਂ ਕੋਲ ਜਾ ਡਿਗੇ,
ਤੁਹਾਡਾ ਸਰੀਰ ਦਰਿਆ ਦੇ ਕੰਢੇ
ਉਸ ਵਿਅਕਤੀ ਦੇ ਬਸਤਰਾਂ ਸਮਾਨ ਪਿਆ ਸੀ,
ਜੋ ਨਦੀ ਵਿਚ ਇਸ਼ਨਾਨ ਕਰਨ ਜਾਂਦਾ ਹੈ,
ਤੁਹਾਡੇ ਮੁੰਦ-ਨੈਣਾਂ ਨੇ ਆਤਮ-ਮੰਡਲ ਦਾ
ਅਲੌਕਿਕ ਦ੍ਰਿਸ਼ ਦੇਖਿਆ ।
ਇਥੇ ਸੂਰਜ ਤੇ ਤਾਰੇ,
ਚਾਨਣਾਂ ਦੇ ਚਾਨਣ
ਮਹਾਂ-ਪ੍ਰਕਾਸ਼ ਦੇ ਲਘੂ-ਚੱਕਰ ਹੀ ਦਿਖਾਈ ਦਿੰਦੇ,
ਕਈ ਕਈ ਦਿਨ ਤੁਸੀਂ ਇਸ ਵਿਸਮਾਦੀ ਅਵਸਥਾ ਦਾ
ਆਨੰਦ ਮਾਣਦੇ ਰਹਿੰਦੇ
ਤੇ ਰੂਹ ਦਾ ਸੰਗੀਤ ਤੁਹਾਡਾ ਆਹਾਰ ਹੁੰਦਾ ।

ਹੇ ਯੋਗੇਸ਼ਵਰ !
ਵਿਸਮਾਦ ਦੀ ਇਸ ਮਹਾਂ-ਨਿੰਦਰਾ ਵਿਚ
ਤੁਹਾਡੀ ਧਿਆਨੀ ਦ੍ਰਿਸ਼ਟੀ ਦਾ ਹੋਰ ਪਾਸਾਰ ਹੁੰਦਾ,
ਤੇ ਤੁਹਾਡੀ ਆਤਮਾ ਦੇ ਆਕਾਸ਼ ਵਿਚ
ਮਹਾਂ-ਆਨੰਦ ਦੀਆਂ ਲਹਿਰਾਂ
ਆਕਾਸ਼-ਗੰਗਾ ਦੀ ਤਰ੍ਹਾਂ ਫੈਲ ਜਾਂਦੀਆਂ ।
ਤੁਸੀਂ ਇਸ ਪਰਮ ਸੁੰਦਰ ਮੰਡਲ ਤੋਂ ਜਾਗ ਨਹੀਂ ਸਕਦੇ,
ਜਦੋਂ ਤੁਹਾਡੀ ਇਹ ਨੀਂਦ ਭੰਗ ਹੋ ਜਾਂਦੀ
ਤਾਂ ਇਹ ਸੰਸਾਰ ਤੁਹਾਨੂੰ ਪਰਛਾਵੇਂ ਹਾਰ ਲਗਦਾ ।
ਹੇ ਸਿਮਰਨ ਵਿਚ ਰੱਤੇ ਮਹਾਂ ਸੰਤ !
ਇਸ ਸੰਸਾਰ ਵਿਚ ਵੀ ਤੁਸੀਂ ਸੁਰਤ-ਮੰਡਲ ਦੇ
ਉਸ ਅਲੌਕਿਕ ਦ੍ਰਿਸ਼ ਤੋਂ ਲਿਵ ਨਾ ਤੋੜਦੇ
ਅਤੇ ਗੁਰੂ ਦੇ ਅਖੰਡ-ਜੋਤੀ ਪ੍ਰਕਾਸ਼ ਵਿਚ
ਨਿਰੰਤਰ ਵਿਚਰਦੇ ਰਹਿੰਦੇ ।
ਤੁਹਾਡੇ ਦੋਵੇਂ ਫਰਜੰਦ ਗੁਰੂ ਜੀ ਦੀ ਖ਼ਾਤਰ
ਲੜਦੇ ਲੜਦੇ ਸ਼ਹਾਦਤ ਦਾ ਜਾਮ ਪੀ ਗਏ ।
ਸੱਚ ਸਦਾ ਜੀਉਂਦਾ ਹੈ,
ਅਤੇ ਤੁਹਾਡੀ ਸੱਚ ਲਈ ਨਾ ਮਰਨ ਵਾਲੀ ਭਾਵਨਾ
ਆਪਣੇ ਫਰਜੰਦਾਂ ਦੀ ਮਘਦੀ ਜਵਾਨੀ ਵਿਚ
ਸਦਾ ਪ੍ਰਜਵਲਤ ਹੈ ।
ਪ੍ਰੇਮ ਦੇ ਆਕਾਸ਼ੀ-ਮੰਡਲ ਵਿਚ
ਤੁਹਾਡੇ ਦੋਵੇਂ ਫਰਜੰਦ ਚਾਨਣ ਰੂਪ ਹੋ
ਘੁੰਮਰ ਪਾ ਰਹੇ ਹਨ ।

(ਨਸੀਰਾਂ ਆਪਣੇ ਪੁਤਰਾਂ ਨੂੰ ਮਿਲਦੀ ਹੈ, ਗੁਰੂ ਜੀ ਉਸ ਨੂੰ ਸੁਫ਼ਨੇ ਵਿਚ ਦਰਸ਼ਨ ਦਿੰਦੇ ਹਨ । ਗੁਰੂ ਜੀ ਆਕਾਸ਼ ਵਿਚ ਤਣੇ ਉਸ ਪਰਦੇ ਨੂੰ ਹਟਾ ਦਿੰਦੇ ਹਨ ਅਤੇ ਇਸ ਅਦਭੁਤ ਮੰਡਲ ਵਿਚ ਨਸੀਰਾਂ ਆਪਣੇ ਪੁੱਤਰਾਂ ਨੂੰ ਮਿਲਦੀ ਹੈ ।)

ਪੁੱਤਰ ਕਹਿੰਦੇ ਹਨ :

''ਮਾਤਾ ਜੀ, ਦੁਖੀ ਨਾ ਹੋਵੋ ।
ਜਿਥੇ ਅਸੀਂ ਸਦੀਵੀ ਜਵਾਨੀ ਨੂੰ ਮਾਣਦੇ
ਅਤੇ ਅਖੰਡ ਆਨੰਦ ਵਿਚ ਵਿਚਰਦੇ ਹਾਂ ।
ਜਿਥੇ ਸੱਚਾ ਜੀਵਨ ਸਾਨੂੰ ਪ੍ਰਾਪਤ ਹੋਇਆ ਹੈ,
ਜੋ ਸਹੰਸਰ ਸੂਰਜਾਂ ਦੇ ਪ੍ਰਕਾਸ਼ ਤੋਂ ਵੀ ਵਧੇਰੇ
ਪ੍ਰਕਾਸ਼ਮਾਨ ਹੈ ।
ਸੁਫਨੇ ਦਾ ਊਦਾ ਪਰਦਾ ਹੀ
ਕੇਵਲ ਇਕ ਮਾਤਰ
ਮਨੁੱਖੀ-ਮੰਡਲ ਦਾ ਧੁੰਦਲਾ ਜਿਹਾ ਚਾਨਣ ਹੈ ।
ਕੇਵਲ ਇਹ ਹੀ ਇਥੇ ਮਨੁੱਖੀ ਮਨ ਤਕ
ਪਹੁੰਚਣ ਦਾ ਮੱਧਮ ਜਿਹਾ ਮਾਧਿਅਮ ਹੈ ।''
*ਸ਼ਾਹ ਜੀ ਲੜਦੇ ਲੜਦੇ ਜੂਝ ਗਏ,
ਹਥਿਆਰਬੰਦ ਹਤਿਆਰੇ ਆਏ
ਉਨ੍ਹਾਂ ਨੇ ਸ਼ਾਹ ਜੀ ਨੂੰ ਇਸ ਲਈ ਕਤਲ ਕਰ ਦਿਤਾ
ਕਿਉਂ ਜੋ ਉਹ ਗੁਰੂ ਜੀ ਨੂੰ ਪਿਆਰ ਕਰਦੇ ਸਨ ।
ਵੀਰ ! ਅਜ ਮੇਰੀ ਵਾਰੀ ਹੈ,
ਇਕ ਵਾਰ ਫਿਰ ਮੈਨੂੰ
ਵਿਆਹ ਸਮੇਂ ਦਾ ਆਨੰਦ ਪ੍ਰਾਪਤ ਹੋਣ ਲਗਾ ਹੈ ।
ਮੈਂ ਉਸ ਦੀ ਲਾੜੀ ਦੇ ਰੂਪ ਵਿਚ
ਸੁੰਦਰ ਸੁਹਾਗ ਬਸਤਰ ਪਹਿਨ ਲਏ ਹਨ ।
ਤੱਕੋ ! ਉਹ ਆ ਗਏ ਹਨ,
ਮੈਂ ਉੱਠੀ ਹਾਂ, ਲੜੀ ਹਾਂ,
ਸ਼ਹੀਦ ਹੋ ਗਈ ਹਾਂ ।
ਮੈਂ ਉੱਠੀ ਹਾਂ, ਲੜੀ ਹਾਂ,
ਸ਼ਹੀਦ ਹੋ ਗਈ ਹਾਂ ।
ਮੈਂ ਕੀ ਤੱਕਦੀ ਹਾਂ,
ਸ਼ਾਹ ਜੀ ਤੇ ਮੇਰੇ ਬੇਟੇ ਮੈਨੂੰ ਬੁਲਾ ਰਹੇ ਹਨ ।

---

*ਸ਼ਾਹ ਜੀ ਤੋਂ ਭਾਵ ਪੀਰ ਬੁਧੂ ਸ਼ਾਹ ਹੈ, ਜੋ ਨਸੀਰਾਂ ਦਾ ਪਤੀ ਸੀ ।

ਮੇਰੇ ਇਨ੍ਹਾਂ ਨੈਣਾਂ ਨੇ ਗੁਰੂ ਜੀ ਦੇ
ਦਰਸ਼ਨ ਨਹੀਂ ਸਨ ਕੀਤੇ,
ਪਰ ਹੁਣ ਮੇਰੇ ਨੈਣ
ਗੁਰੂ ਜੀ ਦੇ ਦਰਸ਼ਨ ਕਰ ਰਹੇ ਹਨ,
ਮੈਂ ਜਾ ਰਹੀ ਹਾਂ ।''
ਸੈਦਖ਼ਾਨ
ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਹਿਜ਼ਾਦੇ ਮੁਰੀਦ,
ਤੁਸੀਂ ਉਨ੍ਹਾਂ ਦੇ ਸਿਮਰਨ ਦੇ ਗੀਤ,
ਤੁਹਾਡਾ ਪੂਰਨ ਤੇ ਪੱਕਾ ਨਿਹਚਾ,
ਗਗਨਾਂ ਦੇ ਗੁੰਬਦਾਂ ਨੂੰ ਹਿਲਾ ਦਿੰਦਾ,
ਇਸ ਮੰਡਲ ਦੇ ਵਿਸਮਾਦੀ ਨਾਦ ਨੂੰ
ਸੁਣਨਾ ਹੀ ਜੀਵਨ ।
ਜਿਥੋਂ ਦੀ ਤੁਸੀਂ ਲੰਘਦੇ
ਮਰ ਚੁਕੀਆਂ ਰੂਹਾਂ ਇਕੱਤਰ ਹੋ ਕੇ ਜਾਗ ਪੈਂਦੀਆਂ
ਅਤੇ ਰੂਹ ਦੇ ਗੀਤ ਗਾਉਂਦੀਆਂ ।
ਤੁਹਾਡੇ ਵਿਚ ਵਸਦਾ ਪ੍ਰੇਮ
ਰੂਪਾਂ ਨਾਲ ਚੰਮੜੇ ਸਾਹਾਂ ਨੂੰ ਸਾੜ ਦਿੰਦਾ;
ਅਰੂਪ ਪ੍ਰਭੂ ਦੀ ਜੋਤੀ ਨਾਲ
ਪ੍ਰਕਾਸ਼ਮਾਨ ਕਰ ਦਿੰਦਾ ।
ਧਰਤੀ ਤੁਹਾਡੇ ਪ੍ਰੇਮ ਦੀ ਸਦਾ-ਬਹਾਰ ਦੇ
ਸਦੀਵੀ ਰੰਗਾਂ ਵਿਚ ਚਮਕ ਉਠਦੀ
ਤੇ ਇੰਝ ਨਵਨੀਤ ਕੁਆਰੀ ਦੀ ਤਰ੍ਹਾਂ ਦਮਕਾਂ ਮਾਰਦੀ
ਜਿਵੇਂ ਬਸੰਤ ਵਿਚ ਪੱਕੇ ਸੇਬਾਂ ਦੀਆਂ ਝੰਗੀਆਂ !
ਹੇ ਗੁਰੂ ਗੋਬਿੰਦ ਸਿੰਘ ਦੇ ਬਾਗ ਦੇ ਸੁੰਦਰ ਪੁਸ਼ਪ !
ਜਿਨ੍ਹਾਂ ਨੇ ਤੁਹਾਡੇ ਦਰਸ਼ਨ ਕੀਤੇ,
ਉਨ੍ਹਾਂ ਨੇ ਸੱਚ ਨੂੰ ਪਛਾਣ ਲਿਆ ।

19. ਭਾਈ ਨੰਦ ਲਾਲ

(ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸ਼ਰਧਾਲੂ ਸਨ । ਆਪ ਇਕ ਛਿਣ ਲਈ ਵੀ ਗੁਰੂ ਜੀ ਦੀ ਹਜ਼ੂਰੀ ਤੋਂ ਪਰੇ ਨਹੀਂ ਸਨ ਜਾਂਦੇ । ਇਕ ਵਾਰ ਜਦੋਂ ਆਪ ਅਨੰਦਪੁਰ ਆ ਗਏ ਤਾਂ ਆਪ ਨੇ ਆਪਣੇ ਦੇਸ਼ ਤੇ ਪਰਿਵਾਰ ਦਾ ਬਿਲਕੁਲ ਹੀ ਖ਼ਿਆਲ ਨਾ ਕੀਤਾ । ਆਪ ਅਫ਼ਗਾਨਿਸਤਾਨ ਦੇ ਨਿਵਾਸੀ ਸਨ, ਅਰਬੀ ਫ਼ਾਰਸੀ ਦੇ ਕਵੀ ਤੇ ਵਿਦਵਾਨ ਸਨ ।ਆਪ ਦੀ ਵਿਦਵਤਾ ਨੇ ਸ਼ਹਿਨਸ਼ਾਹ ਔਰੰਗਜ਼ੇਬ ਦਾ ਧਿਆਨ ਖਿਚਿਆ। ਆਪ ਨੇ ਫ਼ਾਰਸੀ ਵਿਚ ਬਾਣੀ ਰਚੀ ।ਇਹ ਬਾਣੀ ਸਾਡੀ ਅਦੁੱਤੀ ਪ੍ਰਗੀਤਕ ਨਿਧੀ ਹੈ। ਇਕ ਵਾਰ ਜਦੋਂ ਦਸਮੇਸ਼ ਗੁਰੂ ਨੇ ਆਪਣੇ ਸੈਂਕੜੇ ਤੇ ਹਜ਼ਾਰਾਂ ਸਿਖਾਂ ਨੂੰ ਕਿਰਪਾਨਾਂ ਬਖ਼ਸ਼ੀਆਂ ਤਾਂ ਭਾਈ ਨੰਦ ਲਾਲ ਜੀ ਨੇ ਵੀ ਆਪਣੀ ਕਲਮ ਗੁਰੂ ਜੀ ਦੇ ਚਰਨਾਂ ਉਤੇ ਰਖ ਕੇ ਗੁਰੂ ਜੀ ਦੀ ਖ਼ਾਲਸਾ ਸੈਨਾ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ । ਆਪ ਨੇ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਕੇ ਉਸ ਕਿਰਪਾਨ ਨੂੰ ਪਹਿਨਾਉਣ ਲਈ ਬੇਨਤੀ ਕੀਤੀ, ਜੋ ਭਾਈ ਸਾਹਿਬ ਨੇ ਗਾਤਰੇ ਸਹਿਤ ਆਪਣੇ ਹੱਥਾਂ ਵਿਚ ਫੜੀ ਹੋਈ ਸੀ । ਭਾਈ ਸਾਹਿਬ ਨੇ ਕਿਹਾ, ''ਮੈਨੂੰ ਕਿਰਪਾਨ ਤੇ ਕਲਮ ਦੋਵੇਂ ਬਖ਼ਸ਼ ਦਿਉ ।'' ਗੁਰੂ ਜੀ ਭਾਈ ਸਾਹਿਬ ਜੀ ਇਸ ਬੇਨਤੀ ਤੋਂ ਇਤਨੇ ਪ੍ਰਭਾਵਤ ਹੋਏ ਕਿ ਆਪ ਨੇ ਭਾਈ ਸਾਹਿਬ ਦੇ ਹੱਥਾਂ ਵਿਚੋਂ ਕਿਰਪਾਨ ਫੜ ਕੇ ਉਸੇ ਸਮੇਂ ਆਪਣੇ ਗਲ ਵਿਚ ਪਹਿਨ ਲਈ ਅਤੇ ਕਲਮ ਭਾਈ ਸਾਹਿਬ ਨੂੰ ਦੇ ਦਿਤੀ । ਇਸ ਉਪਰੰਤ ਗੁਰੂ ਜੀ ਨੇ ਇਹ ਬਚਨ ਕੀਤਾ, ''ਮੇਰੇ ਹਿਰਦੇ ਦੇ ਲਾਲ, ਤੁਹਾਡੇ ਲਈ ਇਹ ਕਲਮ ਹੈ, ਮੇਰੇ ਲਈ ਇਹ ਕਿਰਪਾਨ।'')

ਤੂੰ ਆਪਣੀ ਪਤਨੀ ਨੂੰ ਵਿਸਾਰ ਦਿਤਾ,
ਆਪਣੇ ਬੱਚਿਆਂ ਨੂੰ ਭੁਲਾ ਦਿਤਾ,
ਆਪਣੀ ਮਾਤ ਭੂਮੀ ਨੂੰ ਵੀ ਛੱਡ ਦਿਤਾ,
ਗੁਰੂ ਜੀ ਦੀ ਮਿਹਰ ਦੀ ਇਕ ਨਿਗ੍ਹਾ ਨੇ
ਤੈਨੂੰ 'ਜੀਵਨ ਮੁਕਤ' ਕਰ ਦਿਤਾ ।
ਤੂੰ ਮੇਰੇ ਅਰਥਾਂ ਵਿਚ ਆਪਣੇ ਆਪੇ ਨੂੰ ਮਾਰ ਲਿਆ,
ਮੌਤ ਨੂੰ ਵੀ ਜਿਤ ਲਿਆ ।
ਗੁਰੂ-ਪ੍ਰੀਤਮ ਦੇ ਪ੍ਰੇਮ ਵਿਚ
ਤੇਰੇ ਆਪੇ ਭਾਵ ਨੂੰ ਮਾਰਨ ਦੇ ਤੁਲ

ਕੋਈ ਤਿਆਗ ਤੁਲ ਨਹੀਂ ਸਕਦਾ ।
ਜੇ ਕੋਈ ਦੇਵਤਾ ਸਵਰਗ ਦੇ ਹਜ਼ਾਰਾਂ ਪਦਾਰਥਾਂ ਦੇ
ਤੇਰੇ ਅਗੇ ਪਰਬਤ ਢੇਰ ਵੀ ਲਗਾ ਦੇਵੇ,
ਤਾਂ ਉਹ ਤੇਰੇ ਗੁਰੂ 'ਤੇ ਭਰੋਸੇ ਨੂੰ ਵਟਾਂਦਰੇ ਵਿਚ
ਨਹੀਂ ਵਿਹਾਜ ਸਕਦਾ ।
ਤੂੰ ਸਭ ਤੋਂ ਉਚਾ ਹੋ ਗਿਆ,
ਸਭ ਤੋਂ ਵੱਖਰਾ ਤੇ ਨਿਆਰਾ
ਜਿਦਾਂ ਉਚਾ ਪਰਬਤ ਘਾਹ ਦੇ ਮੈਦਾਨਾਂ ਵਿਚ
ਇਕੱਲਾ ਖੜ੍ਹਾ ਹੁੰਦਾ ਹੈ ।
ਤੂੰ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰੇਮ ਵਿਚ ਰੱਤਾ
ਉਸ ਚਕੋਰ ਵਾਂਗ ਮਧੁਰ ਗੀਤ ਗਾਉਂਦਾ ਹੈਂ,
ਜੋ ਚੰਨ ਨੂੰ ਵੇਖ ਕੇ ਬਲਿਹਾਰ ਜਾਂਦੀ ਹੈ ।
ਤੇਰੀ ਬਾਣੀ ਦੇ ਪ੍ਰਗੀਤ
ਇਸ ਤਰ੍ਹਾਂ ਚਹਿਚਹਾਉਂਦੇ ਹਨ
ਜਿਵੇਂ ਪੰਛੀ ਸਮੂਹ ਪ੍ਰਭਾਤ ਦੀ ਲਾਲੀ ਨੂੰ ਵੇਖ ਕੇ
ਆਪ-ਮੁਹਾਰੇ ਗੁਣਗੁਣਾਉਣ ਲਗ ਪੈਂਦੇ ਹਨ ।
ਜੀਵਨ ਦਾ ਮਧੂ-ਰਸ
ਤੇਰੇ ਅੱਧ-ਖੁਲ੍ਹੇ ਵਾਤ ਵਿਚੋਂ ਤ੍ਰਿਪਦਾ ਹੈ,
ਅਰਧ-ਖੁਲ੍ਹਾ ਮੂੰਹ ਤੇ ਅੱਧ-ਖੁਲ੍ਹੇ ਨੈਣ
ਵਿਸਮਾਦੀ ਆਨੰਦ ਵਿਚ
ਗੁਰੂ ਜੀ ਦੇ ਹਜ਼ੂਰੀ ਦਰਸ਼ਨ ਕਰਦੇ ਹਨ
ਤੇ ਤੂੰ ਨੇਤਰ ਫੋਰ ਵਿਚ
ਅਨੰਤ ਨੂੰ ਆਪਣੇ ਅੰਕ ਸਮਾ ਲੈਂਦਾ ਹੈਂ ।

20. ਪਦਮਾ

(ਇਹ ਕਾਵਿ-ਚਿਤਰ ਵੀ ਭਾਈ ਵੀਰ ਸਿੰਘ ਦੇ ਕਲਪਿਤ ਸੁਭਾ-ਚਿਤਰ ਉੱਤੇ ਆਧਾਰਤ ਹੈ ।)

(ਨਾਹਨ ਦੇ ਰਾਜੇ ਦੀ ਇਕਲੌਤੀ, ਜੋ ਉਸ ਦੀ ਅਤਿ ਪਿਆਰੀ, ਗੁਰੂ ਗੋਬਿੰਦ ਸਿੰਘ ਜੀ ਦੇ ਰਵਾਲਸਰ ਵਿਖੇ ਦਰਸ਼ਨ ਕਰਕੇ ਨਿਹਾਲ ਹੋਈ । ਪਰ ਜਦ ਉਸ ਨੂੰ ਪਤਾ ਲਗਾ ਕਿ ਪਹਾੜੀ ਰਾਜੇ ਨਫ਼ਰਤ ਦੀ ਅੱਗ ਵਿਚ ਸੜ ਕੇ ਗੁਰੂ ਗੋਬਿੰਦ ਸਿੰਘ ਨਾਲ ਯੁਧ ਛੇੜਨ ਲਗੇ ਹਨ ਤਾਂ ਉਹ ਇਹ ਸਦਮਾ ਝਲ ਨਾ ਸਕੀ ਤੇ ਪਰਲੋਕ ਸਿਧਾਰ ਗਈ ।)

ਪਦਮਾ !
ਸੁਪਨੇ ਦੇ ਸੂਖਮ ਆਕਾਰ ਵਾਲੀ
ਸਮਾਧੀ ਦੀਆਂ ਧੁੰਧਾਂ ਦੇ ਪ੍ਰਕਾਸ਼ ਵਿਚ ਘਿਰੀ
ਆਕਾਸ਼-ਗੰਗਾ ਦੇ
ਦੁੱਧ-ਚਿੱਟੇ ਚਾਨਣ ਤੋਂ ਦੇਵਤਿਆਂ ਹਾਰ
ਚਾਨਣ-ਵਰਖਾ ਦੀਆਂ ਫ਼ੁਹਾਰਾਂ ਸਮਾਨ
ਹੇਠਾਂ ਧਰਤੀ 'ਤੇ ਆਉਂਦੀ ।
ਉਸ ਦੇ ਨੈਣ ਇਸ ਨਵੇਂ ਜਨਮ ਵਿਚ
ਹੁਣੇ-ਹੁਣੇ ਖੁਲ੍ਹੇ,
ਉਸ ਦੇ ਹੱਥ ਤੇ ਪੈਰ ਅਰਦਾਸ ਦੀ ਮੁਦਰਾ ਵਿਚ
ਜੁੜੇ ਤੇ ਟਿਕੇ ਹੋਏ,
ਪ੍ਰਕਾਸ਼ ਦੇ ਮੋਘਲੇ ਹਾਰ ਆਕਾਸ਼ ਤੋਂ
ਹੇਠਾਂ ਤਰਦੀ ਆਉਂਦੀ ।
ਇਸ ਧਰਤ ਲਈ ਉਹ ਕੋਈ ਓਪਰੀ ਵਸਤੂ
ਨਫ਼ਰਤ ਦੇ ਇਸ ਅੰਧਕਾਰ ਵਿਚ
ਉਸ ਦਾ ਦਮ ਘੁਟਦਾ
ਅਤੇ ਉਹ ਸਵੱਛ ਤੇ ਖੁਲ੍ਹੀ ਪਵਨ ਲਈ ਲੁਛਦੀ
ਅਗਿਆਤ ਡਰਾਂ ਦੇ ਤੌਖਲੇ ਤੋਂ ਤ੍ਰਹਿੰਦੀ ਤੇ ਕੰਬਦੀ,
ਇਸ ਧਰਤੀ ਉਤੇ ਸਾਹ ਨਾ ਲੈ ਸਕਦੀ,
ਆਪਣੇ ਨੈਣਾਂ ਵਿਚ ਗੁਰੂ ਦਰਸ਼ਨ ਨੂੰ ਸਮੋ
ਉਹ ਫਿਰ ਆਪਣੇ ਆਕਾਸ਼ੀ ਨਿਵਾਸ ਵਲ
ਪਰਤ ਗਈ ।

21. ਝੰਡਾ ਬਾਢੀ

(ਝੰਡਾ ਬਾਢੀ ਇਕ ਆਦਰਸ਼ਕ ਸਿਖ ਧਰਮ ਪ੍ਰਚਾਰਕ ਸੀ, ਜਿਸ ਨੇ ਆਪਣਾ ਸਾਰਾ ਜੀਵਨ ਹੀ ਪ੍ਰਚਾਰ ਨਮਿਤ ਅਰਪਨ ਕਰ ਦਿਤਾ । ਜਿਥੇ ਵੀ ਉਹ ਜਾਂਦਾ, ਇਕ ਨਿਮਾਣੇ ਕਿਰਤੀ ਦੇ ਭੇਖ ਵਿਚ ਜਾਂਦਾ । ਪੁਰਾਤਨ ਧਰਮ ਪ੍ਰਚਾਰਕਾਂ ਦੇ ਸ਼ਾਨਦਾਰ ਬਾਣਿਆਂ ਦੇ ਵਿਪਰੀਤ ਉਸ ਦੀ ਰਹਿਣੀ-ਬਹਿਣੀ ਬੜੀ ਸਾਦਾ ਸੀ । ਪੁਰਾਤਨ ਸਮੇਂ ਤੇ ਕੁਝ ਹੱਦ ਤਕ ਵਰਤਮਾਨ ਸਮੇਂ ਵੀ ਸਾਧੂ ਸੰਨਿਆਸੀ ਅਜਿਹਾ ਬਾਣਾ ਇਸ ਲਈ ਧਾਰਨ ਕਰਦੇ ਹਨ ਤਾਂ ਜੋ ਲੋਕਾਂ ਨੂੰ ਉਹ ਕੋਈ ਵਿਸ਼ੇਸ਼ ਵਿਅਕਤੀ ਜੋ ਧਰਮ ਪ੍ਰਚਾਰ ਲਈ ਹੀ ਬਣੇ ਹਨ, ਦਿਖ ਸਕਣ ਅਤੇ ਇੰਝ ਲਗੇ ਕਿ ਉਨ੍ਹਾਂ ਕੋਲ ਕੋਈ ਉਚੇਰਾ ਮਨੁੱਖੀ ਗੁਣਾਂ ਦਾ ਭੰਡਾਰ ਹੈ ।)

ਹੇ ਬ੍ਰਹਮਵੇਤਾ !
ਤੂੰ ਪੰਜਾਬ ਤੋਂ ਬਾਹਰ ਪ੍ਰਚਾਰ ਲਈ ਗਿਆ,
ਤੇਰੇ ਕੋਲ ਹੋਰ ਕੁਝ ਨਹੀਂ
ਕੇਵਲ ਤੇਰੇ ਤਰਖਾਣੇ ਸੰਦ
ਜੋ ਤੂੰ ਥੈਲੀ ਵਿਚ ਪਾਏ
ਤੂੰ 'ਗੁਰੂ ਨਾਨਕ-ਗੁਰੂ ਨਾਨਕ' ਅਲਾਪਦਾ ਤੁਰਿਆ ਜਾਂਦਾ ।
ਜਿਥੇ ਤੂੰ ਜਾਂਦਾ
ਆਪਣਾ ਤਰਖਾਣਾ ਕੰਮ ਕਰਦਾ,
ਤੂੰ ਲਕੜੀ ਨੂੰ ਇਸ ਤਰ੍ਹਾਂ ਘੜਦਾ ਸੁਆਰਦਾ
ਜਿਵੇਂ ਤੂੰ ਧਿਆਨ ਮਗਨ ਬੈਠਾ
ਕੋਈ ਚਿਤਰ ਬਣਾ ਰਿਹਾ ਹੋਵੇਂ ।
ਤੂੰ ਆਪਣਾ ਕੰਮ ਕਰੀ ਜਾਂਦਾ,
ਤੈਨੂੰ ਇਸ ਗੱਲ ਦਾ ਗਿਆਨ
ਕਿ ਫੁੱਲ ਦੀ ਮਹਿਕ ਆਪਣੇ ਆਪ

ਚਾਰ ਚੁਫੇਰ ਪਸਰ ਜਾਂਦੀ ।

ਗੁਰੂ ਨਾਨਕ ਦੇ ਉਪਾਸ਼ਕ ਝੰਡਾ ਬਾਢੀ,

ਤੇਈ ਸਾਲਾਂ ਬੱਧੀ ਚੁੱਪ ਕੀਤੀ ਸੁਚੀ ਕਿਰਤ ਨੇ

ਉਸ ਪ੍ਰਦੇਸ਼ ਵਿਚ ਬਹਾਰ ਲੈ ਆਂਦੀ ।

ਝੰਡਾ ਬਾਢੀ, ਤੂੰ ਨਿਰੰਤਰ ਆਪਣੀ ਕਿਰਤ ਕਰਦਾ ਰਿਹਾ,

ਉਸ ਦੇਸ਼ ਵਿਚ ਕਈ ਨਵੇਂ ਬਿਰਖ ਮੌਲ ਉਠੇ

ਉਹ ਦੇਸ਼ ਜੋ ਪਹਿਲਾਂ ਮਾਰੂਥਲ ਦੀ ਨਿਆਈਂ ਸੀ

ਹੁਣ ਸੁੰਦਰ ਬਾਗਾਂ ਵਿਚ ਵਟ ਗਿਆ ।

''ਤੂੰ ਆਪ ਹੀ ਇਕੱਲਾ ਪ੍ਰੇਮ ਗੀਤ ਗਾਂਦਾ,

ਆਪਣੇ ਆਪ ਨੂੰ ਸੁਣਾਉਂਦਾ

ਕਦੀ ਕੋਈ ਉਪਦੇਸ਼ ਨਾ ਕਰਦਾ, ਨਾ ਕੁਝ ਕਹਿੰਦਾ;

ਪ੍ਰਚਾਰ ਕਰਨਾ ਤਾਂ ਵਿਹਲੜਾਂ ਦਾ ਕੰਮ !

ਤੂੰ ਸੱਚੀ ਕਿਰਤ ਵਿਚ ਮਗਨ

ਆਪਣੇ ਮਹਾਨ ਕਾਰਜ ਨੂੰ ਕਰੀ ਜਾਂਦਾ ।''

22. ਭਾਈ ਬੁਢਾ

(ਭਾਈ ਬੁਢਾ ਜੀ ਸਿਖ ਇਤਿਹਾਸ ਦੇ ਮਹਾਨ ਪੁਰਸ਼ ਹਨ । ਉਹ ਗੁਰੂ ਨਾਨਕ ਦੇਵ ਜੀ ਦੀ ਨਿਜੀ ਨਦਰਿ-ਕਰਮ ਦੁਆਰਾ ਸਿਖ- ਮੰਡਲ ਵਿਚ ਪ੍ਰਵਿਸ਼ਟ ਹੋਏ ਅਤੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਤਕ ਵਿਚਰੇ ।)

ਭਾਈ ਬੁਢਾ ਜੀ !
ਤੁਸੀਂ ਤਾਂ ਆਪਣੇ ਬਿਰਧ ਸਰੂਪ ਨੂੰ
ਇਕ ਮਖੌਟੇ ਵਾਂਗ ਹੀ ਧਾਰਨ ਕੀਤਾ,
ਦਿਲ ਤਾਂ ਤੁਹਾਡਾ ਸਦਾ ਜਵਾਨ ਰਿਹਾ,
ਜਿਸ ਦਾ ਤੇਜ ਕਦੀ ਮਾਂਦਾ ਨਾ ਪਿਆ ।
ਹਾਲੀ ਵੀ ਤੁਹਾਡੀ ਆਤਮਾ
ਜੀਵਨ ਦੀਆਂ ਕਿਆਰੀਆਂ ਦੇ ਖੇੜਿਆਂ ਨਾਲ ਭਰਪੂਰ
ਆਨੰਦ ਮਾਣਦੀ ।
ਤੁਹਾਡੇ ਹੋਠ ਹਾਲੀ ਵੀ ਅਚੇਤ ਖੁਲ੍ਹੇ ਹੋਏ
ਉਨ੍ਹਾਂ ਫੁੱਲਾਂ ਦੇ ਖੁਲ੍ਹੇ ਮੂੰਹਾਂ ਹਾਰ
ਤੇ ਉਨ੍ਹਾਂ ਨਾਲ ਇਕਸੁਰ
ਜਿਨ੍ਹਾਂ ਨੂੰ ਤੁਹਾਡੇ ਗਊਆਂ ਦੇ ਚੋਣੇ ਦੀਆਂ
ਸਹੰਸਰ ਅੱਖਾਂ ਨੇ ਤੁਹਾਡੀ ਇਕਾਂਤ ਬੀੜ ਵਿਚ
ਅਨੇਕ ਵਾਰ ਤੱਕਿਆ ।
ਤੁਸੀਂ ਤੇ ਤੁਹਾਡੀ ਬੀੜ ਦੇ ਸਰਸਬਜ਼ ਘਾਹਾਂ ਉਤੇ
ਖਿੜੇ ਇਹ ਜੰਗਲੀ ਫੁੱਲ
ਕਿਸੇ ਪ੍ਰੇਮ ਤੇ ਵਿਸ਼ਵਾਸ ਦੀ ਡੋਰੀ ਵਿਚ ਬਝੇ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੇ
ਨਾਮ ਦਾ ਸਿਮਰਨ ਕਰਦੇ !
ਆਪਣੇ ਹਿਰਦੇ ਦੀਆਂ ਧੜਕਣਾਂ ਅੰਦਰ
ਤੁਸੀਂ ਸਫਲ ਜੀਵਨ ਦੇ ਨਾਨਾ ਰੰਗਾਂ ਦੇ
ਮਧੁਰ ਗੀਤ ਨੂੰ ਸਰਵਣ ਕਰਦੇ ।

ਆਪਣੇ ਨੈਣਾਂ ਦੀ ਸੂਹੀ ਮਸਤੀ ਨਾਲ
ਤੁਸੀਂ ਸਗਲ ਬ੍ਰਹਿਮੰਡ ਨੂੰ
ਅਨੂਠੇ ਪ੍ਰੇਮ-ਰੰਗ ਵਿਚ ਰੰਗ ਦੇਂਦੇ ।
ਜੀਵਨ ਤੇ ਪ੍ਰੇਮ ਬਾਰੇ ਤੁਸਾਂ ਕੀ ਫ਼ੁਰਮਾਇਆ ?
ਤੁਸੀਂ ਤਾਂ ਇਕ ਉਹ ਸ਼ਾਨਦਾਰ, ਸ਼ਾਂਤ ਤੇ ਮੌਨ ਜੀਵਨ
ਜੋ ਪ੍ਰਭੂ ਦੀ ਸਹਿਜ ਸ਼ਾਂਤੀ ਅੰਦਰ ਸਦਾ ਵਿਚਰਿਆ ।
ਆਤਮਾ ਦੀਆਂ ਡੂੰਘਾਣਾਂ ਦੀ
ਕੁਝ ਏਕੜ ਭੂਮੀ ਤਕ ਪਸਰਿਆ ਇਹ ਜੀਵਨ-ਨਾਦ
ਤੁਹਾਡੇ ਪਾਰਥਵਿਕ ਸਰੀਰ ਵਿਚ
ਸਦਾ ਅਖੰਡ ਨਾਮ ਧੁਨ ਬਣ ਗੂੰਜਦਾ ਰਿਹਾ ।
ਇਹ ਕੋਈ ਇਕ ਜਾਂ ਦਸਾਂ ਵੀਹਾਂ ਦਿਨਾਂ ਦੀ ਗੱਲ ਨਹੀਂ ਸੀ ।
ਸਗੋਂ ਇਹ ਤਾਂ ਛੇਆਂ ਪੀੜ੍ਹੀਆਂ ਤਕ
ਪ੍ਰੇਮ-ਨਦੀ ਦਾ ਪ੍ਰਵਾਹ ਬਣ ਵਹਿੰਦਾ ਰਿਹਾ,
ਨਿਹਚੇ ਦੀ ਅਟੁੱਟ ਲੋਅ ਵਿਚ ਨਿਰੰਤਰ
ਮਾਨਵ ਦੇ ਪੁੱਤਰ ਦੇ ਰੂਪ ਵਿਚ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ
ਨਾਮ ਅਲਾਪਦਾ ਰਿਹਾ ।
ਤੁਸੀਂ ਮਨੁੱਖ ਦੇ ਘਟਿ ਮੰਦਰ ਵਿਚ
ਅਰਦਾਸ ਦੀ ਜਗਦੀ ਅਖੰਡ ਜੋਤ,
ਨਾ ਕਦੀ ਤੁਹਾਡੇ ਜੀਵਨ ਅੰਦਰ ਉਤਾਵਲਾਪਣ,
ਤਲਖੀ ਅਤੇ ਦਾਬੇ ਦੀ ਭਾਵਨਾ ਉਪਜੀ,
ਕੋਈ ਰਾਤ ਬਿਨਾਂ ਜੋਤ ਨਹੀਂ,
ਕੋਈ ਸੁਆਸ ਬਿਨਾਂ ਸਿਮਰਨ ਨਹੀਂ,
ਕੋਈ ਕਦਮ ਕਦੀ ਵੀ ਪ੍ਰਭੂ-ਮਾਰਗ ਉਤੇ
ਡਗਮਗਾਇਆ ਜਾਂ ਅਟਕਿਆ ਨਹੀਂ ।
ਤੁਸੀਂ ਉਹ ਬ੍ਰਹਮ ਗਿਆਨੀ ਸੰਤ ਪੁਰਸ਼
ਜੋ 'ਪ੍ਰਭੂ ਨਾਮ' ਦੇ ਪਰਮਾਨੰਦ ਨੂੰ ਸਦਾ ਮਾਣਦੇ,

ਜੋ ਤੁਹਾਡੇ ਸੁਆਸ ਸੁਆਸ ਦੀ ਕਿਰਿਆ ਬਣ ਗਿਆ ।
ਸ਼ਾਇਦ ਤੁਹਾਡਾ ਸਮੱਸਤ ਮਨੁੱਖੀ ਪੀੜ੍ਹੀਆਂ ਨੂੰ
ਇਕ ਮੂਕ ਉੱਤਰ ਸੀ
ਕਿ ਸੰਸਾਰ ਦੀਆਂ ਖ਼ੁਸ਼ੀਆਂ ਤੇ ਪ੍ਰਸਿੱਧੀਆਂ ਤੋਂ
'ਸਿਖ ਸਦਾ ਨਿਰਲੇਪ ਵਿਚਰਦਾ'
ਅਤੇ ਉਹ ਇਸ ਸੰਸਾਰ ਵਿਚ
ਪਸ਼ੂ ਪੰਛੀਆਂ ਤੇ ਘਾਹਾਂ ਨਾਲ
ਪੱਕੀ ਸਾਂਝ ਪਾਉਂਦਾ ।
ਉਸ ਦੀ ਆਵਾਜ਼ ਵੀ ਭੁੱਖ, ਤ੍ਰੇਹ
ਥੱਕਾਨ ਤੇ ਆਰਾਮ ਇਕ ਸਮਾਨ,
ਮਨੁੱਖ ਦੀ ਬੁਧੀ ਵੀ ਉਸ ਦੀਆਂ
ਮੂਲ ਪਰਵਿਰਤੀਆਂ ਦਾ ਹੀ ਵਿਸ਼ਾਲ ਵਿਸਥਾਰ ।
ਮਨੁੱਖ ਵਿਚ ਅਜਿਹੀ ਕੋਈ ਵਸਤੂ ਨਹੀਂ
ਜੋ ਉਸ ਨੂੰ ਦੂਜਿਆਂ ਤੋਂ ਸ੍ਰੇਸ਼ਟ ਦਰਸਾਵੇ ।
ਮ੍ਰਿਤੂ, ਦੁਖੜੇ ਤੇ ਗ਼ਮ, ਮਨੁੱਖ, ਪਸ਼ੂ ਤੇ ਪੰਛੀਆਂ,
ਸਭ ਦੇ ਇਕ ਸਮਾਨ ਹਨ ।
ਦੁੱਖ ਤੇ ਸੁਖ ਵਿਚ ਸਾਰੀ ਸ੍ਰਿਸ਼ਟੀ ਦੀ ਪ੍ਰਾਰਥਨਾ ਇਕ,
ਇਸ ਦਾ ਇਕੋ ਹੀ ਬੋਲ ਅਤੇ ਇਕੋ ਨਿਸ਼ਾਨਾ
ਕਿ ਅਸੀਂ ਸਭ ਉਤਾਂਹ ਨੂੰ ਤੱਕੀਏ ।
ਉਹ ਮਨੁੱਖ ਮਨੁੱਖ ਨਹੀਂ
ਜੋ ਉਹ ਆਪਣੇ ਅੰਗਾਂ ਦੀਆਂ ਧੜਕਣਾਂ ਵਿਚ
ਪਰਮਾਤਮਾ ਦੇ ਸ਼ਬਦ ਨੂੰ ਸਰਵਣ ਨਹੀਂ ਕਰਦਾ,
ਉਹ ਆਪਣੀਆਂ ਅੱਖਾਂ ਨਾਲ
ਪ੍ਰਭੂ ਦੀ ਸ਼ਾਨ ਨੂੰ ਨਹੀਂ ਤੱਕਦਾ ।
ਜੇ ਉਸ ਤੋਂ ਜੀਵਨ ਦੀਆਂ ਚਿੰਗਿਆੜੀਆਂ ਦੀ
ਵਰਖਾ ਨਹੀਂ ਹੁੰਦੀ,
ਜੋ ਉਹ ਮਨੁੱਖ ਨੂੰ ਤੱਕ ਕੇ

ਉਸ ਵਿਚੋਂ ਪਰਮਾਤਮਾ ਨੂੰ ਨਹੀਂ ਵੇਖਦਾ
ਤਾਂ ਉਹ ਮਨੁੱਖ ਮਨੁੱਖ ਨਹੀਂ ।
ਤੁਸੀਂ ਹਰ ਦਿਵਸ ਵਿਸਮਾਦ ਦੇ ਉਸ ਡੂੰਘੇ ਸਾਗਰ ਵਿਚ
ਚੁਭੀਆਂ ਲਾਉਂਦੇ,
ਉਸ ਸੰਗੀਤ ਦੇ ਮਹਾਂ ਸਾਗਰਾਂ ਵਿਚ
ਇਸ਼ਨਾਨ ਕਰਦੇ,
ਜਿਸ ਵਿਚ ਜੀਵਨ,
ਦੈਵੀ ਜੀਵਨ ਦੀ
ਅਸਗਾਹਤਾ ਤੇ ਅਨੰਤਤਾ ਵਿਚ ਘੁਲ ਮਿਲ ਜਾਂਦਾ,
ਜਿਥੇ ਲੱਖਾਂ ਨਦੀਆਂ ਤੇ ਲੱਖਾਂ ਸਾਗਰ
ਮਨੁੱਖ ਦੀ ਆਤਮਾ ਵਿਚ
ਝਾਗ ਉਛਾਲੇ ਮਾਰਦੇ
ਅਤੇ ਉਸ ਪ੍ਰਭੂ ਦੀ ਸ਼ਾਨ ਦਾ ਗੀਤ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੇ
ਨਾਮ ਸਿਮਰਨ ਨਾਲ ਗਾਉਂਦੇ ।

23. ਗੁਰੂ ਜੀ ਦੇ ਪੰਜ ਪਿਆਰੇ

ਜਦੋਂ ਕੋਈ ਯਾਤਰੀ ਸੱਚੇ ਮਾਰਗ ਉਤੇ ਚਲਦਾ
ਮੂਰਛਾਗਤ ਹੋ ਜਾਂਦਾ ਹੈ,
ਉਸ ਦੀ ਤ੍ਰਿਖਾ ਵਧ ਜਾਂਦੀ ਹੈ,
ਉਸ ਨੂੰ ਥੱਕਾਨ ਚੂਰ ਕਰ ਦਿੰਦੀ ਹੈ
ਅਤੇ ਉਹ ਗੁੰਮ ਗੁੰਮ ਜਾਂਦਾ ਹੈ
ਤਾਂ ਗਗਨਾਂ ਦੇ ਪੰਜ ਪਿਆਰੇ
ਉਸ ਨੂੰ ਦਰਸ਼ਨ ਦੇ ਕੇ
ਉਸ ਦੇ ਅਗੋਂ ਦੀ ਲੰਘ ਜਾਂਦੇ ਹਨ;
ਤਦੋਂ ਉਸ ਦਾ ਦਿਲ
ਤੇਜ਼ ਤੇਜ਼ ਧੜਕਣ ਲਗ ਪੈਂਦਾ ਹੈ ।
ਉਸ ਦੀ ਆਸ ਦਾ ਦੀਪ
ਮੁੜ ਜਗ ਉਠਦਾ ਹੈ ।
ਉਸ ਨੂੰ ਆਭਾਸ ਹੁੰਦਾ ਹੈ
ਜਿਵੇਂ ਉਸ ਨੇ ਹੁਣੇ ਹੁਣੇ ਹੀ
ਚੱਟਾਨਾਂ ਉਤੇ ਘੋੜੇ ਦੇ ਸੁੰਮਾਂ ਦੀ
ਟਾਪ ਸੁਣੀ ਹੋਵੇ ।
ਇਹ ਤਾਂ ਪਾਤਸ਼ਾਹਾਂ ਦੇ ਪਾਤਸ਼ਾਹ
ਗੁਰੂ ਗੋਬਿੰਦ ਸਿੰਘ ਜੀ ਦੇ
ਪੰਜ ਪਿਆਰੇ ਸਨ
ਜਿਨ੍ਹਾਂ ਦੇ ਪਿਛੇ ਪਿਛੇ ਅਦ੍ਰਿਸ਼ਟ
ਉਹ ਆਪ ਆਪਣੇ ਨੀਲੇ ਘੋੜੇ ਉਤੇ
ਸਵਾਰ ਹੋ ਉਸ ਨੂੰ ਸਰਪਟ ਦੁੜਾਈ ਆ ਰਹੇ ਹਨ
ਤਾਂ ਜੋ ਉਹ ਉਸ ਆਪਣੇ ਨਿਮਾਣੇ ਸਿਖ ਦੀ
ਕੁਟੀਆ ਅਗੋਂ ਲੰਘ ਕੇ
ਉਸ ਦੇ ਨਿਹਰੇ ਪ੍ਰੇਮ ਨੂੰ
ਸੁਰਜੀਤ ਕਰ ਸਕਣ,
ਜੋ ਉਨ੍ਹਾਂ ਦੇ ਪ੍ਰੇਮ ਵਿਚ
ਦਰਸ਼ਨ ਸਿੱਕ ਲਈ ਲੁੱਛ ਰਿਹਾ ਹੈ,
ਇਸੇ ਭੁੱਖ ਤੇ ਪਿਆਸ ਵਿਚ
ਬਿਹਬਲ ਹੋ ਰਿਹਾ ਹੈ ।

੪. ਅਨੰਤ-ਲੀਲਾ

1. ਵੇਖ ਵਿਡਾਣ ਰਿਹਾ ਵਿਸਮਾਦ

ਜੱਗ ਦੇ ਇਸਤਰੀ ਪੁਰਸ਼ੋ
ਮੈਂ ਤੁਹਾਨੂੰ ਕਰ ਰਿਹਾ ਪੁਕਾਰ
ਆਉ, ਆਪਣੇ ਆਪਣੇ ਕੁੰਜ-ਗੋਸ਼ੇ ਤੋਂ ਬਾਹਰ
ਤੇ ਨਿਹਾਰੋ ਆ ਕੇ ਇਹ ਅਨੰਤ ਪਸਾਰ !
ਆਪਣੇ ਸ਼ਹਿਰਾਂ ਤੇ ਗਰਾਵਾਂ ਦੇ ਘਰਾਂ ਦੀਆਂ
ਕਬਰਾਂ ਤੋਂ ਆਵੋ ਦੂਰ !
ਪਾੜੋ ਇਹ ਕੂੜ ਦੀ ਪਾਲ !
ਤਿਆਗੋ ਨਿਤ ਦਾ ਕੂੜ
ਤੇ ਡੰਫ ਪਸਾਰ,
ਛਡੋ ਦੇਵ ਮੂਰਤੀਆਂ ਸਾਹਵੇਂ
ਨੱਕ ਰਗੜਨੇ- ਸਿਜਦੇ ਕਰਨੇ !
ਆਪਣੇ ਮਾਨਵ ਤੇ ਰੱਬ ਦੇ ਸਨਮੁਖ
ਸੱਚੇ ਹੋ ਕੇ ਆਵੋ,
ਖੁਲ੍ਹੇ ਵਿਚ ਆਕਾਸ਼,
ਇਕ ਦੂਜੇ ਵਿਚ ਘੁਲ ਮਿਲ ਜਾਉ,
ਇਕ ਦੂਜੇ ਦੇ ਅੰਦਰ ਸਮਾਉ,
ਚਾਨਣ ਤੇ ਸੰਗੀਤ ਵਿਚ ਢਲੀਆਂ
ਇਹ ਸਭ ਅਦਭੁਤ ਵਸਤਾਂ
ਤੁਸੀਂ ਕਰੋੜਾਂ ਵਿਚ ਸਮਾਉ
ਤੇ ਕਰੋੜਾਂ ਨੂੰ ਆਪਣੇ ਵਿਚ ਰਲਾਉ !
ਤੁਹਾਡੀਆਂ ਨਾੜਾਂ ਅੰਦਰ
ਸੂਰਜ ਦੀ ਰੱਤ ਗੇੜੇ ਲਾਵੇ,

ਕੁਦਰਤ ਤੇ ਮਾਨਵਤਾ ਦੇ
ਅਣਗਿਣਤ ਜੀਵਨ ਧਾਰੇ
ਤੁਹਾਡੇ ਅੰਦਰ ਵਹਿੰਦੇ,
ਭੂਤ ਵੀ ਤੁਹਾਡੇ ਅੰਦਰ ਹੈ ਵਿਦਮਾਨ
ਤੇ ਭਵਿੱਖ ਵੀ ਜਾਗ ਰਿਹਾ ਹੈ
ਅੰਦਰ ਵਰਤਮਾਨ !
ਸਾਰੇ ਰਲ ਕੇ ਅਨਹਦ ਨਾਦ ਵਜਾਉ
ਤੇ ਆਕਾਸ਼ ਤੇ ਧਰਤ ਅੰਦਰ
ਇਸ ਆਤਮ-ਗੀਤ ਨੂੰ ਗਾਉ
ਤੇ ਪਰਮਾਤਮਾ ਦੇ ਤੀਖਣ
ਨਾਦ ਅਨਾਦੀ ਤਾਂਈਂ,
ਆਪਣੀ ਆਤਮਾ ਵਿਚ ਰਚਾਉ ।

2. ਸੁੰਦਰਤਾ ਦਾ ਜਾਇਆ

ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਹਰਿਜਨ ਜੋ ਮੇਰੇ ਹਨ ਪ੍ਰੇਮੀ
ਭੇਟਾ ਰਤਨ ਜਵਾਹਰ ਦੇਂਦੇ
ਟੰਗ ਲਵਾਂ ਉਨ੍ਹਾਂ ਨੂੰ
ਮੈਂ ਆਪਣੇ ਕੇਸੀਂ
ਕਰ ਲਵਾਂ ਸ਼ਿੰਗਾਰ ।
ਉਨ੍ਹਾਂ ਸਭ ਨੂੰ
ਮੈਂ ਆਪਣੇ ਹੱਥਾਂ ਵਿਚ ਲੈਂਦਾ,
ਭਾਰੇ ਭਾਰੇ ਸੁੱਟ ਧਰਤ ਤੇ ਦੇਂਦਾ,
ਹੌਲੇ ਹੌਲੇ ਮੈਂ ਆਪ ਪਹਿਨਦਾ ।
ਦੂਜੇ ਦਿਨ ਮੈਂ ਉਨ੍ਹਾਂ ਨੂੰ ਕਹਿੰਦਾ :
"ਮਿਤਰੋ !
ਵੇਖਿਆ ਨਹੀਂ ਸੀ ਤੁਸਾਂ
ਕਲ੍ਹ ਰੱਬ ਨੇ ਆਪ ਤੁਹਾਡੇ ਰਤਨ-ਜਵਾਹਰ
ਆਪਣੀ ਪੱਗ ਵਿਚ ਟੰਗੇ ?"
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ

* * * *

ਮੈਂ ਇਕ ਹੋਰ ਕੁੰਜ ਗਲੀ ਵਿਚ ਪੁਜਾ
ਇਕ ਸੁੰਦਰੀ ਨੇ ਮੈਨੂੰ
ਮਨ ਲੁਭਾਉਣੇ ਅੰਗੂਰ ਚਮਨ ਦੇ
ਭੇਟ ਸੀ ਕੀਤੇ

ਜੋ ਇੰਝ ਜਾਪਣ
ਜਿਵੇਂ ਹੁਣੇ ਹੁਣੇ ਸਨ ਵੇਲ ਤੋਂ ਤੋੜੇ ।
ਜਦ ਉਸ ਨੇ ਇਹ ਭੇਟ ਚੜ੍ਹਾਈ
ਨੈਣ ਮੇਰੇ ਸਨ ਛਮ ਛਮ ਹੰਝੂ ਰੋਏ ।
ਦਸ ਨਾ ਸਕਦਾ
ਇਸ ਭੇਟ ਦੇ ਪਿਛੇ ਕੀ ਭੇਦ ਸੀ ਲੁਕਿਆ ।
ਪਰ ਇੰਝ ਹੋਇਆ ਮੈਨੂੰ ਪ੍ਰਤੀਤ
ਜਿਵੇਂ ਕੋਈ ਆਕਾਰ ਨੂੰ ਧਾਰ
ਮੇਰੇ ਅੰਦਰ ਦਾਖ਼ਲ ਹੋਇਆ
ਬਿਜਲੀ ਦੀ ਫੁਰਤੀ ਨਾਲ,
ਮੇਰਾ ਲੂੰ ਲੂੰ ਅੰਦਰੋਂ ਕੰਬਿਆ
ਤੇ ਦ੍ਰਵਿਆ ।
ਮੈਂ ਉਸ ਸੁੰਦਰੀ ਦੇ ਦਰ ਤੇ ਬਹਿ ਕੇ
ਉਨ੍ਹਾਂ ਅੰਗੂਰਾਂ ਤਾਂਈਂ
ਇਕ ਇਕ ਕਰਕੇ ਸੇਵਨ ਕੀਤਾ
ਉਹ ਅਤਿ ਪਿਆਰੀ ਸੂਰਤ
ਮੇਰੇ ਕੋਲ ਮੂਰਤ ਬਣ ਰਹੀ ਖਲੋਤੀ ।
ਮੈਂ ਇਕ ਐਸੀ ਦਸ਼ਾ ਵਿਚ ਜਾ ਪੁਜਾ
ਪ੍ਰਤੀਤ ਹੋਇਆ ਮੈਨੂੰ ਕੁਝ ਏਦਾਂ
ਜਿਵੇਂ ਮੈਂ ਬਾਗ਼ ਅੰਗੂਰੀ ਵਿਚ ਹੋਵਾਂ ਖੜੋਤਾ
ਟਹਿਣੀਆਂ ਨਾਲੋਂ ਅੰਗੂਰ ਤੋੜ ਕੇ
ਇਕ ਇਕ ਕਰਕੇ
ਮੈਂ ਆਪਣੇ 'ਪ੍ਰੀਤਮ' ਨੂੰ ਕਰਦਾ ਹੋਵਾਂ ਭੇਟਾ
ਮੈਂ ਉਸ ਸੁੰਦਰੀ ਤਾਂਈਂ ਦਸਿਆ :
''ਹੇ ਮਹਾਂ ਸੁੰਦਰੀ
ਅੱਜ ਤੁਸਾਂ ਹੈ 'ਪ੍ਰੀਤਮ' ਤਾਂਈਂ ਆਪ ਜੇਵਾਇਆ,
ਇਸ ਬਹਾਨੇ ਮੈਂ ਵੀ
''ਅੱਜ ਪ੍ਰੀਤਮ ਦੇ ਦਰਸ ਨੂੰ ਪਾਇਆ ।''
ਤਾਂ ਅਚੰਭਾ, ਮੈਂ ਕੀ ਨਿਹਾਰਾਂ !

ਉਸ ਸੁੰਦਰੀ ਦੇ ਨੈਣਾਂ ਵਿਚੋਂ
ਵਗ ਪਏ ਪ੍ਰੇਮ ਦੇ ਹੰਝੂ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ

* * * *

ਮੈਂ ਇਕ ਹੋਰ ਨਗਰ ਵਿਚ ਪੁਜਾ
ਮੈਂ ਸਾਂ ਨੰਗ-ਮੁਨੰਗਾ ।
ਪੰਜਾਬ ਦੇਸ਼ ਦੀ
ਕੜਾਕੇ ਦੀ ਸਰਦੀ ਦੀ ਰੁੱਤ ਸੀ,
ਇਕ ਭਲੇ ਪੁਰਸ਼ ਨੇ
ਮੈਨੂੰ ਇੰਝ ਸੀ ਤੱਕਿਆ,
ਝਟਾਪਟ ਉਸ ਨੇ ਸੀ ਲਿਆਂਦੇ
ਮੇਰੇ ਲਈ ਗਰਮ ਬਸਤਰ ਊਨੀ
ਜੋ ਘਰ ਦੇ ਬੁਣੇ ਤੇ ਸੀਤੇ ਹੋਏ ਸਨ ।
ਇਕ ਇਕ ਤੋਪੇ ਤੇ ਸੀਣ ਅੰਦਰੋਂ
'ਸਤਿਨਾਮ' ਦੀ ਧੁਨੀ ਗੂੰਜਦੀ,
ਮੈਂ ਸੁਣ ਲਈ ਸੀ ।
ਭਲੇ ਪੁਰਸ਼ ਦੇ ਨੈਣਾਂ ਵਿਚ ਸਨ ਹੰਝੂ ਆਏ,
ਹੱਥ ਉਸ ਦੇ ਸਨ ਕੰਬ ਰਹੇ
ਵਿਚ ਕਿਸੇ ਅਕਹਿ ਪ੍ਰੇਮ
ਜਾਂ ਅਕਹਿ ਕਸ਼ਟ ਦੇ ।
ਮੈਂ ਉਹ ਬਸਤਰ ਆਪਣੇ ਹੱਥੀਂ ਫੜ ਕੇ
ਪਹਿਨ ਲਏ ਸਨ ।
ਭਲਾ ਪੁਰਸ਼ ਮੇਰੇ ਸਾਹਵੇਂ ਰਿਹਾ ਖੜੋਤਾ ।
ਹੋਇਆ ਉਹ ਬਹੁਤ ਪ੍ਰਸੰਨ
ਮੈਨੂੰ ਬਸਤਰ ਪਹਿਨਾ ਕੇ ।

ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਮੈਂ ਇਕ ਹੋਰ ਥਾਂ ਤੋਂ ਲੰਘਿਆ ।
ਉਸ ਦਿਨ ਮੇਰੇ ਹੋਠਾਂ ਉੱਤੇ
ਨਿੰਮ੍ਹਾ ਜਿਹਾ ਬਸ ਇਕੋ ਸ਼ਬਦ ਸੀ :
''ਅੱਧਾ ਪ੍ਰਸ਼ਾਦਾ ਮਿਲ ਜਾਏ
ਬਸ, ਅੱਧਾ ਪ੍ਰਸ਼ਾਦਾ ਮਿਲ ਜਾਏ''
ਜੋ ਸਾਂ ਮੈਂ ਗੁਣਗੁਣਾਉਂਦਾ ।
ਉਸ ਦਿਨ ਮੇਰਾ ਆਪਾ ਕੱਕਰਾਂ ਵਿਚ
ਬਲਦੀ ਧੂਣੀ ਹਾਰ ਚਮਕ ਰਿਹਾ ਸੀ ।
ਕਿ ਸੁਘੜ ਸੁਆਣੀ
ਆਪਣੇ ਦਰ 'ਤੇ ਆ ਖੜੀ ਸੀ ।
ਮੈਨੂੰ ਉਹ ਬੁਲਾ ਰਹੀ ਸੀ ।
ਜਦ ਮੈਂ ਨੈਣ ਉਤਾਂਹ ਕਰਕੇ ਉਸ ਵਲ ਤੱਕਿਆ,
ਉਸ ਦਾ ਮੁਖੜਾ
ਕਿਸੇ ਸ਼ਾਨ ਨੂੰ ਦਸ ਰਿਹਾ ਸੀ ।
ਉੱਚਾ ਉਸ ਦਾ ਕੱਦ
ਪ੍ਰਭੂ-ਪ੍ਰੇਮ ਉਸ ਦੇ
ਸੇਜਲ ਨੈਣਾਂ ਵਿਚ ਤਰ ਰਿਹਾ ਸੀ ।
ਪ੍ਰਭੂ-ਪ੍ਰੇਮ ਦੇ ਹੰਝੂਆਂ ਦੀ ਛਹਿਬਰ
ਉਸ ਦੇ ਨੈਣਾਂ ਵਿਚ ਸੀ ਲਗੀ ।
ਮੈਨੂੰ ਉਹ ਇਕ ਅਰਸ਼ੀ ਤਾਰਾ ਜਾਪੀ
ਜਦ ਉਸ ਮੈਨੂੰ ਇੰਝ ਬੁਲਾਇਆ :
''ਓਹ ਕਵੀ ਮਸਤਾਨੇ !
ਅੱਧੇ ਪ੍ਰਸ਼ਾਦੇ ਦਾ ਗੀਤ ਅਲਾਵਣ ਵਾਲੇ,
ਮੈਂ ਤਾਂ ਅੰਮ੍ਰਿਤ ਵੇਲੇ ਤੋਂ
ਤੁਹਾਨੂੰ ਹੀ ਉਡੀਕ ਰਹੀ ਸਾਂ,

ਅੱਧਾ ਪ੍ਰਸ਼ਾਦਾ ਹੀ
ਮੈਂ ਸੀ ਤੁਹਾਡੇ ਲਈ ਪਕਾਇਆ ।
ਇਹ ਕੇਵਲ ਤੁਸਾਂ ਲਈ ਸੀ
ਮੇਰੀ ਇਹ ਪ੍ਰੇਮ ਦੀ ਭੇਟਾ
ਹੋਰ ਕਿਸੇ ਲਈ ਨਹੀਂ ਸੀ ।
ਤੜਕਸਾਰ ਤੋਂ
ਮੈਂ ਤੁਸਾਂ ਨੂੰ ਉਡੀਕ ਰਹੀ ਸਾਂ ।''
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਮੇਰੇ ਜੀਵਨ ਅੰਦਰ
ਕੁਝ ਐਸੇ ਦਿਨ ਵੀ ਆਉਂਦੇ
ਜਦ ਮੈਂ ਸੁੰਦਰ ਪੁਸ਼ਾਕਾਂ ਪਾਉਂਦਾ,
ਉਨ੍ਹਾਂ ਨੂੰ ਕਰਦਾ ਪਿਆਰ,
ਵਿਚ ਫੁੱਲਾਂ ਦੇ ਵਿਚਰਨਾ ਚਾਹੁੰਦਾ
ਖਿੜੀ ਵਿਚ ਗੁਲਜ਼ਾਰ,
ਸੁੰਦਰ ਪੁਰਸ਼ ਤੇ ਸੁੰਦਰ ਨਾਰਾਂ ਦਾ ਸੰਗ ਮੈਂ ਲੋਚਾਂ,
ਇਹ ਵੀ ਹੈ ਕੁਝ ਮੌਜ ਬਹਾਰ ਮੇਰੇ ਮਨ ਦੀ,
ਮੈਨੂੰ ਇੰਝ ਜਾਪਦਾ
ਹੋਵਾਂ ਜਿਵੇਂ ਮੈਂ ਕੁਲੀਨਾਂ ਦਾ ਸਰਦਾਰ
ਆਪਣੇ ਪੈਰ ਮੈਂ ਤਾਜਾਂ ਉਤੇ ਰਖਣੇ ਲੋਚਾਂ ।
ਪਰ ਡਰੋ ਨਹੀਂ ਹੇ ਮੇਰੇ ਸੰਗੀਓ !
ਮੇਰੇ ਮਿਤਰੋ !
ਇਹ ਸਭ ਕੁਝ ਕਰਕੇ ਵੀ
ਮੇਰੇ ਮਨ ਵਿਚ ਆਵੇ ਨਾ ਕੋਈ ਵਿਕਾਰ,
ਨਾ ਮੈਂ ਬਣਦਾ ਐਸ਼ਵਰਜ ਵਿਚ ਮੱਤਾ ਕੋਈ ਬਦਕਾਰ !
ਮੈਂ ਤਾਂ ਆਪਣੇ ਆਪ ਅੰਦਰ
ਉਸੇ ਪ੍ਰਭੂ ਪ੍ਰੀਤਮ ਨੂੰ ਰਹਾਂ ਸਦਾ ਬੁਲਾਉਂਦਾ ।

ਇਹ ਵੀ ਇਕ ਸੁਭ ਤੇ ਸੁਲੱਖਣਾ ਹੈ ਆਨੰਦ
ਜਿਸ ਬਾਰੇ ਮਹਾਂ-ਕਵੀ ਭਰਥਰੀ ਹਰੀ ਕਥਨ ਹੈ ਕਰਦਾ :
''ਮਾਲਤੀ ਦੇ ਫੁੱਲ
ਜਾਂ ਤਾਂ ਪਾਤਸ਼ਾਹਾਂ ਦੇ ਤਾਜਾਂ ਉਤੇ ਸ਼ੋਭਾ ਦਿੰਦੇ
ਜਾਂ ਫਿਰ ਰੇਤੜਾਂ ਦੇ ਕਿਣਕਿਆਂ ਅੰਦਰ
ਸੁਕ ਬਣ ਜਾਂਦੇ,
ਉਨ੍ਹਾਂ ਲਈ
ਮੱਧ-ਮਾਰਗ ਨਹੀਂ ਹੈ ਕੋਈ ।''
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਮੈਂ ਤਾਂ ਬਣਦਾ ਜਾਵਾਂ
ਕੋਈ ਅਨੋਖਾ ਜੀਉੜਾ ।
ਮੈਂ ਇਸਤਰੀ ਪੁਰਸ਼ਾਂ ਦੇ ਪ੍ਰੇਮ ਵਿਚ
ਹੋ ਜਾਵਾਂ ਮਸਤਾਨਾ ਤੇ ਦੀਵਾਨਾ,
ਯਾਦ ਰਹਿਣ ਨਾ ਮੈਨੂੰ ਨਾਂ ਉਨ੍ਹਾਂ ਦੇ
ਵਿਸਰ ਜਾਂਦੇ
ਕਈ ਵਾਰ ਤਾਂ ਸਾਲਾਂ ਬੱਧੀ
ਯਾਦ ਨਾ ਮੈਨੂੰ ਆਉਂਦੇ ;
ਜਿਨ੍ਹਾਂ ਦੇ ਸੁੰਦਰ ਮੁਖੜੇ
ਕਦੀ ਮਨ ਮੇਰਾ ਭਰਮਾਉਂਦੇ,
ਨਾਂ ਉਨ੍ਹਾਂ ਦੇ ਮੇਰੇ ਅੰਦਰ
ਆਨੰਦ ਦਾ ਭਾਵ ਜਾਗਉਂਦੇ ।
ਪਰ ਮੈਨੂੰ ਉਹ ਸਭੇ ਏਦਾਂ ਵਿਸਰ ਜਾਂਦੇ
ਜਿੰਦਾਂ ਇਕ ਯਾਤਰੀ
ਪਰਬਤ ਖੰਡ 'ਚੋ ਲੰਘ ਕੇ
ਹਿਮ-ਦੇ ਖੰਡਾਂ ਦੇ ਸੁੰਦਰ ਦ੍ਰਿਸ਼ਾਂ ਤਾਂਈਂ
ਭੁਲ ਹੈ ਜਾਂਦਾ ।

ਪਰ ਮੈਂ ਤਾਂ ਕੁਝ ਵੀ ਕਰ ਨਾ ਸਕਦਾ ।
ਮੈਂ ਤਾਂ ਆਪਣੇ 'ਸੁਆਮੀ ਪ੍ਰੀਤਮ' ਦੀ
ਨਿਗਰਾਨੀ ਹੇਠ ਵਿਚਰਦਾ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਜਦ ਮੈਂ ਆਪਣੇ ਪ੍ਰੀਤਮ ਪਿਆਰੇ ਦੇ
ਅਤਿ ਨੇੜੇ ਹੋ ਜਾਂਦਾ,
ਤਦ ਮੇਰਾ ਮਨ ਸੁੰਦਰਤਾ ਲਈ ਹੋਰ ਤਾਂਘਦਾ,
ਲੋਚੇ ਉਸ ਦੀ ਹੋਰ ਨਿਕਟਤਾ,
ਮੋਤੀਆਂ ਵਰਗੇ ਸੁੰਦਰ ਨਿਰਛਲ
ਪੂਰਨ ਰੌਸ਼ਨ ਮੁਖੜੇ
ਤੇ ਸੁੰਦਰ ਰੂਪ ਵੰਨ-ਸਵੰਨੇ
ਮੈਨੂੰ ਖਿੱਚਾਂ ਪਾਉਂਦੇ ।
ਪਰ ਮੈਂ ਆਪਣੇ ਅੰਦਰ ਵਲ ਪਰਤਦਾ ।
ਇਹਨਾਂ ਦੀ ਹੀ ਕੋਈ ਬਾਹਰੀ ਵਸਤ ਨਹੀਂ ਹੈ
ਇਹ ਤਾਂ ਆਪਣੇ ਅੰਦਰ ਦਾ ਹੈ ਖੇੜਾ ।
ਮੈਨੂੰ ਵੀ ਇਹ ਗੱਲ ਸੱਚੀ ਜਾਪੇ,
ਮੈਨੂੰ ਇੰਝ ਹੋਵੇ ਆਭਾਸ
ਕਿ ਨਿਤ ਦਿਨ ਮੈਂ ਹੁੰਦਾ ਜਾਵਾਂ ਹੋਰ ਉਚੇਰਾ,
ਹੋਰ ਸ਼ਕਤੀਵਰ ਤੇ ਹੋਰ ਸਵੈ-ਅਭਿਮਾਨੀ,
ਹੋਰ ਸੁਘੜ ਤੇ ਦਾਨਾ, ਹੌਲਾ ਫੁੱਲਾਂ ਹਾਰ,
ਹੋਰ ਚਮਕੀਲਾ ਤੇ ਹੋਰ ਰਸਿਕ ਰਸੀਲਾ,
ਆਪਣਾ ਆਪ ਮੈਨੂੰ ਹੋਰ ਪਿਆਰਾ ਲਗਦਾ
ਤੇ ਚਿੱਤ ਮੇਰਾ ਆਪਣੇ ਆਪੇ ਨੂੰ
ਹੋਰ ਚੀਣਦਾ ਲਿਵਲੀਨ ਹੋ ਜਾਂਦਾ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਪ੍ਰਭੂ-ਪ੍ਰੀਤਮ ਦੇ ਮਾਣਕ ਮੋਤੀ
ਛਜਾਂ ਉਤੇ ਫਰਸ਼ਾਂ ਉਤੇ ਹੋਣ ਥੋੜ੍ਹੇ ਹੀ ।
ਮੈਨੂੰ ਤਾਂ ਇਹੋ ਜਿਹਾ ਖ਼ਿਆਲ ਕੰਬਣੀ ਛੇੜੇ
ਕਿ ਗਗਨ-ਮੰਡਲ ਦੇ ਦੇਵ
ਆਪਣੀ ਇੱਛਾ ਦੁਆਰਾ
ਵਰਖਾ ਰੁੱਤ ਦੀ ਅੰਧਿਆਰੀ ਰਾਤ ਦੇ ਭੰਬਟਾਂ ਉਪਰ
ਸੁੰਦਰਤਾ ਦਾ ਚਿਤਰ ਉਲੀਕਣ
ਅਤੇ ਧਰਤ ਦੇ ਚਿੰਤਕਾਂ ਦਾ ਇਹ ਤਸੱਵਰ
ਮੈਨੂੰ ਜਾਪੇ ਕੁਫ਼ਰ ਸਮਾਨ
ਕਿ ਰੱਬ ਦਾ ਕੇਵਲ ਇਕੋ ਰੰਗ ਹੈ
ਜੋ ਸ੍ਰਿਸ਼ਟੀ ਤੇ ਸ੍ਰਿਸ਼ਟੀ ਦੇ ਅੰਦਰ
ਭੇਦ ਨਹੀਂ ਹੈ ਕੋਈ ।
ਮੈਂ ਤਾਂ ਸਭ ਵਸਤਾਂ ਵਿਚ
ਨਾਨਾਪਨ ਦੇ ਅੰਦਰ ਅਤੇ ਵਖੇਪਾਂ ਤਾਂਈਂ ਮੰਨਦਾ,
ਇਹ ਨਾਨਾਪਨ ਮੈਨੂੰ ਰੱਬੀ ਲੀਲ੍ਹਾ ਜਾਪੇ,
ਮੈਂ ਤਾਂ 'ਇਕ ਹੋਣ ਦੇ' ਖ਼ਿਆਲ ਤੋਂ ਡਾਢਾ ਜਿੱਚ
ਇਕੋ ਗੂੜ੍ਹਾ ਕਾਲਾ ਰੰਗ 'ਏਕਤਾ' ਵਾਲਾ
ਮੈਨੂੰ ਮਨ ਦੇ ਭੂਤ ਦਾ ਖਬਤ ਹੀ ਜਾਪੇ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਘਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਮੈਂ ਗਲੀਆਂ ਦਾ ਮੰਗਤਾ ਕਿਦਾਂ ਮੰਨਾਂ
ਜੋ ਨਿਰਮੋਹ ਬੜੀ ਹੈ,
ਉਸ ਦੇ ਦੁਆਰੇ ਖੜ੍ਹ ਕੇ
ਮੈਂ ਮੰਗਦਾ ਅੰਨ ਤੇ ਪਾਣੀ,
ਜਿਸ ਨੂੰ ਕਦੀ ਮੇਰਾ ਖ਼ਿਆਲ ਨਹੀਂ ਆਇਆ ?
ਮੈਂ ਤਾਂ ਕੂੜੀ ਖੇਡ ਨਾ ਖੇਡਾਂ ।
ਮੈਂ ਦਇਆ ਦਾ ਪੁੱਤਰ ਦਇਆ ਪਛਾਣਾਂ

ਨਿਰਮੋਹ ਦੇ ਨਾਲ ਮੇਰਾ ਨਹੀਂ ਕੋਈ ਨਾਤਾ,
ਮੈਂ ਤਾਂ ਜੀਵਨ ਦਾ ਮਤਵਾਲਾ,
ਮੌਤ ਨੂੰ ਨਿਤ ਤ੍ਰਿਸਕਾਰਾਂ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ' ਨੂੰ ਗਾਉਂਦਾ ।

* * * *

ਮੈਂ ਤਾਂ 'ਜੀਵਨ' ਦਾ ਸਹਿਆਰਾ,
ਮੇਰੇ ਸੁਆਸਾਂ ਵਿਚ ਪ੍ਰਭੂ-ਲੋਕ ਦਾ
ਅੰਮ੍ਰਿਤ-ਜਲ ਹੈ ਭਰਿਆ ।
ਆਪਣੇ ਨਛੱਤਰਾਂ ਦੇ ਚਾਨਣ ਵਿਚ
ਮੈਂ ਸੰਤੁਸ਼ਟ ਤੇ ਪ੍ਰਸੰਨ,
ਹੋਰ ਕੁਝ ਮੈਨੂੰ ਨਹੀਂ ਚਾਹੀਏ,
ਮੈਂ ਤਾਂ ਉੱਚੇ ਗਗਨੀ ਵਿਚਰਾਂ,
ਭੀੜ ਕੇ ਸਭ ਦਰਵਾਜ਼ੇ ਹਨੇਰੇ ਵਾਲੇ ।
ਮੈਂ ਹਾਂ ਸੁੰਦਰਤਾ ਦਾ ਜਾਇਆ
ਦਰ-ਦਰ ਅਲਖ ਜਗਾਉਂਦਾ
'ਸਤਿਨਾਮ ਨੂੰ ਗਾਉਂਦਾ ।

3. ਪ੍ਰੇਮ ਹੈ ਮਹਾਨ

ਮਨੁੱਖਾਂ ਦੇ ਕਈ ਸਰੂਪ ਮੇਰੇ ਅੰਦਰ
ਪੂਜਾ ਦੇ ਭਾਵ ਜਗਾਉਂਦੇ,
ਮੈਂ ਵਸਤਾਂ ਤੇ ਦਾਤਾਂ ਦੇ ਮੋਹ ਵਿਚ ਬਝ ਜਾਂਦਾ
ਤੇ 'ਦਾਤਾਰ' ਨੂੰ ਭੁਲ ਜਾਂਦਾ,
ਜਿਸ ਨੇ ਮੈਨੂੰ ਮਨੁੱਖਾਂ ਤੇ ਵਸਤਾਂ ਦੀ
ਪੂਜਾ ਕਰਨ ਦੀ ਜਾਚ ਸਿਖਾਈ,
ਜਿਸ ਨੇ ਮੈਨੂੰ ਇਹ ਸਿਖਾਇਆ
ਕਿ ਪ੍ਰੇਮ ਹੈ ਮਹਾਨ
ਤੇ ਹੈ ਰੱਬ ਦੀ ਵੱਡੀ ਦਾਤ !
ਹੈ ਇਹ ਕਿੰਨਾ ਅਚਰਜ
ਕਿ ਮਨੁੱਖਾਂ ਤੇ ਵਸਤਾਂ ਨੂੰ ਤੱਕ
ਮੈਂ ਪ੍ਰਭੂ ਨੂੰ ਭੁਲ ਜਾਂਦਾ !
ਜਿਸ ਪ੍ਰੀਤਮ ਨੇ ਮੈਨੂੰ ਇਹ ਸੋਝੀ ਦਿਤੀ :
''ਪ੍ਰੇਮ ਦੀ ਕਰੋ ਉਪਾਸਨਾ
ਜਿਥੇ ਵੀ ਇਹ ਹੋਵੇ ਪ੍ਰਗਟ,
ਭਾਵੇਂ ਮਾਂ ਦੇ ਦਿਲ ਵਿਚ
ਜਾਂ ਬਾਲ ਦੇ ਅੰਦਰਵਾਰ,
ਜਾਂ ਹੋਵੇ ਕਿਸੇ ਗਭਰੂ-ਦਿਲ ਅੰਦਰ
ਜਾਂ ਕਿਸੇ ਮੁਟਿਆਰ ਦੇ ਦਿਲ ਵਿਚਕਾਰ,
ਤੁਹਾਡੇ ਅੰਦਰਲੀ ਉਚੀ ਸੂਝ ਇਹ ਦਸੇ
ਜਿਥੇ ਵੀ ਪਿਆਰ ਨਜ਼ਰੀਂ ਪੈਂਦਾ
ਉਹ ਹੈ ਬੜਾ ਮਹਾਨ,
ਇਹੋ ਗੀਤ ਬਣ
ਤੁਹਾਡੇ ਅੰਦਰੋਂ ਗੂੰਜਣਾ ਚਾਹੀਏ
ਕਿ ਪ੍ਰੇਮ ਹੈ ਬੜਾ ਮਹਾਨ
ਮਾਣੋਂ ਇਸ ਨੂੰ ਤੇ ਖ਼ੁਸ਼ ਹੋਵੋ

'ਪ੍ਰੇਮ ਹੈ ਬੜਾ ਮਹਾਨ' ।
ਪ੍ਰੇਮ ਹੈ ਜੀਵਨ,
ਇਹ ਹੈ ਰੱਬ ਦੀ ਮੂਰਤ,
ਇਹ ਹੈ ਆਤਮਾ ਦਾ ਆਹਾਰ,
ਇਹ ਹੈ ਮਾਨਵ ਦੀ ਪੋਸ਼ਾਕ ।
ਪ੍ਰੇਮ ਬਿਨਾਂ ਉਹ ਨੰਗ-ਮੁਨੰਗਾ
ਕਸ਼ਟਾਂ ਲੌਂਦਿਆ ਲੱਜਾਵਾਨ ।''
ਪਰ ਜੇ ਮਨੁੱਖ ਤੇ ਵਸਤਾਂ
ਮੈਨੂੰ ਆਪਣੇ ਮੋਹ ਜਾਲ ਵਿਚ ਨਾ ਬੰਨ੍ਹਣ
ਮੇਰੇ ਉਤੇ ਹੋਣ ਨਾ ਭਾਰੂ,
ਜੇ ਮੈਂ ਕੋਈ ਇਕ ਰਾਮਕਾਰ
ਆਪਣੇ ਗਿਰਦੇ ਖਿਚ ਸਕਾਂ
ਤੇ ਇਸ ਦੇ ਮਨਮੋਹਣੇ ਘੇਰੇ ਵਿਚ ਵਿਚਰਾਂ
ਤੇ ਆਪਣੇ ਪ੍ਰੀਤਮ ਸੰਗ ਜੋੜਾਂ
ਸਦੀਵੀ ਪ੍ਰੇਮ ਦਾ ਨਾਤਾ,
ਇਸੇ ਮਨਮੋਹਣੇ ਕੇਂਦਰ-ਬਿੰਦੂ ਤੋਂ
ਮੈਂ ਨਿਹਾਰਾਂ ਮਨੁੱਖਾਂ ਤੇ ਸਭ ਵਸਤਾਂ ਤਾਂਈਂ ।
ਕੇਵਲ ਇਸੇ ਕੋਣ ਤੋਂ ਵੇਖਾਂ
ਸਰਬ ਲੋਕਾਈ ਤੇ ਸਭ ਵਸਤਾਂ ।

❖ ❖ ❖ ❖

4. ਪਰਦਾ-ਨਸ਼ੀਨ

ਇਕ ਆਵਾਜ ਆਈ :
''ਮੈਂ ਤੈਨੂੰ ਪਿਆਰ ਕਰਦਾ !''
ਇਹ ਸੁਣ,
ਮੈਂ ਆਪਣੀ ਆਤਮਾ ਦੇ
ਸਾਰੇ ਝਰੋਖੇ ਖੋਲ੍ਹ ਦਿਤੇ;
ਅਰਧ-ਨੰਗਾ ਹੀ,
ਮੈਂ ਆਪਣੀ ਥਾਂ ਤੋਂ
ਛੇਤੀ ਛੇਤੀ ਉਠਿਆ,
ਇਕੋ ਟਕ ਮੈਂ
ਸਹੰਸਰ ਝਰੋਖਿਆਂ ਵਿਚੋਂ ਤੱਕੀ ਜਾਵਾਂ,
ਆਪਣੇ ਸਹੰਸਰ ਕੰਨਾਂ ਨਾਲ,
ਮੈਂ ਫਿਰ ਉਸੇ ਆਵਾਜ਼ ਨੂੰ ਸੁਣਨਾ ਚਾਹਿਆ,
''ਮੈਂ ਤੈਨੂੰ ਪਿਆਰ ਕਰਦਾ ।''

* * * *

ਆਵਾਜ਼ ਸੁਣਾਈ ਦਿਤੀ,
''ਮੈਂ ਤੈਨੂੰ ਪਿਆਰ ਕਰਦਾ !''
ਇਹ ਸੁਣ
ਮੇਰਾ ਧੜਕਦਾ ਹੋਇਆ ਬੇਚੈਨ ਦਿਲ,
ਕੁਝ ਚਿਰ ਲਈ ਸ਼ਾਂਤ ਹੋਇਆ ।
ਪਰ ਕੁਝ ਪਲ ਪਿਛੋਂ
ਫਿਰ ਮੇਰੇ ਅੰਦਰ ਉਹੀ ਬੇਕਰਾਰੀ
ਤੇ ਮੈਂ ਉਚੀ ਉਚੀ ਕੂਕਦਾ,
ਦਿਲ ਮੇਰਾ ਤੇਜ਼ ਤੇਜ਼ ਧੜਕਦਾ,
ਤੇ ਲੋਚਦਾ ਉਸੇ ਆਵਾਜ਼ ਨੂੰ ਸੁਣਨ ਲਈ,
''ਮੈਂ ਤੈਨੂੰ ਪਿਆਰ ਕਰਦਾ ।''

* * * *

ਮੈਂ ਸਦਾ ਆਪਣੀ ਆਤਮਾ ਦੀ ਬਾਰੀ ਖੋਲ੍ਹ
ਨਿਤ ਉਡੀਕਦਾ ਰਾਤ ਦਿਨ, ਸੰਝ ਸਵੇਰ,
ਮੁੜ ਮੁੜ 'ਉਸੇ' ਆਵਾਜ਼ ਦੀ
ਕੰਨੀਂ ਖਿੜਕ ਪੈਣ ਨੂੰ ਲੋਚਦਾ ।
ਪ੍ਰੇਮੀਓ !
ਮੈਨੂੰ ਕੋਈ ਹੋਰ ਖ਼ਬਰ ਨਾ ਭਾਵੇ,
ਨਾ ਮੈਨੂੰ ਕੋਈ ਹੋਰ ਸੁਨੇਹਾ ਦੇਣਾ,
ਮੈਨੂੰ ਤਾਂ ਬਸ ਇਹੋ ਦਸਣਾ
ਕਿ ਉਹ ਆਖੇ :
''ਮੈਂ ਤੈਨੂੰ ਪਿਆਰ ਕਰਦਾ !''

* * * *

ਹੇ ਪ੍ਰਭੂ-ਪ੍ਰੀਤਮ ਦੇ ਰੰਗ-ਰੱਤੜੇ ਸੰਤ ਜਨੋਂ !
ਮੈਨੂੰ ਕੋਈ ਹੋਰ ਰਮਜ਼ ਨਾ ਦਸਣਾ,
ਮੈਨੂੰ ਤਾਂ ਕੇਵਲ ਇਹੋ ਸਬਕ ਪੜ੍ਹਾਉਣਾ,
''ਮੈਂ ਤੈਨੂੰ ਪਿਆਰ ਕਰਦਾ ।''
ਸਰੰਸਰ ਵਾਰ ਦਸਣਾ,
ਇਸੇ ਭੇਦ ਨੂੰ
''ਮੈਂ ਤੈਨੂੰ ਪਿਆਰ ਕਰਦਾ ।''

5. ਇਕ ਵਾਰ ਮੈਂ ਸੁੰਦਰ ਨਾਰ ਨੂੰ ਮਿਲਿਆ

ਤੱਕੀ ਮੈਂ ਇਕ ਸੁੰਦਰ ਨਾਰ
ਜੋ ਗੁਲਾਬ ਦੇ ਬੂਟੇ ਹਾਰ ਖਿੜੀ ਸੀ ।
ਭਰ ਜੋਬਨ ਦੀ ਵਿਚ ਬਹਾਰ,
ਖ਼ੁਮਾਰ ਦੇ ਨੀਲੇ ਸਾਗਰਾਂ ਉਪਰ
ਉਸ ਦੇ ਕੰਵਲ ਨੈਣ ਤਰ ਰਹੇ ਸਨ ।
ਉਸ ਦੇ ਕਦਮ ਨਾਜ਼ਕ ਸੁਬਕ ਸੁਹਾਵੇ
ਜਿਦਾਂ ਹੋਵੇ ਪਵਨ ਸਮੀਰੀ,
ਪੂਰਨ ਸੁੰਦਰਤਾ ਦਾ ਉਸ ਉਤੇ ਸੀ ਪਹਿਰਾ !
ਫ਼ਰਿਸ਼ਤਿਆਂ ਹਾਰ ਸੀ ਉਸ ਦੀ ਪਵਿੱਤਰ ਕਾਂਇਆਂ ।
ਜਦ ਮੈਂ ਉਸ ਨੂੰ ਸੂਖਮ ਨੈਣਾਂ ਨਾਲ ਤੱਕਿਆ
ਤਾਂ ਮੈਂ 'ਕਰਤਾ ਪੁਰਖ' ਦੇ ਪ੍ਰੇਮ ਵਿਚ ਸਾਂ ਡੁੱਬਿਆ,
ਜਿਸ ਨੇ ਇਸ ਸੁੰਦਰੀ ਨੂੰ ਸੀ ਘੜਿਆ !
ਦੇ ਕੇ ਰੂਪ ਅਪਾਰ !
ਸ੍ਰਿਸ਼ਟੀ ਵਿਚ ਮੈਂ ਸ੍ਰਿਸ਼ਟਾ ਨੂੰ ਤੱਕਿਆ
ਮੈਂ ਜਾ ਗੁਆਚਾ ਉਸ ਦੀ ਹੋਂਦ ਦੇ ਅੰਦਰ ।
ਉਸ ਦੇ ਨੈਣ
ਮੇਰੇ ਨੈਣਾਂ ਅੰਦਰ ਰਲਗਡ ਹੋਏ
ਤੇ ਉਸ ਦੇ ਹੋਂਠ ਮੇਰੇ ਹੋਠਾਂ ਨੂੰ ਛੂੰਹਦੇ,
ਇੰਝ ਸਨ ਕੰਬਦੇ 'ਨਾਮ ਧੁਨੀ' ਦੇ ਅੰਦਰ
ਅਨਹਦ ਨਾਦ ਸਮਾਨ ।
ਉਸ ਦੀ ਆਤਮਾ ਮੇਰੇ ਅੰਦਰ ਆ ਸਮਾਈ
ਮੇਰੀ ਆਤਮਾ ਉਸ ਦੀ-ਆਤਮਾ ਅੰਦਰ

ਜਾ ਟਿਕੀ ਸੀ ।

ਇਝ ਹੋਇਆ ਮੈਨੂੰ ਪ੍ਰਤੀਤ

ਜਿਵੇਂ ਮੈਂ ਉਸ ਨਾਰੀ ਦਾ

ਬਣ ਗਿਆ ਹੋਵਾਂ ਵਜੂਦ ।

ਇਸ ਮਹਾਂ ਸੁੰਦਰੀ ਨੂੰ

ਮੈਂ ਘੰਟਿਆਂ ਬੱਧੀ ਵਿਸਾਰ ਨਾ ਸਕਿਆ;

ਕਿਉਂਜੋ

ਮੈਂ ਨਹੀਂ ਸਾਂ ਆਦੀ

ਐਸੀ ਸੁੰਦਰਤਾ ਨੂੰ ਤੱਕਣ ਦਾ ।

❖ ❖ ❖ ❖

6. ਮਿਹਰ ਦੀ ਨਿਗ੍ਹਾ

ਹਜ਼ਾਰਾਂ ਪਵਿੱਤਰ ਨਦੀਆਂ
ਮੈਂ ਕੀਤਾ ਇਸ਼ਨਾਨ
ਤਾਂ ਜੋ ਧੋਤੇ ਜਾਣ ਮੇਰੇ ਪਾਪ-ਸੰਤਾਪ
ਮਨੁੱਖੀ ਜਾਮੇ ਦੇ
ਜਿਵੇਂ ਲੋਕ ਫ਼ੁਰਮਾਣ;
ਪਰ ਇਨ੍ਹਾਂ ਤੀਰਥਾਂ ਉਤੇ ਕਰ ਇਸ਼ਨਾਨ
ਮੇਰੇ ਮਨ ਦੀ ਅਗਨੀ ਹੋਈ ਨਹੀਂ ਹੈ ਸ਼ਾਂਤ ।
ਪਰ ਜਦ ਮੇਰੇ ਉਤੇ ਪ੍ਰਭੂ ਜੀ
ਤੁਹਾਡੀ ਪੈਂਦੀ ਮਿਹਰ ਦੀ ਨਿਗ੍ਹਾ
ਤਾਂ ਮੈਂ ਹੋ ਜਾਂਦਾ ਹਾਂ ਪੁਨੀਤ ।
ਕਰ ਕੇ ਇਸ਼ਨਾਨ ਨਦਰ-ਕਰਮ ਵਿਚ
ਮੇਰਾ ਹਿਰਦਾ ਹੋਵੇ ਪਵਿੱਤਰ
ਤੇ ਮੇਰੇ ਮਨ ਦੇ ਸ਼ੁੱਧ ਹੋ ਜਾਵਣ ਸਭ ਵਿਚਾਰ
ਮੇਰੀ ਆਤਮਾ ਪਾਪ ਰਹਿਤ ਮੰਡਲ ਵਿਚ
ਉਚੀ ਮਾਰੇ ਉਡਾਰੀ
ਤੇ ਮੇਰੇ ਮਨ ਦੇ ਤਪਦੇ ਵਿਚਾਰ
ਸਭ ਹੋ ਜਾਵਣ ਸ਼ਾਂਤ
ਵਹਿੰਦੀ ਇਸ ਸ਼ਾਂਤੀ ਦੀ
ਠੰਢੀ ਸਿੰਧੂ ਧਾਰਾ ਅੰਦਰ ।
ਤੁਹਾਡੀ ਮਿਹਰ ਦੀ ਨਿਗ੍ਹਾ ਦਾ ਤੇਜ਼ ਪ੍ਰਕਾਸ਼
ਮੇਰੇ ਮਨ ਅੰਦਰ ਦੇ
ਤਪਦੇ ਤ੍ਰਿਸ਼ਨਾ ਲੱਦੇ ਵਿਚਾਰਾਂ ਨੂੰ
ਕਰ ਦਿੰਦਾ ਹੈ ਸ਼ਾਂਤ,
ਏਦਾਂ ਜਿਦਾਂ
ਜਵਾਲਾਮੁਖੀ ਦੇ ਅਗਨ-ਅਲੰਬਿਆਂ ਉਤੇ,
ਹਿਮ ਦੀ ਵਰਖਾ ਹੁੰਦੀ ।

ਨਦੀ ਵਿਚ ਮੱਛੀ ਸੁਤੰਤਰ ਹੋ ਕੇ
ਖੁਲ੍ਹ ਪਈ ਮਾਣੇ,
ਨਦੀ ਸਾਗਰ ਵਿਚ ਸਮਾ ਕੇ
ਇਸ ਖੁਲ੍ਹ ਦਾ ਭੇਦ ਪਛਾਣੇ,
ਤੇ ਸਾਗਰ ਅਨੰਤਾਂ ਦੀ ਵਿਸ਼ਾਲਤਾ ਦੇ
ਰਹੱਸ ਨੂੰ ਜਾਣੇ ।
ਯੋਗੀ ਇਸ ਸੁਤੰਤਰਤਾ ਨੂੰ,
ਮਾਣੇ ਵਿਚ ਨਿਰਵਾਣ,
ਪਰ ਮੈਂ ਤਾਂ ਉਸ ਸਮੇਂ ਮੁਕਤੀ ਨੂੰ ਪਾਵਾਂ
ਜਦ ਮੈਂ ਤੁਹਾਡੀ ਮਿਹਰ ਭਰੀ ਨਿਗ੍ਹਾ ਨੂੰ ਮਾਣਾਂ ।
ਤੁਹਾਡੀ ਅੰਮ੍ਰਿਤ-ਦ੍ਰਿਸ਼ਟੀ ਦੀ ਪਹਿਨ ਪੋਸ਼ਾਕ
ਤੇ ਤੁਹਾਡੇ ਧੁਰੋਂ ਵਰੋਸਾਏ ਪ੍ਰੇਮ ਦਾ ਕਰਕੇ ਸ਼ਿੰਗਾਰ,
ਨਵ-ਜਨਮੇ ਬੱਚੇ ਦੇ ਹਾਰ
ਤੁਹਾਡੀ ਮਿਹਰ ਨਿਗ੍ਹਾ ਵਿਚ ਕਰ ਇਸ਼ਨਾਨ
ਜਦ ਮੈਂ ਤੁਹਾਡੇ ਚਰਨ-ਕੰਵਲਾਂ ਨੂੰ ਪਰਸਾਂ
ਤਾਂ ਹੋ ਜਾਵਾਂ ਮੈਂ ਬੰਧਨ-ਮੁਕਤ ।
ਤੁਹਾਡੀ ਨਦਰ-ਕਰਮ ਨਾਲ
ਮੈਂ ਹੋਵਾਂ ਭਰਪੂਰ !
ਤੁਹਾਡੀ ਨਦਰ ਕਰ ਦਿੰਦੀ
ਮੈਨੂੰ ਨਿਹਾਲ !

❖ ❖ ❖ ❖

7. ਘਾਹ ਪੱਤੀਆਂ ਵਿਚ ਮੇਰਾ ਆਲ੍ਹਣਾ

ਮੇਰਾ ਜੀਵਨ ਹੈ ਅੰਧਕਾਰ ਮਹਾਨ !
ਸਭ ਤਾਰਿਆਂ ਦੇ ਹੁੰਦਿਆਂ ਹੋਇਆਂ
ਹਨੇਰਾ ਹੈ ਆਕਾਸ਼
ਤੇ ਦਿਨ ਤੇ ਰੈਣ ਦੋਵੇਂ ਹੀ
ਬਣ ਗਏ ਅੰਧਕਾਰ ।
ਮੇਰੇ ਦਿਲ ਵਿਚ ਵੀ ਹੈ ਪਸਰਿਆ
ਮਹਾਂ ਅੰਧਕਾਰ !
ਸੌ ਚੰਦਰਮਾ ਜੇਕਰ ਉਗਮਣ
ਹੋਵੇ ਨਾ ਮੇਰਾ ਘਟ ਰੌਸ਼ਨ,
ਸਹੰਸਰ ਸੂਰਜਾਂ ਦਾ ਮਹਾਂ ਪ੍ਰਕਾਸ਼
ਮੇਰੇ ਹਿਰਦੇ ਦੇ ਅੰਧਿਆਰੇ ਅੰਦਰ
ਭੇਜ ਨਾ ਸਕਦਾ ਇਕ ਵੀ ਕਿਰਨ ।
ਆਪਣੀ ਆਤਮਾ ਦੀ ਇਸ ਕਾਲ ਕੋਠੜੀ ਅੰਦਰ
ਮੈਂ ਉਸ ਰੱਬੀ ਨੂਰ ਦੀ
ਇਕ ਰਿਸ਼ਮ ਦੀ ਕਰਾਂ ਉਡੀਕ
ਜੋ ਮੇਰੀ ਰੂਹ ਦੀ ਇਸ ਗੁਫਾ ਨੂੰ
ਕਰ ਦੇਵੇ ਆ ਕੇ ਨੂਰੋ-ਨੂਰ !
ਉਸ ਪ੍ਰਭੂ-ਪ੍ਰੀਤਮ ਨੇ ਮੇਰੇ ਉਪਰ
ਇਕ ਨਿਗ੍ਹਾ ਮਿਹਰ ਦੀ ਸੁਟੀ
ਜਿਸ ਦੀ ਜੋਤੀ ਨੇ ਮੇਰੇ ਦਿਲ ਅੰਦਰ
ਚਾਨਣ ਦੀਪ ਜਗਾਇਆ ।
ਹੁਣ ਮੇਰੇ ਦਿਲ ਦੇ ਆਲ੍ਹਣੇ ਲਈ

ਇਕ ਘਾਹ-ਪੱਤੀ ਦਾ
ਸੂਖਮ ਪਰਦਾ ਹੀ ਹੈ ਕਾਫ਼ੀ
ਇਸੇ ਵਿਚ ਵਿਚਰ ਕੇ
ਮੈਂ ਉਸ ਰੱਬ ਦੀ ਜੋਤੀ ਨੂੰ ਹਾਂ ਪਾਉਂਦਾ
ਤੇ ਮੇਰਾ ਹਿਰਦਾ ਪਰਮ ਸ਼ਾਂਤੀ ਵਿਚ
ਜਾ ਸਮਾਉਂਦਾ ।
ਹੁਣ ਭਾਵੇਂ ਰਾਤਾਂ ਦੇ ਕਈ ਹਨੇਰੇ
ਤੇ ਕਈ ਮਹਾਂ ਕਾਲੇ
ਤੇਜ਼ ਝੱਖੜ ਪਏ ਝੁਲਦੇ
ਅੰਧਕਾਰ ਵਾਲੇ ਬਾਹਰਵਾਰ,
ਫਿਰ ਵੀ ਮੈਂ ਆਪਣੇ ਨਿਜ ਆਲ੍ਹਣੇ ਅੰਦਰ
ਰਹਾਂ ਅਡੋਲ,
ਆਪਣੇ ਅੰਦਰ ਦੇ ਚਾਨਣ ਨਾਲ ਭਰਪੂਰ ।

❖ ❖ ❖ ❖

8. ਚੋਜੀ ਮੇਰੇ ਗੋਵਿੰਦਾ

ਮੇਰੀਏ ਮਾਏ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?
ਮੈਂ ਤੱਕਿਆ ਮੇਰਾ ਪ੍ਰੀਤਮ
ਅੱਧ-ਅਸਮਾਨੀ ਖੜ੍ਹ ਕੇ
ਆ ਰਿਹਾ ਸੀ ਹੇਠਾਂ ਮੇਰੀ ਵੰਨੇ,
ਉਸ ਸੁਪਨੇ ਦੇ ਹਾਰ,
ਜੋ ਰਾਤ ਆਵੇ ।
ਮੈਂ ਤੱਕਿਆ ਸੀ ਉਸ ਨੂੰ
ਧੁੱਪ ਸੁਨਹਿਰੀ ਦੇ ਵਿਚ ਬੈਠਾ,
ਚੜ੍ਹਦੇ ਸੂਰਜ ਹਾਰ,
ਜਿਸ ਨੂੰ ਮੈਂ ਹਰ ਸਵੇਰ
ਸਭ ਤੋਂ ਪਹਿਲਾਂ ਵੇਖਣਾ ਲੋਚਾਂ ।
ਮੇਰੀਏ ਮਾਏ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

* * * *

ਮੇਰਾ ਚੋਜੀ ਪ੍ਰੀਤਮ
ਬਹਿ ਜਾਂਦਾ ਹੈ ਮੌਨ,
ਉਸ ਦੀ ਇਕ ਛੁਹ ਮੈਨੂੰ ਬਖ਼ਸ਼ੇ
ਜੋ ਕੁਝ ਵੀ ਮੈਂ ਲੋਚਾਂ,
ਬਾਹਰੀ ਅਤੇ ਭੀਤਰੀ,
ਉਹ ਮੇਰੀ ਹਰ ਇੱਛਾ ਦੀ ਪੂਰਤੀ ਕਰਦਾ,
ਜ਼ਿੰਦਗੀ ਦੇ ਤਪਦੇ ਥਲਾਂ ਵਿਚ,
ਮੈਨੂੰ ਇੰਞ ਜਾਪਦਾ
ਜਿਵੇਂ ਉਹ ਮੇਰੇ ਸੰਗ ਪ੍ਰੇਮ-ਕ੍ਰੀੜਾ ਕਰਦਾ
ਸੁਟ ਦੇਵੇ ਚੁੱਕ ਉਹ ਮੈਨੂੰ
ਮਾਨਸਰੋਵਰ ਦੇ ਅੰਮ੍ਰਿਤ ਜਲ ਵਿਚ,
ਜਿਸ ਦੇ ਨਿਰਮਲ ਜਲ ਵਿਚ
ਮੈਂ ਹਾਂ ਤਾਰੀ ਤਰਦਾ ।

ਮੇਰਾ ਨਗਨ ਸਰੀਰ,
ਮੇਰੀਆਂ ਜੰਘਾਂ ਬਾਹਵਾਂ,
ਸ਼ਾਂਤ ਜਲ ਦੀ ਨਿਰਮਲਤਾ ਵਿਚ
ਇਧਰ ਉਧਰ ਹਿਲਦੀਆਂ
ਅਨੰਤ ਜਿਹੀ ਇਕ ਖ਼ੁਸ਼ੀ ਵਿਚ
ਪਾਣੀ ਦੇ ਛਿੱਟਿਆਂ ਦਾ ਨਾਦ
ਉੱਛਲ ਉੱਛਲ ਕੇ ਪਿਆ ਸੁਣੀਂਦਾ,
ਉਸ ਦੇ ਮੋਤੀਆਂ ਵਰਗੇ ਛਿਟਿਆਂ ਅੰਦਰ
ਸੂਰਜ ਦੀ ਝਿਲਮਿਲ ਲਹਿਰਦੀ
ਆਪਣੀਆਂ ਖ਼ੁਸ਼ੀ ਤਰੰਗਾਂ ਦੇ ਜਾਲ ਵਿਚ
ਮੈਂ ਚੰਨ ਨੂੰ ਫੜ ਲੈਂਦਾ ।
ਮੇਰੀਏ ਮਾਏ ! ਤੂੰ ਹੀ ਦਸ ਖਾਂ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

* * * *

ਉਹ !
ਜਿਸ ਦਾ ਚਿਤਵਨ
ਮੇਰੇ ਮਨ ਦੀ ਸ਼ਾਂਤੀ ਤਾਂਈਂ ਹਿਲਾਵੇ,
ਉਸ ਦੀ ਪਰਮ ਹਜ਼ੂਰੀ ਦੇ
ਮਿੱਠੜੇ ਅਨਹਦ ਨਾਦ ਵਿਚ
ਮੈਨੂੰ ਇਸ਼ਨਾਨ ਕਰਾਵੇ ।
ਸਦਾ ਸਦਾ ਲਈ ਮੇਰੇ ਕਿਲਵਿਖ
ਸਾਰੇ ਕੱਟ ਵਿਖਾਵੇ ।
ਆਪਣੀ ਕੰਜ ਕੁਆਰੀ ਸੁੰਦਰਤਾ ਦਾ
ਨਵਨੀਤ ਹੁਲਾਰਾ,
ਮੇਰੇ ਸਾਰੇ ਆਪੇ ਤਾਂਈਂ ਹੁਲਸਾਵੇ ।
ਮੈਂ ਜੀਵਨ ਦੀਆਂ ਜਿੰਦ ਧੜਕਣਾਂ
ਵਿਚ ਲਰਜ਼ਦਾ, ਕੰਬਦਾ, ਥਰਥਰਾਂਦਾ ।
ਮੇਰੀਏ ਮਾਏ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

* * * *

ਉਸ ਨੇ ਜਦ ਮੇਰੇ ਵਲ ਨਿਗ੍ਹਾ ਮਿਹਰ ਦੀ ਸੁਟੀ,
ਮੈਂ ਖ਼ੁਸ਼ੀ ਵਿਚ ਝੱਲਾ ਹੋਇਆ
ਦੀਵਾਨਾ-ਮਸਤਾਨਾ-ਨਿਰਸੁਆਰਥ
ਬਿਨਾਂ ਕਿਸੇ ਇੱਛਾ ਤੇ ਲੋਚਾ
ਉਸ ਖ਼ੁਸ਼ੀ ਦੇ ਪਰਮ-ਰਹੱਸ ਵਿਚ
ਮੈਂ ਨਸਦਾ ਘੁੰਮਦਾ ਫਿਰਦਾ,
ਉਸ ਦੇ ਨਾਮ ਦਾ ਛਿਣ ਛਿਣ ਸਿਮਰਨ ਕਰਦਾ,
ਉਸ ਦੇ ਅੰਮ੍ਰਿਤ ਪਿਆਲੇ ਵਿਚੋਂ
ਘੁਟ ਘੁਟ ਕਰਕੇ ਅੰਮ੍ਰਿਤ ਪੀਂਦਾ,
ਨਾਮ-ਕਟੋਰਾ ਮੇਰਾ ਨਕੋ ਨੱਕ ਉਸ ਭਰਿਆ ।
ਮੇਰੀਏ ਮਾਏ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

* * * *

ਉਹ ਇਕ ਵਾਰੀ ਇੰਝ ਆਇਆ
ਫੜ ਕੇ ਮੇਰਾ ਹੱਥ
ਉਹ ਮੈਨੂੰ ਲੈ ਤੁਰਿਆ
ਕਿਸੇ ਇਕਾਂਤ ਥਾਂਵੇਂ,
ਮੇਰਾ ਦਿਲ ਸੀ ਧੱਕ ਧੱਕ ਕਰਦਾ,
ਨਚਦਾ ਉਸ ਦੀ ਛੁਹ ਦੇ
ਮਹਾਂ-ਆਨੰਦ ਵਿਚ ਖੀਵਾ,
ਮੈਨੂੰ ਇੰਝ ਜਾਪਿਆ,
ਜਿਵੇਂ ਉਸ ਸੀ ਚੁਕਿਆ,
ਮੈਨੂੰ ਆਪਣੇ ਮੋਢਿਆਂ ਉੱਤੇ
ਤੇ ਉਡ ਤੁਰਿਆ ਉਹ ਵਲ ਆਕਾਸ਼ਾਂ,
ਜਿਸ ਦੀਆਂ ਵਿਸਮਾਦੀ ਉਚਾਈਆਂ
ਤੇ ਅਦਭੁਤ ਦ੍ਰਿਸ਼ਾਂ
ਮੈਨੂੰ ਚਕਾਚੋਂਧ ਸੀ ਕੀਤਾ ।
ਮੇਰੀਏ ਮਾਏ !
ਮੈਂ ਉਸ ਚੋਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

* * * *

ਜਦ ਮੈਨੂੰ ਸਭ ਨੇ ਸੀ ਤਜਿਆ,
ਉਸ ਮੈਨੂੰ ਵਡਿਆਇਆ ।
ਸਾਰੀ ਦੁਨੀਆਂ ਨੇ ਜਦ ਮੈਨੂੰ ਸੀ ਨਿੰਦਿਆ;
ਉਸ ਨੇ ਮੈਨੂੰ ਆ ਕੇ ਸੀ ਸਲਾਹਿਆ ।
ਜਦ ਸੀ ਮੈਂ ਸਭ ਕੁਝ ਆਪਣਾ ਗੁਆਇਆ;
ਤੇ ਬਣਿਆ ਇਕ ਕੰਗਲਾ ਨਿਰਧਨ,
ਉਸ ਨੇ ਮੇਰੇ ਸੀਸ 'ਤੇ ਆ ਕੇ
ਤਾਜ ਪਹਿਨਾਇਆ ।
ਜਦ ਮੈਂ ਦੁਨੀਆਂ ਦੀਆਂ ਗਲੀਆਂ ਦੀ ਸਾਂ
ਨਿਗੁਣੀ ਧੂੜ;
ਉਸ ਨੇ ਆਪਣੇ ਸੁਆਸਾਂ ਦੀ ਛੁਹ ਬਖ਼ਸ਼ ਕੇ
ਮੈਨੂੰ ਰੱਬੀ ਸੀਰਤ ਬਖ਼ਸ਼ੀ;
ਜਦ ਦੁਨੀਆਂ ਨੇ ਮੈਨੂੰ ਛੇਕਿਆ,
ਅਛੂਤ ਅਛੂਤ ਕਹਿ ਮੈਨੂੰ ਦੁਰਕਾਰਿਆ,
ਮੇਰੇ ਨਿੰਦਕਾਂ ਚੰਦਰਾ -ਪਾਪੀ ਕਹਿ
ਮੈਨੂੰ ਤ੍ਰਿਸਕਾਰਿਆ;
ਉਸ ਨੇ ਆ ਮੈਨੂੰ
ਆਪਣੀ ਗਲਵਕੜੀ ਵਿਚ ਘੁਟਿਆ ।
ਮੇਰੀਏ 'ਬੀਬੀਏ ਧੀਏ' ਕਹਿ ਕੇ
ਮੇਰਾ ਮੱਥਾ ਚੁੰਮਿਆਂ,
ਦਿਤਾ ਮੈਨੂੰ ਪਿਆਰ;
ਜਦ ਮੈਂ ਵਿਚ ਗ਼ਰੀਬੀ
ਸ਼ਰਮਸਾਰ ਸਾਂ ਨੰਗ-ਮੁਨੰਗਾ,
ਉਸ ਨੇ ਆਪਣੇ
ਮਹਾਂ-ਆਨੰਦ ਦੀ ਬਖ਼ਸ਼ ਪੋਸ਼ਾਕੀ,
ਮੇਰੀ ਪਤ ਤਾਂਈਂ ਸੀ ਢਕਿਆ ।
ਮੇਰੀਏ ਮਾਏ !
ਮੈਂ ਉਸ ਰੰਜੀ ਪ੍ਰੀਤਮ ਨੂੰ ਕਿਵੇਂ ਵਿਸਾਰਾਂ ?

8. ਚਰਨ ਕੰਵਲਾਂ 'ਤੇ

ਜਾਲ ਵਿਚਾਰ ਦੇ ਸਭ ਚਕਰਾਂ ਨੂੰ
ਆਪਣੇ ਆਪ ਤੋਂ ਪਰੇ ਹਟਾ ਕੇ,
ਜਦ ਮੇਰੀ ਆਤਮਾ ਨੇ ਭਰੀ ਉਡਾਰੀ,
ਸਭ ਭਰਮ-ਜਾਲ ਨੂੰ ਕਰਕੇ ਤਾਰੋ-ਤਾਰ,
ਜੋ ਆਪਣੇ ਇਰਦੇ ਗਿਰਦੇ
ਮੈਂ ਆਪ ਹੀ ਸੀ ਤਣਿਆਂ ।
ਆਪਣੀ ਨਿੱਕੀ 'ਮੈਂ' 'ਚੋਂ
ਜਦ ਮੈਂ ਬਾਹਰ ਆਇਆ
ਤਾਂ ਜਾ ਸੀਸ ਟਿਕਾਇਆ
ਉਸ ਦੇ ਚਰਨ-ਕੰਵਲਾਂ ਉਤੇ
ਤਾਂ ਮੇਰੇ ਉਪਰ ਬੇਖ਼ੁਦੀ ਦਾ
ਝੂਟਾ ਜਿਹਾ ਇਕ ਆਇਆ ।
ਮੈਨੂੰ ਇੰਝ ਜਾਪਿਆ
ਜਿਵੇਂ ਮੈਂ ਸਭ ਤੋਂ ਛੁਪ ਛੁਪਾ ਕੇ
ਆਪਣੀ ਮਾਂ ਦੀ ਗੋਦੀ ਹੋਵਾਂ ਲੇਟਿਆ
ਤੇ ਉਸ ਦੇ ਕੋਲੋਂ ਚਾਨਣ ਦੇ
ਅੰਮਿਤ ਘੁਟਾਂ ਨੂੰ ਹੋਵਾਂ ਪੀਂਦਾ ।
ਆਪਣੀ ਆਤਮਾ ਵਿਚ
ਮੈਂ ਇਸ ਤਰ੍ਹਾਂ ਇਸਥਿਤ ਹੋਇਆ
ਜਿਵੇਂ ਬੱਦਲ ਢੱਕ ਲੈਂਦੇ ਨੇ ਤਾਰੇ ਆਪਣੇ ਓਹਲੇ ।
ਪਰ ਅੰਮ੍ਰਿਤ ਵੇਲੇ ਪਹਾੜੀ ਵਾਲੇ ਫੁੱਲਾਂ ਕੋਲੋਂ
ਮੈਂ ਅੰਮ੍ਰਿਤ ਬੂੰਦਾਂ ਸਾਂ ਚਖ ਰਿਹਾ
ਉਸ ਦੇ ਚਰਨ-ਕੰਵਲਾਂ 'ਤੇ ਲੇਟਿਆ ।
ਉਸ ਦੀ ਸ੍ਰਿਸ਼ਟੀ ਤਾਂਈਂ ਨਿਹਾਰ,
ਉਸ ਦੇ ਪਿਆਰ ਦੀ ਕੁੰਜੀ ਨੇ
ਮੇਰੇ ਆਤਮ-ਭਿਤਾਂ ਨੂੰ ਸੀ ਖੋਲ੍ਹਿਆ ।
ਉਸ ਦੇ ਚਰਨ-ਕੰਵਲਾਂ ਉਤੇ ਲਿਪਟ ਕੇ
ਜਿੰਦ ਦੀ ਕੈਦ-ਕੋਠੜੀ ਵਿਚੋਂ
ਮਿਲ ਗਈ ਮੈਨੂੰ ਮੁਕਤੀ ।

10. ਅਣਿਆਲੇ ਤੀਰ ਦੀ ਉਡੀਕ

ਮੈਂ ਕਦੀ ਵੀ
ਨਿਸ਼ਾਨਾ ਨਾ ਸੋਧਾਂ ।
ਉਹੋ ਹੀ ਮੇਰੇ ਲਈ
ਆਪ ਸਭ ਕੁਝ ਕਰਦਾ,
ਜਦ ਉਹ ਮੈਨੂੰ ਛੁਹੰਦਾ
ਤਾਂ ਮੇਰੇ ਹੱਥ ਆਪ ਮੁਹਾਰੇ
ਤੀਰ ਪਿਆ ਹੈ ਚਲਦਾ,
ਮੈਂ ਤਾਂ ਕੇਵਲ ਹੁਕਮ ਪਾਲਦਾ
ਵਿਚ ਰਜ਼ਾ ਦੇ ਰਹਿੰਦਾ ।

❖ ❖ ❖ ❖

11. ਜੇ ਤੂੰ ਮੇਰਾ ਹੋ ਰਹੇਂ

ਜੇ ਤੂੰ ਮੇਰਾ ਹੋ ਰਹੇਂ
ਤਾਂ ਮੈਨੂੰ ਕਿਸੇ ਮੰਦਰ ਜਾਂ ਮਸਜਿਦ ਦੀ
ਨਾ ਰਹਿੰਦੀ ਲੋੜ ।
ਜੇ ਮੈਂ ਉਧਰ ਮੂੰਹ ਭੁਆਵਾਂ
ਜਿਧਰ ਹੋਵੇਂ ਤੂੰ ਖੜਾ ਮੇਰੇ ਸਨਮੁਖ
ਤੇਰੇ ਚਾਨਣ ਦੇ ਸਾਗਰ ਵਿਚ
ਜੇ ਮੈਂ ਕਰਾਂ ਇਸ਼ਨਾਨ
ਤਾਂ ਹੋਰ ਕਿਸੇ ਵੀ ਧਰਮ ਕਰਮ ਦੀ
ਮੇਰੇ ਮਨ ਨੂੰ ਰਹਿੰਦੀ ਨਾ ਕੋਈ ਲੋੜ ।
ਮੇਰੇ ਲਈ ਇਹ ਸਭ ਦਾਤਾਂ ਹਨ ਕਾਫ਼ੀ
ਹੈ ਮੇਰਾ ਇਹ ਵਿਸ਼ਵਾਸ
ਕਿ ਤੂੰ ਸਭ ਅਰਜ਼ਾਂ ਮੇਰੇ ਦਿਲ ਦੀਆਂ
ਕਰਦਾ ਹੈਂ ਪ੍ਰਵਾਨ ।
ਤੂੰ ਹੀ ਮੇਰਾ ਮਕਾ ਕਾਅਬਾ,
ਤੂੰ ਹੀ ਮੰਦਰ -ਮਸਜਿਦ,
ਤੂੰ ਹੀ ਮੇਰਾ ਧਰਮ-ਅਸਥਾਨ ।

12. ਮੇਰੇ ਪ੍ਰੀਤਮ

ਮੇਰੇ ਪ੍ਰੀਤਮ !
ਕਿਉਂ ਸਭ ਵਸਤਾਂ
ਦਿਸਣ ਉਲਝੀਆਂ ਉਲਝੀਆਂ ?
ਬਿਨਾਂ ਕਿਸੇ ਸੂਤਰ ਵਿਚ ਬਝੀਆਂ ?
ਇਥੇ ਤਾਂ ਇਕ ਭੀੜ ਜੁੜੀ ਹੈ,
ਜਾਪੇ ਰੁੱਤ ਬਹਾਰ ਖਿੜੀ ਹੈ,
ਮਿੱਠੇ ਖ਼ੁਸ਼ਬੂਦਾਰ ਸ਼ਰਬਤ ਦੇ
ਪਿਆਲੇ ਵੰਡੇ ਜਾਵਣ,
ਇਸਤਰੀਆਂ ਹਨ ਗੀਤ ਗਾਉਂਦੀਆਂ
ਮਰਦ ਸੁਣਦੇ ਹਨ ਗੀਤ ਉਨ੍ਹਾਂ ਦੇ
ਮਸਤ ਹੋਏ ਉਹ ਇਕ ਦੂਜੇ 'ਤੇ
ਫੁੱਲ ਪਏ ਬਰਸਾਵਣ ।
ਨਵ-ਵਿਆਹੀਆਂ ਸੁੰਦਰ ਲਾੜੀਆਂ
ਬ੍ਰਿਛਾਂ ਹੇਠ ਬੈਠੀਆਂ ਪ੍ਰੀਤ-ਅਲਸਾਈਆਂ
ਪੱਖੀਆਂ ਝੱਲਣ ਹੌਲੀ ਹੌਲੀ ਮਸਤੀਆਂ ਅੰਦਰ ।
ਕੁਆਰੀਆਂ ਨੱਢੀਆਂ ਪੀਂਘਾਂ ਝੂਟਣ ਲੈਣ ਹੁਲਾਰੇ,
ਪਹਿਨੇ ਹਨ ਦੁਪੱਟੇ ਉਨ੍ਹਾਂ ਨੇ
ਸਤਰੰਗੀ ਪੀਂਘ ਦੇ ਰੰਗਾਂ ਵਾਲੇ ।
ਜਦ ਲੈਂਦੀਆਂ ਝੂਟੇ ਲੰਮ-ਸਲੰਮੇ,
ਪਵਨ ਛੇੜ ਕੇ ਉਨ੍ਹਾਂ ਦੀਆਂ
ਚੁੰਨੀਆਂ ਲਾਹ ਖੜਦੀ
ਤੇ ਕਾਲੀਆਂ ਜ਼ੁਲਫ਼ਾਂ ਉਨ੍ਹਾਂ ਦੀਆਂ
ਹਵਾ ਵਿਚ ਲੈਣ ਹੁਲਾਰੇ ।
ਬੂਰ ਅੰਬਾਂ ਦਾ ਝੜ ਝੜ ਪੈਂਦਾ
ਦਸਦਾ ਅਜਬ ਨਜ਼ਾਰਾ ਮਸਤੀ ਵਾਲਾ,
ਹਰ ਦਿਲ ਵਿਚੋਂ ਮਹਿਕ ਪ੍ਰੇਮ ਦੀ

ਉਹਦੀ ਨਜ਼ਰੀਂ ਆਵੇ ।
ਪਰ ਪ੍ਰੀਤਮ !
ਜਦ ਉਹ ਏਦਾਂ ਪ੍ਰੇਮ-ਰੱਤੀਆਂ
ਹੱਸਣ, ਗੁਟਕਣ, ਨੱਚਣ, ਗਾਵਣ
ਤਾਂ ਮੇਰੀ ਸੂਖਮ ਜਿੰਦ ਉਤੇ
ਸਹਿਮ ਜਿਹਾ ਇਕ ਛਾਵੇ ।
ਪ੍ਰੀਤਮ !
ਕਿਉਂ ਇਹ ਇੰਝ ਖ਼ੁਸ਼ੀ ਵਿਚ ਗ਼ਲਤਾਨ ?
ਕੀ ਇਹ ਖ਼ੁਸ਼ੀ ਜਵਾਨੀ ਸੰਦੀ ?
ਜਾਂ ਮਿੱਠੇ ਸ਼ਰਬਤ ਵਾਲੀ ?
ਜਾਂ ਫਿਰ ਅੰਬਾਂ ਦੀਆਂ ਮਹਿਕਾਂ ਵਾਲੀ ?
ਜਾਂ ਫਿਰ ਰੁੱਤ ਬਹਾਰ ਦੀ ?
ਜਾਂ ਪ੍ਰੀਤ ਉਨਮਾਦ ਦਾ ਰੰਗ ਹੈ
ਚਿਰਕਾਲਾਂ ਤੋਂ ਜੋ ਹੈ ਚਲਦਾ ਆਇਆ,
ਜਾਂ ਇਹ ਮ੍ਰਿਤੂ ਪਿਛੋਂ ਦਾ
ਕੋਈ ਨਵਾਂ ਮੇਲਾ ਸੰਜੋਗੀ ?
ਜਾਂ ਤੂੰ ਆਪ ਪ੍ਰੀਤਮ ਹੈਂ
ਇਨ੍ਹਾਂ ਸਭ ਖ਼ੁਸ਼ੀਆਂ ਵਿਚ ਵਿਆਪਕ
ਤੇ ਮੇਰੇ ਧੁਰ ਅੰਦਰ ਨੂੰ
ਕਰ ਗਿਆ ਹੈਂ ਸੱਖਣਾ,
ਆਪਣੀ ਛੁਹ ਤੋਂ ?

❖ ❖ ❖ ❖

14. ਬੇੜੀ ਮੇਰੀ ਵਿਚ ਤੂਫ਼ਾਨ ਦੇ ਪਈ ਡੋਲੇ

ਵਿਚ ਤੂਫ਼ਾਨ ਮੇਰੀ ਬੇੜੀ ਡੋਲ ਰਹੀ ਸੀ,
ਪਰ ਮੈਂ ਇਸ ਝੱਖੜ ਵਿਚੋਂ ਤੱਕਿਆ,
ਮੇਰਾ ਰਾਖਾ
ਇਸ ਝੱਖੜ ਵਿਚ ਆ ਰਿਹਾ ਸੀ
ਹੋ ਕੇ ਅਸਵਾਰ ਘੋੜੇ ਉਤੇ ।
ਉਸ ਦਾ ਘੋੜਾ ਸੀ ਅਤਿ ਅੱਥਰਾ;
ਪਰ ਉਸ ਦੀ
ਸ਼ਾਹ ਕਾਲੀ ਅਯਾਲ ਦੇ ਉਤੇ
ਪ੍ਰੀਤਮ ਦੀ ਪਕੜ ਸੀ ਬੜੀ ਬਲਸ਼ਾਲੀ;
ਇਹ ਤੂਫ਼ਾਨ ਉਸ ਘੋੜੇ ਦੀਆਂ ਨਾਸਾਂ ਵਿਚੋਂ
ਉਠਦੇ ਰੋਹ ਦਾ ਸੀ ਪ੍ਰਤੀਕ,
ਜੋ ਸੀ ਚਾਰ ਚੁਫੇਰੇ
ਤੇਜ਼ ਗਤੀ ਵਿਚ ਝੁਲਿਆ ।
ਮੈਂ ਚੱਪੂ ਸੁਟ ਦਿਤੇ ਸਨ
ਤੇ ਆਪਣੀ ਬੇੜੀ
ਸਾਗਰ-ਲਹਿਰਾਂ ਦੀਆਂ ਛੱਲਾਂ ਵਿਚ
ਠੇਲ੍ਹ ਸੀ ਦਿਤੀ ।

14. ਤੇਰੇ ਤੇ ਮੇਰੇ ਵਿਚਕਾਰ ਦੀ ਵਿਥ

ਤੇਰੇ ਤੇ ਮੇਰੇ ਵਿਚਕਾਰ ਦੀ ਵਿਥ
ਏਨੀ ਜਾਪੇ ਵਿਸ਼ਾਲ
ਜਿਨਾਂ ਆਕਾਸ਼ਾਂ ਦਾ ਪਾਸਾਰ,
ਜਿਹੜਾ ਚਮਕੇ
ਤੇ ਬਲੇ ਵਾਂਗ ਭਾਂਬੜ;
ਫਿਰ ਹੋਵੇ ਪੀਲਾ
ਤੇ ਫਿਰ ਭਸਮ ਰੰਗ ਵਟਾਵੇ,
ਪਰ
ਜਦ ਮੈਂ ਮਸਤਕ ਟੇਕ
ਤੇਰਾ ਨਾਂ ਲੈ ਕੇ
ਇਸ ਧਰਤ ਦੀ
ਖ਼ਾਕ ਤੇ ਘਾਸ ਨੂੰ ਚੁੰਮਾਂ
ਤਾਂ ਮੇਰੇ ਕੰਬਦੇ ਹੋਠਾਂ ਵਿਚ
ਤੇਰਾ ਮੇਰਾ ਅੰਤਰ
ਝੱਟ ਅਲੋਪ ਹੋ ਜਾਵੇ ।

❖ ❖ ❖ ❖

15. ਮੇਰੇ ਸਾਂਈਆਂ

(੧)

ਮੇਰੇ ਸਾਂਈਆਂ
ਜੇ ਤੁਸਾਂ ਹੈ ਹੁਣੇ ਤੁਰ ਜਾਣਾ,
ਤਾਂ ਜੰਮ ਜੰਮ ਜਾਉ,
ਪਰ ਇਹ ਮੇਰੀ ਅਰਦਾਸ
ਕਿ ਆਪਣੀ ਇਹ ਸੂਰਤ ਸੋਹਣੀ
ਮੇਰੇ ਨੈਣਾਂ ਅੰਦਰ ਆ ਵਸਾਉ
ਤਾਂ ਜੋ ਤੁਹਾਡੀ ਪ੍ਰੇਮ-ਅਗਨੀ ਨੂੰ
ਕਰ ਦੇਵਾਂ ਮੈਂ ਸ਼ਾਂਤ,
ਆਪਣੇ ਹੰਝੂਆਂ ਨਾਲ ।

(੨)

ਮੇਰੇ ਸਾਂਈਆਂ
ਜੇ ਤੁਸਾਂ ਹੈ ਹੁਣੇ ਜਾਣਾ,
ਤਾਂ ਜੰਮ ਜੰਮ ਜਾਉ,
ਪਰ ਇਹ ਮੇਰੀ ਅਰਦਾਸ
ਕਿ ਦਿਲ ਦੀ ਕਚਰੀ ਮਿੱਟੀ ਉਤੇ
ਆਪਣੇ ਚਰਨ-ਕੰਵਲਾਂ ਦੀਆਂ
ਪੈੜਾਂ ਛਡਦੇ ਜਾਉ,
ਤਾਂ ਜੋ ਆਪਣੇ ਦਿਲ-ਮੰਦਰ ਵਿਚ
ਮੈਂ ਤੁਹਾਡੇ ਚਰਨ-ਕੰਵਲਾਂ ਦੀ
ਕਰਦੀ ਰਹਾਂ ਨਿਤ ਪੂਜਾ ।

(੩)

ਮੇਰੇ ਸਾਂਈਆਂ
ਜੇ ਤੁਸਾਂ ਹੈ ਹੁਣੇ ਤੁਰ ਜਾਣਾ,
ਤਾਂ ਜੰਮ ਜੰਮ ਜਾਉ,
ਪਰ ਇਹ ਮੇਰੀ ਅਰਦਾਸ

ਕਿ ਮੇਰੇ ਰੋਮ ਰੋਮ ਨੂੰ ਜੀਭਾ ਲਾਉ
ਤੇ ਮੇਰੀ ਜੀਭਾ ਉਤੇ
ਪ੍ਰੇਮ-ਗੀਤ ਅਲਾਉ,
ਤੇ ਹਰ ਗੀਤ ਨੂੰ ਅਨੰਤ ਤਾਲ 'ਤੇ ਥਰਕਾਉ
ਤਾਂ ਜੋ ਆਪਣੇ ਇਕਲਾਪੇ ਦੇ ਦਿਨ
ਮੈਂ ਤੁਹਾਡੇ ਗੀਤ ਗਾਉਂਦਿਆਂ ਹੀ ਲੰਘਾਵਾਂ ।

(੪)

ਮੇਰੇ ਸਾਂਈਆਂ
ਜੇ ਤੁਸਾਂ ਹੈ ਹੁਣੇ ਜਾਣਾ,
ਤਾਂ ਜੰਮ ਜੰਮ ਜਾਉ,
ਪਰ ਇਹ ਮੇਰੀ ਅਰਦਾਸ
ਕਿ ਜਾਣ ਤੋਂ ਪਹਿਲਾਂ
ਮੇਰੇ ਹਰ ਇਕ ਅੰਗ ਨੂੰ
ਆਪਣੇ ਕਰ-ਕੰਵਲਾਂ ਦੀ ਪ੍ਰੇਮ-ਛੁਹ ਬਖ਼ਸ਼ੋ
ਤੇ ਆਪਣਾ ਨਾਂ ਮੇਰੀ ਦਿਲ ਪੋਥੀ 'ਤੇ ਅੰਕੋ,
ਤੇ ਮੇਰੇ ਕੰਠ ਉਪਰ ਆਪਣਾ ਸੋਨ-ਸੁਨਹਿਰੀ
ਨਾਮ ਰਤਨ ਲਟਕਾਉ,
ਜਿਸ ਦੀ ਚਮਕ ਅਨੰਤਾਂ ਤੱਕ ਪਸਰਦੀ ਹੋਵੇ,
ਤਾਂ ਜੋ ਹਰ ਕੋਈ ਜਾਣ ਸਕੇ ਇਹ 'ਮੈਂ' ਹਾਂ
ਤੁਹਾਡੇ ਅੰਨਤਾਂ ਵਾਲੇ ਪ੍ਰੇਮ-ਮੰਦਰ ਦੀ ਯਾਤਰੂ ।

ਪ. ਨਾਮ ਅੰਮ੍ਰਿਤ

1. ਪ੍ਰੀਤਮ ਦੇ ਨਾਮ ਸਿਮਰਨ ਦਾ ਦਿਵਸ

ਸਹਿਜ ਰੰਗ ਵਿਚ ਰੁਮਕਦੀ
ਹੇ ਪਵਨ ਸਮੀਰ,
ਅੰਮ੍ਰਿਤ ਵੇਲੇ ਆਪਣੀ ਚੋਲੀ ਦੀਆਂ
ਤਣੀਆਂ ਖੋਲ੍ਹ
ਤੇਰੇ ਰੁਮਕਣ ਨਾਲ ਫੁੱਲ ਗੁਲਾਬ
ਡਿਗਦੇ ਇਨ੍ਹਾਂ ਰਾਹਾਂ ਉਤੇ,
ਇਹ ਹੈ ਪ੍ਰੀਤਮ ਪਿਆਰੇ ਦੀ ਧਰਤੀ,
ਅੱਜ ਹੈ ਉਸ ਦੇ ਨਾਮ ਜਪਣ ਦਾ ਵੇਲਾ ।
ਹੇ ਉਡਦੇ ਅਸਮਾਨੀ ਮੋਘਲੇ !
ਅੱਜ ਤਾਂ ਅਰਸ਼ਾਂ ਉਤੋਂ
ਕਰੋ ਗੁਲਾਬਾਂ ਦੀ ਫੁੱਲ-ਵਰਖਾ,
ਅੱਜ ਤਾਂ ਸਾਰੀ ਧਰਤੀ ਨੂੰ
ਫੁੱਲ-ਗੁਲਾਬਾਂ ਨਾਲ ਸ਼ਿੰਗਾਰੋ !
ਇਹ ਹੈ ਪ੍ਰੀਤਮ ਪਿਆਰੇ ਦੀ ਧਰਤੀ
ਅੱਜ ਹੈ ਉਸ ਦੇ ਨਾਮ ਜਪਣ ਦਾ ਵੇਲਾ ।

❖ ❖ ❖ ❖

2. 'ਅਨੰਤ' ਦਾ ਨਾਮ

'ਅਨੰਤ' ਦਾ ਨਾਮ
'ਸਤਿਨਾਮ' !
ਜੋ ਹਰ ਹਿਰਦੇ ਵਿਚ ਵਸਦਾ !
ਜੋ ਹਰ ਹੋਂਠ 'ਤੇ ਲਹਿਰੇ !
ਹੈ ਜੀਵਨ ਦੀ ਉਹ ਅਗਨੀ
ਜੋ ਮਾਨਵ-ਹਿਰਦਿਆਂ ਅੰਦਰ
ਜੋਤ ਤੋਂ ਜੋਤ ਜਗਾਵੇ !
'ਇਹ ਆਦਿ ਜੁਗਾਦ ਤੋਂ ਸੱਚ
ਹੈ ਭੀ ਤੇ ਹੋਸੀ ਸੱਚ'
ਇਹ ਤਾਂ ਪ੍ਰੇਮ ਦਾ ਮੰਤਰ ਸਦਾ ਅਮਰ
ਕਦੀ ਨਾ ਹੋਵੇ ਅਲੋਪ,
ਐਸਾ ਹੈ 'ਸਤਿਨਾਮ'
ਜੋ ਗੁਰ-ਮਾਨਵ-ਅਵਤਾਰ ਦੇ
ਹਿਰਦੇ ਅੰਦਰ ਵਸਦਾ ।
'ਜੀਵਨ ਦੇ ਭਿਤ' ਵਿਸਮਾਦੀ
ਜਿਥੇ ਸਦਾ ਨੇ ਖੁਲ੍ਹਦੇ,
ਹੈ ' ਅਗਮ ਅਗੋਚਰ' ਧਾਮ,
ਬੁਧੀ ਤੋਂ ਪਰੇ-ਪਰੇਰੇ ।
ਪ੍ਰੇਮ ਦੇ ਹੋਠਾਂ ਉਤੇ
ਜਦ ਇਸ ਦਾ ਰੰਗ ਚੜ੍ਹਦਾ
ਤਾਂ ਮੇਰੇ ਹਿਰਦੇ ਅੰਦਰ
ਨਿਰੰਤਰ ਗੀਤ ਗੂੰਜਦਾ !
ਜਿਸ ਦੀ ਚਮਕ ਦੇ ਅੰਦਰ
ਮੈਨੂੰ ਹਰ ਸ਼ੈਅ ਸੋਹਣੀ ਭਾਸੇ ।
ਜਗਤ ਹੁੰਦਾ ਬੈਕੁੰਠ,
ਪੌਣ-ਪਾਣੀ ਨੂੰ ਜੀਭਾ ਲਗਦੀ
ਤੇ ਹਰ ਪੱਤੀ ਘਾਹ ਦੀ

ਤੇ ਜਾਪੇ ਖ਼ੁਸ਼ੀ ਵਿਚ ਖੀਵੀ ।
ਬਿਰਖਾਂ ਦੇ ਝੂਲਦੇ ਪੱਤਰ
ਜਿਵੇਂ ਅਰਦਾਸ ਦੇ ਜੁੜਦੇ !
ਤੇ ਅੰਮ੍ਰਿਤ ਵੇਲੇ ਭੋਲੇ ਭਾਲੇ ਪੰਛੀ
ਟਾਹਣੀ ਵਿਚ ਚਹਿਚਹਾਂਦੇ !!
ਜੋੜੇ ਵੀ ਬੰਨ੍ਹਦੇ ਘੁੰਗਰੂ
ਆਪਣੀਆਂ ਜੰਘਾਂ ਉਪਰ
ਤੇ ਨਾਚ ਰੰਗੀਲਾ ਨਚਦੇ,
ਜਾਵੇਂ ਉਹ ਕੁਦਦੇ ਜਾਪਣ
ਇਕੋ ਹੀ ਪੁਲਾਂਘ ।
ਸਭ ਵਸਤਾਂ ਗੀਤ ਬਣਦੀਆਂ ।
ਭੇਡਾਂ ਦੇ ਇੱਜੜ
ਚੁੱਕ ਕੇ ਬੂਨੀਆਂ ਉਪਰ,
ਲੇਲੇ ਰਸਨਾ ਰਾਹੀਂ
ਘੁੱਟ ਅੰਮ੍ਰਿਤ ਦੁੱਧ ਦੇ ਪੀਂਦੇ
ਖੇਡਦੇ ਮੱਲਦੇ
ਤੇ ਸੁਣਦੇ ਵਿਚ ਆਵਾਜ਼ਾ
ਕੰਨ ਧਰ ਆਪਣੇ ਚਰਵਾਹੇ ਦਾ ।
ਗਗਨ ਵਿਚ ਤਾਰੇ ਚਮਕਣ,
ਮਿੱਟੀ ਦਾ ਦੀਵਾ ਮੇਰਾ
ਹੈ ਕੇਡਾ ਸੁਭਾਗਾ
ਜੋ ਮੇਰੀ ਕੁਟੀਆ ਅੰਦਰ
ਚਾਨਣ ਦੀ ਜੋਤ ਜਗਾਵੇ ।
ਇਸ ਦੀ ਲੋਅ ਦੇ ਕਾਰਨ
ਮੈਨੂੰ ਖ਼ੁਸ਼ੀ ਹੈ ਮਿਲਦੀ
ਤੇ ਇਸੇ ਦੇ ਸਹਾਰੇ
ਮੈਂ ਢੂੰਡਾਂ ਉਸ 'ਮਾਹੀ' ਨੂੰ
ਜਿਸ ਬਾਰੇ (ਮੈਂ) ਕੁਝ ਨਾ ਜਾਣਾਂ
ਮੈਂ ਕਿਹੜਾ ਨਾਮ ਧਰਾਂ ?

ਉਹ ਹੈ ਮੇਰਾ ਸੁਲਤਾਨ
ਜੋ ਮੇਰੇ ਹਿਰਦੇ ਅੰਦਰ
ਛਲਕਾਵੇ 'ਜੀਵਨ-ਸਾਗਰ'
ਤੇ ਮੈਨੂੰ ਕਦੇ ਨਾ ਪੁਛੇ
ਕਿ ਕਿੰਝ ਇਸ ਨੂੰ ਮੈਂ ਵਰਤਾਂ,
ਪਰ ਆਪਣੇ ਭੰਡਾਰਾਂ ਵਿਚੋਂ
ਉਹ ਜੁਗ-ਜੁਗ ਇਸ ਨੂੰ ਭਰਦਾ
ਜੋ ਆਤਮ-ਮੰਡਲ ਅੰਦਰ
ਸੁਹਜਾਂ ਦੀ ਮਹਿਕ ਪਸਾਰੇ,
ਪਰ ਆਪਣੇ ਆਪ ਦੇ ਤਾਂਈਂ
ਅਨੰਤਾਂ ਵਿਚ ਛੁਪਾਏ !
ਕੇਵਲ ਉਸ ਦੇ ਬੋਲ
ਮੇਰੇ ਕੰਨੀਂ ਪੈਂਦੇ,
ਸੁਖ-ਮਸਤੀ ਦੇ ਅੰਦਰ
ਨੈਣ ਮੇਰੇ ਮੁੰਦ ਜਾਂਦੇ,
ਹੋਂਠ ਮੇਰੇ ਥਰਥਰਾਂਦੇ
ਮਿੱਠੇ ਜਜ਼ਬੇ ਅੰਦਰ
ਤੇ ਜਾ ਜੁੜਦੇ ਬ੍ਰਹਿਮੰਡ ਦੇ ਸੰਗ !
'ਵਾਹੁ ! ਵਾਹੁ !!' ਦੀ ਧੁਨੀ
ਬੰਨ੍ਹੇ ਆਪਣਾ ਰੰਗ !
ਉਹ ਹੈ ਸਤਿ ਅਬਿਨਾਸ਼ੀ
ਜਿਸ ਵਿਚ ਰਖ ਭਰੋਸਾ
ਤੇ ਜਿਸ ਨੂੰ ਕਰ ਕੇ ਪਿਆਰ
ਜੋ ਉਸ ਦੇ ਹੋ ਜਾਈਏ
ਤਾਂ ਸਾਡੀ ਰੱਖਿਆ ਹੁੰਦੀ;
ਸਾਨੂੰ ਨਵਾ ਜੀਵਨ ਮਿਲਦਾ,
ਪਰ 'ਉਸ' ਤੋਂ ਹੋ ਪ੍ਰੇਰੇ
ਅਸੀਂ ਆਪਣੀ ਮੌਤੇ ਮਰਦੇ ।
'ਉਸ' ਦੀ ਹੋਂਦ ਤੋਂ ਸੱਖਣਾ 'ਜਗਤ'

ਜਾੜੇ ਲਈ ਹੈ ਮੌਤ ਸਮਾਨ ।
ਸਭ ਨਾਰੀ ਤੇ ਪਸ਼ੂ ਪੰਛੀ
ਜੋ ਉਸ ਦੀ ਹੋਂਦ ਤੋਂ ਖ਼ਾਲੀ,
ਉਹ ਹਨ ਨਿਪਟ ਛਲਾਵਾ
ਦੁੱਖ ਤੇ ਮੌਤ ਸਮਾਨ ।
ਉਸ ਦੀ ਹੋਂਦ ਤੋਂ ਸੱਖਣੇ
ਸਭ ਆਦਰਸ਼ ਹਨ ਨਿਹਫਲ,
ਹਰ ਕਾਮਨਾ ਰੂਹ ਦਾ ਬੰਧਨ
ਤੇ ਸਭ ਕਰਮ ਧਰਮ ਨਿਰਾਰਥ ।
ਕਈ ਭੇਸਾਂ ਦੇ ਅੰਦਰ
ਉਹ ਮੈਨੂੰ ਆ ਨਿਵਾਜੇ !
ਚੋਜ ਉਸ ਦੇ ਨਿਆਰੇ,
ਉਹ ਕਈ ਰੂਪਾਂ ਨੂੰ ਧਾਰੇ,
ਕਈ ਵਾਰ ਤਾਂ ਉਸ ਤਾਂਈਂ ਲਖ ਸਕਣਾ
ਇਕ ਕਠਨ ਅੜਾਉਣੀ ਬਣਦੀ,
ਕੌਣ ਉਸ ਦੇ ਭੇਦ ਨੂੰ ਪਾਵੇ !
ਮਹਾਂ-ਯੁੱਧਾਂ ਦੇ ਅੰਦਰ
ਕਦੀ ਆਪ ਉਹ ਆਉਂਦਾ,
ਮਹਾਂ ਵਿਨਾਸ਼ਾਂ ਅੰਦਰ
ਕਦੀ ਉਹ ਆਪ ਛੁਪਾਉਂਦਾ,
ਦੁੱਖਾਂ ਤੇ ਕਸ਼ਟਾਂ ਅੰਦਰ
ਜਦ ਭੁੱਖ ਦਾ ਆਵੇ ਪਹਿਰਾ,
ਪ੍ਰੀਤਾਂ ਦੇ ਨਿਹਚੇ ਡੋਲਣ,
ਪ੍ਰੇਮੀ ਵੀ ਹੋਵਣ ਮੁਨਕਰ
ਤਾਂ ਵੀ ਉਹ ਧੀਰ ਬੰਨ੍ਹਾਵੇ !

* * * *

ਜਦੋਂ ਅਸੀਂ ਉਸ ਦੇ ਮਹਾਂ-ਸੰਗੀਤ ਦੇ
ਸੁਰਤਾਲ ਤੋਂ ਬੇਤਾਲੇ ਹੋ ਜਾਂਦੇ
ਤਾਂ ਰਾਓ ਰੰਕ ਇਕ ਸਮਾਨ

ਸਾਨੂੰ ਛਲਾਵਾ ਜਾਪਦੇ ।
ਜਦੋਂ ਇਹੋ ਜਿਹੀਆਂ ਨਿਰਬਲ ਬੂਟੀਆਂ ਨੂੰ ਮਧੋਲਦਾ
ਮੈਂ ਕਿਸੇ ਸੰਸਾਰੀ ਮ੍ਰਿਗ-ਤ੍ਰਿਸ਼ਨਾ ਦੇ ਪਿਛੇ
ਢਾਹੋਦਾਹੀ ਦੌੜਦਾ ਸਾਹੋ ਸਾਹੀ ਹੋਇਆ
ਆਪਣੀ ਪਿਆਸ ਬੁਝਾਉਣਾ ਲੋਚਦਾ
ਤਾਂ ਜਲ-ਸੋਮੇ ਦੀ ਅਣਹੋਂਦ ਨੂੰ ਵੇਖ
ਬੇ-ਸਹਾਰਾ ਤੇ ਖ਼ੁਆਰ ਹੋ ਮੇਰੀ ਆਤਮਾ
ਨਿਜ ਘਰ ਮੁੜਦੀ
ਤੇ ਮੈਂ ਬੇਚੈਨ ਤੇ ਉਦਾਸ
ਇੰਝ ਬੈਠਾ ਸੋਚਦਾ ਹੁੰਦਾ
ਕਿ ਮੇਰੇ ਪਿਆਰੇ ਪ੍ਰੀਤਮ ਨੇ ਵੀ
ਮੇਰੇ ਨਾਲ ਛਲ ਕਮਾਇਆ ।
ਤਾਂ ਚਾਣਚਕ ਮੈਂ ਤੱਕਦਾ
ਗਗਨ-ਮੰਡਲ ਤੋਂ ਨੂਰੀ ਆਕਾਰ ਉਗਮਦਾ
ਤੇ ਇੰਝ ਆਖਦਾ :
''ਵੇਖ ! ਮੈਂ ਆ ਗਿਆ ਹਾਂ ।''
ਤਦ ਮੈਂ ਜਾਣ ਜਾਂਦਾ ਕਿ 'ਉਹ' ਮੌਜੂਦ ਹੈ ।
ਤਾਂ ਮੈਂ ਆਪਣੇ 'ਪਤੀ' ਨੂੰ ਪਛਾਣ ਜਾਂਦਾ
ਕਿ ਮੇਰਾ ਸ਼ਬਦ, ਮੇਰਾ ਸੁਆਮੀ, ਮੇਰਾ ਨਾਥ
ਮੇਰੇ ਸਨਮੁਖ ਹੈ ।
ਮੇਰੇ ਅੰਦਰ ਜੋਤ ਮੁੜ ਜਗ ਪੈਂਦੀ
ਤੇ ਮੇਰੇ ਸਾਰੇ ਸ਼ੰਕੇ ਤੇ ਭਰਮ ਭੁਲੇਖੇ ਮਿਟ ਜਾਂਦੇ ।
ਮੇਰੇ ਅੰਦਰ ਗਿਆਨ ਦੀ ਜੋਤ ਮੁੜ ਜਗ ਪੈਂਦੀ,
ਵਿਸ਼ਵਾਸ ਦੀ ਚਿਣਗ ਮੁੜ ਮਘ ਪੈਂਦੀ
ਤੇ ਉਸ ਦੇ ਨਿਜ ਪ੍ਰੇਮ ਵਿਚ
ਮੇਰਾ ਪੁਨਰ-ਜਨਮ ਹੋ ਜਾਂਦਾ ।
ਇਹੋ ਤਾਂ ਉਸ ਪ੍ਰਭੂ ਦਾ 'ਨਾਮ' ਹੈ !
ਉਸ ਦਾ 'ਪਵਿੱਤਰ ਨਿਸ਼ਾਨ' ਹੈ !
'ਮਾਇਆ' ਦੇ ਦਿਸਦੇ ਪਿਸਦੇ ਨਾਨਾ ਰੂਪਾਂ ਵਿਚ,

ਜੇ ਉਸ (ਪ੍ਰਭੂ ਪ੍ਰੀਤਮ) ਨੂੰ ਵਿਸਰ ਜਾਂਦਾ,
ਪਥਰੀਲੇ ਚੱਟਾਨੀ ਰਾਹਾਂ ਉਤੇ ਮਾਇਆ ਰੂਪੀ
ਸੁੰਦਰਤਾ ਤੇ ਜਲਕਣਾਂ ਦੇ ਚਮਕਦੇ ਦਮਕਦੇ ਨਾਨਾ ਰੂਪ
ਮੈਨੂੰ ਆਪਣੀ ਰੂਪ ਖੇਡ ਨਾਲ ਭਰਮਾ ਲੈਂਦੇ-
ਮੇਰੇ ਹਿਰਦੇ ਨੂੰ ਚੱਟਾਨਾਂ ਨਾਲ ਟਕਰਾ ਚੂਰ ਚੂਰ ਕਰ ਦਿੰਦੇ;
ਤਾਂ ਵੀ ਪ੍ਰਭੂ ਪ੍ਰੀਤਮ ਮੈਨੂੰ ਨਾ ਵਿਸਾਰਦਾ !
ਸੁੰਦਰ ਪ੍ਰਭੂ ਜੀ !
ਮੈਨੂੰ ਆਪਣੇ ਅੰਗ-ਸੰਗ ਰਖੋ !
ਮੈਂ ਤਹਾਡੇ ਸਦੀਵੀ ਸਰੂਪ ਵਿਚ ਸਦਾ ਵਿਚਰਾਂ !
ਤੁਹਾਡੇ ਚਰਨ-ਕੰਵਲਾਂ ਨੂੰ ਚੁੰਮਾਂ
ਤੇ ਇਸ ਤਰ੍ਹਾਂ ਉਨ੍ਹਾਂ ਨਾਲ ਲਿਪਟਿਆ ਰਹਾਂ
ਜਿਵੇਂ ਕੋਈ ਨੰਨਾ ਬਾਲ
ਆਪਣੀ ਮਾਤਾ ਦੀਆਂ ਦੁੱਧ ਛਲਕਦੀਆਂ
ਛਾਤੀਆਂ ਸੰਗ ਜੁੜਿਆ ਸੁਖ ਮਾਣਦਾ ਹੋਵੇ
ਤੇ ਮਾਤ ਪਿਆਰੀ ਨੇ ਆਪਣੇ ਦੁਪੱਟੇ ਨਾਲ
ਉਸ ਨੂੰ ਢੱਕ ਲਿਆ ਹੋਵੇ ।
ਤੁਹਾਡੇ ਚਰਨਾਂ ਨਾਲ ਇੰਝ ਜੁੜਿਆ
ਮੈਂ ਉਸ ਗਗਨ-ਪੰਘੂੜੇ ਵਿਚ
ਤੁਹਾਡੇ ਹੱਥੋਂ ਝੂਟੇ ਲਵਾਂ
ਜੋ ਆਕਾਸ਼ ਤੋਂ ਧਰਤ ਤਕ
ਸੁਨਹਿਰੀ ਰੌਸਿਆਂ ਨਾਲ ਬੱਝਾ
ਹੈ ਹੁਲਾਰੇ ਲੈਂਦਾ ।
ਇਸ ਅਰਸ਼ੀ ਪੰਘੂੜੇ ਉਤੇ
ਤੁਹਾਡੀ ਹੁਕਮੀ ਆਗਿਆ ਵਿਚ
ਦੇਵਗਨ ਮੈਨੂੰ ਝੂਟੇ ਦੇਣ
ਤੇ ਮੈਨੂੰ ਲਾਡ ਵਿਚ ਉਪਰ ਨੂੰ ਉਛਾਲਣ ।
ਉਹ ਮੈਨੂੰ ਇਸ ਤਰ੍ਹਾਂ
ਖੂਹ ਵਿਚ ਡਿਗੇ ਬਾਲ ਨੂੰ ਬਾਹਰ ਕਢ
ਮੇਰੇ ਪੰਘੂੜੇ ਨੂੰ

ਤੁਹਾਡੇ ਚਰਨਾਂ ਉੱਤੇ ਜਾ ਟਿਕਾਉਣ ।
ਆਕਾਸ਼ਾਂ ਤੋਂ ਲਟਕਦੇ ਇਨ੍ਹਾਂ ਸੁਨਹਿਰੀ ਰੱਸਿਆਂ
ਦੇ ਪੀਂਘ-ਹੁਲਾਰੇ
ਜੋ ਤੁਹਾਡੀ ਰਜ਼ਾ ਵਿਚ
ਪ੍ਰੇਮ ਨਾਲ ਪਲੋਸ ਉੱਪਰ ਲਿਜਾਂਦੇ,
ਇਹੀ ਮੈਨੂੰ ਆਪਣਾ ਜੀਵਨ ਲਗਦਾ ।
ਇਹੋ ਤੁਹਾਡੇ ਅੰਕ ਸਮਾਉਣ ਦੀ ਕਾਰ
ਮੇਰੀ ਆਤਮਕ ਹੋਂਦ ਦਾ ਆਭਾਸ ਕਰਾਂਦੀ ।
ਫਿਰ ਮੈਂ ਤੁਹਾਨੂੰ ਕੀ ਕਹਿ ਕੇ ਬੁਲਾਵਾਂ ?
ਤੁਸੀਂ ਤਾਂ ਹੋ ਮਹਾਂ ਨੇਮ ?
ਸੱਚ ? ਬੈਕੁੰਠ ? ਪ੍ਰੇਮ ਨਾਮ ? ਤੇ ਮਾਨਵ ?
ਇਹੋ ਕੁਝ ਮੈਨੂੰ ਆਪਣੇ ਅੰਦਰੋਂ ਤੇ ਬਾਹਰੋਂ
ਤੁਹਾਡੇ ਰੂਪ-ਸਰੂਪ ਬਾਰੇ ਸੋਝੀ ਹੁੰਦੀ
ਤੇ ਮੈਨੂੰ ਇੰਝ ਪ੍ਰਤੀਤ ਹੁੰਦਾ
ਕਿ ਤੁਸੀਂ ਹੋ ਮੇਰੇ ਸੰਗ,
ਕਿਸੇ ਥਾਂ, ਕਿਸੇ ਰੂਪ ਵਿਚ,
ਮੇਰੇ ਹਿਰਦੇ ਤੇ ਆਤਮਾ ਦੇ
ਤਲਾਂ ਉੱਤੇ ਸੁਸ਼ੋਭਿਤ !
ਮੇਰੇ ਪ੍ਰਭੂ ਜੀ !
ਮੈਨੂੰ ਕਦੀ ਨਾ ਵਿਸਾਰਨਾ,
ਮੈਨੂੰ ਕਦੀ ਨਾ ਛੱਡਣਾ,
ਕਿਉਂ ਜੋ ਇਹੋ ਤੁਹਾਡਾ ਵਿਰਦ ਤੇ ਵਡਿਆਈ
ਕਿ ਜਿਸ ਨੂੰ ਤੁਸੀਂ ਆਪਣਾ ਬਣਾ ਲੈਂਦੇ,
ਆਪਣੇ ਪ੍ਰੇਮ ਵਿਚ ਰੰਗ ਦਿੰਦੇ,
ਉਸ ਨੂੰ ਮੁੜ ਕਦੀ ਨਾ ਤਿਆਗਦੇ ।
ਤੁਹਾਡਾ ਅਨੰਤ ਪ੍ਰੇਮ ਮੈਨੂੰ ਸੋਜਲ ਕਰ ਦਿੰਦਾ ;
ਤੇ ਮੈਂ ਇਸ ਲਈ ਸ਼ੁਕਰਾਨਾ ਕਰਦਾ
ਕਿ ਮੇਰੇ ਪ੍ਰੀਤਮ ਦੀ ਮਿਹਰ
ਸਦਾ ਮੇਰੇ ਅੰਗ-ਸੰਗ ਹੈ ।

ਮੈਂ ਤਾਂ ਜਾਣਾਂ
ਕਿ ਮੈਂ ਸਭ ਤੋਂ ਵੱਡਾ ਭੁਲਣਹਾਰ
ਤੇ ਤੁਸੀਂ ਸਭ ਤੋਂ ਵੱਡੇ ਬਖ਼ਸ਼ਣਹਾਰ !
ਇੰਝ ਪਾਪਾਂ ਵਿਚ ਗ਼ਲਤਾਨ
ਮੈਂ ਤੁਹਾਡਾ ਦਰ ਨਾ ਛਡਦਾ,
ਜਿਥੇ ਤੁਹਾਡੀ ਮਿਹਰ ਦੀ ਨਦਰ
ਮੈਨੂੰ ਸਦਾ ਉਡੀਕਦੀ ।
ਤੁਹਾਡੀ ਪਾਰਸ-ਛੁਹ
ਮੇਰੇ ਅੰਦਰ ਦੀ ਖੋਟ ਨੂੰ ਕੰਚਨ ਬਣਾ ਦਿੰਦੀ ।
ਤੁਹਾਡੀ ਮਿਹਰ ਦੀ ਨਿਗ੍ਹਾ ਪ੍ਰਾਣੀ ਮਾਤਰ ਨੂੰ
ਡੂੰਘੀਆਂ ਡੂੰਘਾਣਾਂ ਵਿਚੋਂ ਕਢ
ਅਗਿਆਤ ਉਚਾਣਾਂ ਤਕ ਪੁਚਾ ਦਿੰਦੀ ।
ਹੇ ਪ੍ਰਭੂ !
ਮੈਂ ਤੁਹਾਡੀ ਨਦਰ ਕਰਮ ਨੂੰ ਸਦਾ ਲੋਚਦਾ !
ਪ੍ਰਭੂ ਜੀ !
ਮੈਨੂੰ ਆਪਣੇ 'ਨਾਮ' ਦੀ ਦਾਤ ਬਖ਼ਸ਼ੋ !
ਮੈਂ ਤੁਹਾਡੇ ਪ੍ਰੇਮ ਵਿਚ ਵਿਚਰਾਂ
ਤੇ ਸਦਾ ਵਿਗਾਸੀ ਜੋਬਨ ਦੇ ਖੇੜੇ ਵਿਚ ਵਿਚਰਾਂ ।

3. ਮੇਰੇ ਮਨ ਦਾ ਸਰਬ ਪਸਾਰ

ਮੇਰੇ ਮਨ ਦਾ ਸਰਬ ਪਸਾਰਾ
ਹੋਇਆ ਨੂਰੋ ਨੂਰ,
ਗਗਨ-ਮੰਡਲ ਵਿਚ ਵਹਿੰਦੀ
ਮਹਾਂ-ਚਾਨਣ ਦੀ ਨਦੀ ਨੇ
ਕਰ ਦਿਤਾ ਭਰਪੂਰ ।
ਉਤਰੀ ਤਿਖੀ ਚਾਲ ਆ ਕੇ
ਮੇਰੇ ਅੰਦਰਵਾਰ ਸਮਾਈ,
ਮੈਂ ਹੋਇਆ
ਮਹਾਂ-ਆਨੰਦ ਵਿਚ ਮਖ਼ਮੂਰ ।
ਕੋਮਲ ਕੋਮਲ ਧੁੰਦਾਂ ਵਿਚ ਲਪੇਟੀ
ਇਹ ਲਹਿਰ ਨਦੀ ਦੀ,
ਚੰਚਲ ਸੁਥਕ ਸੁਹਾਵੀ
ਮੇਰੇ ਮਨ ਵਿਚ ਕਰ ਗਈ ਹੈ ਪ੍ਰਵੇਸ਼ ।
ਇਹ ਤਾਂ ਐਸਾ ਮਹਾਂ-ਅਨੰਦ ਹੈ
ਜਿਸ ਦਾ ਅਨੁਭਵ
ਉਸ ਖਿੜੇ ਕੰਵਲ ਨੂੰ ਹੋਵੇ,
ਜਿਸ ਨੂੰ ਚੜ੍ਹਦੇ ਸੂਰਜ ਨੇ ਆ
ਸਭ ਤੋਂ ਪਹਿਲਾਂ ਚੁੰਮਿਆਂ ਹੋਵੇ !
ਵਾਹ ! ਵਾਹ !
ਕੈਸਾ ਇਹ ਆਨੰਦ !
ਪੰਛੀਆਂ ਦੇ ਬੋਲਾਂ ਵਾਲਾ ਮਿੱਠੜਾ
ਇਹ ਪ੍ਰਭਾਤੀ-ਸੰਗੀਤ !

ਧੁੰਦਲਕੇ ਦਾ ਇਹ ਸੁਖ-ਆਸਨ
ਜੋ ਮੇਰੀ ਆਤਮਾ ਨੇ
ਸਜਦਾ ਕਰਨ ਲਈ ਸਜਾਇਆ,
ਇਸ ਨੇ ਮੈਨੂੰ ਪ੍ਰਭੂ ਜੀ
ਭਰ ਦਿਤਾ ਹੈ
ਤੇਰੀ ਸਰਬ -ਵਿਆਪਕ ਹੋਂਦ ਦੇ ਨਾਲ !
ਇਹ ਸੋਝੀ ਤੇ ਗਿਆਨ
ਕਿ ਤੁਸੀਂ ਹੋ ਮੇਰੇ ਅੰਗ-ਸੰਗ
ਮੈਨੂੰ ਕਰ ਦੇਵੇ ਮਸਤਾਨਾ-
ਮੇਰੇ ਸਿਰ ਨੂੰ ਝੂਮ ਜਿਹੀ ਇਕ ਆਵੇ,
ਰੋਮ ਰੋਮ ਮੇਰਾ ਬਣ ਜਾਏ ਨੂਰੀ
ਤੇਰਾ ਵਿਰਦ ਕਮਾਵੇ !

4. ਪਤਨੀ ਵਾਲਾ ਪ੍ਰੀਤਮ ਪ੍ਰੇਮ

ਜਿਵੇਂ ਪਤਨੀ ਨੂੰ
ਆਪਣਾ ਪਤੀ-ਪ੍ਰੀਤਮ ਹੈ ਪਿਆਰਾ,
ਤਿਵੇਂ 'ਹਰੀ ਨਾਮ' ਹੈ ਮੇਰਾ ਪ੍ਰੇਮ-ਆਧਾਰਾ ।
ਉਸ ਦੀ ਦੈਵੀ ਹੋਂਦ ਨੂੰ ਵਿਸਾਰ
ਆਪਣੇ ਨਿਤ-ਕਰਮ ਵਿਚ
ਜੇ ਮੈਨੂੰ ਹੋਵੇ ਨਾ ਆਭਾਸ
ਕਿ ਉਹ ਮੇਰੇ ਅੰਗਸੰਗ ਹਾਜ਼ਰ ਨਾਜ਼ਰ,
ਉਸ ਦੇ ਚਾਂਦੀ ਧੋਤੇ
ਚਰਨਾਂ ਦੀ ਛੁਹ ਤੋਂ ਵਿਹੂਣਾ,
ਮੈਂ ਹੁੰਦਾ ਸੱਖਣਾ ਬਉਰਾਨਾ,
ਉਸ ਦੀ ਪਰਮ-ਪਵਿੱਤਰ ਛੁਹ ਤੋਂ ਵਾਂਝਾ
ਮੇਰੀ ਸਾਰੀ ਖ਼ੁਸ਼ੀ ਵਿਸਮਾਦੀ
ਉਡ ਪੁਡ ਜਾਵੇ,
ਦਿਨ ਤੇ ਰਾਤ ਦੇ ਗੇੜਿਆਂ ਅੰਦਰ,
ਹਰ ਘੜੀ ਹਰ ਪਲ,
ਜੇ ਮੈਨੂੰ ਹੋਵੇ ਨਾ ਪ੍ਰਤੀਤੀ
ਉਸ ਦੀ ਹੋਂਦ ਦੀ
ਆਪਣੇ ਹਿਰਦੇ ਅੰਦਰ,
ਉਸਦਾ ਮਿੱਠੜਾ ਨਾਮ
ਮੇਰੇ ਹੋਠਾਂ ਉਤੋਂ ਹੋ ਜਾਵੇ ਅਲੋਪ,
ਤਾਂ ਹੋ ਜਾਵਾਂ ਮੈਂ ਡਾਢਾ ਦੁਖੀਆ,
ਦੁੱਖਾਂ ਵਾਲੀ ਪੰਡ ।
ਇਹ ਦੁੱਖੜਾ ਹੈ ਹੋਰ ਤਰ੍ਹਾਂ ਦਾ
ਉਨ੍ਹਾਂ ਦੁੱਖਾਂ ਤੋਂ ਵੀ ਡਾਢਾ
ਕਸ਼ਟਾਂ ਭਰਿਆ,
ਜੋ ਸੰਸਾਰੀ ਜੀਵਾਂ ਦਾ ਹੁੰਦਾ ਹੈ,
ਦੁੱਖਾਂ ਵਾਲਾ ਹਾਲ

ਖਿਨਾਂ ਟੁੱਕਰ ਤੋਂ,
ਖਿਨਾਂ ਕਪੜੇ ਤੋਂ,
ਖਿਨਾਂ ਕੁਟੀਆਂ ਤੇ ਬਿਸਤਰ ਤੋਂ,
ਪਰ ਮੇਰਾ ਦੁਖੜਾ ਇਨ੍ਹਾਂ ਦੁੱਖਾਂ ਤੋਂ
ਵਖਰੀ ਹੀ ਕੋਈ ਵਿਥਿਆ ਦਸਦਾ ।
ਮੈਨੂੰ ਤਾਂ ਬਸ ਪ੍ਰਭੂ ਵਰਗੇ ਮਨੁੱਖ ਦੀ ਟੇਕ ਹੀ ਚਾਹੀਏ
ਜੋ ਮੈਨੂੰ ਡੋਲਦੇ ਨਿਹਚੇ ਦੀ
ਜਿਲ੍ਹਣ 'ਚੋਂ ਕਢੇ ।
ਜਦੋਂ ਮੈਂ ਇਸ ਰੱਬੀ ਖਿਚ ਦੇ ਘੇਰੇ ਤੋਂ
ਹੋ ਜਾਂਦਾ ਹਾਂ ਬਾਹਰ
ਤਾਂ ਮੇਰੇ ਮਨ ਦੀ ਹਾਲਤ ਕੁਝ ਇੰਝ ਦੀ ਹੋਵੇ
ਜਿਵੇਂ ਹੋਵਾਂ ਮੈਂ ਝੱਲਾ ਬਉਰਾ,
ਤਨ ਮੇਰਾ ਹੋਵੇ ਇੰਝ ਪੀੜੋ-ਪੀੜ
ਜਿਵੇਂ ਲੱਖਾਂ ਕੀੜਿਆਂ ਮੇਰੀ ਦੇਹ ਨੂੰ
ਦਿਤਾ ਹੋਵੇ ਚੀਰ
ਉਸ ਪ੍ਰੀਤਮ ਨੂੰ ਭੁਲਣ ਦੇ ਵਿਚ ਹੀ
ਸਭ ਦੁੱਖ ਹਨ,
ਸਭ ਗ਼ਮੀਆਂ ਦਾ ਘੇਰਾ
ਹੈ ਸਾਡੇ ਤਨ ਤੋਂ ਬਾਹਰਵਾਰ

❖ ❖ ❖ ❖

5. ਕਿਸ ਕੰਮ ਇਹ ਮਾਲਾ ਦਾ ਫੇਰਨ ?

ਹੱਥ ਵਿਚ ਮਾਲਾ ਫੜ ਕੇ
ਕਿਸ ਕੰਮ ਇਹ ਮਾਲਾ ਦਾ ਫੇਰਨ,
ਜੇਕਰ ਹਿਰਦਾ ਮੇਰਾ
ਕਿਸੇ ਸਦੀਵੀ ਚਾਲ ਵਿਚ ਬੱਝਾ
ਇਸ ਧਰਤੀ ਦੇ ਹਾਰ
ਆਪਣੇ ਸੂਰਜ ਦੇ ਗਿਰਦੇ
ਨਿਤ ਚਕਰ ਨਾ ਲਾਵੇ,
ਇਕ ਇਕ ਕਦਮ ਅਗੇਰੇ
ਆਪਣੀ ਮੰਜ਼ਲ ਵਲ ਨਾ ਟਿਕਾਵੇ ?
'ਸਿਮਰਨ' ਤਾਂ ਨਛੱਤਰਾਂ ਦਾ ਗੇੜਾ
ਸਾਡੇ ਜੀਵਨ ਦਾ ਤੁਰਨਾ, ਅਗੇ ਵਧਣਾ
ਉਚੇ ਜੀਵਨ-ਅਰਸ਼ਾਂ ਵਾਲੇ ਵਲ
ਨਿਤ ਚਕਰ ਦਾ ਕੱਟਣਾ ।
ਹਿਰਦੇ ਦੀ ਹਰ ਧੜਕਣ,
ਸਵਾਸਾਂ ਦਾ ਹਰ ਗੇੜਾ,
ਰਸਨਾ ਦਾ ਨਿਤ ਜਾਪ ਨੂੰ ਜਪਣਾ,
ਰੋਮ ਰੋਮ ਦਾ ਯਾਦ 'ਚ ਤਤਪਰ ਹੋਣਾ,
ਮਨ ਦਾ ਲਿਵਤਾਰ ਵਿਚ ਜੁੜਨਾ,
ਕਦਮ ਕਦਮ ਜੀਵਨ ਦੇ ਮਾਰਗ ਉਤੇ ਤੁਰਦੇ,
ਵਾਹੁ ! ਵਾਹੁ ! ਦੀ ਧੁਨ ਨੂੰ ਮੁੜ ਮੁੜ ਜਪਣਾ,
ਪਰ ਇਹ ਮਾਲਾ ਪ੍ਰੇਮ ਦੀ ਹੋਵੇ,
ਜਿਸ ਵਿਚ ਹੰਝੂ
ਹਰ ਇਕ ਦੇ ਦਰਦ ਵਿਚ
ਵਹਿੰਦੇ ਹੋਵਣ ਵਿਚ ਪ੍ਰਭੂ-ਪ੍ਰੇਮ ਦੇ ।
ਬਾਹਰੀ ਮਾਲਾ ਫੇਰਨ ਵਾਲਾ
ਨਾ ਬਣਨਾ ਮਹੰਤ,

ਬਣਨਾ ਚਾਹੀਏ ਪੂਰਨ ਸੰਤ,
ਦਿਲ ਦੀ ਹਰ ਧੜਕਣ ਸੰਗ
ਆਪਣੇ ਆਪ ਨੂੰ ਲਈਏ ਜਪਮਾਲ ਬਣਾ,
ਉਸ ਦੀ ਰਜ਼ਾ 'ਚ
ਉਸ ਦੇ ਦਾਸ ਬਣ ਕੇ ਰਹੀਏ,
ਇਸ ਤਰ੍ਹਾਂ ਬਣ ਜਾਈਏ
ਜਿਵੇਂ ਅਸੀਂ ਹੋਈਏ
ਰੱਬੀ ਗੀਤ ਦੀ ਸੁਰਤਾਲ ਨਾਲ ਇਕਸੁਰ,
ਕਿ ਮਹਾਂਗੀਤ ਦੇ ਨਾਲ !
ਜੇ ਉਹ ਸਾਨੂੰ
ਸਾਡੇ ਵਰਗੇ ਹੋਰ ਸੰਗੀ-ਸਾਥੀ ਦੇਵੇ
ਤਾਂ ਅਸੀਂ ਉਸ ਦੀ ਛਤਰ ਛਾਇਆ ਵਿਚ
ਰਲਮਿਲ ਖੇਡੀਏ, ਗੀਤ ਗਾਈਏ
ਤੇ ਉਸ ਦੀ ਰਜ਼ਾ ਕਮਾਈਏ !
ਪਰ ਜੇ ਉਹ ਸਾਥੋਂ ਸਾਡੇ ਸਾਥੀ
ਹੈ ਖੋਹ ਲੈਂਦਾ
ਤਾਂ ਵੀ ਅਸੀਂ ਉਸੇ ਵਲ ਹੀ ਤੱਕੀਏ,
ਉਸ ਦਾ ਸ਼ੁਕਰ ਮਨਾਈਏ !
ਜੇ ਉਹ ਸਿਆਲਾਂ ਦੀ ਠੰਢ ਅੰਦਰ
ਸਾਨੂੰ ਆਪਣੇ ਸੰਗ
ਨਰਮ ਤੇ ਗਰਮ ਵਿਛੌਣੇ 'ਤੇ ਲਿਟਾਵੇ
ਤਾਂ ਸਾਨੂੰ ਉਹ ਭਾਵੇ,
ਪਰ ਜੇ ਉਹ ਸਾਨੂੰ
ਸੁਟ ਦਿੰਦਾ ਹੈ ਵਿਚ ਮੰਝਧਾਰ
ਠੰਢੇ ਪਾਣੀ ਦੀ ਧਾਰ
ਤਾਂ ਵੀ ਸਾਨੂੰ ਹੋਵੇ ਇੰਝ ਆਭਾਸ,
ਜਿਵੇਂ ਉਹ ਮਹਾਂ-ਤਾਰੂ ਤਾਰਨਹਾਰ
ਹੈ ਵਿਚਰਦਾ ਸਾਡੇ ਪਾਸ,
ਕੋਈ ਵੀ ਮਹਾਂ-ਜਲ ਦੀ ਧਾਰਾ

ਸਾਨੂੰ ਡੋਬ ਨਾ ਸਕਦੀ ।
ਜੇ ਉਹ ਸਾਨੂੰ ਵਿਚ ਅਗਨ ਪਹਾਰੇ ਸੁਟੇ
ਤਾਂ ਵੀ ਕੋਈ ਨਹੀਂ ਚਿੰਤਾ !
ਆਪਣੇ ਕੰਚਨ ਤਾਂਈਂ
ਉਹ ਆਪ ਪਿਆ ਹੈ ਪਰਖੇ ।
ਭਾਵੇਂ ਮੌਤ ਜਾਬਾੜਾ ਹੋਵੇ
ਜਾਂ ਇਸ ਤੋਂ ਵੀ ਵੱਧ ਕਸ਼ਟ ਦੁਖਦਾਈ,
ਮੁਸ਼ਕਿਲ ਭਾਰਾ
ਤਾਂ ਵੀ ਉਸ ਦੇ ਹੱਥਾਂ ਅੰਦਰ
ਅਸੀਂ ਸੁਰੱਖਿਅਤ ਰਹੀਏ !
ਵਾਹੁ ! ਵਾਹੁ ! ਦਾ ਮੰਤਰ ਜਪੀਏ !
ਸਭ ਝੱਖੜਾਂ ਤੇ ਤੂਫ਼ਾਨਾਂ ਅੰਦਰ
ਅਸੀਂ ਆਪਣੀ ਮਾਤਾ ਦੇ ਗਲ ਦੁਆਲੇ
ਆਪਣੀਆਂ ਨਿੱਕੀਆਂ ਬਾਹੀਂ ਵਲਾਈਏ ।
ਕਾਲ ਦੀ ਪਵਨ ਲਹਿਰ ਦੇ ਅੰਦਰ
ਸਾਡੇ ਕੇਸ ਲਹਿਰਦੇ,
ਆਪਣੀ ਮਾਤ ਦੀ ਗੋਦ ਸਮਾਨ
ਅਸੀਂ ਉਸ ਪ੍ਰਭੂ ਪ੍ਰੀਤਮ ਦੀ
ਜੱਫੀ ਵਿਚ ਵਿਚਰਦੇ ਰਹੀਏ ।
ਪ੍ਰਭੂ-ਸੁਆਮੀ ਦੇ ਬੱਚਿਆਂ ਤਾਂਈਂ
ਕੋਈ ਅਗਨ ਸਾੜ ਨਾ ਸਕਦੀ,
ਕੋਈ ਜਲ ਡੋਬ ਨਾ ਸਕਦਾ,
ਕੋਈ ਤਲਵਾਰ ਨਾ ਕਰ ਸਕਦੀ ਵਾਰ,
ਕੋਈ ਪਾਤਸ਼ਾਹ ਮਾਰ ਨਾ ਸਕਦਾ ।
ਅਸੀਂ ਤਾਂ ਗੁਰੂ ਨਾਨਕ-ਗੋਬਿੰਦ ਦੇ ਬੇਟੇ ।
ਇਹ ਸੱਚ ਹੈ !
ਸਾਡਾ ਮਾਲਾ ਫੇਰਨ ਜਾਪੇ ਜਿਵੇਂ ਵਿਅਰਥ,
ਪਰ ਇਹ ਸਾਡਾ ਮਾਲਾ ਫੇਰਨਾ
ਹੈ ਜੀਵਨ ਸਕਾਰਥ ।

6. ਸੰਤ ਜਨ ਸਿਮਰਨ ਦੀ ਜਗਦੀ ਜੋਤ

ਹਰ ਸੰਤ ਪੁਰਸ਼ ਸਿਮਰਨ ਦੀ ਜਗਦੀ ਜੋਤ
ਚਮਕਦਾ ਸਿਤਾਰਾ,
ਜਿਸ ਵਿਚ 'ਗੁਰੂ' ਨੇ ਰੱਬੀ ਗੀਤ ਦੀ
'ਵਾਹਿਗੁਰੂ' ਨਾਮ ਧੁਨੀ ਦਾ
ਬੀਜ ਬੀਜ ਦਿਤਾ !
ਸੰਤ-ਪੁਰਸ਼ ਮੁਕਤ-ਗਾਮੀ ਆਤਮਾ
ਜਿਸ ਦਾ ਕੇਂਦਰ-ਬਿੰਦੂ 'ਗੁਰੂ' ਆਪ !
ਉਹ ਇਕ ਉੱਚਾ ਨਛੱਤਰ
ਜਿਸ ਦੇ ਦੁਆਲੇ ਹੋਰ ਉਪ-ਨਛੱਤਰ
'ਵਾਹਿਗੁਰੂ' ਦੀ ਨਾਮ ਧੁਨੀ ਦਾ
ਜਾਪ ਕਰਦੇ ਘੁੰਮਦੇ !
ਇਹ ਕੇਂਦਰੀ ਸੂਰਜ
ਭਾਨਾਂ ਦਾ ਭਾਨ,
ਰੱਬੀ ਪ੍ਰਕਾਸ਼ ਦਾ ਸਰੂਪ,
ਜੋ ਨਾਮ ਦੇ ਪ੍ਰਕਾਸ਼ ਵਿਚ ਜਗਮਗਾਉਂਦਾ !
ਗੁਰੂ ਦੀ ਮਹਾਨ ਹਸਤੀ ਅਨੰਤ
ਜਿਸ ਵਿਚ ਰੱਬੀ ਜੀਵਨ ਦੇ ਪ੍ਰੇਮ ਦੀਆਂ
ਜੋਤਾਂ ਦੇ ਰੂਪ ਵਿਚ
ਅਨੇਕ ਤਾਰੇ ਚਮਕਦੇ,
ਇਹ ਪ੍ਰਭੂ ਪ੍ਰੀਤਮ ਦੀ ਹੁਕਮੀ ਖੇਡ ।
ਗੁਰੂ ਦੇ ਰੂਪ ਵਿਚ
ਮਨੁੱਖ ਦੀ ਆਤਮਾ ਵਿਚ
ਅਨੇਕ ਆਕਾਸ਼ ਤੇ ਅਨੇਕ ਗਗਨ-ਮੰਡਲ,
ਉਚੇ ਤੋਂ ਉਚੇ ਤੇ ਉਚੇਰੇ ਤੋਂ ਉਚੇਰੇ,
ਉਥੇ ਅਤੀਤ ਅਤੀਤ ਨਾ ਬਣਦਾ,
ਭਵਿੱਖ ਦਾ ਵੀ ਨਾ ਕੋਈ ਆਰ ਪਾਰ ।

ਇਹ ਤਾਂ ਹੁਣ ਦੀ ਅਵਸਥਾ ਵਿਚ
ਆਤਮਾ ਦਾ ਵਰਤਮਾਨ ਸਰੂਪ,
ਉਹ ਸ਼ੁਧ ਵਿਵੇਕ
ਜੋ ਵਿਵੇਕ ਤੋਂ ਰਹਿਤ,
ਨਿਰਵਿਚਾਰ,
ਪਰ ਜੋ ਤੱਤ-ਦ੍ਰਿਸ਼ਟੇਤਾ
ਜਾਣੇ ਇਹ ਰਹੱਸ,
ਪ੍ਰਭੂ ਦੀ ਹਸਤੀ ਦੀ ਹੋਂਦ ਵਾਲਾ ।
ਇਹੀ ਦਰਸ਼ਨ 'ਸਿਮਰਨ' ਦਾ ਰੂਪ ।
ਇਹ ਤਾਂ ਮਨੁੱਖ ਅੰਦਰ
ਰੱਬੀ-ਜੀਵਨ ਦੇ ਮਾਰਗ ਦਾ
ਪੁਨਰ-ਨਿਰਧਾਰਨ
ਜੋ ਨਿਰਛਲ ਅਤੇ ਸਰਲ ਰੱਬੀ ਮਹਿਮਾ ਦੇ
ਆਨੰਦ ਨਾਲ ਭਰਪੂਰ ।

❖ ❖ ❖ ❖

7. ਸਿਮਰਨ ਦਾ ਚੱਕ

ਸਿਮਰਨ ਦੇ ਚੱਕ ਉਤੇ ਚੜ੍ਹ
ਇਹ ਜਨਮ-ਮਰਨ ਦਾ ਗੇੜ
ਅਖੰਡ ਆਨੰਦ ਵਿਚ ਪ੍ਰਵਾਹਤ ਹੁੰਦਾ,
ਇਹ ਉਹ ਮਹਾਂ-ਆਨੰਦ
ਜਿਸ ਵਿਚ ਦੇਵਤੇ ਵੀ
ਮਨੁੱਖ ਦੇ ਹੁੰਦੇ ਸਾਂਝੀਵਾਲ ।
ਨਾ ਇਹ ਨੇੜੇ,
ਨਾ ਇਹ ਦੂਰ;
ਇਕੋ ਦਾਣੇ ਵਿਚ ਭਰਪੂਰ !
ਸਰ੍ਹੋਂ ਦੇ ਇਕ ਦਾਣੇ ਦੇ ਅੰਦਰ
ਸੂਰਜ ਦਾ ਪ੍ਰਕਾਸ਼ ।
ਹੈ ਇਹ ਕਿੰਨਾ ਅਸਚਰਜ ਵਿਸਮਾਦ !
ਕੇਵਲ ਇਕ ਵਿਸ਼ਵਾਸ
ਕਿ ਮਕਾਨ ਹੈ ਲਾ-ਮਕਾਨ !
ਅੰਤ ਹੀ ਹੈ ਅਨੰਤ !!
ਇਹੋ ਮਨੁੱਖ ਪ੍ਰਭੂ ਦਾ ਰੂਪ ।
ਸਿਮਰਨ ਨਾਮ ਦੀ ਰਹੱਸਮਈ ਜੀਵਨ-ਧਾਰਾ
ਜੋ ਗੁਰੂ ਤੋਂ ਸਿਖ ਵਿਚ ਪ੍ਰਵਾਹਤ ਹੁੰਦੀ,
ਇਹੋ ਉਹ ਜੀਵਨ-ਸ਼ਕਤੀ
ਜੋ ਨਵ - ਜੀਵਨ ਬਖ਼ਸ਼ਦੀ ।
ਨਾ ਕੋਈ ਸੋਚ - ਵਿਚਾਰ,
ਨਾ ਕੋਈ ਭਗਤੀ ਜੁਗਤ,
ਨਾ ਕੋਈ ਯੋਗ ਦਾ ਕਰਮ
ਨਾ ਕੋਈ ਪ੍ਰਾਸ਼ਚਿਤ ਜਾਂ ਤਿਆਗ,
ਨਾ ਕੋਈ ਪੁੰਨ ਤੇ ਦਾਨ,
ਨਾ ਕੋਈ ਮੰਤਰਾਂ ਦੇ ਬੋਲ,
ਨਾ ਕਰਮ ਕਾਂਡ ਅਨੇਕ ਰੂਪ ਦੇ,

ਨਾ ਉਹ ਅਰਦਾਸ
ਜੋ ਨਿਕਲੇ ਨਾ
ਜੀਵਨ ਦੇ ਧੁਰ ਹਿਰਦੇ 'ਚੋਂ,
ਨਾ ਹੀ ਦੇਵੀ ਦੇਵਤੇ
ਸਾਡੇ ਆਪਣੇ ਸਿਰਜੇ,
ਨਾ ਸਹੰਸਰ ਰੂਪ ਦੇ ਅੰਤਰ - ਧਿਆਨ
ਕਵੀਆਂ ਵਾਲੇ,
ਇਸ 'ਸਿਮਰਨ' ਦੇ ਰਹੱਸ ਨੂੰ
ਖੋਲ੍ਹ ਨਾ ਸਕਦੇ ।
ਸਾਨੂੰ 'ਸਿਮਰਨ' ਦੇ ਗਗਨ-ਮੰਡਲ ਦੇ ਤਾਰੇ
ਬਣਾ ਸਕਣ ਦੇ ਅਸਮੱਰਥ !
ਇਹ ਤਾਂ ਪ੍ਰਭੂ-ਪ੍ਰੀਤਮ ਦੀ ਆਪਣੀ ਰਜ਼ਾ
ਜੋ ਗੁਰੂ ਦੇ ਰੂਪ ਵਿਚ
ਆਪਣੇ ਸਿਖਾਂ ਨੂੰ
ਸੰਤ ਪੁਰਸ਼ਾਂ ਦੇ ਆਤਮਕ-ਮੰਡਲਾਂ ਵਿਚ
ਉੱਚਾ ਉਠਾ ਕੇ ਲੈ ਜਾਂਦਾ
ਤੇ ਆਪਣੇ ਨਦਰ-ਕਰਮ ਦੇ ਸਹਿਜ ਵਿਚ
ਸਾਨੂੰ ਆਪਣਾ ਸਿਖ ਬਣਾ ਲੈਂਦਾ ।
ਗੁਰੂ ਆਪਣੇ ਨਿਜ-ਸਰੂਪ ਦੇ ਆਤਮ-ਮੰਡਲ ਵਿਚ
ਸਾਨੂੰ ਲੈ ਜਾਂਦਾ
ਅਤੇ ਮੁਕਤ ਆਤਮਾਵਾਂ ਦੇ ਸਮੂਹ ਵਿਚ
ਸਾਨੂੰ ਸ਼ਾਮਲ ਕਰ
ਆਨੰਦ ਦੇ ਪੀਂਘ ਹੁਲਾਰੇ ਝੂਟਾਉਂਦਾ ।
ਇਸ ਤਰ੍ਹਾਂ ਆਪਣੇ ਸੂਰਜ-ਮੰਡਲ ਦੇ ਦੁਆਲੇ
ਉਹ ਕੁਝ ਚੋਣਵੀਆਂ ਹਸਤੀਆਂ ਨੂੰ ਰਖਦਾ;
ਇੰਝ ਗੁਰੂ ਸਰੂਪ ਸੂਰਜ ਨੂੰ
ਪ੍ਰਭੂ ਆਪ ਇਸ ਸੰਸਾਰ ਵਿਚ ਥਾਪਦਾ,
ਤਾਂ ਜੋ ਉਸ ਦੁਆਰਾ ਮਾਨਵ ਦੇ ਪੁੱਤਰਾਂ ਦੀ
ਸੰਭਾਲ ਤੇ ਰੱਖਿਆ ਹੋ ਸਕੇ ।

ਇਹ ਹੈ ਗੁਰੂ ਨਾਨਕ ਦਾ ਮਾਰਗ
ਕਿ ਮਨੁੱਖ ਦੇ ਇਸ ਸੰਸਾਰ ਨੂੰ
ਅਰਸ਼ਾਂ ਦਾ ਰੂਪ ਦਿਤਾ ਜਾਵੇ
ਜਿਸ ਵਿਚ ਸੋਦਰੀ ਸੰਗੀਤ ਦੀ ਧੁਨੀ
ਨਿਰੰਤਰ ਗੂੰਜੇ ।
ਹਰ ਆਤਮਾ ਵਿਚ ਹੋਵੇ ਪ੍ਰਕਾਸ਼,
ਹਰ ਹਿਰਦੇ ਵਿਚ ਅਨਹਦ ਨਾਦ,
ਘਟਿ ਘਟਿ ਅੰਦਰ
ਪ੍ਰਭੂ ਦੀ ਹੋਂਦ ਦਾ ਅਹਿਸਾਸ,
ਸੱਚੀ ਪਾਤਸ਼ਾਹੀ ਦਾ
ਹਰ ਪ੍ਰਾਣੀ ਵਿਚ ਨਿਵਾਸ,
ਮਨੁੱਖ ਦੇ ਆਪਣੇ ਅੰਦਰ
ਪ੍ਰਭੂ ਦੀ ਸੁਤੰਤਰ ਹੋਂਦ ਦਾ ਆਭਾਸ,
ਫਿਰ ਵੀ ਸਰਵਤਰ ਨਾਲ ਇਸ ਦਾ
ਅਨਿਖੜ ਰਿਸ਼ਤਾ,
ਇਕੋ ਪਰਮ ਹੋਂਦ ਉਪਰ ਵਿਸ਼ਵਾਸ,
ਜਿਸ ਦਾ ਇਕੋ ਸਾਂਝਾ ਹਰਿਮੰਦਰ ਸ਼ਾਨਦਾਰ
ਜਿਥੇ ਮਨੁੱਖ, ਪਸ਼ੂ ਤੇ ਪੰਛੀ
ਸਾਰੇ ਰਲ ਮਿਲ ਪ੍ਰਭੂ ਪ੍ਰੀਤਮ ਦੀ
ਪੂਜਾ ਅਰਚਾ ਕਰਦੇ ।
ਇਥੇ ਚਰਾਂਦਾਂ ਵਿਚ ਮੂਕ ਪਸ਼ੂ ਜੋ ਚਰਦੇ,
ਤੇ ਹਰਿਆਲੀਆਂ ਸ਼ਾਖ਼ਾਂ ਉਪਰ ਪੰਛੀ ਚਹਿਚਹਾਂਦੇ,
ਟਾਹਣੀਓਂ ਟਹਿਣੀ ਮੇਲ ਮਸਤੀ ਵਿਚ ਉਡਦੇ,
ਸਗਲ ਬਨਸਪਤ ਦੇ ਫੁੱਲ-ਪੱਤਰ
ਤੇ ਘਾਹ ਦੇ ਤਿਣਕੇ
ਇਕੋ ਸੋਦਰੀ ਗੀਤ ਪਏ ਗਾਉਂਦੇ,
ਪ੍ਰਭੂ-ਪ੍ਰੇਮ ਵਿਚ ਖੀਵੇ ਹੋਏ ਬੋਲਣ,
ਉਹੋ ਮਹਾਂ-ਸਿਮਰਨ ਦਾ ਗੀਤ :
'ਵਾਹਿਗੁਰੂ - ਵਾਹਿਗੁਰੂ' ਨਾਮ ਦੀ ਸ਼ਬਦ ਧੁਨੀ !

8. ਮੈਂ ਕੀ ਜਾਣਾਂ ਸਾਰ

ਮੈਂ ਕੀ ਜਾਣਾਂ ਸਾਰ
ਕੁਝ ਥਹੁ ਨਾ ਲਗਦਾ,
ਪਰ ਜਦੋਂ ਮੈਂ 'ਵਾਹਿਗੁਰੂ' ਦਾ ਨਾਮ ਉਚਾਰਾਂ
ਤਾਂ ਸੂਰਜ ਤੇ ਤਾਰੇ
ਸਾਰੇ ਮੇਰੇ ਸੁਆਸਾਂ ਵਿਚ ਆ ਸਮਾਉਂਦੇ,
ਮੇਰੇ ਤਨ ਦੇ ਪੱਠੇ ਚਾਨਣ ਦੇ ਧਾਗੇ
ਬਣ ਚਮਕਣ,
ਤੇ ਹੋਂਦ ਮੇਰੀ ਨੂੰ ਖੰਭ ਲਗਦੇ
ਜਾ ਰਲਦੇ ਵਿਚ ਜਲਾਂ ਥਲਾਂ ਦੇ,
ਹੋਂਠ ਮੇਰੇ ਤਦ ਬਾਗਾਂ ਦੇ ਫੁੱਲਾਂ ਨੂੰ ਛੂੰਹਦੇ
ਤੇ ਮੇਰੇ ਇਹ ਹੱਥ
ਕਿਸੇ ਹੋਰ ਹੱਥਾਂ ਨਾਲ
ਜਾ ਗਲਵਕੜੀ ਪਾਉਂਦੇ,
ਕੋਈ ਓਪਰਾ ਆ ਕੇ
ਮੇਰੀ ਰਸਨਾ ਤਾਂਈਂ ਹਿਲਾਂਦਾ ।
ਸਗਲ ਬ੍ਰਹਿਮੰਡ ਮੇਰੇ ਅੰਦਰ ਆ ਸਮਾਉਂਦਾ
ਤੇ ਮੈਂ ਸਾਰੇ ਬ੍ਰਹਿਮੰਡ ਨਾਲ ਇਕਸੁਰ ਹੁੰਦਾ ਜਾਂਦਾ ।
ਮੈਨੂੰ ਧੁੰਧ ਦਾ ਚਿੱਟਾ ਆਕਾਰ ਪਸਰਦਾ ਦਿਸਦਾ
ਤੇ ਮੇਰੀ ਹੋਂਦ ਜਲ-ਕਣ ਸਮਾਨ
ਦੂਜੇ ਦੇ ਅਸਤਿਤਵ ਅੰਦਰ ਹਿਲ ਮਿਲ ਜਾਂਦੀ ।
ਹੋਰ ਹੋਂਦਾਂ ਮੇਰੇ ਅੰਦਰ ਆ ਸਮਾਉਂਦੀਆਂ
ਜਿਵੇਂ ਮੇਰੇ ਘਰ ਆਏ ਪ੍ਰਾਹੁਣੇ ਹੋਵਣ ।
ਮੈਨੂੰ ਇੰਝ ਹੁੰਦਾ ਪ੍ਰਤੀਤ
ਜਿਵੇਂ ਮੈਂ ਇਕ ਸੁੰਦਰ ਰੂਪਾਕਾਰ ਹੋਵਾਂ,
ਜੋ ਸਾਗਰ ਅੰਦਰ ਲਹਿਰਾਂ ਬਣ ਲਹਿਰਾਵੇ
ਵਾਹੁ ਗੁਰੂ !

ਤੇਰੀ ਅਚਰਜ ਸੋਭਾ !
ਸਰਬ ਏਕ ਹੋ ਜਾਵੇ !
ਸਾਡੇ ਰੂਪ ਆਕਾਰ ਤੇ ਬਦਨ ਦੇ ਅੰਗ
ਇਕ ਦੂਜੇ ਨਾਲ ਜਾ ਟਕਰਾਉਂਦੇ ।
ਦੂਜਿਆਂ ਦੇ ਤਨ ਦੀਆਂ ਹੱਡੀਆਂ,
ਮੇਰੇ ਤਨ ਦੀਆਂ ਹੱਡੀਆਂ ਸੰਗ
ਆ ਆ ਖੜਕਣ ।
ਸਾਡੇ ਕਰਮ ਤੇ ਵਿਚਾਰ
ਇਕ ਦੂਜੇ ਨੂੰ ਹੁਜਕੇ ਮਾਰ ਜਗਾਵਣ ।
ਮੈਨੂੰ ਦਿਸਣ ਸੈ ਆਤਮਾਵਾਂ
ਮੇਰੇ ਅੰਦਰ ਆ ਸਮਾਉਂਦੀਆਂ
ਤੇ ਮੇਰੀ ਆਤਮਾ
ਹੋਰ ਸਹੰਸਰ ਆਤਮਾਵਾਂ ਸੰਗ
ਜਾ ਕੇ ਇਕਮਿਕ ਹੁੰਦੀ,
ਮੇਰੇ ਲਹੂ ਦੇ ਗੇੜੇ
ਤੇ ਮਸਤਕ ਵਿਚ ਚਕਰ ਕੱਟਦੇ ਕਈ ਵਿਚਾਰ
ਹੋਰਾਂ ਸੰਗ ਰਲ ਜਾਂਦੇ
ਤੇ ਇਕੋ ਸਵਾਸ ਦੇ ਅੰਦਰ ਮੈਨੂੰ
ਸੈਆਂ ਦਾ ਮੇਲ ਪ੍ਰਤੀਤ ਹੁੰਦਾ,
ਸ਼ਾਂਤ ਇਕਾਂਤ ਇਸ ਮਨੋਦਸ਼ਾ ਵਿਚ
ਮੈਨੂੰ ਪੂਰਨ ਸੰਗਤ ਮਿਲਦੀ ।

9. ਜਿੰਦ-ਕਣੀ ਜਦ ਮੇਰੇ ਅੰਦਰ ਜਾਗੀ

ਜਿੰਦ-ਕਣੀ ਜਦ ਮੇਰੇ ਅੰਦਰ ਜਾਗੀ
ਮੈਨੂੰ ਇੰਝ ਹੋਇਆ ਅਹਿਸਾਸ,
ਜਿੰਦ-ਹੀਣ ਹੋਣ ਦਾ ਹੋਇਆ ਆਭਾਸ;
ਸ਼ਬਦ-ਧੁਨ ਮੇਰੇ ਅੰਦਰ ਉਪਜੀ,
ਪ੍ਰੇਮ-ਗੀਤ ਉਸ ਪ੍ਰੀਤਮ ਦੇ ਨੇ
ਮੇਰੀ ਰੱਤ ਅੰਦਰ ਸੀ ਗੋਤਾ ਲਾਇਆ ।
ਤਨ ਮਨ ਮੇਰਾ ਮਾਸ ਤੇ ਹੱਡੀਆਂ
ਇੰਝ ਸਭ ਘੁਲ ਗਏ ਸਨ
ਉਸ ਦੇ ਵਿਚ ਪਿਆਰ;
ਅਨੰਤ ਬੇਸਬਰੀ ਮੇਰੇ ਅੰਦਰ ਜਾਗੀ
ਤੇ ਨੱਚ ਉਠਿਆ ਬੇਖ਼ੁਦ ਹੋ ਕੇ
ਉਸ ਦੇ ਗੀਤ ਦੀ ਉਤੇ ਤਾਨ,
ਆਨੰਦ-ਵਿਭੋਰ ਹੋਇਆ ਮੈਂ ਸਾਰਾ
ਦਸ਼ਾ ਮੇਰੀ ਸੀ ਮੌਤ ਸਮਾਨ ।

❖ ❖ ❖ ❖

10. ਜਦ ਮੈਂ ਮੋਇਆ

ਜਦ ਮੈਂ ਸਾਂ ਮੋਇਆ
ਇਹ ਨਹੀਂ ਸੀ ਮੈਨੂੰ ਕੁਝ ਗਿਆਨ
ਕਿ ਮੇਰੀ ਮੌਤ ਹੈ ਹੋਈ;
ਪ੍ਰੇਮ-ਕਟੋਰਾ ਅੰਮ੍ਰਿਤ ਸੰਦਾ
ਲਾਲ ਰੰਗ ਵਿਚ ਰੰਗਿਆ,
ਮੇਰੇ ਹੋਠਾਂ ਤੋਂ ਸੀ ਛੁਟਿਆ,
ਧਰਤੀ 'ਤੇ ਸੀ ਡੁਲ੍ਹਿਆ ।
ਉਸ ਘੜੀ ਮੇਰੀ ਤਾਂ ਹੋ ਗਈ ਮੌਤ,
ਪਰ ਜਿਸ ਧਰਤ 'ਤੇ
ਉਹ ਅੰਮ੍ਰਿਤ ਸੀ ਡੁਲ੍ਹਿਆ,
ਉਥੇ ਉਹ ਪ੍ਰੇਮ-ਗੀਤ ਬਣ ਗੂੰਜਿਆ ।

❖ ❖ ❖ ❖

11. ਅਨੰਦ-ਕਟੋਰਾ

ਅਨੰਦ-ਕਟੋਰਾ ਪ੍ਰੀਤਮ ਵਾਲਾ
ਉਸ ਦੇ ਹੱਥ ਵਿਚ ਛਲਕੇ,
ਜਦ ਉਹ ਮੇਰੇ ਹੋਠਾਂ ਨੂੰ
ਪ੍ਰੇਮ-ਕਟੋਰਾ ਲਾਉਂਦਾ
ਤਾਂ ਮੈਂ ਉਸ ਵਿਚੋਂ ਅੰਮ੍ਰਿਤ-ਘੁਟਾਂ ਪੀਂਦਾ,
ਤਦ ਮੇਰੇ ਨੈਣਾਂ ਵਿਚੋਂ
ਆਪ ਮੁਹਾਰੇ ਪ੍ਰੇਮ ਦੇ ਹੰਝੂ ਵਹਿੰਦੇ
ਤੇ ਮੇਰਾ ਹਿਰਦਾ ਤਿਲ ਤਿਲ
ਵਿਚ ਸ਼ੁਕਰਾਨੇ ਜੁੜਦਾ,
ਕਰਦਾ ਸਗਲੀ ਭੇਟਾ ਆਪਣੇ ਆਪ ਦੀ,
ਤਦ ਉਸ ਦੀ ਇਹ ਬਖ਼ਸ਼ਸ਼ ਰਹਿਮਤ ਵਾਲੀ
ਕਰ ਦਿੰਦੀ ਮੈਨੂੰ ਭਰਪੂਰ ।
ਛਾ ਜਾਂਦੀ ਐਸੀ ਅਵਸਥਾ ਮੇਰੇ ਉਤੇ
ਕਿ ਦੁੱਖ ਸੁਖ ਮੈਨੂੰ ਸਮ-ਸਰ ਲਗਦੇ,
'ਮੇਰ', 'ਤੇਰ' ਦਾ ਰਹਿੰਦਾ ਭੇਦ ਨਾ ਕਾਈ ।
ਸਭੋ ਵਸਤਾਂ ਇਕੋ ਹਸਤੀ ਵਿਚ ਆ ਸਮਾਉਂਦੀਆਂ,
ਸਭੋ ਵਸਤਾਂ ਉਸ ਦੇ ਹੱਡ ਮਾਸ ਹੀ ਜਾਪਣ ।

12. ਕੀਮਤ ਕਹਿਣ ਨਾ ਜਾਏ

ਕੀਮਤ ਕਹਿਣ ਨਾ ਜਾਏ
ਪ੍ਰਭੂ ਦੇ ਪ੍ਰੇਮ ਰਤਨ ਦੀ !
ਉਸ ਪ੍ਰੀਤਮ ਨੇ ਇਕ ਧਾਗੇ ਵਿਚ
ਰਤਨ ਅਮੁਲ ਪ੍ਰੋਇਆ
ਤੇ ਉਸ ਧਾਗੇ ਨੂੰ ਮੇਰੇ ਗਲ ਲਟਕਾਇਆ ।
ਮੇਰੇ ਸੀਨੇ ਉਤੇ ਨਾਮ-ਰਤਨ ਇਉਂ ਚਮਕਾਰੇ ਲਿਸ਼ਕਾਰੇ ।
ਜਦ ਮੈਂ ਸਵਾਂ ਨਾਲ ਹੀ ਸੌਂਦਾ,
ਜਦ ਜਾਗਾਂ ਤਾਂ ਮਨ ਨੂੰ ਮੋਹੇ ।
ਇਸ ਅਮੁਲ ਦਾਤ ਪ੍ਰਭੂ ਦੀ
ਮੈਨੂੰ ਸਾਰ ਨਹੀਂ ਸੀ
ਕਿੰਨੀ ਵੱਡੀ ਇਸ ਦੀ ਕੀਮਤ ਹੋਸੀ !
ਇਕ ਦਿਨ ਚਾਣਚਕ
ਇਹ ਮੇਰੇ ਗਲਿਉਂ ਲੱਥਾ;
ਕੌਤਕ ਇਹ ਵੇਖ ਕੇ
ਅਰਸ਼-ਕੁਰਸ਼ ਦੋਹੇਂ ਹੀ ਧਾਏ,
ਇਸ ਰਤਨ ਨੂੰ ਪਾਣ ।
ਪਰ ਮੈਨੂੰ ਇਸ ਅਮੋਲਕ ਦਾਤ ਦੀ
ਸਾਰ ਨਹੀਂ ਸੀ ਕੋਈ,
ਕੀਮਤ ਜਿਸ ਦੀ ਸੀ ਅਮੁਲ ।

13. ਮੰਜ਼ਲ ਵਲ ਦੀ ਰੱਬੀ ਯਾਤਰਾ

ਮੰਜ਼ਲ ਵਲ ਸਭ ਵਸਤਾਂ ਦੀ ਦੌੜ
ਤੇ ਤੁਰਨਾ ਹੈ ਕਰਤਾਰੀ ਖੇਡ,
ਭਾਵੇਂ ਇਹ ਹੋਵੇ
ਤਾਰਿਆਂ ਦਾ ਤੁਰਨਾ ਵਿਚ ਆਕਾਸ਼ੀਂ
ਜਾਂ ਜਲ ਦਾ ਪ੍ਰਵਾਹ
ਜਾਂ ਬ੍ਰਿਖਾਂ ਦਾ ਹਿਲਣਾ ਜੁਲਣਾ ।
ਸਭ ਪਸ਼ੂ ਪੰਛੀਆਂ ਦਾ ਤੁਰਨਾ ਫਿਰਨਾ
ਹੈ ਇਕ ਅਚਰਜ ਲੀਲ੍ਹਾ ਕਰਤਾਰੀ ।
ਚਲਦਾ ਫਿਰਦਾ ਜੀਵ ਜੰਤ ਹੈ
ਰੱਬ ਦਾ ਚਿੰਨ੍ਹ ਨਿਸ਼ਾਨ ।
ਝੁਲਦੀਆਂ ਇਹ ਹਵਾਵਾਂ
ਦਰਖ਼ਤਾਂ ਤਾਂਈਂ
ਵਿਚ ਨਿੱਘੇ ਭਾਵਾਂ ਦੇ ਦੇਣ ਹੁਲਾਰੇ,
ਪੱਤੀਆਂ ਤੇ ਟਾਹਣੀਆਂ
ਮਿੱਠੜੇ ਪ੍ਰੇਮ 'ਚ ਕੰਬਦੀਆਂ
ਕਿੰਨੀਆਂ ਸੋਹਣੀਆਂ ਲਗਣ !
ਜਦ ਜਲਧਾਰਾ ਖੌਰੂ ਪਾਉਂਦੀ ਲੰਘਦੀ
ਤਾਂ ਬੱਜਰ ਚੱਟਾਨਾਂ ਰਾਹ ਦੇਣ ਲਈ
ਹੋ ਜਾਵਣ ਦੋਫਾੜ ।
ਪੰਛੀ ਵੀ ਜਦ ਪਰਬਤਾਂ ਤੇ ਵਾਦੀਆਂ ਉਪਰ
ਵਿਚ ਆਕਾਸ਼ਾਂ ਉਡਣ
ਤਾਂ ਉਹ ਹੁੰਦੇ ਉੱਚ-ਅਧਿਕਾਰੀ,
ਸੁਆਮੀ ਅਤੇ ਸੁਤੰਤਰ
'ਸਰਵੁਚ' ਸੱਤਾ ਦੇ ਸਾਂਝੀਵਾਲ ।
ਇਨ੍ਹਾਂ ਸਭ ਘੁੰਮਦੀਆਂ ਵਸਤਾਂ ਤਾਂਈਂ
ਹੈ ਸਦ-ਸਦ ਪ੍ਰਣਾਮ !

ਮਨੁੱਖ ਦੀ ਆਤਮਾ ਅੰਦਰ
'ਸਿਮਰਨ' ਦੀ ਨਿਰੰਤਰ ਚਾਲ
ਹੈ ਉਸ ਦੈਵੀ ਮੰਜ਼ਲ ਉਤੇ ਪੁਜਣ ਵਾਲੀ
ਸੱਚੀ ਸੁੱਚੀ ਘਾਲ,
ਇਹ ਯਾਤਰਾ ਬਹੁਤ ਲੰਮੀ ਹੈ,
ਦੂਰ ਹੈ ਉਸ ਦਾ ਘਰ ਵਿਚ ਆਕਾਸ਼ੀਂ
ਜਿਸ ਵਲ ਹੈ ਉਸ ਨੇ ਜਾਣਾ ।
ਪਰ ਮਨੁੱਖ ਦੇ ਹਿਰਦੇ ਅੰਦਰ
ਜੋ ਵਜਦੀਆਂ ਅਦਿਖ ਖਿਚਾਂ,
ਇਨ੍ਹਾਂ ਦਾ ਸੂਤਰਧਾਰ ਆਪ 'ਗੁਰੂ' ਹੈ
ਜੋ ਹਰ ਗਤਮਿਤ ਦਾ ਕਰੇ ਸੰਚਾਲਨ ।
ਯਾਤਰੀ ਤਾਂ ਬਸ ਉਸ ਦਾ ਹੁਕਮ ਪਾਲਦਾ
ਕਦਮ ਕਦਮ ਤੇ ਉਸ ਦੀ ਅਗਵਾਈ ਲੋਚਦਾ ।
ਇਹੋ ਹੈ ਗੁਰੂ ਨਾਨਕ ਦਾ ਮਾਰਗ
ਜਿਹੜਾ ਕਰਮ ਤੇ ਸੰਘਰਸ਼ ਦੇ ਲਛਣਾਂ ਵਾਲਾ,
'ਕਰਮੀ ਆਵੈ ਕਪੜਾ'
ਤੇ
'ਨਦਰੀ ਮੋਖੁ ਦੁਆਰੁ' ਵਾਲਾ
ਅਨੰਤ ਵਲ ਇਸ ਟੋਰ ਦੇ ਅੰਦਰ
ਯਾਤਰੀ ਦੇ ਹਿਰਦੇ ਵਿਚ ਬੱਝੀ
ਪ੍ਰੇਮ ਦੀ ਡੋਰੀ
ਜਿਸ ਦਾ ਸੂਖਮ ਜਿਹਾ ਹੈ ਧਾਗਾ
ਜਿਸ ਨੂੰ 'ਗੁਰੂ' ਹਿਲਾਵੇ ।
ਸਭ ਵਸਤਾਂ ਦੀ ਆਤਮਾ ਅੰਦਰ
'ਸਿਮਰਨ' ਹੈ ਸਦੀਵੀ ਹਰਕਤ !

❖ ❖ ❖ ❖

14. ਨਮਸਕਾਰ

ਉੱਤਰ ਦਿਸ਼ਾ ਵਲ ਉਹ ਸਿਧਾਇਆ,
ਉੱਚੀਆਂ ਹਿਮ-ਸਿਖ਼ਰਾਂ ਦੇ ਪਾਸੇ,
ਰਾਤ-ਦਿਵਸ ਦੇ ਇਸ ਅੰਧਕਾਰ ਵਿਚ
ਉਸੇ ਦਿਸ਼ਾ ਵਲ ਤੱਕੋ,
ਦਿਲ-ਮੰਦਰ ਵਿਚ ਤੁਹਾਡੇ ਉਸ ਨੇ
ਜਿਹੜੀ ਜੋਤ ਜਗਾਈ,
ਉਸ ਦੇ ਚਾਨਣ ਵਿਚ
ਉਸ ਦਾ ਨਾਮ ਅਰਾਧੋ
ਤੇ ਉਸ ਦਾ ਧਿਆਨ ਕਰਦੇ ਕਰਦੇ
ਘਾਹ ਉਤੇ ਆਪਣਾ ਸੀਸ ਟਿਕਾਉ !
ਉਹ ਉਸ ਥਾਂ ਖੜ ਕੇ ਤੁਹਾਡੇ ਸਨਮੁਖ
ਤੁਹਾਨੂੰ ਦੇ ਰਿਹਾ ਹੈ ਵਰਦਾਨ ।

ੲ. ਪ੍ਰਭੂ ਪ੍ਰੀਤਮ

1. ਦੀਦਾਰ ਦੀ ਝਲਕ

ਆ, ਜਦ ਕਿ ਸਾਗਰ
ਉਛਾਲੇ ਵਿਚ ਹੈ,
ਇਸ ਦੀਆਂ ਗੁਸੈਲੀਆਂ ਲਹਿਰਾਂ ਵਿਚ
ਨਿੱਕੀ ਚਿੱਟੀ ਕਿਸ਼ਤੀ
ਸੁਰੱਖਿਅਤ ਤਰ ਰਹੀ ਹੈ
ਅਤੇ ਇਸ ਵਿਚ,
ਮਨੁੱਖ ਝੋਲੇ ਪਿਆ ਖਾਂਦਾ ਹੈ
ਜਿਵੇਂ ਨਿੱਕੇ ਪੰਘੂੜੇ ਵਿਚ
ਅਗਿਆਤ ਬਾਹਾਂ ਖ਼ਤਰਿਆਂ ਵਿਚ ਵੀ
ਜਿਸ ਦੀਆਂ ਰੱਖਿਅਕ ਹਨ !
ਹੋਰ ਕਿਸੇ ਲਈ ਭਾਵੇਂ
ਉਹ ਕੁਝ ਭੀ ਹੋਵੇ
ਮੇਰੇ ਲਈ ਤਾਂ
ਉਹ ਇਸ ਖ਼ਤਰੇ-ਭਰੀ ਖ਼ੁਸ਼ੀ ਵਿਚ
ਮੇਰਾ ਰਖਣਹਾਰ ਹੈ,
ਮੌਤ ਦੇ ਜਬਾੜਿਆਂ ਵਿਚ
ਮੇਰਾ ਰੱਖਿਅਕ ਸ਼ਹਿਨਸ਼ਾਹ !

* * * *

ਆ, ਜਦ ਕਿ ਮਨੁੱਖ ਅੰਦਰ
ਲਹੂ ਦੀ ਵਹਿਣ-ਗਤੀ
ਅੰਤਿਮ ਹੱਦ ਤਕ
ਧੀਮੀ ਪੈ ਗਈ ਹੈ
ਜਿਵੇਂ ਸਿਆਲੇ ਨਾਲ ਸੁੰਗੜ ਚੁਕੀ
ਨਦੀ ਦੀ ਧਾਰ
ਅਤੇ ਇਕ ਨਿੱਕਾ ਥੱਕਿਆ ਦਿਲ
ਇਸ ਦੇ ਖ਼ੁਸ਼ਕ-ਬੁਲ੍ਹਾਂ ਦੇ ਕੰਢਿਆਂ 'ਤੇ
ਉਡੀਕ ਕਰਦਾ ਹੈ -
ਡੁਬਣ ਦੀ ਆਪਣੇ ਆਪ ਵਿਚ

ਉਸ ਦੀਵੇ ਦੀ ਨਿਆਈਂ
ਜਿਸ ਦਾ ਤੇਲ ਮੁਕ ਚੁਕਾ ਹੈ;
ਹੋਰ ਕਿਸੇ ਲਈ ਭਾਵੇਂ
ਉਹ ਕੁਝ ਵੀ ਹੋਵੇ,
ਮੇਰੇ ਲਈ ਤਾਂ ਉਹ
ਉਸ ਗਵਾਚ ਚੁਕੀ ਜ਼ਿੰਦਗੀ ਦੀ
ਉਦਾਸ ਛਿਣ ਵਿਚ,
ਬੱਤੀ ਤੇਲ
ਅਤੇ ਉਸ ਜਗਮਗਾਂਦੀ ਚੌਂਗਿਆੜੀ ਦਾ
ਦੇਵਣਹਾਰ ਹੈ ।

* * * *

ਆ, ਜਦ ਕਿ ਪਾਰਸਾਵਾਂ ਦਾ
ਸਾਰਾ ਸੰਸਾਰ
ਇਕ ਪਾਪੀ ਨੂੰ
ਪੱਥਰ ਮਾਰ ਕੇ ਮਾਰਨ ਲਈ
ਆ ਚੜ੍ਹਿਆ ਹੈ ।
ਆ ਜਦ ਉਨ੍ਹਾਂ ਨੇ ਉਸ ਦੇ
ਹੱਥ ਤੇ ਪੈਰ ਬੰਨ੍ਹ ਦਿਤੇ ਹਨ
ਅਤੇ ਮਜ਼ਲੂਮ
ਆਪਣੀਆਂ ਅੱਖਾਂ ਉਤਾਂਹ ਚੁਕੀ
ਤੇਰੇ ਵਲ ਤੱਕ ਰਿਹਾ ਹੈ,
ਹੋਰ ਕਿਸੇ ਲਈ
ਭਾਵੇਂ ਉਹ ਕੁਝ ਵੀ ਹੋਵੇ
ਮੇਰੇ ਲਈ ਤਾਂ ਉਹ
ਮੌਤ ਦੀ ਉਸ ਬਿਖਮ ਘੜੀ ਵਿਚ
ਮੇਰੀ ਲੱਜਾ ਅਤੇ ਬੇਹਯਾਈ ਦਾ
ਕੱਜਣਹਾਰ ਹੈ,
ਰੱਜ ਕੇ ਮੇਰੇ ਔਗੁਣਾਂ ਨੂੰ ਵੀ
ਪਿਆਰਨ ਵਾਲਾ !

* * * *

ਆ, ਜਦ ਕਿ ਇਕ ਅਬਲਾ ਦੇ ਨੈਣ
ਛੱਤੋਂ ਖ਼ਾਲੀ ਅਸਗਾਹਤਾ ਦੇ
ਦੁੱਖਾਂ ਵਿਚ ਡੁਬਡੁਬਾ ਗਏ ਹਨ,
ਅਤੇ ਉਹ ਬੇਰਹਿਮ
ਚਰਮ-ਕ੍ਰੀੜਾ ਦੇ ਸੰਘਰਸ਼ ਵਿਚ
ਇਕਲਾਪੀ ਹੋਣ ਕਾਰਨ ਪੀੜਤ ਹੈ;
ਹੋਰ ਕਿਸੇ ਲਈ
ਭਾਵੇਂ ਉਹ ਕੁਝ ਭੀ ਹੋਵੇ
ਮੇਰੇ ਲਈ ਤਾਂ ਉਹ
ਇਕ ਨਿਆਸਰੀ ਤੀਵੀਂ
ਦਾ ਪਤੀ ਹੈ ।
ਆ, ਜਦ ਕਿ ਮੇਰੀਆਂ ਆਪਣੀਆਂ
ਤ੍ਰਿਸ਼ਨਾਵਾਂ ਦੇ ਘਣੇ ਦੁੱਖ
ਮੇਰੇ ਵਸੋਂ ਬਾਹਰੇ ਹੋ ਗਏ ਹਨ,
ਜਦ ਕਿ ਮੇਰਾ
ਅੰਦਰਲਾ ਵਹਿਸ਼ੀ ਮੂੰਹ ਖੋਲ੍ਹ
ਮੇਰੇ ਉਪਰ ਲਪਕ ਪਿਆ ਹੈ,
ਅਤੇ ਆਪਣੇ ਸ਼ਿਕਾਰ ਦੇ
ਤਨ ਵਿਚ ਪੰਜੇ ਖੋਭ
ਨਿੱਠ ਕੇ ਬੈਠ ਗਿਆ ਹੈ,
ਆਪਣੇ ਆਪ ਨੂੰ ਨਿਘਾਰਨ ਲਈ ;
ਭਾਵੇਂ ਉਹ ਕੁਝ ਭੀ ਹੋਵੇ
ਮੇਰੇ ਲਈ ਤਾਂ
ਉਹ ਇਕ ਸ਼ਿਕਾਰੀ ਹੈ
ਜਿਸ ਦੇ ਸੋਨੇ ਦੀਆਂ ਅਣੀਆਂ ਵਾਲੇ ਤੀਰ
ਪ੍ਰਭੂ ਖ਼ਾਤਰ
ਉਸ ਜਾਨਵਰ ਨੂੰ
ਪਾੜ ਜਾਂਦੇ ਹਨ,
ਇਕ ਮਾਰੂ ਜ਼ਖ਼ਮ ਕਰਕੇ !

ਮੈਂ ਉਹ ਜੰਗਲੀ ਹੈਵਾਨ ਤੋਂ
ਮਨੁੱਖ ਬਣ ਜੀ ਉਠਿਆ ਹਾਂ,
ਜਿਹੜਾ ਕੁਝ ਪਲ ਪਹਿਲਾਂ,
ਗਰਜ ਤੇ ਦਹਾੜ ਕੇ
ਦਮ ਤੋੜ ਗਿਆ ਹੈ ।

* * * *

ਆ, ਜਦ ਕਿ ਸਹਿਸ ਕਿਸਾਨਾਂ-
ਇਸਤਰੀ, ਪੁਰਸ਼ਾਂ ਅਤੇ ਬੱਚਿਆਂ
ਦੀਆਂ ਕੋਟ ਅੱਖਾਂ
ਆਕਾਸ਼ ਵਲ ਵਰਖਾ ਦੀ
ਸਿਕ ਵਿਚ ਲਗੀਆਂ ਹੋਈਆਂ ਹਨ,
ਅਤੇ ਇਕ ਛੋਟਾ ਹੰਝੂ
ਉਨ੍ਹਾਂ ਦੀਆਂ ਅੱਖਾਂ ਵਿਚ
ਉਤਰਦਾ ਤੇ ਸੁਕਦਾ ਹੈ
ਜਦ ਕਿ ਇਕ ਊਦਾ ਬੱਦਲ,
ਹੱਥ ਦੇ ਆਕਾਰ ਦੇ ਪਸਾਰ ਦਾ,
ਆਕਾਸ਼ ਵਿਚ ਦਿਸ ਪਿਆ ਹੈ,
ਨੇਤਰ ਫੋਰ ਵਿਚ ਜਿਸ ਨੇ
ਮਹਾਂ-ਦੀਪਾਂ ਦੇ ਕਪੜੇ
ਗੜੁੱਚ ਕਰ ਦਿਤੇ ਹਨ
ਅਤੇ ਧਰਤੀ ਦਾ ਲੋਥੜਾ
ਜਲਾਂ ਵਿਚ ਡੁੱਬ ਗਿਆ ਹੈ;
ਹੋਰ ਕਿਸੇ ਲਈ
ਭਾਵੇਂ ਉਹ ਕੁਝ ਭੀ ਹੋਵੇ,
ਮੈਂ ਨਿਰਧਨ ਕਿਰਸਾਨ ਲਈ ਤਾਂ,
ਉਹ ਮੇਘਲਿਆਂ ਨੂੰ ਭੇਜਣ ਵਾਲਾ ਹੈ
ਜਿਹੜਾ ਆਪਣਾ ਪ੍ਰੇਮ ਮਿਹਰ-ਭਰੀ
ਭਰਪੂਰਤਾ ਵਿਚ ਵਰ੍ਹਾਉਂਦਾ ਹੈ !

* * * *

ਆ, ਜਦ ਕਿ ਲੱਖਾਂ ਚਿਹਰੇ,
ਜਵਾਨੀ ਵਿਚ ਚਮਕ ਰਹੇ ਹਨ,
ਅਤੇ ਰੱਬੀ ਸਤਿਸੰਗ ਵਿਚ
ਜੋਤੀ ਬਣ
ਹੇਠਾਂ ਧਰਤੀ ਦੇ ਚਿਹਰੇ ਨੂੰ
ਰੁਸ਼ਨਾ ਰਹੇ ਹਨ,
ਲੱਖਾਂ ਮੰਡਲ ਪਸਰ ਕੇ
ਜੋਤੀ ਚਕਰਾਂ ਦਾ ਰੂਪ ਧਾਰ
ਗਗਨ ਵਿਚ ਚਾਨਣ ਦਾ
ਹੜ੍ਹ ਬਣ ਵਹਿ ਤੁਰੇ ਹਨ;
ਹੋਰ ਕਿਸੇ ਲਈ
ਭਾਵੇਂ ਕੁਝ ਭੀ ਹੋਵੇ .
ਮੇਰੇ ਲਈ ਤਾਂ
ਉਹ ਅਦ੍ਰਿਸ਼ਟ-ਮਾਨ ਪ੍ਰਭੂ ਹੈ !
ਜਿਹੜਾ ਬਿਜਲੀ ਦੇ ਇਕ ਲਿਸ਼ਕਾਰ ਵਾਂਗ
ਜੀਵਨ ਦੀਆਂ ਅਸੰਖ ਤੱਕਣੀਆਂ
ਤੇ ਅਸੰਖ ਮੁਸਕਣੀਆਂ ਦਾ ਰੂਪ ਧਾਰ
ਕਹਿੰਦਾ ਹੈ.
''ਕੀ ਹਾਲੇ ਵੀ ਤੂੰ ਮੈਨੂੰ ਨਹੀਂ ਤੱਕਿਆ !
ਇਹ ਮੈਂ ਹੀ ਹਾਂ !''

* * * *

ਮੈਨੂੰ ਉਸ ਦੀ
ਪਰਿਭਾਸ਼ਾ ਦਸਣ ਲਈ ਨਾ ਕਹੋ,
ਮੈਨੂੰ ਉਸ ਦੀ ਮਹਿਮਾ ਦਸਣ ਲਈ ਨਾ ਆਖੋ,
ਮੈਥੋਂ ਉਸ ਦਾ ਨਾਮ ਨਾ ਪੁਛੋ,
ਮੈਂ ਉਸ ਦੀ ਤਬਲੀਗ ਕਰਨ ਤੋਂ ਅਸਮਰਥ ਹਾਂ,
ਅਤੇ ਆਖੋ ਕਿ ਮੈਂ ਉਸ ਨੂੰ ਨਾ ਲੁਕਾਵਾਂ !
ਜਿਸ ਨੇ ਮੈਨੂੰ ਆਜ਼ਾਦ ਕੀਤਾ ਹੈ -
ਮੈਂ ਸਵੈ-ਵਿਸ਼ ਵਿਚ ਘੁਲੇ,

ਨੀਚ ਕੀਟ-ਦਾਸ ਨੂੰ
ਉਸ ਆਪਣੀ ਸੁਗੰਧ ਵਿਚ
ਲੀਨ ਕਰ ਲਿਆ ਹੈ !
ਹੋਰ ਕਿਸੇ ਲਈ
ਭਾਵੇਂ ਉਹ ਕੁਝ ਭੀ ਹੋਵੇ
ਮੇਰੇ ਲਈ ਤਾਂ
ਉਹ ਇਕ ਸਿਰਜਣਹਾਰ ਹੈ,
ਜਿਸ ਨੇ ਆਪਣੇ ਆਪ ਨੂੰ
ਆਪਣੇ ਗੀਤ ਵਿਚ ਢਾਲ ਲਿਆ ਹੈ,
ਜੋ ਭਾਵੇਂ ਕਿਤੇ ਵੀ ਬਿਰਾਜਮਾਨ ਨਹੀਂ;
ਫਿਰ ਵੀ ਉਹ ਆਪਣੇ ਨੈਣਾਂ ਤੋਂ
ਆਕਾਸ਼ ਵਿਚ ਤਾਰਿਆਂ ਦਾ ਮੀਂਹ
ਵਰ੍ਹਾ ਰਿਹਾ ਹੈ !

* * * *

ਮਹਾਂ ਪੁਰਸ਼ਾਂ ਨੂੰ
ਉਸ ਦਾ ਨਾਮ ਧਰਨ ਦਿਓ,
ਵਿਦਵਾਨਾਂ ਨੂੰ
ਉਸ ਦੀ ਖੋਜ ਕਰਨ ਦਿਓ,
ਪੰਡਤਾਂ ਨੂੰ
ਕਰਨ ਦਿਉ ਉਸ ਉਤੇ ਚਰਚਾ,
ਸ਼ਹੀਦਾਂ ਨੂੰ
ਉਸ ਦਾ ਜੱਸ ਗਾਉਣ ਦਿਉ,
ਪਿਆਰਿਆਂ ਨੂੰ
ਉਸ ਨੂੰ ਬੁਲਾਉਣ ਦਿਉ,
ਕੁਮਾਰੀਆਂ ਨੂੰ
ਉਸ ਗਲ ਹਾਰ ਪਾਉਣ ਦਿਉ,
ਅਤੇ ਸੁਆਗਤ ਦੇ ਗੀਤ ਗਾਉਣ ਦਿਉ,
ਸੰਤਾਂ ਨੂੰ
ਉਸ ਨੂੰ ਪੂਜਣ ਦਿਉ,

ਭਗਤਾਂ ਨੂੰ
ਉਸ ਦੇ ਸੁਹਣੇ ਬਾਣੇ ਦੀਆਂ
ਕਲੀਆਂ ਚੁੰਮਣ ਅਤੇ ਚਰਨਾਂ ਦੀ ਧੂੜੀ
ਮੱਥੇ ਲਾਉਣ ਦਿਉ,
ਬਾਲਕਾਂ ਨੂੰ
ਉਸ ਗਿਰਦੇ ਜੁੜਨ ਦਿਉ,
ਹੋਰ ਭਾਵੇਂ ਕਿਸੇ ਲਈ
ਉਹ ਕੁਝ ਭੀ ਹੋਵੇ,
ਮੇਰੇ ਲਈ ਤਾਂ ਉਹ ਗੁੱਝਾ ਮਿਤਰ ਹੈ,
ਜਿਹੜਾ ਮੇਰੀ ਘੋਰ-ਨਿਰਾਸ਼ਾ ਵਿਚ
ਬਿਨਾਂ ਵੇਖੇ ਮੇਰੇ ਕੋਲ ਆ ਪੁਜਦਾ ਹੈ,
ਆਪਣੇ ਸ਼ਾਹੀ ਬਾਣੇ ਦੀ
ਕੰਨੀ ਨਾਲ ਮੇਰੀਆਂ ਗੱਲ੍ਹਾਂ ਤੋਂ
ਮੋਨ ਹੰਝੂ ਪੂੰਝਣ ਲਈ
ਅਤੇ ਮੈਨੂੰ ਕਹਿੰਦਾ ਹੈ :
ਜਦੋਂ ਮੈਂ ਆਪਣੇ ਹੰਝੂਆਂ ਦੇ ਬਝੇ ਗੱਚ ਵਿਚ,
ਉਸ ਨੂੰ ਸੁਣ ਵੀ ਨਹੀਂ ਸਕਦਾ-
''ਆ ਵੇਖ ਮੈਂ ਤੇਰੇ ਕੋਲ ਹਾਂ,
ਮੇਰਾ ਸਭੋ ਕੁਝ
ਜਦੋਂ ਹੋਰ ਕੋਈ ਵੀ ਕੋਲ ਨਹੀਂ,
ਤੇਰਾ ਮੈਂ !
ਉਹ ਉਦਾਸ ਪਾਪੀ !
ਮੈਂ ਤੇਰੇ ਲਈ ਹਾਂ
ਅਤੇ ਕਿਸੇ ਹੋਰ ਦਾ ਨਹੀਂ !''

* * * *

ਕਹਿਣ ਦਿਉ ਇਕ ਇਸਤਰੀ ਨੂੰ,
''ਕੀ ਉਹ ਉਸ ਨੂੰ ਪ੍ਰੇਮ ਕਰੇ !''
ਕਹਿਣ ਦਿਉ ਇਕ ਗਾਇਕ ਨੂੰ,
''ਉਸੇ ਲਈ ਉਹ ਗਾਇਣ ਕਰੇ !''

ਆਖ ਲਏ ਨਿਰਤਕ ਵੀ ਇਹ ਗੱਲ :
''ਨੱਚਣਾ ਹੈ ਉਹ ਉਸੇ ਲਈ''
ਹਠੀ, ਤਿਆਗੀ ਵੀ ਆਖ ਲਏ,
''ਉਸੇ ਖ਼ਾਤਰ ਉਹ ਪੀੜ ਸਹੇ''
ਪਰਮ-ਅਨੰਦ ਵਿਚ ਰੱਤਾ ਯੋਗੀ
ਉਸੇ ਲਈ ਹੀ ਧਿਆਨ ਧਰੇ
ਕਹਿਣ ਦਿਉ ਇਕ ਨੇਕ ਬੰਦੇ ਨੂੰ,
''ਹੁਕਮ ਮੰਨੀਏਂ ਤੇਰਾ ਅਸੀਂ''
ਹੋਰ ਭਾਵੇਂ ਕਿਸੇ ਲਈ
ਉਹ ਕੁਝ ਭੀ ਹੋਵੇ;
ਅਤੇ ਕੋਈ ਹੋਰ
ਉਸ ਦਾ ਭਾਵੇਂ ਕੁਝ ਹੋਰ ਲਗੇ,
ਮੈਂ ਕੀ ਹੋ ਸਕਦਾ ਹਾਂ ?
ਮੈਂ ਸਭ ਸੰਗੀਤ
ਨਿਰਤ ਕਲਾ ਤੇ ਵਿਚਾਰ ਤੋਂ ਸੱਖਣਾ;
ਮੈਂ ਨੇਕੀ ਚੁੱਪ ਤੇ ਗ਼ਰੀਬੀ ਦੀਆਂ
ਸਭ ਪ੍ਰਤਿਗਿਆਵਾਂ ਤੋਂ ਖ਼ਾਲੀ;
ਮੈਂ ਇੰਦਰੀਆਂ ਦੇ ਸੁਖ ਦੀਆਂ
ਗਲੀਆਂ ਸਾਫ਼ ਕਰਨ ਵਾਲਾ ਭੰਗੀ;
ਮੈਂ, ਕੰਬਦੀ ਸੁੰਦਰਤਾ ਦੇ ਝਾਉਲਿਆਂ ਦਾ
ਬੇਤੁਕਾ ਪਿੱਛਾ ਕਰਨ ਵਾਲਾ
ਜਿਹੜੇ ਉਨ੍ਹਾਂ ਤਿਤਲੀਆਂ ਦੇ ਝਿਲਮਿਲਾਂਦੇ
ਖੰਭਾਂ ਦੇ ਰੰਗਾਂ ਵਿਚ ਉਡਦੇ-ਫਿਰਦੇ
ਜੋ ਜੀਵਨ ਮਾਇਆ ਦੇ
ਖਿੜੇ ਫ਼ੁੱਲਾਂ ਵਿਚ ਫੜਫੜਾਉਂਦੀਆਂ
ਮੈਂ ਉਸ ਨੂੰ ਕੀ ਕਹਿ ਸਕਦਾ ਹਾਂ ?
ਮੈਂ ਕੀ ਹੋ ਸਕਦਾ ਹਾਂ ?
-ਮੈਂ, ਭੋਗਾਂ ਦੇ ਚਸਕਿਆਂ ਵਿਚ
ਚਿਰੰਕਾਲ ਤੋਂ ਫਾਥਾ

ਆਪਣੇ ਪਿੰਡ 'ਤੇ
ਸਦਾ ਰਹਿਣ ਵਾਲੀ ਮ੍ਰਿਗ-ਤ੍ਰਿਸ਼ਨਾ ਦਾ ਭਾਰ ਚੁਕੀ;
ਸ਼ਰਮ ਵਿਚ ਸਿਰ ਨਿਹੁੜਾਈ
ਆਪਣੇ ਨੰਗੇ ਜਿਸਮ ਦੀ
ਇਕ ਨੁਕਰ ਵਿਚ ਸ਼ਰਮ-ਸਾਰ ਖੜੋਤਾ
ਆਪਣੇ ਦਾਗ਼ਾਂ ਤੇ ਕਲੰਕਾਂ ਸਣੇ
ਸਭ ਤੋਂ ਪਰੇ ਇਕਲਵਾਂਜੇ !
ਪਰ ਵੇਖੋ !
ਮੇਰੇ ਕੋਲ ਉਹ ਪ੍ਰਭੂ ਵੀ ਆ ਜਾਂਦੇ
ਜਦੋਂ ਸੂਰਜ ਛਿਪਦਾ
ਅਤੇ ਸੰਤ ਜਨ ਉਸ ਕੋਲੋਂ ਖ਼ੁਸ਼ੀਆਂ ਲੈ ਲੈਂਦੇ,
ਜਦੋਂ ਉਹ ਆਉਂਦਾ,
ਮੈਂ ਉਚੀ ਉਚੀ ਚੀਖ਼ ਉਠਦਾ,
ਉਹ ਮੈਨੂੰ ਧਾਰਸ ਦੇਂਦਾ ਤੇ ਕਹਿੰਦਾ :
''ਕੀ ਮੈਂ ਤੇਰੇ ਕੋਲੋਂ
ਬਹੁਤ ਦਿਨ ਵਿਛੜਿਆ ਰਿਹਾ ਹਾਂ !''

* * * *

ਲੋਕ ਮੰਦਰਾਂ ਤੇ ਦਿਹੁਰਿਆਂ ਵਿਚ
ਉਸ ਦੇ ਗਿਰਦੇ ਜਾ ਕੇ ਜੁੜਦੇ,
ਉਨ੍ਹਾਂ ਤੋਂ ਅਕ ਥੱਕ
ਆਪਣੀ ਸਾਰੀ ਵਿਹਲ ਵਿਚ;
ਉਹ ਮੇਰੇ ਕੋਲ
ਜ਼ਮੀਨ ਉਤੇ ਭੁੰਜੇ ਆ ਬਹਿੰਦਾ
ਮੇਰੇ ਨਿਤਾਣੇ ਕੋਲ-
ਜਿਸ ਨੇ ਆਪਣੇ ਮਨ ਦੀ ਸਾਰੀ ਪਾਤਸ਼ਾਹੀ
ਜਵਾਨੀ, ਗੁਲਾਬੀ ਬੁਲ੍ਹੀਆਂ 'ਤੇ
ਮਧ-ਪਾਨ ਦੀਆਂ ਤ੍ਰੱਛ ਖਿਚਾਂ 'ਤੇ ਉਜਾੜ ਦਿਤੀ,
ਮੇਰੇ ਕੋਲ ਬਹਿੰਦਾ-
ਉਸ ਜਵਾਰੀਏ ਕੋਲ

ਜਿਸ ਨੇ ਆਪਣਾ ਸਭ ਕੁਝ
ਦਾਅ 'ਤੇ ਤਾਂ ਲਾਇਆ,
ਪਰ ਕੁਝ ਹਾਸਲ ਨਾ ਕੀਤਾ ।
ਮੇਰੇ ਕੋਲ ਉਦੋਂ ਬਹਿੰਦਾ,
ਜਦ ਮੈਂ ਆਪਣੇ ਮੂੰਹ ਨੂੰ
ਆਪਣੇ ਹੱਥਾਂ ਦੀਆਂ ਤਲੀਆਂ ਨਾਲ ਢੱਕ ਲੈਂਦਾ
ਕੀਤੇ ਕਰਮਾਂ ਦੀ ਸ਼ਰਮਿੰਦਗੀ ਵਿਚ
ਅਤੇ ਹੈਰਾਨ ਹੋ ਸੋਚਦਾ
ਕਿ ਕੀ ਉਹ ਹੁਣ ਵੀ
ਮੇਰੇ ਕੋਲ ਆਵੇਗਾ ?
ਅਤੇ ਆਖੇਗਾ :
''ਚਿੰਤਾ ਨਾ ਕਰ !
ਮੈਂ ਜੋ ਤੇਰਾ ਹਾਂ !''
ਮੇਰੇ ਮਿਤਰੋ !
ਮੈਂ ਉਸ ਬਾਰੇ ਤੁਹਾਨੂੰ
ਕੀ ਆਖ ਸਕਦਾ ਹਾਂ ?
ਉਸ ਬਾਰੇ ਜੋ ਨੱਕ ਉਤੇ ਤਾਂ
ਤਿਊੜੀ ਪਾ ਕੇ ਲੰਘ ਜਾਂਦਾ ਹੈ,
ਪਰ ਚੋਰ ਤੇ ਜਵਾਰੀਏ ਨੂੰ
ਆਪਣੇ ਹੱਥਾਂ ਵਿਚ ਲੈ ਕੇ
ਉਨ੍ਹਾਂ ਨਾਲ ਕਲਿੰਗੜੀਆਂ ਪਾਈ
ਤੁਰਿਆ ਜਾਂਦਾ ਹੈ
ਆਪਣੇ ਸਦੀਵੀ ਜੀਵਨ ਸਾਥ ਵਿਚ !!

* * * *

ਮੇਰੇ ਮਿਤਰੋ !
ਮੈਂ, ਉਸ ਬਾਰੇ ਤੁਹਾਨੂੰ ਕੀ ਆਖ ਸਕਦਾ ਹਾਂ ?
ਉਸ ਬਾਰੇ
ਉਸ ਦੀ ਪੂਜਾ ਕਰਨ ਆਏ
ਸੰਸਾਰੀ ਰਾਜਿਆਂ ਤੇ ਰਾਣੀਆਂ ਨੂੰ

ਇਕ ਤੱਕਣੀ ਨਾਲ ਨਿਹਾਰਨ ਤੋਂ ਵੀ
ਸੰਕੋਚ ਕਰਦਾ ਹੈ;
ਪਰ ਰਾਤ ਵੇਲੇ ਨਦੀ ਕਿਨਾਰੇ
ਇਕੱਲੀ ਨਿਮਾਣੀ ਕੁੜੀ ਨੂੰ
ਆਪਣੀ ਬਾਂਹ ਦੇ ਸਹਾਰੇ
ਲਕੋਂ ਪਕੜ ਉਠਾ ਲੈ ਜਾਂਦਾ ਹੈ
ਅਤੇ ਤਾਰਿਆਂ ਨੂੰ
ਉਸ ਦੇ ਕੇਸਾਂ ਵਿਚ ਜੜ ਕੇ
ਪੂਰੇ ਭਰੋਸੇ ਵਿਚ
ਉਸ ਨਾਲ ਨਿੱਕੀਆਂ ਮਿੱਠੀਆਂ
ਗੱਲਾਂ ਕਰਕੇ ਪ੍ਰਸੰਨ ਹੁੰਦਾ ਹੈ ।

* * * *

ਮੇਰੇ ਮਿਤਰੋ !
ਮੈਂ ਉਸ ਬਾਰੇ ਤੁਹਾਨੂੰ
ਕੀ ਆਖ ਸਕਦਾ ਹਾਂ !
ਉਸ ਬਾਰੇ
ਜਿਹੜਾ ਵਿਧਵਾਂ ਦੀਆਂ,
ਅੰਦਰ ਧੱਸੀਆਂ ਗੱਲ੍ਹਾਂ ਵਿਚਲੇ
ਅੱਥਰੂ ਚੁੰਮ ਲੈਂਦਾ ਹੈ;
ਅਤੇ ਇਕ ਯਤੀਮ ਮਨੁੱਖ ਦੇ ਦਿਲ ਨੂੰ
ਮਾਤ-ਪਿਆਰ ਨਾਲ ਭਰ ਦੇਂਦਾ ਹੈ;
ਜਿਹੜਾ ਪਾਪ ਦੇ ਦਾਗ਼ਾਂ ਨਾਲ,
ਭਰਮੀ ਚਮੜੀ ਵਾਲੇ ਵਿਚਾਰ ਨੂੰ
ਕੁਆਰੀ ਜੋਤੀ ਨਾਲ
ਮੁੜ ਨਵਨੀਤ ਕਰ ਦੇਂਦਾ ਹੈ;
ਅਤੇ ਆਪਣੀ ਕ੍ਰਿਪਾਨ ਦੀ
ਬਿਜਲੀ-ਚਮਕ ਨਾਲ
ਆਤਮਾ ਦੇ ਜ਼ਖ਼ਮਾਂ ਨੂੰ
ਰਾਜ਼ੀ ਕਰ ਦੇਂਦਾ ਹੈ,

ਜੋ ਸ ਵਰਗੇ ਲਾਲ ਖ਼ੂਨ ਵਿਚ
ਉਹ ਜ਼ਿੰਦਗੀ ਦਾ ਸਵੈਮਾਨ
ਮੁੜ ਭਰ ਦੇਂਦਾ ਹੈ
ਅਤੇ ਉਸ ਆਪਣੇ ਨਵੇਂ ਸਾਜੇ
ਮਨੁੱਖ ਨੂੰ ਵੇਖ ਕੇ
ਪਿਆਰ ਕਰਦਾ ਹੈ
ਜਿਹੜਾ ਆਪਣੇ ਸਿਰ ਨੂੰ
ਉਸ ਦੇ ਸਨਮੁਖ ਉਚਾ ਕਰਕੇ
ਖੜਾ ਹੁੰਦਾ ਹੈ ।
ਆਪਣੇ ਨੈਣਾਂ ਦੀ ਇਕ ਤੱਕਣੀ ਨਾਲ
ਉਹ ਸਾਰੇ ਬੰਧਨਾਂ ਦੇ ਸੰਗਲਾਂ ਨੂੰ
ਤੋੜ ਦੇਂਦਾ ਹੈ
ਅਤੇ ਇਹ ਆਖਣ ਵਿਚ,
ਖ਼ੁਸ਼ੀ ਮਹਿਸੂਸ ਕਰਦਾ ਹੈ;
''ਕਿ ਮੈਂ ਨਹੀਂ,
ਮੈਂ ਨਹੀਂ
ਇਹ ਸਭ ਕੁਝ ਅਦ੍ਰਿਸ਼ਟਮਾਨ
ਅਕਾਲ ਪੁਰਖ ਨੇ ਕੀਤਾ ਹੈ !''

* * * *

ਔਹ ਆਉਂਦਾ ਹੈ, ਉਹ ਪਰਮ ਪੁਰਖ !
ਜਿਹੜਾ ਰੂਹਾਂ ਦੀਆਂ ਬੰਦ ਕਲੀਆਂ ਨੂੰ
ਖਿੜਾ ਦੇਂਦਾ ਹੈ
ਅਤੇ ਸਮੇਂ ਦੇ ਲੰਬੂਤਰੇ ਸਿਆਣੇ ਮੂੰਹ ਦਾ
ਮਖੌਲ ਉਡਾਉਂਦਾ ਹੈ !
ਅਤੇ ਇਕ ਮੁਸਕਣੀ ਨਾਲ
ਉਨ੍ਹਾਂ ਮਨੁੱਖੀ ਮਨਾਂ ਦੀਆਂ
ਸਭ ਗੁੰਝਲਾਂ ਸੁਲਝਾ ਦੇਂਦਾ ਹੈ
ਜਿਹੜੇ ਹੁਣ ਤਕ ਚਿਰਕਾਲ ਤੋਂ
ਆਤਮ-ਛਲਾਵੇ ਦੀਆਂ ਚੱਟਾਨਾਂ 'ਚ

ਮੁਹਰਬੰਦ ਸਨ !
ਅਤੇ ਭ੍ਰੌਂਦਿਆਂ ਵਿਚ ਵੀ ਛੋਹਰਾਂ-ਹਾਰ
ਟਪੂਸੀਆਂ ਤੇ ਦੂੜੰਗੇ ਮਾਰਨ ਦੀ
ਸ਼ਕਤੀ ਭਰਦਾ ਹੈ !
ਆਪਣੀ ਹੋਂਦ ਦੇ ਕਰਾਮਾਤੀ ਘੇਰੇ ਵਿਚ ਬੱਧੀ
ਉਹ ਸਮੂਹ ਮਨੁੱਖੀ ਭੀੜ ਨੂੰ
ਪੀਂਘ ਦੇ ਹੁਲਾਰੇ ਹਾਰ
ਝੂਟੇ ਦੇਂਦਾ ਹੈ
ਅਤੇ ਉਨ੍ਹਾਂ ਨੂੰ ਆਪਣੇ ਨਾਲ ਨਚਾਉਂਦਾ ਹੈ ।
ਉਸ ਰੰਗ-ਬਰੰਗੇ ਮਨੁੱਖੀ ਹਜੂਮ ਦੀਆਂ
ਜੀਵਨ, ਪ੍ਰੇਮ ਤੇ ਮੌਤ ਵਰਗੀਆਂ
ਨਿੱਕੀਆਂ ਨਿੱਕੀਆਂ ਸਮੱਸਤ ਗੁੰਝਲਾਂ ਨੂੰ
ਮਨੋ ਵਿਸਾਰ ਦੇਂਦਾ ਹੈ ।
ਉਹ ਨੱਚ ਰਿਹਾ ਹੈ ਆਪ !
ਜੋ ਧਿਆਨੀ ਦੇ ਧਿਆਨ ਦਾ ਕੇਂਦਰ ਸੀ,
ਜਿਗਿਆਸੂ ਦੀ ਭਾਲ ਦਾ ਮੁਖ ਪਾਤਰ
ਅਤੇ ਜਿਸ ਨੂੰ ਰਚਣਹਾਰ
ਸ਼ਬਦਾਂ, ਵਿਚਾਰਾਂ ਅਮਲਾਂ ਤੇ ਕਲਾ ਰਾਹੀਂ
ਮੂਰਤੀਮਾਨ ਕਰਨ ਦੇ ਯਤਨ ਕਰਦਾ ਹੈ !
ਔਹ ਉਹ ਸਾਖਿਆਤ ਖੜਾ ਹੈ (ਆਪਣੇ ਸਰਗੁਣ ਸਰੂਪ ਵਿਚ),
ਸਦਾ ਅਰੂਪ, ਅਰੰਗ ਤੇ ਅਗੰਧ !!
ਜੀਵਨ-ਰੌਂ ਹਾਲੀ ਵੀ ਚਰਾਂਦਾਂ ਤੇ ਘਾਹਾਂ ਵਿਚ
ਧੜਕਦੀ ਹੈ
ਸੰਝ ਨੇ ਆਪਣਾ ਪੱਲਾ ਓੜ ਲਿਆ ਹੈ,
ਸਰਘੀ ਨੇ ਘੁੰਡ ਚੁਕ ਦਿਤਾ ਹੈ !
ਘਰ ਦੀ ਗਹਿਲ ਪਿਆਰ ਵਿਚ ਬੱਧੀ
ਖੂਹੀਉਂ ਪਾਣੀ ਭਰਨ
ਆਟਾ ਚੱਕੀ ਪੀਹਣ,
ਤੇ ਹੋਰ ਕਾਰ ਵਿਹਾਰ ਦੇ ਆਹਰ ਵਿਚ

ਫੁਟਣ ਲਈ ਜਾਗ ਪਈ ਹੈ,
ਕਿਸਾਨ ਹਲ ਤੇ ਜੋਗ ਲਈ
ਬੁੱਢ-ਪੁਰਾਤਨ ਧਰਤੀ ਨੂੰ
ਜੋਤਰਾ ਲਾਉਣ ਜਾਂਦਾ ਹੈ
ਤਾਂ ਜੋ ਬੀਜ ਤੇ ਲੁਣ ਕੇ
ਉਹ ਰੱਬੀ ਘਰ
ਭਰਪੂਰ ਕਰ ਸਕੇ ।
ਰਾਜ ਉਸਾਰੀ ਲਾਉਂਦਾ ਹੈ,
ਤਰਖਾਣ ਲਕੜੀ ਚੀਰ ਕੇ
ਸਾਮਾਨ ਤਿਆਰ ਕਰਦਾ ਹੈ,
ਸੁੰਦਰ ਕੰਜ ਕੁਆਰੀਆਂ
ਚਿੱਟੇ ਪਵਿੱਤਰ ਤੰਦਾਂ ਨੂੰ ਕੱਤਦੀਆਂ
ਗਾਉਂਦੀਆਂ ਹਨ,
ਪਰ ਜੀਵਨ ਦੇ ਸਭ ਨੈਣ,
ਮਧੂ-ਮੱਖੀਆਂ ਦੀ ਨਿਆਂਈਂ,
ਉਸ ਪ੍ਰੀਤਮ ਦੇ ਨੈਣਾਂ ਨਾਲ ਬੁੱਝ ਗਏ ਹਨ
ਜੋ ਇਨ੍ਹਾਂ ਸਭ ਜੀਵਾਂ ਦੀ
ਬੰਦ ਖ਼ਲਾਸੀ ਲਈ ਲੜਿਆ ਸੀ
ਅਤੇ ਉਸਦੇ ਪਿਛੇ ਜੀਵਨ ਦੀਆਂ
ਅਨੇਕ ਅਦ੍ਰਿਸ਼ਟ ਗਤੀਆਂ
ਅਕਾਲੀ ਤਾਲ ਚਾਪਾਂ ਵਿਚ ਬੱਝੀਆਂ
ਉਸ ਦੀ ਉਸ ਰਜ਼ਾ ਦੀ ਉਡੀਕ ਕਰ ਰਹੀਆਂ ਹਨ,
ਜੋ ਉਨ੍ਹਾਂ ਨੂੰ ਜ਼ਿੰਦਗੀ ਤੇ ਪ੍ਰੇਮ ਲਈ
ਜੂਝ ਮਰਨ ਦਾ ਆਦੇਸ਼ ਦੇਂਦੀ ਹੈ ।

* * * *

ਕਿਸੇ ਨੂੰ ਉਸ ਦਾ ਭੇਦ
ਪ੍ਰਗਟ ਕਰਨ ਲਈ ਨਾ ਕਹੋ,
ਉਹ ਜਿਹੜਾ ਕਿ ਸਭ ਦਾ
ਗੁਝਾ ਮਿਤਰ ਹੈ !

ਕਿਸੇ ਨੂੰ
ਪਰਦਾ ਚੁਕਣ ਲਈ ਨਾ ਆਖੋ,
ਕਿਉਂ ਜੋ ਉਹ ਦੁਖੀਆ ਇਸਤਰੀ ਸੰਗ
ਇਕੋ ਸੇਜ ਤੇ ਸੁੱਤਾ ਪਿਆ ਹੈ;
(ਇਸ ਸਮੇਂ) ਕੋਈ ਉਚਾ ਨਾ ਬੋਲੇ,
ਕਿਉਂ ਜੋ ਉਹ
ਆਪਣੀ ਉਂਗਲ ਨੂੰ ਮਲਕੜੇ ਬੁਲ੍ਹਾਂ 'ਤੇ ਰੱਖ
ਸੁੱਤੇ ਪਏ ਬੱਚੇ ਦਾ
ਮੂੰਹ ਚੁੰਮਣ ਆਇਆ ਹੈ;
ਇਸ ਸਮੇਂ ਕੋਈ ਬੱਤੀ ਜਗਾਉਣ ਦੀ
ਗੁਸਤਾਖੀ ਨਾ ਕਰੇ,
ਕਿਉਂ ਜੋ ਪਿਰ ਧਨ ਨੂੰ
ਅੰਕ ਸਮਾਈ ਪਿਆ ਹੈ;
ਕੋਈ ਵੀ ਉਸ ਦੀ ਪ੍ਰਾਪਤੀ ਦਾ
ਐਲਾਨ ਨਾ ਕਰੇ,
ਕਿਉਂ ਜੋ ਉਹ ਕਿਸੇ ਥਾਂ ਭੀ
ਲਭਿਆ ਨਹੀਂ ਜਾ ਸਕੇਗਾ ।
ਪਾਤਸ਼ਾਹ ! ਪਾਤਸ਼ਾਹਾਂ ਦਾ ਪਾਤਸ਼ਾਹ !
ਸਦਾ ਸਲਾਮਤ (ਨਿਰੰਕਾਰ) ਦਾਤਾਰ !
ਪ੍ਰਾਣ-ਦਾਤਾ, ਪ੍ਰੇਮ-ਦਾਤਾ, ਰਿਜ਼ਕ-ਦਾਤਾ !
ਮਹਾਂ ਕਵੀ, ਸ਼ਬਦਾਂ ਦਾ ਦਾਤਾ,
ਸਿਰਜਣਹਾਰ, ਚਾਨਣ-ਦਾਤਾ
ਜਿਸ ਦਾ ਅਨਾਦੀ ਹਿਰਦਾ
ਲੁਕਾਈ ਦੀ ਖ਼ੁਸ਼ੀ ਨਾਲ ਧੜਕਦਾ
ਜੋ ਉਨ੍ਹਾਂ ਦੀ ਭਾਲ ਵਿਚ ਜਾਂਦਾ
ਉਨ੍ਹਾਂ ਲਈ ਪ੍ਰਸ਼ਾਦੇ ਤੇ ਠੰਢੀ ਲੱਸੀ ਦੇ ਘੁਟ ਮੰਗਦਾ,
ਲੋਕਾਂ ਦੀਆਂ ਅਕਾਂਖਿਆਵਾਂ ਨੂੰ
ਇਕੱਤਰ ਕਰ ਅਕਾਲ-ਪੁਰਖ ਦੇ ਹਜ਼ੂਰ,
ਪ੍ਰੇਮ ਤੁੱਲ ਭੇਟਾ ਅਰਪਣ ਕਰਦਾ !

ਸੁੱਤ ਆਪਣੇ ਪ੍ਰਭੂ-ਪਿਤਾ ਦੀ
ਘਟ ਘਟ ਵਿਚ ਵਿਆਪਕ
ਪਰਮ-ਸੁੰਦਰਤਾ ਨੂੰ ਉਘਾੜਦਾ,
ਨਿਰਗੁਣ ਦਾ ਸਰਗੁਣ ਸਰੂਪ
ਨਿਜ ਦਾ ਅਨਿਜ ਸਰੂਪ
ਜਿਸ ਦੀ ਕਰਾਮਾਤ ਆਪਣੇ ਵਰਗੇ
ਕੋਟ ਚਿਹਰਿਆਂ 'ਤੇ ਦਮਕਦੀ
ਅਤੇ ਹਰ ਹਿਰਦੇ ਵਿਚ ਸਮਾਈ ਬੈਠੀ;
ਪ੍ਰਭੂ ਦੇ ਧਿਆਨ ਦੀ ਪੂਰਨਤਾ
ਸ਼ਾਨ ਵਾਲਾ
ਜਲਾਲ ਪੂਰਨ
ਰਤਨਾਂ-ਜੜਿਆ,
ਆਤਮ-ਨਸ਼ੇ ਵਿਚ ਮਖ਼ਮੂਰ,
ਉਜਲ-ਦੀਦਾਰ ਮਹਾਂ ਚਿੰਤਕ (ਫ਼ਿਲਾਸਫ਼ਰ)
ਆਪਣੇ ਸਬਜ਼ੇ ਘੋੜੇ ਉੱਤੇ ਸਵਾਰ;
ਸੰਸਾਰ ਲਈ ਅਮਨਾਂ ਦਾ ਪਾਤਸ਼ਾਹ,
ਅਤਿ ਮਿੱਠਾ ! ਅਤਿ ਮਿੱਠਾ !!
ਸਭ ਤੋਂ ਮਿੱਠਾ, ਗੁਰੂ ਗੋਬਿੰਦ ਸਿੰਘ !!!

2. ਪ੍ਰੀਤਮ ਦੇ ਮੰਗਲ-ਦਰਸ਼ਨ

ਪ੍ਰੀਤਮ !
ਮੈਂ ਤੈਨੂੰ ਆਵਾਜ਼ਾਂ ਦੇ ਰਿਹਾ ਹਾਂ,
ਜਿਦਾਂ ਇਕ ਯਾਤਰੂ ਗੌਰੀ ਸ਼ੰਕਰ ਦੀ
ਉਚੀ ਹਿੰਮ ਚੋਟੀ ਉਤੇ ਖੜ ਕੇ
ਪ੍ਰੀਤਮ ਤੈਨੂੰ ਬੁਲਾਉਂਦਾ ਹੋਵੇ !
ਜਿਦਾਂ ਇਕ ਨਿਸਚਰ ਤਾਰਿਆਂ ਜੜੇ ਆਕਾਸ਼ ਵਿਚ,
ਪ੍ਰੀਤਮ ਤੈਨੂੰ ਬੁਲਾਉਂਦਾ ਹੋਵੇ;
ਜਿਦਾਂ ਪੀਲੀ ਚਰਾਂਦ ਦਾ ਕੋਈ ਫੁੱਲ
ਪ੍ਰੀਤਮ ਆਪਣੇ ਸੂਰਜ ਨੂੰ ਬੁਲਾ ਰਿਹਾ ਹੋਵੇ !
ਤੈਨੂੰ ਤੱਕ ਕੇ ਮੈਂ ਕੂਕ ਉਠਦਾ ਹਾਂ,
ਫੜਫੜਾਉਣ ਲਗ ਪੈਂਦਾ ਹਾਂ,
ਪਰ ਮੈਂ ਆਪਣੇ ਪਿੰਜਰੇ ਤੋਂ ਬਾਹਰ ਉਡ ਨਹੀਂ ਸਕਦਾ ।
ਤੂੰ ਮੇਰੇ ਖੰਭਾਂ ਅਤੇ ਇਨ੍ਹਾਂ ਦੀਆਂ
ਨਿਤਾਣੀਆਂ ਉਡਾਣਾਂ ਤੋਂ ਪਰੇ ਹੈਂ ਪ੍ਰੀਤਮ !
ਪਰ ਇਹ ਕਿੰਨਾ ਅਚੰਭਾ ਹੈ !
ਕਿ ਮੈਂ ਇਕ ਨਿਗੂਣਾ ਪੀਲਾ ਫੁੱਲ,
ਤੇਰੇ ਸੁਹੱਪਣ ਦੇ ਵਿਸ਼ਵਾਸ ਵਿਚ ਸਾਹ ਲੈਂਦਾ ਹਾਂ;
ਜਿਦਾਂ ਤਾਰੇ ਤੇਰੀ ਸੁੰਦਰਤਾ ਵਿਚ ਸਾਹ ਲੈਂਦੇ ਹਨ ।
ਪ੍ਰੀਤਮ !
ਇਹ ਤਾਂ ਤੇਰੀ ਮਿਹਰ ਹੈ !
ਜੋ ਮੇਰੇ ਨੈਣਾਂ ਨੂੰ ਸ਼ੁਕਰਾਨੇ ਦੇ
ਹੰਝੂਆਂ ਨਾਲ ਤਰਲ ਕਰ ਦਿੰਦੀ ਹੈ
ਅਤੇ ਤੇਰੀ ਸੁੰਦਰਤਾ ਮੇਰੇ ਦਿਲ ਵਿਚ ਜੀ ਉਠਦੀ ਹੈ,
ਮੌਤ ਦਾ ਸੁੰਨ-ਮਸੁੰਨ ਅੰਧਕਾਰ
ਮੇਰੀਆਂ ਜੰਘਾਂ ਤੇ ਬਾਹਾਂ ਨੂੰ ਢੱਕ ਲੈਂਦਾ ਹੈ ।
ਮੇਰਾ ਹਾਸਾ ਮੇਰੇ ਰਾਹ ਨੂੰ ਰੌਸ਼ਨ ਕਰ ਜਾਂਦਾ ਹੈ ।

(2)

ਛਿਣ ਛਿਣ ਮੇਰੇ ਅੰਦਰੋਂ ਸੁਗੰਧੀ ਮਹਿਕਦੀ ਹੈ
ਕਹਿੰਦੇ ਨੇ
ਇਹ ਖ਼ੁਸ਼ੀ ਦੇ ਭੋਗ ਦਾ ਹੀ ਪੁਰਾਣਾ ਪਾਪ ਹੈ,
ਪਰ ਮੇਰੀ ਆਤਮਾ ਨੂੰ ਗਿਆਨ ਹੈ ਕਿ ਇਹ ਅਰਦਾਸ ਹੈ;
ਪ੍ਰੀਤਮ !
ਤੁਸੀਂ ਸਭ ਕੁਝ ਜਾਨਣਹਾਰ ਹੋ,
ਇਹ ਤਾਂ ਤੁਹਾਡੇ ਸੁੰਦਰ ਮੁਖੜੇ ਦੇ ਦਰਸ਼ਨ ਦਾ ਅਨੰਦ ਹੈ
ਜਿਸ ਨੇ ਮੈਨੂੰ ਪੁਨੀਤ ਕਰ ਦਿਤਾ ਹੈ,
ਪਰ ਫਿਰ ਵੀ ਉਹ ਮੈਨੂੰ ਕੋਹੀ ਜਾ ਰਹੇ ਹਨ
ਕਿਉਂਜੋ ਉਨ੍ਹਾਂ ਨੂੰ ਇਸ ਮਰਮ ਦਾ ਸਾਰ ਨਹੀਂ ਹੈ;
ਕਿ ਇਹ ਕੋਈ ਓਪਰਾ ਸੰਸਾਰ ਹੈ ।

(3)

ਜਿਨ੍ਹਾਂ ਬੀਜਾਂ ਨੇ ਮੈਨੂੰ ਜਨਮ ਦਿਤਾ ਸੀ,
ਉਹ ਮਰ ਚੁਕੇ ਹਨ;
ਜਿਨ੍ਹਾਂ ਪਾਣੀਆਂ ਨੇ ਮੈਨੂੰ ਸਿੰਜਿਆ ਸੀ,
ਉਹ ਸੁੱਕ ਚੁਕੇ ਹਨ;
ਜਿਹੜੇ ਮਿਤਰ ਮੈਨੂੰ ਪਿਆਰ ਕਰਦੇ ਸਨ,
ਉਹ ਸਿਆਣੇ ਹੋ ਗਏ ਹਨ;
ਫੁੱਲ ਉਤੇ ਜਿਹੜੀ ਮਧੁਮੱਖੀ ਭਿਣਭਿਣਾਉਂਦੀ ਸੀ,
ਉਹ ਉੱਡ ਚੁਕੀ ਹੈ;
ਕਹਿੰਦੀ ਹੈ :-
ਮੈਂ ਦੂਰ ਜਾ ਰਹੀ ਹਾਂ,
ਮੈਨੂੰ ਨਵਾਂ ਖੇੜਾ ਬੁਲਾ ਰਿਹਾ ਹੈ,
ਮੇਰੇ ਮਿਤਰ, ਮੈਂ ਜਾ ਰਹੀ ਹਾਂ !
ਤੇਰਾ ਸ਼ਹਿਦ ਮਿੱਠਾ ਸੀ,
ਤੇਰੀ ਸੰਗਤ ਦਾ ਅਨੰਦ ਉਸ ਤੋਂ ਵੀ ਮਿੱਠੜਾ ਸੀ,
ਪਰ ਮੈਂ ਅਵੱਸ਼ ਚਲੇ ਜਾਣਾ ਹੈ ।
ਮੇਰੀ ਮਿਤਰਤਾ ਦੀ ਅਵਧੀ ਪੁਗ ਚੁਕੀ ਹੈ,

ਤੁਹਾਡੇ ਲਈ ਮੈਂ ਮਰ ਚੁਕੀ ਹਾਂ,
ਮੇਰੇ ਲਈ ਤੁਸੀਂ ਮਰ ਚੁਕੇ ਹੋ ।
ਸਿਆਣੇ ਬਣੋ,
ਕੇਵਲ ਮੂਰਖ ਫੁੱਲ ਹੀ
ਗੁੱਸੇ ਤੇ ਈਰਖਾ ਵਿਚ ਕੰਬਦੇ ਹਨ;
ਮਧੂਮੱਖੀ ਦਾ ਪ੍ਰੇਮ ਉਸ ਦੀ ਉਡਾਨ ਵਿਚ ਹੈ ।
ਉਸ ਦਾ ਸੁਹੱਪਣ ਮਰਨ ਵਿਚ ਹੈ;
ਪ੍ਰੇਮ ਦੀ ਪੂਰਨਤਾ ਦਾ ਇਕ ਛਿਣ ਹੀ ਹੁੰਦਾ ਹੈ,
ਫਿਰ ਭਾਵੇਂ ਇਸ ਨੂੰ ਬੇਵਫ਼ਾਈ ਆਖੋ ਜਾਂ ਮੌਤ,
ਮਧੂਮੱਖੀਆਂ ਨੂੰ ਬੁਲਾ ਲਿਆ ਗਿਆ ਹੈ,
ਅਸੀਂ ਹੁਣ ਰੁਕ ਨਹੀਂ ਸਕਦੀਆਂ,
ਅਲਵਿਦਾ !
ਸਾਡਾ ਪ੍ਰੇਮ ਤਾਂ ਇਸੇ ਤਰ੍ਹਾਂ ਦਾ ਹੀ ਹੁੰਦਾ ਹੈ ।
ਮੇਰੇ ਨੈਣਾਂ ਦੇ ਸਾਹਵੇਂ
ਊਠਾਂ ਉਤੇ ਸਵਾਰ ਪਿਆਰੇ
ਕਾਫ਼ਲੇ ਦੇ ਰੂਪ ਵਿਚ ਲੰਘਦੇ ਹਨ;
ਮੈਂ ਕੂਕ ਉਠਦਾ ਹਾਂ,
ਪਰ ਕੋਈ ਹੁੰਗਾਰਾ ਨਹੀਂ ਮਿਲਦਾ,
ਮੇਰੀ ਰੂਹ ਵਿਚੋਂ ਅਲੰਬੇ ਨਿਕਲ ਕੇ ਸ਼ਾਂਤ ਹੋ ਜਾਂਦੇ ਹਨ;
ਕਾਫ਼ਲਾ ਲੰਘ ਜਾਂਦਾ ਹੈ,
ਕੇਵਲ ਤਾਰੇ ਹੀ ਚਮਕਦੇ ਹਨ,
ਮੈਂ ਹਉਕਾ ਭਰ ਕੇ ਰਹਿ ਜਾਂਦਾ ਹਾਂ ।
ਮੈਂ ਆਪਣੇ ਆਪ, ਸੁਹੱਪਣ, ਪ੍ਰੇਮ, ਪ੍ਰਭੂ, ਮੌਤ
ਸਭ ਤੋਂ ਥੱਕ ਚੁਕਾ ਹਾਂ ।
ਮੇਰਾ ਪ੍ਰੇਮ ਹੈ ਕੀ ?
ਬਸ ਨਿੱਕਾ ਜਿਹਾ ਧਰਵਾਸਾ ?
ਮੇਰਾ ਵਿਸ਼ਵਾਸ ਇਕ ਝੂਠਾ ਵਾਅਦਾ ?
ਫਿਰ ਵੀ ਤੁਸੀਂ ਹੋ (ਪ੍ਰੀਤਮ) !
ਮੇਰੇ ਲਈ ਸਰਵ ਪ੍ਰੇਮ ਦਾ ਪਰਮਾਨੰਦ !

ਇਹ ਕਿੰਨੇ ਅਚੰਭੇ ਦੀ ਗੱਲ ਹੈ !
ਤੇਰੀ ਨੇਕੀ ਅਖੁੱਟ ਹੈ,
ਮੇਰੀ ਕੁਤੱਤਣ ਪਰਬਤ ਸਮਾਨ
ਪਰ ਤੇਰੀ ਮਿਠਾਸ ਵੀ ਹੈ ਬੇਅੰਤ,
ਪ੍ਰੀਤਮ !
ਤੂੰ ਪ੍ਰੇਮ ਹੈਂ !
ਹੋਰ ਸਭ ਕੁਝ ਮੈਂ ਉਹ ਇਸਤਰੀ, ਉਹ ਮਰਦ
ਤੇਰੇ ਤਕ ਪੁਜਣ ਦੇ ਦੁਖਦਾਈ ਭੁਲਾਵੇ ਹਨ;
ਪਰ ਤੂੰ !
ਸ਼ੁਧ ਅਨੰਦ ਸਰੂਪ ਹੈਂ !

(੪)

ਸਭ ਜੋ ਮਹਾਨ ਹਨ,
ਸਭ ਜੋ ਮਿੱਠੜੇ ਹਨ,
ਸਭ ਜੋ ਮਿਹਰਬਾਨ ਹਨ,
ਆਪਣੀ ਧਨ-ਸੰਪਤੀ ਨੂੰ
ਪਾਰਲੇ ਲੋਕ ਵਿਚ ਨਾਲ ਲੈ ਜਾਣਗੇ-
ਆਪਣਾ ਖ਼ੂਨ ਪਸੀਨਾ ਡੋਲ੍ਹ ਕੇ
ਕੀਤੀ ਗਈ ਆਤਮਕ ਕਮਾਈ ਨੂੰ,
ਤਿਜੋਰੀਆਂ ਵਿਚ ਭਰ ਲੈਣਗੇ
ਨਾਲ ਲਿਜਾਣ ਲਈ ।

(੫)

ਪਰ ਮੈਂ ਤਾਂ ਇਕ ਨਿਰਧਨ ਕੰਗਲਾ,
ਜਿਸ ਨੂੰ ਤੇਰੀ ਨੇਕੀ ਦਾ ਮਧਮ ਜਿਹਾ ਬੋਧ ਹੈ ,
ਤੇਰੀ ਸੁੰਦਰਤਾ ਦੀ ਮਹਿਮਾ ਦਾ ਨਿੱਕਾ ਗੀਤ
ਮੇਰੀ ਰਸਨਾ ਉਤੇ ਹੈ,
ਤੇਰਾ ਨਾਮ ਮੇਰੀ ਆਤਮਾ ਹੈ,
ਮੇਰੇ ਨੈਣਾਂ ਵਿਚ ਤੇਰੇ ਅਕਹਿ ਰਹੱਸ ਦੀ ਚਮਕ ਹੈ,
ਮੇਰੇ ਮਸਤਕ ਉਤੇ ਤੇਰੀ ਪਵਿੱਤਰਤਾ ਦੀ ਦਮਕ ਹੈ ।
ਪਰ ਪ੍ਰੀਤਮ !

ਮੈਂ ਤੇਨੂੰ ਚਿਤਵਨ ਕਰਦਾ ਹੋਇਆ
ਮ੍ਰਿਤੂ ਤੋਂ ਪਰੇ ਚਲਾ ਜਾਵਾਂਗਾ ।
ਪ੍ਰੀਤਮ !
ਤੇਰੀ ਮੁਸਕਾਨ ਮਿਹਰ ਭਰੀ ਹੈ,
ਤੇਰਾ ਸ਼ਬਦ ਜੀਵਨ ਹੈ,
ਤੇਰਾ ਅਨੰਦ ਮੇਰੀ ਆਤਮਾ ਹੈ ।
ਤੂੰ ਆਪਣਾ ਹੱਥ ਇਕ ਆਵਾਰਾ
ਅਨਾਮ-ਜਿਹੀ-ਆਤਮਾ ਉਤੇ ਧਰ ਦਿਤਾ ਹੈ,
ਜਿਹੜੀ ਆਤਮਾ ਪਰਬਤ ਦੀ ਨਦੀ ਵਿਚ ਪੈ ਰਹੀਆਂ
ਚਾਂਦਨੀ ਦੀਆਂ ਕਿਰਨਾਂ ਸਮਾਨ ਖਿੰਡ-ਪੁੰਡ ਚੁਕੀ ਹੈ,
ਇਹ, ਪ੍ਰੀਤਮ ! ਤੇਰੀ ਕਰਾਮਾਤ ਹੈ,
ਇਸ ਘੋਰ ਤਬਾਹੀ ਵਿਚ ਵੀ
ਸਾਰੀ ਪੂਰਨਤਾ ਪ੍ਰਕਾਸ਼ਮਾਨ ਹੈ !

(੬)

ਮਲਾਹ ਦੀ ਬੇੜੀ ਸਾਗਰ ਵਿਚ ਡੁੱਬ ਗਈ ਹੈ,
ਇਸ ਦਾ ਅੰਤਮ ਫੱਟਾ ਵੀ ਰੁੜ੍ਹ ਗਿਆ ਹੈ,
ਇਸੇ ਉਤੇ ਵੀ ਕੋਈ ਦੋਸ਼ ਨਹੀਂ ਹੈ-
ਹਵਾਵਾਂ ਤੇ ਪਾਣੀ
ਜਦੋਂ ਉਹ ਆਪਣੇ ਤਿਖੇ ਵੇਗ ਵਿਚ ਹੁੰਦੇ ਹਨ,
ਇਹੋ ਜਿਹੀਆਂ ਨਿਗੁਣੀਆਂ ਵਸਤਾਂ ਨੂੰ
ਚੂਰ ਚੂਰ ਕਰ ਦਿੰਦੇ ਹਨ ।
ਜਦੋਂ ਉਸ ਦੀ ਮੌਜ ਵੇਗਵਾਨ ਹੁੰਦੀ ਹੈ
ਤਾਂ ਉਹ ਆਪਣੇ ਜੋਸ਼ ਵਿਚ
ਸੈਂਕੜੇ ਅਜਿਹੀਆਂ ਆਤਮਾਵਾਂ ਨੂੰ ਮਾਰ ਦਿੰਦੀ ਹੈ
ਅਤੇ ਉਹ ਆਪਣੀ ਕੌਤਕੀ ਲੀਲਾ ਵਿਚ
ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦੀ ।
ਕੇਵਲ ਇਕ ਪੂਰਨ ਜੋੜੇ ਨੂੰ
ਸੁਰੱਖਿਅਤ ਪਾਰ ਉਤਾਰਨ ਲਈ
ਇਹ ਹਜ਼ਾਰਾਂ ਬੇੜੀਆਂ ਨੂੰ ਤੋੜ ਦਿੰਦੀ ਹੈ ।

ਪੱਥਰ ਦੀ ਅਨੰਤ ਬਿਥੁਨਤਾ
ਪ੍ਰਭੂ ਦੀ ਮਰਮਰੀ ਮੂਰਤ ਦਾ ਰੂਪ ਧਾਰਨ ਕਰ ਲੈਂਦੀ ਹੈ,
ਜਿਸ ਦੇ ਹੋਠਾਂ ਵਿਚੋਂ ਮੂਰਤੀਕਾਰ ਦਾ
ਸੰਗੀਤ ਲਹਿਰ ਰਿਹਾ ਹੁੰਦਾ ਹੈ ।
ਮਲਾਹ ਦਾ ਭਰੋਸਾ ਹਾਲੀ ਵੀ ਸਲਾਮਤ ਹੈ,
ਭਾਵੇਂ ਕਿ ਲਹਿਰਾਂ ਉਸ ਨੂੰ ਡੋਬ ਦੇਣਗੀਆਂ;
ਡੋਬ ਲੈਣ ਦਿਉ,
ਪਰ ਹੇ ਤਾਰਾ ਰੂਪ ਪ੍ਰੀਤਮ !
ਉਸ ਦੀ ਆਤਮਾ ਤਾਂ ਆਪਣੇ ਖੰਭਾਂ ਦੁਆਰਾ
ਤੇਰੇ ਵਲ ਚਮਕਦੀ ਹੋਈ ਉਡਾਣ ਭਰ ਰਹੀ ਹੈ ।
ਇਥੇ ਸਾਰੇ ਉਸ ਮ੍ਰਿਤਕ ਮਲਾਹ ਨੂੰ ਦੋਸ਼ੀ ਠਹਿਰਾਉਣਗੇ,
ਇਸ ਭਵ-ਸਾਗਰ ਨੂੰ ਇਸ ਲੋਥ ਤੋਂ ਬਿਨਾਂ
ਪਾਰ ਕਰਨ ਦਾ ਤਾਂ ਹੋਰ ਕੋਈ ਰਾਹ ਵੀ ਨਹੀਂ ਹੈ,
ਪਰ ਤੂੰ ਤਾਂ ਉਸ ਦੀ ਹੋਣੀਆਂ ਭਰੀ ਕਥਾ ਤੋਂ ਜਾਣੂ ਹੈਂ;
ਉਸ ਨੇ ਬੇੜੀ ਨੂੰ ਠੀਕ ਚਲਾਇਆ ਸੀ,
ਆਪਣੇ ਸਾਰੇ ਤਾਣ ਨਾਲ ਚੱਪੂ ਮਾਰੇ ਸਨ,
ਪਰ ਸਾਰੇ ਦਾ ਸਾਰਾ ਤੂਫ਼ਾਨ ਗੁੱਸੇ ਵਿਚ
ਉਸ ਉਤੇ ਭਾਰੂ ਹੋ ਗਿਆ ਸੀ;
ਆਪਣੀ ਮਿਹਰ ਦੀ ਸਦੀਵਤਾ ਦੁਆਰਾ
ਤੂੰ ਇਕੱਲਾ ਹੀ ਉਸ ਨੂੰ ਠੀਕ ਸਿਧ ਕਰ ਸਕਦਾ ਹੈ ;
ਪ੍ਰੀਤਮ !
ਤੇਰਾ ਮਲਾਹ ਮਰ ਗਿਆ ਹੈ !

(੭)

ਇਕ ਵਾਰ ਮੈਂ ਤੱਕਿਆ ,
ਆਕਾਸ਼ ਸੱਖਣੇ ਸਨ,
ਇਕ ਵਾਰ ਮੈਂ ਫਿਰ ਤੱਕਿਆ,
ਕਿ ਕੁਦਰਤ ਪੱਥਰ ਦੀ ਤ੍ਰੀਮਤ ਸੀ,
ਜਿਸ ਦੇ ਦਿਲ ਦੀ ਧੜਕਣ ਨੂੰ
ਜੰਦਰੇ ਲਾ ਦਿਤੇ ਗਏ ਸਨ,

ਫਿਰ ਮੈਂ ਤੱਕਿਆ
ਪਸ਼ੂ ਚੰਗੇ ਤਾਂ ਸਨ,
ਪਰ ਨਿਤਾਣੇ ਹੋ ਚੁਕੇ ਸਨ,
ਇਥੋਂ ਤਕ ਕਿ ਚੀਤੇ ਦੇ ਪੰਜੇ ਵੀ
ਮਰਦ ਦੀਆਂ ਬਾਹਾਂ ਨਾਲੋਂ ਵਧੇਰੇ ਮਿਤਰਤਾ ਵਾਲੇ ਸਨ,
ਤ੍ਰੀਮਤ ਦੀਆਂ ਘੁਟਣੀਆਂ ਨਾਲੋਂ
ਸ਼ੇਰ ਦਾ ਮੂੰਹ ਆਤਮਾ ਲਈ ਵਧੇਰੇ ਸੁਖਦਾਈ ਸੀ ।
ਪ੍ਰੀਤਮ !
ਇਸ ਸੁੰਨਸਾਨ ਵਿਚ
ਤੂੰ ਮੇਰੇ ਕੋਲ ਆਇਆ;
ਮੈਨੂੰ ਹਾਲੀ ਵੀ ਤੇਰੇ ਇਸ ਆਗਮਨ ਦੇ ਭੇਦ ਦਾ
ਕੋਈ ਪਤਾ ਨਹੀਂ ਹੈ,
ਨਾ ਹੀ ਉਸ ਪਹਿਲੇ ਪ੍ਰੇਮ-ਅਲਿੰਗਣ ਦਾ
ਜੋ ਤੂੰ ਮੈਨੂੰ ਬਖ਼ਸ਼ਿਆ ਸੀ,
ਸਭ ਕੁਝ ਪੁਰਾਣਾ ਪੁਰਾਣਾ
ਤੇ ਜਾਣਿਆਂ ਪਛਾਣਿਆਂ ਜਿਹਾ
ਹੁੰਦਾ ਜਾ ਰਿਹਾ ਹੈ ।
ਪਰ ਤੇਰਾ ਉਹ ਪ੍ਰੇਮ-ਅਲਿੰਗਣ ਹਾਲੀ ਵੀ
ਸਜਰਾ ਸਜਰਾ ਤੇ ਸਗਵਾਂ ਸਗਵਾਂ ਹੈ ।
ਪ੍ਰੀਤਮ !
ਇੰਝ ਪ੍ਰਤੀਤ ਹੁੰਦਾ ਹੈ,
ਹਾਲੀ ਵੀ ਇਸ ਦੀ ਛੁਹ ਮੈਨੂੰ ਝੁਣਝੁਣਾ ਰਹੀ ਹੈ ।

(੮)

ਇਕ ਵਾਰ ਮੈਂ ਆਪਣੇ ਸਾਥੀ ਮਨੁੱਖ ਨੂੰ ਇੰਝ ਤੱਕਿਆ,
ਜਿਵੇਂ ਮਾਰੂਥਲ ਦੀ ਮਰੀਚਕਾ ਵਿਚ
ਜਲ ਦੀ ਹੋਂਦ ਦੀ ਝੂਠੀ ਆਸ਼ਾ ਘਟ ਰਹੀ ਹੁੰਦੀ ਹੈ,
ਮੈਂ ਜੀਵਨ ਨੂੰ ਇੰਝ ਤੱਕਿਆ
ਜਿਵੇਂ ਕਿਤੇ ਵੀ ਕੋਈ ਖ਼ੁਸ਼ੀ ਬਾਕੀ ਨਾ ਰਹੀ ਹੋਵੇ,
ਜਦੋਂ ਮੈਂ ਫੁੱਲ ਵੱਲ ਹੱਥ ਵਧਾਇਆ

ਤਾਂ ਕੰਡੇ ਦੀ ਚੋਭ ਨੇ ਉਸ ਨੂੰ ਝਰੀਟ ਦਿਤਾ,
ਇਕ ਵਾਰ ਮੈਂ ਮੌਤ ਨੂੰ ਤੱਕਿਆ
ਮੈਂ ਉਸ ਤੋਂ ਭੈ-ਭੀਤ ਹੋ ਗਿਆ,
ਪਰ ਇਸ ਨਿਰਾਸ਼ਾ ਵਿਚ ਵੀ ਪ੍ਰੀਤਮ !
ਤੂੰ ਮੇਰੇ ਕੋਲ ਪੁਜਾ !
ਮੈਨੂੰ ਹਾਲੀ ਵੀ ਤੇਰੇ ਇਸ ਆਗਮਨ ਦੇ ਭੇਦ ਦਾ
ਕੋਈ ਪਤਾ ਨਹੀਂ ਹੈ,
ਨਾ ਹੀ ਉਸ ਪਹਿਲੇ ਪ੍ਰੇਮ-ਅਲਿੰਗਣ ਦਾ
ਜੋ ਤੂੰ ਮੈਨੂੰ ਬਖਸ਼ਿਆ ਸੀ !
ਸਭ ਕੁਝ ਪੁਰਾਣਾ ਪੁਰਾਣਾ
ਤੇ ਜਾਣਿਆਂ ਪਛਾਣਿਆਂ ਹੈ ।
ਪਰ ਤੇਰਾ ਉਹ ਪ੍ਰੇਮ-ਅਲਿੰਗਣ ਹਾਲੀ ਵੀ
ਸਜਰਾ ਸਜਰਾ ਤੇ ਸਗਵਾਂ ਸਗਵਾਂ ਹੈ ।
ਪ੍ਰੀਤਮ !
ਇੰਝ ਪ੍ਰਤੀਤ ਹੁੰਦਾ ਹੈ,
ਹਾਲੀ ਵੀ ਇਸ ਦੀ ਛੁਹ ਮੈਨੂੰ ਝੁਣਝੁਣਾ ਰਹੀ ਹੈ !
ਮੈਂ ਸੋਚਦਾ ਹਾਂ ਕਿ ਤੂੰ ਕੀ ਹੈਂ ?
ਕੁਦਰਤ, ਮਨੁੱਖ ਜਾਂ ਪ੍ਰਭੂ !
ਜੀਵਨ ਜਾਂ ਮੌਤ !
ਸਦੀਵੀ ਪ੍ਰਕਾਸ਼ ਜਾਂ ਆਤਮਾ ਵਿਚਲੀ ਚੁੱਪ ?
ਜੀਵਨ ਚੰਗਿਆੜੀ ਦੀ ਬੇਕਰਾਰੀ,
ਜਾਂ ਮੌਤ ਦਾ ਸੁਖਦਾਈ ਚੁੰਮਣ ?
ਤੂੰ ਜੋਬਨ ਹੰਢਾ ਚੁਕੀ ਤੀਵੀਂ ਨੂੰ
ਨਵਾਂ ਕੰਵਾਰਪਨ ਬਖਸ਼ਦਾ ਹੈਂ
ਅਤੇ ਮਰਦ ਵਿਚ ਨਵੀਂ ਅਭਿਲਾਸ਼ਾ ਨੂੰ ਜਗਾਉਂਦਾ ਹੈਂ ।
ਤੂੰ ਉਹ ਮ੍ਰਿਤੂ ਹੈਂ
ਜੋ ਕਿਸੇ ਨੂੰ ਮਰਨ ਨਹੀਂ ਦਿੰਦੀ,
ਉਹ ਮੌਤ ਜੋ ਜੀਵਨ ਦਾ ਸੋਮਾ ਹੈ,
ਇਕ ਇਸ ਤਰ੍ਹਾਂ ਦੀ ਨੀਂਦ ਜੋ ਜਾਗਣ ਸਮਾਨ ਹੈ ।

ਮੈਂ ਸੋਚਦਾ ਹਾਂ ਕਿ ਤੂੰ ਕੀ ਹੈਂ ?
ਗਿਆਨ ਦਾ ਸੁਹਪਣ ?
ਜੀਵਨ ਦੇ ਬੋਲ,
ਖ਼ੁਸ਼ੀ ਦਾ ਹੜ੍ਹ
ਜਾਂ ਮਿਤਰਤਾ ਦੀ ਤਾਲਗਤੀ ?
ਤੇਰੀ ਹਜ਼ੂਰੀ ਪ੍ਰੇਰਨਾ-ਜਗਾਊ ਹੈ,
ਤੂੰ ਪ੍ਰਭੂ ਦਾ ਪਰਮ ਸੁੰਦਰ ਤੇ ਦਿਆਲੂ ਸਰੂਪ ਹੈਂ,
ਤੂੰ ਵਿਸ਼ਵਾਸ ਦੀ ਉਹ ਤਰੰਗ ਹੈਂ,
ਜਿਸ ਨੂੰ ਕੋਈ ਵੀ ਅਵਿਸ਼ਵਾਸ ਮਾਂਦਾ ਨਹੀਂ ਪਾ ਸਕਦਾ,
ਜਿਸ ਨੂੰ ਕੋਈ ਵੀ ਅੰਧਕਾਰ
ਭੈ-ਭੀਤ ਨਹੀਂ ਕਰ ਸਕਦਾ ।
ਪ੍ਰੀਤਮ !
ਤੂੰ ਤਾਂ ਪ੍ਰਭੂ ਹੈ !
ਤੂੰ ਤਾਂ ਉਹ ਪ੍ਰਭੂ ਪ੍ਰੀਤਮ ਹੈਂ
ਜਿਸ ਲਈ ਮਾਨਵ ਕੋਲ ਕੋਈ ਉਪਮਾ ਨਹੀਂ ਹੈ,
ਜਿਸ ਦਾ ਉਹ ਕੋਈ ਨਾਮ ਨਹੀਂ ਰਖ ਸਕਦਾ,
ਨਾ ਹੀ ਜਿਸ ਨੂੰ ਉਹ ਜਾਣ ਸਕਦਾ ਹੈ ।
ਪਰ ਪ੍ਰੀਤਮ !
ਫਿਰ ਵੀ ਤੂੰ ਉਨ੍ਹਾਂ ਸਭ ਦਿਲਾਂ ਦੀ ਧੜਕਣ ਹੈਂ;
ਜੋ ਨਿਤ ਧੜਕਦੇ ਹਨ,
ਪਰ ਤੇਰੇ ਬਾਰੇ ਕੁਝ ਵੀ ਨਹੀਂ ਜਾਣਦੇ ।

(੯)

ਪ੍ਰੀਤਮ !
ਜਦੋਂ ਤੇਰੇ ਪ੍ਰੇਮ-ਅਲਿੰਗਣ ਨੇ
ਮੈਨੂੰ ਅਮਰ ਕਰ ਦਿਤਾ ਸੀ
ਉਸ ਗੱਲ ਨੂੰ ਕਈ ਸਾਲ ਬੀਤ ਗਏ ਸਨ ।
ਇਸ ਤੋਂ ਬਿਨਾਂ ਕੁਝ ਹੋਰ ਬਣ ਸਕਣ ਦੇ ਯਤਨ
ਮੇਰੇ ਦਿਲ ਵਿਚੋਂ ਮਰ ਚੁਕੇ ਹਨ ।
ਤੇਰਾ ਹੋ ਕੇ ਰਹਿਣਾ

ਤੇਰੇ ਅੰਕ ਸਮਾਉਣਾ ਹੀ
ਮੇਰੇ ਲਈ ਧਰਮ ਹੈ !
ਮੇਰੇ ਆਲੇ-ਦੁਆਲੇ ਪਸਰਿਆ ਅੰਧਕਾਰ
ਉਹ ਮੁਸਕਰਾਉਂਦਾ ਚਾਨਣ ਹੈ,
ਜੋ ਸਗਲ ਸ੍ਰਿਸ਼ਟੀ ਵਿਚ ਧੜਕਣ ਛੇੜ ਦਿੰਦਾ ਹੈ ।
ਤੂੰ ਹੀਰੇ ਸਮਾਨ ਚਮਕ ਰਿਹਾ ਨਿੱਕਾ ਤਾਰਾ ਹੈਂ,
ਜਿਸ ਦੇ ਆਲੇ-ਦੁਆਲੇ
ਅਨੰਤ ਅੰਧਕਾਰ ਪਸਰਿਆ ਹੋਇਆ ਹੈ ।
ਪ੍ਰੀਤਮ !
ਤੂੰ ਇਸ ਅਨਾਮ ਅਣਹੋਂਦ ਦੇ
ਭਵ-ਸਾਗਰ ਵਿਚ
ਮੇਰੀ ਸਲਾਮਤੀ ਦਾ ਕੰਢਾ ਹੈਂ !

3. ਤੇਰੇ ਦਰ 'ਤੇ

ਮੈਂ ਇਕ ਮੰਗਤਾ
ਤੇਰੇ ਦਰ 'ਤੇ ਖੜਾ,
ਜਿਥੇ ਵੀ ਮੈਂ ਹੋਵਾਂ
ਤੇਰੇ ਦਰ 'ਤੇ ਹੀ ਖੜਾ ਹੁੰਦਾ,
ਕੀ ਮੰਗਦਾ ਹਾਂ ?
ਤੇਰੇ ਦਰਸ਼ਨ ਦੀ ਇਕ ਝਲਕ !
ਤੇਰਾ ਦੀਦਾਰ !
ਤੇਰਾ ਪ੍ਰੇਮ !
ਤੇਰੀ ਆਸ !
ਤੇਰਾ ਪ੍ਰਕਾਸ਼ !
ਮੈਂ ਮੰਗਦਾ ਹਾਂ ਇਕ ਰੋਟੀ ਦਾ ਟੁਕੜਾ,
ਪਾਣੀ ਦਾ ਇਕ ਕਟੋਰਾ,
ਅਤੇ ਤੇਰੇ ਨਿਜ ਮਹਿਲ ਵਿਚੋਂ ਗੂੰਜ ਰਹੇ
ਸੰਗੀਤ ਦੀ ਇਕ ਧੁਨੀ ।
ਮੇਰੇ ਪਾਤਸ਼ਾਹ !
ਮੈਂ ਇਕ ਕੰਗਲਾ ਨੀਚ ਮੰਗਤਾ
ਤੇਰੇ ਦਰਵਾਜ਼ੇ ਅੰਦਰ ਆਉਣ ਦਾ ਹੌਸਲਾ ਕਿਵੇਂ ਕਰਾਂ ?
ਪਰ ਮੇਰਾ ਸਵੈ-ਅਭਿਮਾਨ
ਮੈਨੂੰ ਤੇਰੇ ਦਰ ਤੋਂ ਉਠਣ ਹੀ ਨਹੀਂ ਦਿੰਦਾ।
ਮੈਂ ਤਾਂ ਹਾਂ ਇਕ ਨਿਰੀ ਲੱਜਾ
ਬੇ-ਪਰਦ ਝੂਠ,
ਇਕ ਕੂਕ,
ਜਿਸ ਦਾ ਦਮ ਘੁਟਿਆ ਗਿਆ ਹੈ ।
ਇਕ ਹੰਝੂ,
ਇਕ ਹਉਕਾ,
ਇਕ ਤ੍ਰਿਖਾ,

ਇਕ ਭੁੱਖ ਤੇਰੇ ਪ੍ਰੇਮ ਦੀ,
ਜੋ ਸਦਾ ਨਾ ਬੁਝਣ ਵਾਲੀ ਹੈ ।
ਜਦੋਂ ਤੁਸੀਂ ਮੈਨੂੰ ਆਪਣੇ ਝਰੋਖਿਆਂ ਵਿਚੋਂ
ਦਰਸ਼ਨ ਦੀ ਝਲਕ ਦਰਸਾਉਂਦੇ ਹੋ
ਤਾਂ ਮੇਰੀ ਹਾਲਤ ਉਸ ਰੋ ਰਹੇ ਬੱਚੇ ਵਾਲੀ ਹੁੰਦੀ ਹੈ
ਜੋ ਮਾਂ ਦੇ ਸੀਨੇ ਨਾਲ ਲਗ ਕੇ ਚੁੱਪ ਹੋ ਜਾਂਦਾ ਹੈ ।
ਪਰ ਜੇ ਕਦੇ ਇਸ ਪ੍ਰੇਮ-ਮਿਲਣੀ ਵਿਚ ਦੇਰ ਹੋ ਜਾਵੇ
ਮੈਂ ਫਿਰ ਹਟਕੋਰੇ ਲੈਣ ਲਗ ਪੈਂਦਾ ਹਾਂ
ਅਤੇ ਤੇਰੇ ਦਰ ਉਤੇ
ਆਪਣੀਆਂ ਅਣਜਾਣ ਅੱਖੀਆਂ ਵਿਚੋਂ
ਹੰਝੂ ਕੇਰਨ ਲਗ ਪੈਂਦਾ ਹਾਂ ।
ਮੈਨੂੰ ਗਿਆਨ ਹੈ ਕਿ ਤੇਰੇ ਦਰ ਦਾ ਮੰਗਤਾ
ਉਸ ਨਾਦਾਨ ਵਾਂਗ ਹੈ,
ਜੋ ਆਪਣੀ ਮਾਂ ਦੇ ਪੱਲੇ ਨੂੰ ਖਿਚ ਰਿਹਾ ਹੁੰਦਾ ਹੈ ।
ਇਹ ਮੰਗਣ ਦੀ ਕਿਰਿਆ ਹੀ ਉਸ ਬੱਚੇ ਦਾ ਧਰਮ ਹੈ ।
ਮੈਨੂੰ ਇਸ ਗੱਲ ਦਾ ਕੁਝ ਵੀ ਗਿਆਨ ਨਹੀਂ
ਕਿ ਰੱਬ ਕੀ ਹੈ,
ਜੀਵਨ ਕੀ ਹੈ,
ਪ੍ਰੇਮ ਕੀ ਹੈ,
ਮਨੁੱਖ ਕੀ ਹੈ
ਤੇ ਮੈਂ ਆਪ ਕੀ ਹਾਂ ?
ਪਰ ਮੇਰੇ ਪਾਤਸ਼ਾਹ !
ਜਦੋਂ ਤੁਸੀਂ ਆਪਣੇ ਮਹਿਲ ਵਿਚੋਂ ਬਾਹਰ ਆਉਂਦੇ ਹੋ
ਅਤੇ ਮੇਰੇ ਉਤੇ ਇਕ ਮੁਸਕਾਨ ਸੁਟਦੇ ਹੋ,
ਤਾਂ ਸਰਬ ਗਿਆਨ ਦੀ ਝੋਲੀਆਂ ਕਰ ਦੇਣ ਵਾਲੀ ਖ਼ੁਸ਼ੀ ਵਿਚ
ਮੇਰਾ ਸਾਰਾ ਆਪਾ ਨੱਚ ਉਠਦਾ ਹੈ ।
ਤੁਹਾਡੀ ਇਸ ਮੁਸਕਾਨ ਵਿਚ
ਸਗਲ ਸ੍ਰਿਸ਼ਟੀ ਦਾ ਸੂਰਜ ਚਮਕ ਰਿਹਾ ਹੁੰਦਾ ਹੈ ।
ਸਾਰੇ ਬ੍ਰਹਿਮੰਡ ਦਾ ਸ਼ਾਨਦਾਰ ਜਲੌ ਅਤੇ ਉਸ ਦਾ ਰਹੱਸ

ਮੈਨੂੰ ਸਾਫ਼ ਸਾਫ਼ ਦਿਖਾਈ ਦੇਣ ਲਗ ਪੈਂਦਾ ਹੈ ।
ਮੈਂ ਮਾਇਆ ਦੇ ਚਿੱਕੜ ਵਿਚ ਧਸਿਆ ਹੋਇਆ ਵੀ
ਇਕ ਡੂੰਘੀ ਖ਼ੁਸ਼ੀ ਪ੍ਰਤੀਤ ਕਰ ਰਿਹਾ ਹੁੰਦਾ ਹਾਂ,
ਜਿਵੇਂ ਮੈਂ ਹੀ ਸਭ ਕੁਝ ਹੋਵਾਂ ।

(੨)

ਆਪਣੇ ਨੈਣ ਮੁੰਦ ਕੇ ਮੈਂ ਤੇਰੇ ਦਰ ਉਤੇ ਆ ਡਿਗਦਾ ਹਾਂ,
ਆਪਣੇ ਹੱਥਾਂ ਵਿਚ ਛੈਣੇ ਫੜ ਕੇ
ਮੈਂ ਆਪਣੇ ਦਿਲ ਦੀਆਂ ਧੜਕਣਾਂ ਦੇ
ਤਾਲ ਨਾਲ ਵਜਾ ਰਿਹਾ ਹਾਂ
ਅਤੇ ਉਹ ਗੀਤ ਗਾ ਰਿਹਾ ਹਾਂ
ਜੋ ਤੇਰੇ ਪ੍ਰੇਮ ਦਾ ਗੀਤ ਹੈ !
ਮੇਰੇ ਪਾਤਸ਼ਾਹ !
ਜੋ ਤੇਰਾ ਗੀਤ ਹੈ !
ਤੇਰੇ ਦਰ 'ਤੇ ਬੈਠ ਕੇ
ਮੈਂ ਇਹ ਗੀਤ ਗਾ ਰਿਹਾ ਹਾਂ ।
ਉਹ ਦੁਨੀਆਂ ਜੋ ਪਹਿਲਾਂ ਮੇਰੀ ਗ਼ਰੀਬੀ 'ਤੇ ਹਸਦੀ,
ਮੈਨੂੰ ਘਿਰਣਾ ਕਰਦੀ ਗੁਜ਼ਰੀ ਸੀ,
ਹੁਣ ਮੇਰੇ ਦੁਆਲੇ ਆ ਜੁੜੀ ਹੈ
ਅਤੇ ਮੇਰੇ ਗੀਤਾਂ ਦੇ ਬੋਲਾਂ ਵਿਚ
ਤੇਰੇ ਗੀਤਾਂ ਦੇ ਤਾਲਾਂ ਵਿਚ ਰੰਗੀ ਗਈ ਹੈ ।
ਮੇਰੇ ਗੀਤਾਂ ਦੇ ਪਾਤਸ਼ਾਹ !
ਹੁਣ ਉਹ ਇਨ੍ਹਾਂ ਗੀਤਾਂ ਦੀ
ਮਸਤੀ ਦਾ ਅਨੰਦ ਮਾਣ ਰਹੀ ਹੈ ।

(੩)

ਉਹ ਮੇਰੇ ਪਿੰਜਰ ਦੇ ਨੰਗੇਪਣ ਨੂੰ ਨਫ਼ਰਤ ਕਰਦੇ ਹਨ,
ਮੇਰੇ ਕੇਸਾਂ ਵਿਚ ਜੰਮੀ ਧੂੜ ਤੋਂ ਤ੍ਰਭਕਦੇ ਹਨ
ਅਤੇ ਮੈਂ ਇਸ ਰੰਗੀ ਤੇ ਗਲੀਚ ਦੁਨੀਆਂ ਤੋਂ ਜਿਚ
ਆਪਣਾ ਆਪਾ ਬਚਾਉਣ ਦੀ ਫ਼ਿਕਰ ਵਿਚ ਹਾਂ
ਕਿਉਂਕਿ ਉਹ ਨਹੀਂ ਜਾਣਦੇ ਕਿ ਮੈਂ ਕੌਣ ਹਾਂ,

ਮੈਂ ਤਾਂ ਇਸ ਸੰਸਾਰ ਦੇ
ਅਗਿਆਨ ਭਰੀ ਸਿਆਣਪ ਦੇ
ਜਬਰ ਤੋਂ ਮੁਕਤੀ ਹਾਸਲ ਕਰਨ ਲਈ
ਤੇਰੇ ਦਰ 'ਤੇ ਆ ਢੱਠਾ ਹਾਂ
ਅਤੇ ਉਸ ਦੀ ਧੂੜੀ ਨੂੰ
ਆਪਣੇ ਮਸਤਕ ਉੱਤੇ ਮਲ ਲਿਆ ਹੈ ।
ਤੇਰੇ ਦਰ ਦੀ ਧੂੜੀ ਵਿਚ ਪ੍ਰੇਮ ਦੀਆਂ ਤਰਬਾਂ
ਤੇ ਜੀਵਨ ਦੀਆਂ ਧੜਕਣਾਂ ਭਰੀਆਂ ਪਈਆਂ ਹਨ ।
ਇਸ ਧੂੜੀ ਦੇ ਕਿਣਕਿਆਂ ਵਿਚ
ਸੁੰਦਰਤਾ ਲਿਸ਼ਕਾਰੇ ਮਾਰ ਰਹੀ ਹੈ ।
ਇਸ ਦੇ ਪ੍ਰਕਾਸ਼ ਦਾ ਰਹੱਸਮਈ ਆਭਾਸ ਹੋ ਰਿਹਾ ਹੈ ।
ਲੋਕ ਜਿਸ ਨੂੰ ਵਹਿਮ ਮੰਨਦੇ
ਉਹ ਜੀਵਨ ਦੀ ਅਲੌਕਿਕ ਵੇਲ ਹੈ,
ਜੋ ਉਨ੍ਹਾਂ ਨੂੰ ਦਿਸਦੀ ਨਹੀਂ
ਤੇਰੀ ਇਕ ਛੁਹ ਨਾਲ ਸੰਸਾਰ ਵਿਚ
ਖੇੜੇ ਖਿੜ ਪੈਂਦੇ ਹਨ ।
ਇਨ੍ਹਾਂ ਦੀ ਕਾਮਨ-ਹਾਰੀ ਦੈਵੀ ਮਹਿਕ ਵਿਚ
ਮੈਂ ਗੁਆਚ ਗਿਆ ਹਾਂ ।

(੪)

ਮੇਰੇ ਪ੍ਰੀਤਮ !
ਤੁਸੀਂ ਮੇਰੇ ਜੀਵਨ ਦੀ ਪਹੁੰਚ ਤੋਂ ਪ੍ਰੇਰੇ ਹੋ ।
ਇਨ੍ਹਾਂ ਦੀਆਂ ਅਪੂਰਨ ਕਾਮਨਾਵਾਂ ਤੋਂ ਉਚੇਰੇ ਹੋ ।
ਤੁਸੀਂ ਸਦਾ ਹਰ ਪ੍ਰਕਾਰ ਦੇ ਰਿਸ਼ਤਿਆਂ ਤੋਂ ਮੁਕਤ,
ਤ੍ਰੈਗੁਣ ਅਤੀਤ ਤੇ ਅਨੰਤ ਹੋ ।
ਮੈਂ ਝੱਲੇਪਣ 'ਚ ਕਹਿ ਬੈਠਾ,
''ਮੈਂ ਤੇਰਾ ਪੁੱਤਰ ਹਾਂ ।''
ਪਰ ਮੈਂ ਤੈਨੂੰ ਦੇਖਿਆ
ਤੇ ਫਿਰ ਆਪਣੇ ਆਪ ਨੂੰ ਤੱਕਿਆ,
ਮੈਂ ਨਿਰਾ ਧੂੜ ਦਾ ਇਕ ਕਿਣਕਾ

ਮੈਂ 'ਸੂਰਜ' ਨੂੰ ਪਕੜਨਾ ਲੋਚਾਂ ।'
ਮੈਂ ਆਪਣੇ ਆਪ ਨੂੰ ਤੇਰਾ
ਚਾਕਰ ਕਹਿ ਕੇ ਬੁਲਾਣਾ ਚਾਹਿਆ,
ਮੈਂ ਤੇਰੇ ਵਲ ਤੌਂਕਿਆ,
ਅਤੇ ਮੁੜ ਆਪਣੇ ਆਪ ਨੂੰ ਦੇਖਿਆ,
ਤਾਂ ਮੈਂ ਨਿਰਾਸ਼ਾ ਵਿਚ ਡੁਬ ਗਿਆ ।
ਇਸ ਧਰਤ ਤੇ ਆਕਾਸ਼ ਦੇ
ਸਾਰੇ ਸੰਤ ਮਹਾਂਪੁਰਸ਼ ਤੇਰੇ ਸੇਵਕ ਹਨ ।
ਫਿਰ ਮੈਂ ਸੋਚਿਆ,
ਮੈਂ ਆਪਣੇ ਆਪ ਨੂੰ ਤੇਰੇ ਦਰ ਦਾ ਕੂਕਰ ਆਖਾਂ ।
ਪਰ ਜਦੋਂ ਮੈਂ ਆਪਣੇ ਮਾਲਕ ਵਲ ਉਚੀ ਤੱਕਣੀ ਨੂੰ ਵੇਖ ਕੇ
ਮੈਂ ਹੱਕਾ ਬੱਕਾ ਰਹਿ ਗਿਆ ।
ਮੈਨੂੰ ਸਮਝ ਨਹੀਂ ਆਉਂਦੀ
ਆਪਣੇ ਆਪ ਨੂੰ ਤੇਰਾ ਕੀ ਆਖਾਂ ?
ਫਿਰ ਮੈਂ ਤੇਰੇ ਦਰ 'ਤੇ ਖੜਾ ਹਾਂ
ਤੇਰੀਆਂ ਮਿਹਰਾਂ ਮੈਨੂੰ ਅਨੰਤ ਬਣਾ ਦਿੰਦੀਆਂ ਹਨ ।

(੫)

ਮੈਂ ਤਾਂ ਮਿੱਟੀ ਦੀ ਇਕ ਢੀਮ
ਜੋ ਤੇਰੇ ਚਰਨਾਂ ਦੀ ਛੁਹ ਦੁਆਰਾ ਜੀਵਣਾ ਲੋਚਦੀ ।
ਕੁਝ ਛਿਣ ਲਈ ਜੀਵਤ ਰਹਿ ਕੇ
ਮੁੜ ਮਰ ਜਾਂਦੀ
ਤਾਂ ਜੋ ਤੇਰੀ ਛੁਹ
ਮੇਰੀ ਇਸ ਮੋਈ ਮਿੱਟੀ ਨੂੰ
ਮੁੜ ਸੁਰਜੀਤ ਕਰ ਸਕੇ ।
ਮੇਰੀ ਜ਼ਿੰਦਗੀ ਤਾਂ ਇੰਝ ਆਉਂਦੀ ਤੇ ਜਾਂਦੀ ਹੈ,
ਜਿਵੇਂ ਬਸੰਤ ਰੁੱਤ ਵਿਚ
ਸਾਰੇ ਫੁੱਲ ਇਕਦਮ ਖਿੜ ਉਠਦੇ ਹਨ,
ਇਕ ਛਿਣ ਇਕਦਮ ਖਿੜ ਉਠਦੇ ਹਨ,
ਇਕ ਛਿਣ ਲਈ ਚਮਕ ਵਿਖਾ ਕੇ

ਫਿਰ ਝੜ ਜਾਂਦੇ ਹਨ ।
ਮੈਂ ਤਾਂ ਥੋੜ੍ਹ-ਚਿਰੇ ਐਸ਼ਵਰਜ ਦਾ ਇਕ ਕਮਜ਼ੋਰ ਗੁਨਾਹ
ਜਿਵੇਂ ਇਕ ਲਾਲ ਪੋਸਤ ਦਾ ਫੁੱਲ
ਜੋ ਤੇਰੀ ਮਿਹਰ ਦਾ ਪਾਤਰ ਬਣ ਜਾਂਦਾ ਹੈ ।
ਮੈਂ ਛਿਣ-ਭੰਗਰ ਸੁਤੰਤਰਤਾ ਦਾ ਉਹ ਵਿਚਾਰ
ਜੋ ਪ੍ਰਚੰਡ ਹੋ ਕੇ ਤੇਰੀ ਮਿਹਰ ਨੂੰ ਬੁਲਾਉਂਦਾ,
ਮੈਂ ਉਸ ਗਰੀਬੜੇ ਬੰਦੇ ਦੇ ਜੀਵਨ ਦਾ
ਨਿਤਾਣਾ ਜਿਹਾ ਸੰਘਰਸ਼,
ਜੋ ਸ਼ੁਭ ਕਰਮਾਂ ਦੀਆਂ ਟੀਸੀਆਂ 'ਤੇ ਪੁਜਣਾ ਲੋਚਦਾ
ਜੋ ਤੇਰੇ ਨੈਣਾਂ ਵਿਚੋਂ ਵੀ ਹੰਝੂ ਵਹਾ ਦਿੰਦਾ ਹੈ ।
ਮੈਂ ਕਿਸੇ ਅਭਾਗੇ ਪੁਰਸ਼ ਹੱਥੋਂ ਦੁਖੀ ਅਤੇ ਅਪਮਾਨਤ
ਉਸ ਇਸਤਰੀ ਦੀ ਉਹ ਉਦਾਤ ਕਾਮਨਾ,
ਜਿਸ ਦੀ ਆਤਮਾ ਹੰਝੂਆਂ ਵਿਚ ਡੁੱਬੀ
ਪ੍ਰਭੂ ਦੇ ਅੰਕ ਸਮਾਣਾ ਲੋਚਦੀ,
ਜਿਸ ਬਾਰੇ ਉਸ ਨੇ ਸੁਣਿਆਂ ਤਾਂ ਹੈ,
ਪਰ ਵੇਖਿਆ ਨਹੀਂ ।
ਉਸ ਨੂੰ ਤੂੰ ਆ ਕੇ
ਆਪਣੀ ਗਲਵਕੜੀ ਵਿਚ ਘੁੱਟ ਲੈਂਦਾ ਹੈਂ ।
ਹੇ ਮੇਰੇ ਮਿਹਰਬਾਨ ਪਾਤਸ਼ਾਹ !
ਤੂੰ ਕੰਗਲਿਆਂ ਦਾ ਰੱਬ ਹੈਂ,
ਨਿਆਸਰੀ ਇਸਤਰੀ ਦਾ ਪਤੀ
ਅਤੇ ਮਨੁੱਖ ਦੀ ਖ਼ੁਸ਼ੀ ਦੀ ਸੁੰਦਰਤਾ ।
ਤੂੰ ਬੈਕੁੰਠ ਦੇ ਖ਼ਜ਼ਾਨਿਆਂ ਵਿਚੋਂ
ਸਭ ਚੰਗਿਆਈਆਂ ਤੇ ਭਲਿਆਈਆਂ ਚੁਰਾ ਲੈਂਦਾ ਹੈਂ,
ਉਨ੍ਹਾਂ ਨੂੰ ਮਨੁੱਖ ਦੇ ਹਿਰਦੇ ਵਿਚ ਛੁਪਾ ਕੇ
ਅਣਜਾਣੀਆਂ ਤੇ ਡੂੰਘੀਆਂ ਥਾਂਵਾਂ 'ਤੇ ਦੱਬ ਦਿੰਦਾ ਹੈਂ ।
ਮਨੁੱਖ ਬੱਚੇ ਹਾਰ ਬੇਖ਼ਬਰ ਸੌਂ ਜਾਂਦਾ ਹੈ,
ਜਿਨ੍ਹਾਂ ਨੂੰ ਢੂੰਡਣ ਲਈ ਫ਼ਰਿਸ਼ਤੇ
ਹੋਣੀ ਦੇ ਇਸ ਅਣਜਾਣੇ ਕੰਵਲ ਦੇ ਗਿਰਦੇ

ਘੁੰਮਰ ਪਾਉਂਦੇ ਰਹਿੰਦੇ ਹਨ ।

(ਅ) ੧

ਜਿਥੇ ਮੇਰਾ ਪਿਆਰਾ ਕਦੀ ਬਨਾਂ ਵਿਚ
ਗਾਰੇ ਤੇ ਫੂਸ ਦੀ ਕੁਟੀਆ ਵਿਚ ਰਿਹਾ ਸੀ,
ਉਥੇ ਪਹਾੜੀਆਂ ਦੇ ਪਿਛਵਾੜਿਉਂ
ਚੰਨ ਉਸ ਨੂੰ ਤੱਕਣ ਆਇਆ ਹੈ,
ਉਸ ਦੀ ਛੋਟੀ ਕੁਟੀਆ ਦੇ ਗਿਰਦੇ
ਊਸ਼ਾ ਬਨਾਂ ਦੇ ਪੱਤਿਆਂ ਦੀ ਲਾਲੀ ਵਿਚ
ਕੰਬਦੀ ਦਿਖਾਈ ਦਿੰਦੀ ਹੈ ।
ਜਦੋਂ ਉਹ ਉਥੋਂ ਤੁਰ ਗਿਆ
ਤਾਂ ਇਸ ਧਰਤੀ ਉਤੇ ਉਸ ਦੀ ਪਵਿੱਤਰਤਾ ਦਾ
ਇਕੋ ਬਾਕੀ ਨਿਸ਼ਾਨ ਹਿਮਾਲਾ ਦੀ
ਸਦੀਵੀ ਬਰਫ਼ ਹੀ ਰਹਿ ਗਈ ।
ਬੜਾ ਨਿੱਕਾ ਜਿਹਾ ਛਿਣ ਸੀ,
ਨਿੱਕੀ ਜਿਹੀ ਕੁਟੀਆ
ਜਿਥੇ ਮੇਰਾ ਪਿਆਰਾ ਮੈਨੂੰ ਛੱਡ
ਆਪ ਕਿਤੇ ਦੂਰ ਚਲਾ ਗਿਆ ।
ਇਹ ਪਲ ਹਜ਼ਾਰਾਂ ਸਾਲਾਂ ਜਿੰਨਾ ਵਿਸ਼ਾਲ ਹੋ ਗਿਆ ਹੈ ।
ਧਰਮ ਵੀ ਤਾਂ ਇਕ ਇਹੋ ਜਿਹੀ ਡੂੰਘੀ ਯਾਦ ਹੀ ਹੁੰਦੀ ਹੈ ।
ਮੁਦਤਾਂ ਪਿਛੋਂ ਮੈਂ ਫਿਰ ਉਥੇ ਪੁਜਾ
ਜਿਥੇ ਉਹ ਰਹਿੰਦਾ ਸੀ ।
ਮੇਰਾ ਮਸਤਕ ਉਸ ਘਾਹ ਉਤੇ ਟਿਕ ਗਿਆ
ਜਿਥੇ ਮੇਰਾ ਸੰਤ ਮੀਤ ਕਦੀ ਬਹਿੰਦਾ ਸੀ ।
ਮੈਨੂੰ ਇੰਝ ਆਭਾਸ ਹੋਇਆ
ਜਿਵੇਂ ਮੈਂ ਉਸ ਨੂੰ ਬਨਾਂ ਵਿਚ
ਉਚੀ ਉਚੀ ਹਸਦੇ ਸੁਣਿਆਂ ਹੈ ।
ਉਸ ਦੀ ਕੁਟੀਆ ਮੇਰੀ ਆਤਮਾ ਵਿਚ
ਮੰਦਰ ਬਣ ਗਈ ਹੈ ।
ਮੈਂ ਜਾਤਾ ਕਿ ਦੁਨੀਆਂ ਉਸ ਧਾਮ ਦੀ ਪੂਜਾ ਕਰਦੀ ਹੈ !

ਜਿਥੇ ਮੇਰਾ ਪ੍ਰੀਤਮ ਇਕ ਵਾਰ ਮੈਨੂੰ ਮਿਲਿਆ ਸੀ !
ਮੇਰੇ ਪਿਆਰ ਦੀ ਇਕ ਤੱਕਣੀ ਵਿਚ ਸਹੰਸਰ ਧਰਮ
ਤਾਰਿਆਂ ਸਮਾਨ ਦਿਖਾਈ ਦਿੰਦੇ ਹਨ ।

(੨)

ਮੇਰੇ ਨੈਣ ਉਸ ਦੇ ਦੀਦਾਰ ਲਈ ਵਿਆਕੁਲ ਹਨ,
ਮੇਰਾ ਮਸਤਕ ਉਸ ਦੇ ਚਰਨਾਂ ਦੀ ਛੂਹ ਲਈ
ਬਿਹਬਲ ਹੋ ਰਿਹਾ ਹੈ ।
ਮੇਰੀ ਜਿੰਦ ਉਸ ਨੂੰ ਲੋਚ ਰਹੀ ਹੈ,
ਮੇਰੇ ਦਿਲ ਵਿਚੋਂ ਹਜ਼ਾਰਾਂ ਅਰਦਾਸਾਂ ਨਿਕਲ ਰਹੀਆਂ ਹਨ ।
ਪਰ ਹਾਏ ! ਕਿਥੇ ਹੈ ਉਹ (ਪਿਆਰਾ) ?
ਕਹਿੰਦੇ ਹਨ :-
ਉਹ ਮਨੁੱਖ ਦੀ ਮਿੱਠੀ ਬਾਣੀ ਵਿਚ ਸਮਾਇਆ ਹੋਇਆ ਹੈ,
ਮੁਸਕਰਾਂਦੀਆਂ ਬਰਫ਼ਾਂ ਵਿਚ ਵਿਦਮਾਨ ਹੈ,
ਤਾਰਿਆਂ ਦੀ ਚੁੱਪ ਵਿਚ ਮੁਸਕਰਾ ਰਿਹਾ ਹੈ,
ਇਸਤਰੀ ਤੇ ਪੁਰਸ਼ ਦੇ ਸੁਪਨਿਆਂ ਦੀ ਲੁਭਾਉਣੀ
ਸੁੰਦਰਤਾ ਵਿਚ ਵਿਚਰ ਰਿਹਾ ਹੈ ।
ਫਿਰ ਕਹਿੰਦੇ ਹਨ :
ਉਹ ਬਨਾਂ ਦੀ ਸਰਸਰਾਹਟ ਵਿਚ ਹੈ,
ਵਹਿੰਦੀਆਂ ਨਦੀਆਂ ਦੇ ਸੰਗੀਤ ਵਿਚ ਹੈ,
ਸਾਗਰ ਦੀ ਚੰਨ ਚਾਨਣੀ ਨਾਲ ਭਰਪੂਰ
ਵਿਸ਼ਾਲਤਾ ਵਿਚ ਹੈ ।
ਪਰ ਇਨ੍ਹਾਂ ਸਭ ਨਾਲ ਤਾਂ ਮੈਂ
ਸੌ ਸਾਲ ਇਕੱਠਾ ਰਿਹਾ ਹਾਂ ।
ਮੇਰੇ ਨੈਣ ਉਸ ਦੇ ਦੀਦਾਰ ਲਈ ਵਿਆਕੁਲ ਹਨ,
ਮੇਰਾ ਮਸਤਕ ਉਸ ਦੇ ਚਰਨਾਂ ਦੀ ਛੂਹ ਲਈ
ਬਿਹਬਲ ਹੋ ਰਿਹਾ ਹੈ ।
ਮੇਰੀ ਜਿੰਦ ਉਸ ਨੂੰ ਲੋਚ ਰਹੀ ਹੈ,
ਮੇਰੇ ਦਿਲ ਵਿਚੋਂ ਹਜ਼ਾਰਾਂ ਅਰਦਾਸਾਂ ਨਿਕਲ ਰਹੀਆਂ ਹਨ ।
ਪਰ ਹਾਏ ! ਕਿਥੇ ਹੈ ਉਹ (ਪਿਆਰਾ) ?

* * * *

ਮੈਨੂੰ ਕਿਸੇ ਮਨੁੱਖ ਨੇ ਆਪਣੀ ਜੱਫੀ ਵਿਚ ਘੁੱਟ ਲਿਆ ਹੈ,
ਕੁਝ ਪਲ ਇਹ ਮੇਲ ਮੈਨੂੰ ਸੁਖਦਾਈ ਲਗਾ ਹੈ,
'ਇਹ' (ਸੱਜਣ) ਵੀ ਤਾਂ 'ਉਸ' ਵਰਗਾ ਹੀ ਹੈ ।
ਉਸ ਦੇ ਹੱਥ ਤੇ ਪੈਰ,
ਉਸ ਦੇ ਹੰਝੂ ਤੇ ਹਾਸੇ,
ਉਸ ਵਰਗੇ ਹੀ ਸਨ ।
ਛੇਤੀ ਹੀ ਮੇਰਾ ਭਰਮ ਦੂਰ ਹੋ ਗਿਆ,
ਮੇਰਾ ਪ੍ਰਭੂ ਤਾਂ ਮਨੁੱਖ ਤੋਂ ਕੁਝ ਵਧੇਰੇ ਹੈ,
ਮਨੁੱਖ ! ਪਰ ਉਹ ਹੈ ਕਿਥੇ ?
ਮੇਰੇ ਨੈਣ ਉਸ ਦੇ ਦੀਦਾਰ ਲਈ ਵਿਆਕੁਲ ਹਨ,
ਮੇਰਾ ਮਸਤਕ ਉਸ ਦੇ ਚਰਨਾਂ ਦੀ ਛੂਹ ਲਈ
ਬਿਹਬਲ ਹੋ ਰਿਹਾ ਹੈ ।
ਮੇਰੀ ਜਿੰਦ ਉਸ ਨੂੰ ਲੋਚ ਰਹੀ ਹੈ;
ਮੇਰੇ ਦਿਲ ਵਿਚੋਂ
ਹਜ਼ਾਰਾਂ ਅਰਦਾਸਾਂ ਨਿਕਲ ਰਹੀਆਂ ਹਨ ।
ਪਰ ਹਾਏ ! ਕਿਥੇ ਹੈ ਉਹ (ਪਿਆਰਾ) ?

(੩)

ਮੇਰੇ ਪ੍ਰੀਤਮ ! ਮੇਰੇ ਕੋਲ ਆਉ !
ਤੇਰੀ ਇਕ ਤੱਕਣੀ ਵਿਚ
ਸੈਆਂ ਬ੍ਰਹਿਮੰਡਾਂ ਦੇ ਅਰਥ ਭਰੇ ਪਏ ਹਨ,
ਤੇਰੀ ਇਕ ਛੂਹ ਮਾਤਰ
ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਾ ਦਿੰਦੀ ਹੈ,
ਤੇਰੀ ਮਿੱਠੀ ਬਾਣੀ ਵਿਚ
ਸਭ ਨੈਣ ਮੇਰੇ ਵਲ ਮਿਹਰ ਭਰੀ
ਨਿਗ੍ਹਾ ਨਾਲ ਤੱਕਦੇ ਹਨ ।
ਤੇਰੇ ਪਿਆਰ ਵਿਚ ਮਨੁੱਖ ਦਾ ਨਿਹਚਾ
ਮੇਰੀ ਪੂਜਾ ਕਰਦਾ ਹੈ,
ਇਸਤਰੀ ਪੁਰਸ਼ ਮੁਸਕਾਨਾਂ ਵੰਡਦੇ
ਤੇ ਮੈਨੂੰ ਪਿਆਰ ਕਰਦੇ ਹਨ,

ਪੰਛੀ ਆ ਕੇ ਮੇਰੇ ਮੋਢਿਆਂ ਉਤੇ ਚਹਿਚਹਾਉਂਦੇ ਹਨ ।
ਜਗਧਾਮਾਂ ਵਿਚੋਂ ਮੇਰੀ ਅਰਦਾਸ ਨੂੰ ਹੁੰਗਾਰਾ ਮਿਲਦਾ ਹੈ,
ਇਸ ਦਾ ਮਹਾਂ ਅਨੰਦ
ਮੈਨੂੰ ਅਕੱਥ ਖ਼ੁਸ਼ੀ ਬਖ਼ਸ਼ਦਾ ਹੈ,
ਮੈਂ ਉਹ ਕੁਝ ਬਣ ਜਾਂਦਾ ਹਾਂ
ਜਿਸ ਬਾਰੇ ਕੋਈ ਨਹੀਂ ਜਾਣ ਸਕਦਾ ।
ਪਿਆਰੇ !
ਤੂੰ ਕਿੰਨਾ ਅਨਿਆਂ ਕਰਦਾ ਹੈ !
ਤੇਰੀ ਮਿਹਰ ਦੇ ਨਾਲ ਹੀ ਮਿੱਠੇ ਸ਼ਬਦ
ਆਪ-ਮੁਹਾਰੇ ਨਿਕਲ ਜਾਂਦੇ ਹਨ,
ਮਨ ਸ਼ਾਂਤੀ ਛਾ ਜਾਂਦੀ ਹੈ,
ਹੰਝੂ ਵਹਿ ਤੁਰਦੇ ਹਨ,
(ਤੇਰਾ) ਪ੍ਰੇਮ ਉਛਲ ਆਉਂਦਾ ਹੈ,
ਇਸ ਤਰ੍ਹਾਂ ਦੀ ਉਹ ਖ਼ੁਸ਼ੀ ਵਹਿ ਤੁਰਦੀ ਹੈ,
ਜਿਸ ਦੀ ਕਿ ਸਾਨੂੰ ਕੋਈ ਸਾਰ ਹੀ ਨਹੀਂ ਸੀ ।

(੪)

ਪਿਆਰੇ !
ਤੂੰ ਤਾਂ ਇਕ ਬੱਚੇ ਹਾਰ ਹੈਂ !
ਜ਼ਾਲਮ ਵੀ ਤੈਨੂੰ
ਅੰਗੂਰਾਂ ਦੇ ਗੁੱਛੇ ਦਾ ਲੋਭ ਦੇ ਕੇ
ਆਪਣੇ ਵਲ ਕਰ ਲੈਂਦਾ ਹੈ;
ਇਕਦਮ ਪਤਾ ਨਹੀਂ ਕਿਸ ਥੌਂਠਿਉਂ
ਤੂੰ ਉਸ ਦੀ ਸਹਾਇਤਾ ਕਰਨ ਆ ਜਾਂਦਾ ਹੈਂ;
ਪ੍ਰੀਤਮ !
ਮੈਨੂੰ ਉਹ ਜੁਗਤ ਦਸ
ਜਿਸ ਨਾਲ ਮੈਂ ਤੇਰੀ ਪੂਜਾ ਕਰ ਸਕਾਂ,
ਉਹ ਕਿਹੜੀ ਭੇਟਾ ਹੈ
ਜੋ ਤੂੰ ਪਰਵਾਨ ਕਰਦਾ ਹੈਂ ?
ਆਪਣੇ ਭਗਤਾਂ ਲਈ

ਤੂੰ ਅਨੰਤ ਸ਼ਾਂਤੀ ਦੇ ਮੰਡਲ ਨੂੰ ਛਡ ਕੇ
ਕਿਉਂ ਆ ਕੇ ਨਾ ਅੰਤ ਹੋਣ ਵਾਲੇ
ਯੁਧ ਵਿਚ ਘਿਰ ਜਾਂਦਾ ਹੈਂ ?
ਸੁਲਤਾਨ ਮਹਿਮੂਦ ਨੇ ਅਰਦਾਸ ਕੀਤੀ :
ਗੁਜਰਾਤ ਦੇ ਰੇਤੜਾਂ ਵਿਚ
ਉਸ ਨੇ ਆਪਣਾ ਮੱਥਾ ਸਿਜਦੇ ਵਿਚ ਘਸਾਇਆ,
ਅਤੇ ਆਪਣੀ ਫ਼ਤਹਿ ਲਈ
ਤੇਰੀ ਹਜ਼ੂਰੀ ਵਿਚ ਅਰਜ਼ ਕੀਤੀ ।
'ਸੋਮਨਾਥ' ਦੇ ਪਾਤਸ਼ਾਹ !
ਤੂੰ ਉਸ ਦੀ ਅਰਜ਼ ਪਰਵਾਨ ਕਰ ਲਈ,
ਬ੍ਰਾਹਮਣਾਂ ਦੀ ਚਿੰਤਨ ਦੇ ਇਸ ਯੁਧ ਵਿਚ ਹਾਰ ਹੋਈ,
ਤੂੰ ਆਪ ਸੁਲਤਾਨ ਮਹਿਮੂਦ ਦੇ ਹੱਥ ਵਿਚ
ਆਪਣਾ ਘੜਿਆ ਗੁਰਜ ਫੜਾ ਦਿਤਾ
ਅਤੇ ਉਸ ਨੂੰ ਹੁਕਮ ਦਿਤਾ
ਕਿ ਉਹ ਸੋਮਨਾਥ ਦੇ ਬੁੱਤਾਂ ਨੂੰ ਤੋੜ ਦੇਵੇ
ਤਾਂ ਜੋ ਛਿਪੇ ਹੋਏ ਰੱਬ ਦੇ ਸਾਖਸ਼ਾਤ ਦਰਸ਼ਨ ਹੋ ਸਕਣ ।
ਸੱਚ ਉਹ ਨਹੀਂ ਹੈ
ਜੋ ਲੋਕ ਸਮਝਦੇ ਹਨ;
ਸੱਚ ਤਾਂ ਉਹ ਪ੍ਰੇਮ ਹੈ
ਜੋ ਤੂੰ ਆਪ ਜਾਣਦਾ ਹੈਂ,
ਪਰ ਹੁਣ ਇਹ ਉਸ ਮਨੁੱਖ ਦੀ ਭਾਵਨਾ ਵਿਚ
ਸਾਕਾਰ ਹੋ ਜਾਂਦਾ ਹੈ,
ਜਿਸ ਦੇ ਪਿੱਠ ਪਿਛੇ ਤੂੰ ਆਪ ਹੁੰਦਾ ਹੈਂ,
ਉਸ ਨੂੰ ਇਸ ਨਾਲ ਅਣਜਾਣੀ ਤੇ ਅਥਾਹ ਖ਼ੁਸ਼ੀ
ਪ੍ਰਾਪਤ ਹੋ ਜਾਂਦੀ ਹੈ ।
ਤੇਰੇ ਨਾਲ ਹੋਇਆ ਥੋੜ੍ਹੇ ਚਿਰ ਦਾ ਸੰਜੋਗ
ਯੁੱਗਾਂ ਤਕ ਰਹਿਣ ਵਾਲੀ ਵਿਜੈ ਬਖ਼ਸ਼ ਦਿੰਦਾ ਹੈ ।
ਉਚੇ ਉਚੇ ਖ਼ਿਆਲਾਂ ਵਿਚ ਮਗਨ ਹੋ ਕੇ
ਤੇਰਾ ਇਕ ਪਲ ਦਾ ਵਿਯੋਗ

ਬੂੰਦਾਂ ਜਿੱਡਾ ਘਾਟਾ ਹੋ ਨਿਖੜਦਾ ਹੈ ।
ਪਲ ਵਿਚ ਅਤੇ ਇਕ ਤੱਕਣੀ ਨਾਲ ਹੀ
ਰਾਗ ਮੁਹਰਬੰਦ ਹੋ ਜਾਂਦੇ ਹਨ ।
ਤੂੰ ਤੰਦੂਏ ਤੋਂ ਗਜਰਾਜ ਨੂੰ
ਛੁਡਾਉਣ ਲਈ ਨੰਗੇ ਪੈਰੀਂ ਦੌੜ ਉਠਦਾ ਹੈਂ
ਅਤੇ ਹਾਥੀ ਦੀ ਅਰਦਾਸ ਸੁਣ ਕੇ
ਉਸ ਦੀ ਰੱਖਿਆ ਕਰਦਾ ਹੋਇਆ
ਆਪਣੇ ਆਪ ਨੂੰ ਨਸ਼ਟ ਕਰ ਦਿੰਦਾ ਹੈਂ ।
ਤੂੰ ਪ੍ਰਭੂ ਹੈਂ !

* * * *

ਚੀਤਾ ਕਾਲੀ ਬੋਲੀ ਰਾਤ ਵਿਚ
ਹਿਰਨ ਦੀ ਭਾਲ ਵਿਚ
ਸੈਂਕੜੇ ਮੀਲ ਨਸਦਾ-ਨਸਦਾ ਹਫ ਗਿਆ ਹੈ,
ਉਸ ਨੂੰ ਕੋਈ ਵੀ ਹਿਰਨ ਨਹੀਂ ਮਿਲਿਆ,
ਉਹ ਪ੍ਰਾਰਥਨਾ ਵਿਚ ਮਗਨ ਹੋ ਜਾਂਦਾ ਹੈ ।
ਤੂੰ ਆਪ ਆਪਣੇ ਤਨ ਨੂੰ
ਉਸ ਚੀਤੇ ਦੀ ਭੇਟ ਕਰਨ ਲਈ
ਆਹਾਰ ਬਣ ਜਾਂਦਾ ਹੈਂ ।
ਇੰਜ ਛੇਕੜ ਚੀਤੇ ਨੂੰ ਉਸ ਦਾ ਸ਼ਿਕਾਰ
ਹਿਰਨ ਮਿਲ ਜਾਂਦਾ ਹੈ ।
ਇਹ ਹੈ ਤੇਰੀ ਕਰਾਮਾਤ
ਕਿ ਤੂੰ ਆਪ ਆਪਣੇ ਮਾਸ ਨੂੰ
ਉਸ ਚੀਤੇ ਦਾ ਭੋਜਨ ਬਣਾ ਦਿਤਾ ਹੈ ।

* * * *

ਪ੍ਰੇਮੀ ਆਪਣੀ ਪ੍ਰੇਮਿਕਾ ਲਈ ਪੁਕਾਰ ਰਿਹਾ ਹੈ ।
ਉਹ ਉਸ ਨੂੰ ਦਿਖਾਈ ਨਹੀਂ ਦਿੰਦੀ,
ਉਹ ਤੇਰੇ ਉਤੇ ਟੇਕ ਰਖ ਕੇ ਬੇਨਤੀ ਕਰਦਾ ਹੈ,
ਤੇਰਾ ਸਹਾਰਾ ਭਾਲਦਾ ਹੈ,
ਤੇਰੇ ਅਗੇ ਅਰਦਾਸ ਕਰਦਾ ਹੈ,

'ਉਸ ਦੀ ਇਕ ਝਲਕ ਹੀ ਵਿਖਾਊ'
ਕਹਿੰਦਾ ਹੈ :
''ਮੇਰੇ ਲਈ ਤਾਂ ਉਹ
ਮੇਰੀ ਪ੍ਰੇਮਿਕਾ ਹੀ ਮੇਰਾ ਰੱਬ ਹੈ ।''
ਤੂੰ ਸੁੰਦਰ ਇਸਤਰੀ,
ਉਸ ਦੀ ਪ੍ਰੇਮਿਕਾ ਦੇ ਭੇਸ ਵਿਚ ਆ ਕੇ
ਉਸ ਨੂੰ ਪ੍ਰੇਮ ਕਰਨ ਲਗ ਪੈਂਦਾ ਹੈਂ,
ਪਰ ਉਹ ਇਹ ਨਹੀਂ ਜਾਣਦਾ
ਕਿ ਇਹ ਸਭ ਕੁਝ ਤੇਰੀ ਕਰਾਮਾਤ ਹੈ,
ਤੇਰੇ ਵਲੋਂ ਉਸ ਦੀਆਂ
ਪ੍ਰਾਰਥਨਾਵਾਂ ਦਾ ਮਿਲਿਆ ਹੁੰਗਾਰਾ ਹੈ ।
ਚੋਰ ਤੇਰੀ ਹਜ਼ੂਰੀ ਵਿਚ ਅਰਦਾਸ ਕਰਦਾ ਹੈ
ਕਿ ਜਦੋਂ ਉਹ ਸੱਚੇ ਦਿਲੋਂ ਅਰਦਾਸ ਕਰਦਾ ਹੈ
ਤਾਂ ਤੂੰ ਉਸ ਦਾ ਵੀ ਪੱਖ ਪੂਰਦਾ ਹੈਂ
ਚੋਰ ਦੀ ਹਾਮੀ ਵੀ ਭਰਦਾ ਹੈਂ,
ਪ੍ਰਭੂ !
ਸਾਨੂੰ ਇੰਞ ਜਾਪਦਾ ਹੈ
ਜਿਵੇਂ ਇਹ ਬੜਾ ਅਨਿਆਂ ਹੋਵੇ,
ਤੇਰੀ ਮਿਹਰ ਦੀ ਅਯੋਗ ਵੰਡ ਹੋਵੇ,
ਪਰ ਪ੍ਰੇਮ ਦਾ ਕੁਝ ਅਜਿਹਾ ਸੁਭਾਅ ਹੈ
ਕਿ ਇਹ ਮੋਤੀਆਂ ਦੇ ਸਾਰੇ ਭੰਡਾਰ ਵੀ
ਲੁਟਾਉਣ ਲਈ ਤਿਆਰ ਹੋ ਜਾਂਦਾ ਹੈ
ਅਤੇ ਜੇ ਇਹ ਪ੍ਰੇਮ ਰੱਤੇ ਹੱਥ ਹੋਣ
ਤਾਂ ਭਾਵੇਂ ਉਹ ਦੋਹੀਂ-ਦੋਹੀਂ ਹੱਥੀਂ
ਨੇਕੀ ਦੇ ਮੰਦਰ ਨੂੰ ਲੁਟਾ ਕੇ
ਇਸ ਨੂੰ ਅਪਵਿੱਤਰ ਕਰ ਦੇਣ ।
ਹਿਰਨੀ ਤੇਰੇ ਅਗੇ ਕੂਕ ਪੁਕਾਰ ਕਰਦੀ ਹੈ,
ਸ਼ਬਦਾਂ ਦੀ ਉਸ ਨੂੰ ਕੋਈ ਸਾਰ ਨਹੀਂ,
ਅਬੋਲ ਹੈ,

ਕੁਝ ਬੋਲ ਨਹੀਂ ਸਕਦੀ,
ਕੇਵਲ ਦਿਲ ਦੀ ਗੁੰਗੀ ਬੋਲੀ ਰਾਹੀਂ ਹੀ ਕੂਕ ਰਹੀ ਹੈ ।
ਉਸ ਦੇ ਦਿਲ ਦੀ ਪੀੜਾ ਹੀ
ਪਿਆਰੇ !
ਦਿਲ ਨੂੰ ਚੀਰ ਕੇ ਬਾਹਰ ਆਉਂਦੀ ਹੈ,
ਗਜ਼ਨੀ ਦੇ ਗ਼ੁਲਾਮ ਸੁਬਕਤਗੀਨ ਦੀ ਰੂਹ ਨੂੰ
ਝੰਜੋੜ ਦਿੰਦੀ ਹੈ
ਤੇ ਉਹ ਉਸ ਹਿਰਨੀ ਦਾ ਛੋਟਾ ਬੱਚ
ਉਸ ਨੂੰ ਮੋੜ ਜਾਂਦਾ ਹੈ ।
ਉਹ ਗ਼ੁਲਾਮ ਗਜ਼ਨੀ ਦਾ ਪਾਤਸ਼ਾਹ ਬਣ ਜਾਂਦਾ ਹੈ ।
ਆਤਮਾ ਵਿਚ ਵਸੀ ਇਸ ਨਿਗੁਣੇ ਕਰੁਣਾ ਭਾਵ ਲਈ
ਤੂੰ ਉਸ ਨੂੰ ਪਾਤਸ਼ਾਹੀ ਬਖ਼ਸ਼ ਦਿੰਦਾ ਹੈਂ,
'ਗ਼ੁਲਾਮ' ਤੋਂ 'ਸੁਲਤਾਨ' ਬਣਾ ਦਿੰਦਾ ਹੈਂ ।
ਤੇਰੀ ਇਹ ਝਲਕ ਸਦੀਆਂ ਪਿਛੋਂ
ਕਦੀ-ਕਦੀ ਹੀ ਦਿਖਾਈ ਦਿੰਦੀ ਹੈ,
ਭਾਵੇਂ ਤੂੰ ਸਦਾ ਸਲਾਮਤ ਹੈਂ
ਤੇਰਾ ਪਿਆਰ ਸਦਾ ਨਵਨੀਤ ਤੇ ਜੀਵਤ ਰਹਿੰਦਾ ਹੈ,
ਮਨੁੱਖਾਂ ਦੀਆਂ ਅਰਦਾਸਾਂ ਵਿਅਰਥ ਜਾਂਦੀਆਂ ਹਨ,
ਪਰ ਹਿਰਨੀ ਦੀ ਅਰਦਾਸ
ਉਨ੍ਹਾਂ ਕੁੜਾਵੇ ਪਰਦਿਆਂ ਨੂੰ ਹਟਾ ਦਿੰਦੀ ਹੈ,
ਪਰੇ ਦੂਰ ਹਟਾ ਦਿੰਦੀ ਹੈ,
ਜਿਨ੍ਹਾਂ ਵਿਚ ਤੂੰ ਆਪਣੇ ਆਪ ਨੂੰ ਛੁਪਾਈ ਰਖਦਾ ਹੈਂ ।
ਪਿਆਰੇ !
ਤੇਰਾ ਭਰਮ ਜਾਲ ਵੀ ਕਿੰਨਾ ਵਚਿੱਤਰ ਹੈ !
ਤੂੰ ਸਭ ਨੂੰ ਭਰਮਾ ਰਿਹਾ ਹੈਂ,
ਭੁੱਖ ਵਿਚ ਵੀ, ਐਸ਼ਵਰਜ ਵਿਚ ਵੀ,
ਪੁੰਨ ਵਿਚ ਵੀ, ਪਾਪ ਵਿਚ ਵੀ,
ਪਿਆਰੇ !
ਮਨੁੱਖ, ਪੰਛੀ, ਹੈਵਾਨ

ਸਭ ਤੈਨੂੰ ਢੂੰਡ ਰਹੇ ਹਨ,
ਤੂੰ ਸਭ ਦਾ ਜਾਨਣਹਾਰ ਹੈਂ,
ਪਰ ਉਹ ਸਭ ਤੇਰੇ ਬਾਰੇ ਅਣਜਾਣ ਹਨ ।
ਆਪਣਾ ਮਸਤਕ ਗੋਡਿਆਂ ਤਕ ਨਿਹੁੜਾਈ
ਮੈਂ ਤਾਂ ਕੇਵਲ ਤੇਰਾ ਨਾਮ ਹੀ ਜਪ ਰਿਹਾ ਹਾਂ,
ਮੇਰੇ ਅੰਗਾਂ ਉਤੇ ਪ੍ਰੇਮ ਦਾ ਸੰਗੀਤ ਲਹਿਰ ਰਿਹਾ ਹੈ ।
ਪ੍ਰੇਮ ਦੇ ਸ਼ਬਦਾਂ ਨਾਲ ਮੇਰੇ ਲੂੰ-ਲੂੰ ਲਰਜ਼ ਉਠੇ ਹਨ,
ਮੇਰੇ ਤਨ ਨੂੰ ਇਹ ਸਭ ਕੁਝ ਸੁਖਦਾਈ ਲਗਾ ਹੈ ।
ਇਹ ਮੇਰੇ ਹਿਰਦੇ ਅੰਦਰ ਡੂੰਘਾ ਉਤਰ ਗਿਆ ਹੈ ।
ਆਪਣਾ ਮਸਤਕ ਗੋਡਿਆਂ ਤਕ ਨਿਹੁੜਾਈ
ਮੈਂ ਕੇਵਲ ਤੇਰਾ ਨਾਮ ਹੀ ਜਪ ਰਿਹਾ ਹਾਂ ।
ਸੁੰਨ-ਮਸੁੰਨ ਵਾਯੂਮੰਡਲ ਵਿਚ
ਸੈਆਂ ਚਿਹਰੇ ਮੈਨੂੰ ਤੱਕ ਕੇ ਮੁਸਕਰਾ ਰਹੇ ਹਨ,
ਤੇਰੇ ਨੈਣ ਮੈਨੂੰ ਤੱਕ ਰਹੇ ਹਨ,
ਮੇਰੇ ਹੋਠਾਂ ਉਤੇ
ਹਜ਼ਾਰਾਂ ਲਾਲ ਹੋਠਾਂ ਦੀ
ਮਿੱਠੀ ਛੂਹ ਪ੍ਰਤੀਤ ਹੋ ਰਹੀ ਹੈ ।
ਇਕੋ ਸਾਹ ਵਿਚ ਸਹੰਸਰ ਸੰਜੋਗੀ ਮੇਲ
ਆ ਇਕੱਤਰ ਹੋਏ ਹਨ,
ਇਹ ਇਸ ਇਕਾਂਤ ਦਾ
ਕਿਹੋ ਜਿਹਾ ਸੁਖਦਾਈ ਦਾਰੂ ਹੈ !
ਆਪਣਾ ਮਸਤਕ ਗੋਡਿਆਂ ਤਕ ਨਿਹੁੜਾਈ
ਮੈਂ ਤਾਂ ਕੇਵਲ ਤੇਰਾ ਨਾਮ ਹੀ ਜਪ ਰਿਹਾ ਹਾਂ ।
ਮੇਰੇ ਪਾਤਸ਼ਾਹ ਨੇ ਮੇਰੇ ਲਈ ਕੀ ਕੁਝ ਰਚ ਦਿਤਾ ਹੈ !
ਹਰ ਕੋਈ ਮੇਰੇ ਉਤੇ ਮਿਹਰਬਾਨ ਹੈ,
ਸ਼ਾਂਤੀ ਮੇਰੇ ਅੰਦਰੋਂ ਬਾਹਰ ਝਰ ਰਹੀ ਹੈ,
ਪ੍ਰੇਮ ਵੀ ਤਾਂ ਇਹੋ ਜਿਹਾ ਮਿੱਠਾ ਅਨੁਭਵ ਹੀ ਹੁੰਦਾ ਹੈ,
ਚਿੜੀ ਦਾ ਸਾਰਾ ਸੰਸਾਰ ਤੇ ਉਸ ਦਾ ਆਲ੍ਹਣਾ,
ਮਨੁੱਖ ਦੇ ਸਾਰੇ ਵਿਚਾਰ ਤੇ ਉਸ ਦਾ ਸੁੱਖ ਨਿਵਾਸ,

ਫੁੱਲ ਤੇ ਪੰਛੀ
ਪ੍ਰਭੂ ਦੇ ਦਿਲ ਦੀ ਵਿਥਿਆ ਦੇ ਰਹੱਸ ਨੂੰ ਦਸਦੇ ਹਨ ।
ਪ੍ਰੇਮ ਨੇ ਅਨੰਤ ਨੂੰ ਛੋਟਾ ਕਰ ਦਿਤਾ ਹੈ ।
ਨੈਣਾਂ ਵਿਚੋਂ ਡੁਲਿਆ ਇਕ ਹੰਝੂ
ਉਹ ਸਾਰਾ ਗਿਆਨ ਬਖ਼ਸ਼ ਜਾਂਦਾ ਹੈ
ਜੋ ਕਿ ਮਨੁੱਖ ਦੀ ਲੋੜ ਹੁੰਦੀ ਹੈ ।
ਯੋਗੀਆਂ ਨੇ ਗੁਰੂ ਨਾਨਕ ਜੀ ਨੂੰ
ਕਰਾਮਾਤ ਵਿਖਾਉਣ ਲਈ ਕਿਹਾ,
ਇਸ ਤੋਂ ਪਹਿਲਾਂ
ਉਹ ਆਪਣੀਆਂ ਗ਼ੈਬੀ ਸ਼ਕਤੀਆਂ ਦੇ ਕੌਤਕ ਵਿਖਾ ਚੁਕੇ ਸਨ ।
ਹਵਾ ਵਿਚ ਸ਼ੇਰ ਤੇ ਚੀਤੇ ਦਹਾੜਦੇ ਰਹੇ,
ਕਲਪਨਾ ਵਿਚੋਂ ਫੁੰਕਾਰੇ ਮਾਰਦੇ ਕਾਲੇ ਨਾਗ
ਆਪਣੀਆਂ ਚਮਕਦੀਆਂ ਫੰਨਾਂ ਉਲਾਰਦੇ ਰਹੇ,
ਯੋਗੀ ਹਵਾ ਵਿਚ ਪੰਛੀਆਂ ਵਾਂਗੂੰ ਉਡਦੇ ਫਿਰਦੇ
ਅਤੇ ਮਾਇਆ ਰੂਪੀ ਮਿਥਿਆ ਸਾਗਰ ਵਿਚ
ਮੱਛੀਆਂ ਵਾਂਗ ਤਰਦੇ ਰਹੇ ।
ਇਹ ਕਰਾਮਾਤਾਂ ਵਿਖਾ ਕੇ
ਰਿਧੀਆਂ-ਸਿਧੀਆਂ ਪ੍ਰਾਪਤ ਕਰਕੇ
ਉਹ ਸਮਝਦੇ ਸਨ
ਕਿ ਉਨ੍ਹਾਂ ਨੇ ਆਪਣੇ ਅੰਦਰ ਮਹਾਨ ਗੁਣ
ਧਾਰਨ ਕਰ ਲਏ ਹਨ ।
ਗੁਰੂ ਜੀ ਨੇ ਸਹਿਜ ਦੇ ਘਰ ਆ ਉਤਰ ਦਿਤਾ:
''ਮੇਰੇ ਕੋਲ ਤਾਂ ਕੋਈ ਕਰਾਮਾਤ ਨਹੀਂ ਹੈ
ਕੇਵਲ ਉਸ ਦਾ ਪ੍ਰੇਮ ਹੀ ਹੈ,
ਜੋ ਮੇਰੀ ਰੱਖਿਆ ਕਰ ਰਿਹਾ ਹੈ,
ਉਸ ਪ੍ਰਭੂ ਨੇ ਇਸ ਧਰਤ ਦੇ ਗੇੜ ਨੂੰ ਤੋਰਿਆ ਹੈ,
ਜਿਵੇਂ ਇਕ ਕਿਸਾਨ ਆਪਣੇ ਬਲਦਾਂ ਦੀ ਜੋਗ ਨੂੰ ਹੱਕਦਾ ਹੈ,
ਆਉ ! ਉਸ ਪ੍ਰਭੂ ਦੇ (ਭੈਅ) ਵਿਚ ਰਹੀਏ,
ਉਸ ਦੀ ਤੁਲਨਾ ਵਿਚ ਸਾਡੀ ਕਾਰਗੁਜ਼ਾਰੀ

ਕਿੰਨੀ ਨਿਗੂਣੀ ਹੈ !
ਯੋਗੀ !
ਇਹ ਤੁਹਾਡੀਆਂ ਕਰਾਮਾਤਾਂ ਕਿਸ ਕੰਮ
ਜੇ ਤੁਸੀਂ ਇਸ ਧਰਤੀ ਦੀ ਚਾਲ ਨਾਲੋਂ
ਤੇਜ਼ ਨਹੀਂ ਚਲ ਸਕਦੇ ?''
ਗੁਰੂ ਅੰਗਦ ਜੀ ਨੂੰ ਲੋਕਾਂ ਨੇ
ਕਰਾਮਾਤ ਵਿਖਾਉਣ ਲਈ ਕਿਹਾ,
ਗੁਰੂ ਜੀ ਨੇ ਉਤਰ ਦਿਤਾ :
''ਮਨੁੱਖ ਦੀ ਕਰਨੀ ਵਿਚ
ਕੀ ਕਰਾਮਾਤ ਹੋ ਸਕਦੀ ਹੈ ?
ਪਰ ਰੱਬ ਦੀ ਹਰ ਦਾਤ ਕਰਾਮਾਤ ਹੈ,
ਮਨੁੱਖ ਆਪ ਵੀ ਇਕ ਕਰਾਮਾਤ ਹੈ,
ਸੱਚੀ ਕਰਾਮਾਤ ਤਾਂ ਪ੍ਰਭੂ ਦੀ ਦਇਆ ਹੈ
ਜੋ ਬੁਰੇ ਭਲੇ ਨੂੰ ਨਾ ਚਿਤਾਰਦੀ ਹੋਈ
ਮਨੁੱਖਾਂ ਨੂੰ ਉਨ੍ਹਾਂ ਦੀਆਂ
ਕਰਤੂਤਾਂ ਤੇ ਹੋਣੀਆਂ ਤੋਂ
ਸੁਰੱਖਿਅਤ ਰਖਦੀ ਹੈ;
ਜੋ ਕੁਝ ਕੋਈ ਬੀਜਦਾ ਹੈ,
ਉਹੋ ਹੀ ਲੁਣਦਾ ਹੈ,
ਇਹ ਸੱਚ ਸਭ ਲਈ ਪ੍ਰਗਟ ਹੈ,
ਪਰ ਅਸਲੀ ਕਰਾਮਾਤ ਤਾਂ ਉਹ ਹੈ
ਜਦੋਂ ਕੋਈ ਮਨੁੱਖ
ਉਨ੍ਹਾਂ ਅਨੇਕ ਦਾਤਾਂ ਦੀ ਫ਼ਸਲ ਨੂੰ ਵਢਦਾ ਹੈ ।
ਜੋ ਉਸ ਨੇ ਆਪ ਨਹੀਂ ਬੀਜੀ ਹੁੰਦੀ,
ਅਜਿਹੀਆਂ ਪ੍ਰਭੂ ਦੀਆਂ ਅਨੰਤ ਦਾਤਾਂ ਹਨ
ਤੇ ਅਨੰਤ ਕਰਾਮਾਤਾਂ ।''

4. ਜਦ ਤੋਂ ਮੈਂ ਪ੍ਰਭੂ ਪ੍ਰੀਤਮ ਨੂੰ ਹਾਂ ਮਿਲਿਆ

ਜਦ ਤੋਂ ਮੈਂ ਹਾਂ ਉਸ ਪ੍ਰਭੂ ਪ੍ਰੀਤਮ ਨੂੰ ਹਾਂ ਮਿਲਿਆ,
ਜੀਵਨ ਬਣ ਗਿਆ ਹੈ ਮਿੱਠਾ ਮੌਤ ਸਮਾਨ,
ਅਨੰਦ ਵਿਭੋਰ ਮੇਰੇ ਨੰਨ੍ਹੇ ਸੀਨੇ ਅੰਦਰ
ਉਸ ਦੀ ਜੋਤ ਜੋ ਜਗ ਪਈ,
ਉਸ ਦੇ ਚਾਨਣ ਅੰਦਰ
ਮੈਂ ਆਪਣੇ ਪ੍ਰੀਤਮ ਦੇ ਸੁਖਦਾਈ
ਕੰਵਲ-ਨੈਣਾਂ ਨੂੰ ਪਿਆ ਨਿਹਾਰਾਂ;
ਮੇਰੀ ਆਤਮਾ ਦੇ ਅੰਦਰ
ਅਨੰਤ ਸੁੰਦਰਤਾ ਪਈ ਲਿਸ਼ਕਾਰੇ ।
ਸੋਨ-ਸੁਨਹਿਰੀ ਊਸ਼ਾ ਦੀ ਲਾਲੀ
ਹਰ ਸਵੇਰ ਮੈਂ ਆਪਣੇ ਮਸਤਕ ਉਤੇ ਲਾਵਾਂ,
ਉਸੇ ਪ੍ਰੀਤਮ ਦੇ ਮਿੱਠੇ ਪਿਆਰੇ ਸੁਪਨਿਆਂ ਦੇ
ਸੂਹੇ ਰੰਗ ਪਿਆਰੇ ਵਾਲੇ ਨਾਲ
ਮੈਂ ਆਪਣੇ ਹੋਠ ਛੁਹਾਵਾਂ;
ਅਰਸ਼ਾਂ ਸੰਦੀ ਚਮਕੀਲੀ ਪੌਸ਼ਾਕ ਵਿਸ਼ਾਲਤਾ ਵਾਲੀ
ਨਿਤ ਮੈਂ ਪਾਵਾਂ,
ਚਿੱਟੇ ਦੁੱਧ ਬਰਫ਼ਾਂ ਰੰਗੀਆਂ ਚੰਬੇ ਦੀਆਂ ਕਲੀਆਂ
ਮੈਂ ਕੰਨਾਂ ਵਿਚ ਵਾਲੀਆਂ ਹਾਰ ਲਟਕਾਵਾਂ
ਤੇ ਗੇਂਦੇ ਦੇ ਰੱਤੇ ਹਾਰ
ਮੈਂ ਆਪਣੇ ਗਲੇ ਵਿਚ ਲਟਕਾਵਾਂ,
ਹਰ ਥਾਂ ਮੈਂ ਕੁਝ ਇਸ ਤਰ੍ਹਾਂ ਵਿਚਰਾਂ
ਹਲਕਾ-ਹਲਕਾ ਖ਼ੁਸ਼ੀਆਂ ਨਾਲ ਭਰਪੂਰ
ਪ੍ਰੇਮ ਵਾਂਗ ਸਦਾ ਨਵਨੀਤ ।
ਜਦ ਤੋਂ ਮੈਂ ਹਾਂ ਉਸ ਪ੍ਰਭੂ-ਪ੍ਰੀਤਮ ਨੂੰ ਮਿਲਿਆ,
ਮੈਂ ਆਪਣੇ ਆਪ ਨੂੰ
ਕਦੀ ਵੀ ਇਕੱਲਾ ਨਹੀਂ ਹੈ ਜਾਤਾ ।

ਅੱਧੀ ਰਾਤ ਦੇ ਘੁੱਪ ਹਨੇਰੇ
ਜਦ ਸਗਲ ਸੰਸਾਰ ਸੌਂ ਹੈ ਜਾਂਦਾ,
ਤਾਂ ਵੀ ਉਹ ਪ੍ਰਭੂ ਪ੍ਰੀਤਮ
ਹੁੰਦਾ ਹੈ ਮੇਰੇ ਸੰਗ ਬੈਠਾ ।
ਉਸ ਸਮੇਂ ਮੈਨੂੰ ਇੰਝ ਹੁੰਦਾ ਪ੍ਰਤੀਤ
ਜਿਵੇਂ ਮੈਂ ਇਕ ਬੱਚਾ
ਆਪਣੀ ਮਾਤਾ ਨਾਲ ਪਿਆ ਹਾਂ ਸੁੱਤਾ ।

5.ਉਸ ਦਾ ਪਿਆਰ-ਮੇਰਾ ਪੱਕਾ ਆਧਾਰ

ਮੇਰਾ 'ਪਿਆਰਾ' ਮੇਰੇ ਕੋਲੋਂ ਹੈ ਲੰਘ ਜਾਂਦਾ
ਉਸੇ ਧਰੂ ਤਾਰੇ ਦੀ ਸੇਧੇ,
ਮੈਂ ਉਸ ਨੂੰ ਪਿਆ ਢੂੰਡਦਾ ਰਹਿੰਦਾ,
ਪਰ ਸਦਾ ਮੈਂ ਉਥੇ ਹੀ ਖਲੋਤਾ ਹੁੰਦਾ
ਜਿਥੋਂ ਸਾਂ ਮੈਂ ਕਦੀ
ਉਸ ਦੀ ਭਾਲ 'ਚ ਤੁਰਿਆ;
ਫਿਰ ਮੈਂ ਉਸ ਦੇ ਪ੍ਰੇਮ ਆਧਾਰ ਤਾਰੇ ਵਲ ਤੱਕਦਾ,
ਉਸ ਦੀ ਪ੍ਰੀਤ ਨੂੰ ਕਰਦਾ ਯਾਦ,
ਤੇ ਲਹਿਰਾਂ ਉਪਰ ਹੋ ਸਵਾਰ ਅਗੇ ਵਲ ਵਧਦਾ,
ਤਾਂ ਕੀ ਤੱਕਦਾ-
ਸਾਗਰ ਦਾ ਸਭ ਜਲ ਛਲਕਦਾ ਸੁਕ ਹੈ ਜਾਂਦਾ
ਤੇ ਮੇਰੇ ਪੈਰਾਂ ਥਲੇ ਹੁੰਦਾ ਮਾਰੂਥਲ ਦਾ ਰੇਤੜ ਹੀ ਰੇਤੜ,
ਫਿਰ ਮੈਂ ਆਪਣੇ ਨੈਣਾਂ ਤਾਂਈਂ ਝੰਝੋੜ
ਪਾ ਉਨ੍ਹਾਂ ਉਤੇ ਜ਼ੋਰ
ਨੀਲੇ ਲਹਿਰਦੇ ਸਾਗਰ ਵਲ ਹਾਂ ਤੱਕਦਾ,
ਕਰਕੇ ਉਸ ਪ੍ਰਭੂ-ਪ੍ਰੀਤਮ ਦੇ ਪਿਆਰ ਨੂੰ ਯਾਦ
ਵੇਖਾਂ ਮੁੜ ਮੁੜ ਆਪਣੀ ਪ੍ਰੀਤ ਦੇ ਧਰੂ ਤਾਰੇ ਵਲ
ਫਿਰ ਮੈਂ ਸਤਰੰਗੀ ਪੀਂਘ ਦੇ ਰੰਗਾਂ ਵਾਲੀਆਂ
ਤਿਤਲੀਆਂ ਰੰਗ-ਬਰੰਗੀਆਂ ਦਾ ਕਰਦਾ ਇਕੱਠਾ ਭੰਡਾਰ
ਤਾਂ ਮੇਰੇ ਹੱਥਾਂ ਦੇ ਵਿਚ ਕੇਵਲ ਸੁੱਕੇ, ਪੀਲੇ,
ਪਤਝੜ ਮਾਰੇ ਪੱਤਰ ਹੀ ਰਹਿ ਜਾਂਦੇ,
ਆਪਣੀ ਇਸ ਹੋਣੀ ਨੂੰ ਤੱਕ ਕੇ
ਮੈਂ ਫਿਰ ਆਪਣੇ ਉਸੇ ਪ੍ਰੇਮ ਆਸਰੇ
ਧਰੂ ਤਾਰੇ ਨੂੰ ਕਰਦਾ ਯਾਦ,
ਲੈਂਦਾ ਉਸ ਦੀ ਟੇਕ ।

❖ ❖ ❖ ❖

6. ਜੀਵਨ ਦਾ ਪਾਤਸ਼ਾਹ

ਉਸ ਦੇ ਹੱਥ ਹੈ ਜੀਵਨ-ਧਾਗਾ
ਜਦ ਉਹ ਇਸ ਡੋਰੀ ਨੂੰ ਹਿਲਾਵੇ
ਤਾਂ ਦਿਲ ਮੇਰਾ ਹੈ ਧਕ-ਧਕ ਕਰਦਾ,
ਕਦੇ ਧੀਮਾ ਕਦੀ ਉਚੀ ਧੜਕਦਾ,
ਉਹ ਮੇਰੇ ਆਤਮ-ਤਲ ਦੇ
ਕੁੰਜ ਗੋਸ਼ੇ ਵਿਚ ਕਰੇ ਨਿਵਾਸ,
ਪਰ ਮੈਨੂੰ ਨਾ ਹੋਵੇ
ਉਸ ਦਾ ਕਦੇ ਆਭਾਸ ।
ਉਸ ਦੇ ਨਿਕਟ ਕਿੰਝ ਮੈਂ ਹੋਵਾਂ !
ਜੀਵਨ ਗਤੀ ਬੰਦ ਹੋਈ ਲਗਦੀ,
ਇਸ ਆਸ਼ੇ ਲਈ ਜਾਮਾ ਪਾੜਾਂ,
ਕਦੀ ਦੀਵਾਨਾ ਕਦੀ ਸਿਆਣਾ
ਬਣ-ਬਣ ਜਾਵਾਂ,
ਫਿਰ ਵੀ ਮੇਰੀ ਕੁਝ ਪੇਸ਼ ਨਾ ਜਾਵੇ;
ਸਭ ਭਾਲ ਅਕਾਰਥ ਜਾਪੇ,
ਪਰ ਜਦ ਮੇਰਾ ਪਾਤਸ਼ਾਹ
ਜੀਵਨ-ਦਾਤਾ !
ਆਵੇ ਮੇਰੇ ਕੋਲ
ਤਾਂ ਭੁਲ ਜਾਵਾਂ ਮੈਂ
ਸਾਰੇ ਗਿਲ੍ਹੇ ਤੇ ਸ਼ਿਕਵੇ,
ਕਢਾਂ ਨਾ ਕੁਝ ਬੋਲ ਕੁਬੋਲ ।

7. ਸਭ ਨੂੰ ਖਿਰਾਂ ਪਾਵਣ ਵਾਲਾ

ਮੇਰਾ ਪ੍ਰੀਤਮ
ਬਰਫ਼ ਢਕੀਆਂ ਪਰਬਤ ਸਿਖਰਾਂ ਉੱਤੇ
ਬਹਿ ਕੇ ਸੀ ਬੰਸੀ ਦੀ ਧੁਨ ਵਜਾਉਂਦਾ,
ਮਿੱਠੜਾ ਰਾਗ ਅਲਾਉਂਦਾ ।
ਸੁਣ ਕੇ ਉਸ ਦਾ ਰਾਗ ਸੁਰੀਲਾ
ਪਰਬਤ ਖੰਡ ਦੇ ਮਿਰਗ ਕਸਤੂਰੇ
ਆ ਇਕੱਤਰ ਹੋਏ ਉਸ ਥਾਂ
ਜਿਵੇਂ ਪਿਆਰ ਦੇ ਜਾਲ ਵਿਚ
ਗਏ ਹੋਵਣ ਉਹ ਬੱਧੇ;
ਪ੍ਰੀਤਮ ਵੀ ਇਸ ਖ਼ੁਸ਼ੀ ਨੂੰ
ਛੁਪਾ ਨਾ ਸਕਿਆ
ਤੇ ਇਸ ਮਧੁਰ ਸੰਗੀਤ ਦੀ ਖ਼ੁਸ਼ਬੋਈ
ਚਾਰ-ਚੁਫੇਰੇ ਪਰਬਤ ਕੰਧਾਂ ਤੋਂ ਪ੍ਰੇਰੇ ਵੀ
ਦਿਤੀ ਜਾ ਸੁਣਾਈ ।
ਸ੍ਰਿਸ਼ਟੀ ਦੇ ਸਭ ਰਿਖੀ ਰਿਖੀਸਰ
ਤਾਰੇ ਗਗਨਾਂ ਵਾਲੇ ਦੇਵ-ਗਣ ਸਾਰੇ
ਆ ਜੁੜੇ ਉਸ ਥਾਂ,
ਨਮਸਕਾਰ ਕਰ ਸੀਸ ਝੁਕਾਵਣ
ਹੋਵਣ ਪਏ ਬਲਿਹਾਰੇ ।

8. ਮੇਰਾ ਪ੍ਰੀਤਮ ਮੈਨੂੰ ਮਿਲਿਆ

ਮੈਨੂੰ ਕੁਝ ਵੀ ਗਿਆਤ ਨਹੀਂ ਹੈ
ਕਿੰਝ ਪ੍ਰੀਤਮ ਸੀ ਮੈਨੂੰ ਮਿਲਿਆ,
ਮੇਰੀ ਛਾਤੀ ਸਹਿਮੇ ਪੰਛੀ ਹਾਰ
ਉਸ ਦੇ ਸੀਨੇ ਨਾਲ ਸੀ ਲਿਪਟੀ,
ਮੈਂ ਸਾਂ ਉਸ ਦੀਆਂ ਬਾਹਾਂ ਵਿਚਕਾਰ,
ਪਰ ਇਹ ਕੌਤਕ ਕਿੰਝ ਸੀ ਘਟਿਆ
ਹੁਣ ਮੈਨੂੰ ਕੁਝ ਯਾਦ ਨਹੀਂ ਹੈ ।
ਉਸ ਦੇ ਹਸਤ-ਕੰਵਲਾਂ ਵਿਚੋਂ
ਮੈਂ ਅੰਮ੍ਰਿਤ ਦੇ ਘੁਟ ਪੀਤੇ,
ਪਰ ਮੈਨੂੰ ਨਹੀਂ ਕੁਝ ਵੀ ਚੇਤਾ
ਕਦੋਂ ਕਿੰਝ ਤੇ ਕਿਥੇ ?
ਜਦ ਉਸ ਮੇਰੇ ਪ੍ਰੀਤਮ
ਮੇਰੇ ਉਤੇ ਨਜ਼ਰ ਮਿਹਰ ਦੀ ਸੁਟੀ
ਤਾਂ ਮੈਨੂੰ ਇਹ ਹੋਇਆ ਗਿਆਤ
ਕਿਵੇਂ ਯੁੱਗਾਂ-ਯੁੱਗਾਂ ਤੋਂ
ਇਹੋ ਹੀ ਸੀ ਮੇਰੀ ਭਾਲ
ਕਿ ਮੈਂ ਪ੍ਰੀਤਮ ਦੇ ਅੰਕ ਸਮਾਵਾਂ,
ਪਰ ਹੈ ਇਹ ਇਕ ਵਿਸਮਾਦ !
ਅਜਿਹੇ ਮਿੱਠੇ ਪਿਆਰੇ ਮਿਲਾਪ ਛਿਣਾਂ ਦਾ
ਕੁਝ ਵੀ ਨਹੀਂ ਹੈ ਯਾਦ ।

9. ਮਿਲਾਪ ਰਾਤ

ਅਨਿਕ ਬਾਰ ਰਾਤਾਂ ਨੂੰ
ਮਿਹਰਾਂ ਦਾ ਪਿਆਰਾ ਮੀਂਹ ਹੋਵੇਗਾ ਵਰ੍ਹਿਆ,
ਅੱਜ ਦੀ ਰਾਤ ਵੀ
ਮਿਹਰ ਦਾ ਪਿਆਰ ਮੀਂਹ ਹੈ ਵਰ੍ਹਦਾ,
ਭਲਕੇ ਵੀ ਇਸ ਮਿਹਰ-ਮੀਂਹ ਪਿਆਰ ਦੇ ਨੇ
ਰਾਤਾਂ ਨੂੰ ਹੈ ਵਰ੍ਹਨਾ,
ਪਰ ਜਿਸ ਰਾਤ ਮੇਰਾ ਪ੍ਰੀਤਮ ਪਿਆਰਾ
ਮੇਰੇ ਕੋਲ ਸੀ,
ਉਸ ਮੇਲ ਦੀ ਸੰਜੋਗੀ ਰਾਤ ਵਾਲਾ
ਮੀਂਹ ਮੁੜ ਕਦੀ ਨਹੀਂ ਹੈ ਵਰ੍ਹਿਆ ।
ਉਹ ਅਤਿ ਦੀ ਸੁੰਦਰ ਕਾਲੀ ਰਾਤ ਸੀ
ਮਸਤੀਆਂ ਵਾਲੀ ਬਹੁਤ ਪਿਆਰੀ,
ਉਸ ਦੀਆਂ ਜ਼ੁਲਫ਼ਾਂ ਵਿਚ
ਤਾਰੇ ਜੜੇ ਹੋਏ ਸਨ ਮੋਤੀਆਂ ਹਾਰ,
ਮੱਥੇ ਉਤੇ ਉਸ ਨੇ ਪਹਿਨੀ ਸੀ
ਚੰਨ ਦੀ ਦਾਉਣੀ,
ਸਰੂਰ ਜਿਹਾ ਮਸਤੀ ਦਾ ਸੀ ਛਾਇਆ ਹੋਇਆ,
ਉਹੋ ਜਿਹੀ ਸੁਲੱਖਣੀ ਰਾਤ
ਜਦ ਮੇਰਾ ਪ੍ਰੀਤਮ ਪਿਆਰਾ
ਮੇਰੇ ਸੰਗ ਸੀ,
ਮੁੜ ਕਦੀ ਮੇਰੇ ਜੀਵਨ ਵਿਚ ਨਹੀਂ ਆਈ ।

10. ਬਿਰਹਾ

ਉਸ ਪ੍ਰੀਤਮ ਨੂੰ ਮਿਲਿਆਂ
ਯੁੱਗ ਨੇ ਬੀਤੇ !
ਜਦ ਮਿਲੇ ਸਾਂ
ਤਾਂ ਹੈ ਸੀ ਇਹ ਖ਼ਿਆਲ
ਕਿ ਹੁਣ ਦੇ ਮਿਲੇ
ਮੁੜ ਕਦੀ ਨਹੀਂ ਵਿਛੜਾਂਗੇ ।
ਮੈਨੂੰ ਆਪਣੇ ਇਸ ਭਰੋਸੇ ਉੱਤੇ
ਮਾਣ ਬੜਾ ਸੀ ।
ਜਦ ਪ੍ਰੀਤਮ ਮੇਰਾ
ਮਿੱਠੜੇ ਬੋਲ ਅਲਾਪ ਰਿਹਾ ਸੀ
ਤਦ ਉਸ ਦੇ ਹੋਠਾਂ ਤੋਂ
ਫੁੱਲਝੜੀਆਂ ਸਨ ਵਰ੍ਹੀਆਂ ।
ਉਸ ਦੇ ਮਿੱਠੜੇ ਗੀਤ ਵਿਚ
ਮੈਂ ਬੇ-ਸੁਧ ਹੋਇਆ,
ਹੋਇਆ ਨਿਤਾਣਾ,
ਸਭ ਕੁਝ ਭੁਲ ਗਿਆ ਸਾਂ ।
ਇੰਝ ਇਹ ਸਦੀਵੀ ਘੜੀ ਵਿਛੋੜੇ ਵਾਲੀ
ਮੇਰੇ ਸਿਰ ਸੀ ਆਈ ।

11. ਵਿਛੜਿਆ ਪ੍ਰੀਤਮ

ਮੈਨੂੰ ਦੇ ਵਿਛੋੜਾ ਮੇਰਾ ਪ੍ਰੀਤਮ
ਘੋੜੇ 'ਤੇ ਹੋਇਆ ਅਸਵਾਰ
ਤੇ ਮੈਨੂੰ ਛਡ ਗਿਆ ।
ਮੇਰੇ ਉਤੇ ਉਦਾਸੀ ਛਾਈ,
ਸੁਟ ਕੇ ਧੌਣ ਗੋਡਿਆਂ ਉਤੇ
ਸੋਚਣ ਮੈਂ ਇੰਝ ਲਗਾ :
''ਕਿੰਨਾ ਚਿਰ ਮੇਰਾ ਪ੍ਰੀਤਮ ਪਿਆਰਾ
ਮੈਥੋਂ ਰਹੇਗਾ ਦੂਰ ?''
ਪਰ ਜਦ ਮੈਂ ਫਿਰ ਹੋਇਆ ਅੰਤਰ-ਧਿਆਨ
ਆਪਣੇ ਮਨ ਦੇ ਨੀਲੇ ਗਗਨ ਵਲ ਤੱਕਿਆ
ਤਾਂ ਇਹ ਵੇਖ ਅਚੰਭਾ ਹੋਇਆ,
ਮੇਰਾ ਪ੍ਰੀਤਮ ਘੋੜੇ 'ਤੇ ਹੋ ਅਸਵਾਰ,
ਮੇਰੇ ਦਿਲ-ਨਗਰ ਨੂੰ ਪਰਤ ਰਿਹਾ ਸੀ ।
ਜਦ ਮੈਂ ਨੈਣ ਉਤਾਂਹ ਕਰ ਤੱਕਿਆ
ਤਾਂ ਉਹ ਮੇਰੇ ਕੋਲ ਖੜਾ ਸੀ,
ਉਹ ਇਸ ਗੱਲ 'ਤੇ ਹੈਰਾਨ ਬੜਾ ਸੀ,
ਕਿਉਂਕਿ ਮੈਂ ਇਸ ਪ੍ਰੀਤਮ ਪਿਆਰੇ ਦੇ ਘਰ ਵਿਚ
ਏਦਾਂ ਹੋਇਆ ਸਾਂ ਦਿਲਗੀਰ !

12. ਆਉ ਮੇਰੇ ਪ੍ਰੀਤਮ ਆਉ

ਪ੍ਰੀਤਮ ਮੁੜ ਰਾਤ ਹੈ ਆਈ !
ਸਾਲ ਬ੍ਰਿਛਾਂ ਦਾ ਇਹ ਪਿਆਰਾ ਬਨ
ਜੋ ਤੁਹਾਡੇ ਮਿਲਣ ਸਮੇਂ ਸੀ
ਬਹੁਤ ਪਿਆਰਾ ਤੇ ਮਨਮੋਹਣਾ !
ਹੁਣ ਉਹ ਰੰਗ ਵਟਾ ਚੁਕਾ ਹੈ ।
ਪਾਣੀ ਮੇਲ ਘੜੀ ਦੀ ਨਿਆਂਈਂ
ਕੋਈ ਵੀ ਵਸਤ ਨਹੀਂ ਲਗਦੀ ਆਪਣੀ,
ਦਿਸੇ ਪਰਾਈ ਪਰਾਈ,
ਸਭ ਸ੍ਰਿਸ਼ਟੀ ਮੇਰੇ ਲਈ ਹੋ ਗਈ ਅੰਧਕਾਰ ਸਮਾਨ ।
ਇੰਞ ਜਾਪੇ ਇਹ ਸਭ ਵਸਤਾਂ
ਪਹਿਲਾਂ ਵਾਂਗ ਕਦੀ ਨਾ ਹੋਸਣ
ਤੇ ਇਸ ਅੰਧਿਆਰੀ ਰੈਣ ਵਿਚ
ਪ੍ਰਭਾਤ ਕਦੀ ਨਾ ਹੋਸੀ ।
ਸਭ ਵਸਤਾਂ ਇੰਞ ਕਿਰ-ਕਿਰ ਜਾਵਣ
ਜਿਵੇਂ ਹਨੇਰੇ-ਪੱਤਰ ਮੁਰਝਾ ਕੇ ਹੇਠਾਂ ਡਿਗਦੇ ।
ਮੇਰੇ ਪਿਆਰੇ ਪ੍ਰੀਤਮ !
ਇਹੋ ਮੇਰੀ ਅਰਜੋਈ !
ਹੁਣ ਹੋਰ ਦੇਰ ਨਾ ਲਾਉ,
ਪਿਛਲੇ ਬੰਨਿਉਂ ਛੇਤੀ ਪ੍ਰਗਟ ਹੋ ਆਉ-
ਜੋ ਹੈ ਤੁਹਾਡਾ ਬਿਰਧ ।
ਮੇਰੇ ਨੈਣਾਂ ਨੂੰ
ਆਪਣੀਆਂ ਤਲੀਆਂ ਹੇਠ ਲੁਕਾਉ,
ਤੇ ਮੈਨੂੰ ਆ ਘੁੱਟ ਗਲਵਕੜੀ ਪਾਉ ।
ਮੇਰੇ ਲਈ ਇਹ ਹੋਵੇਗਾ ਸਮਾਂ ਸੁਭਾਗਾ
ਖ਼ੁਸ਼ੀਆਂ ਵਾਲਾ,
ਇਸ ਮਹਾਂ ਅਨੰਦ ਵਿਚ
ਮੈਂ ਵਰ ਲਵਾਂਗਾ ਮ੍ਰਿਤੂ ।

13. ਪ੍ਰੀਤਮ ਦਾ ਬਜਰਾ

ਸਾਗਰ ਤਟ 'ਤੇ ਮੈਂ ਖੜੋਤਾ
ਆਪਣੇ ਪ੍ਰੀਤਮ ਪਿਆਰੇ ਦੇ
ਬਜਰੇ ਨੂੰ ਪਿਆ ਉਡੀਕਾਂ;
ਸਾਗਰ ਦੀਆਂ ਬਿਫ਼ਰੀਆਂ ਲਹਿਰਾਂ
ਮੇਰੇ ਪੈਰਾਂ ਨੂੰ ਆ ਕੇ ਛੂਹਣ,
ਪਰ ਇਹ ਸਾਗਰ
ਮੇਰੇ ਲਈ ਕੀ ਹੈ ?
ਮੇਰੇ ਪ੍ਰੀਤਮ ਦਾ ਬਜਰਾ
ਲਹਿਰਾਂ ਉਤੇ ਠੁਮਕਦਾ ਆਵੇ;
ਇਹ ਸਾਗਰ ਤਾਂ ਮੈਨੂੰ
ਆਪਣੇ ਵਲ ਬੁਲਾਵੇ ।
ਮੈਂ ਇਨ੍ਹਾਂ ਬਿਫ਼ਰੀਆਂ ਲਹਿਰਾਂ ਦੀਆਂ
ਅੱਜਾਲਾਂ ਨੂੰ ਹਾਂ ਛੋਂਹਦਾ,
ਇਨ੍ਹਾਂ ਦੀ ਗਰਜ
ਕੰਨਾਂ ਨੂੰ ਲਗੇ ਪਿਆਰੀ ।
ਇਹ ਸਾਗਰ ਤਾਂ ਬਣ ਗਿਆ
ਮੇਰਾ ਆਤਮ-ਤਲ ਹੈ,
ਜਿਸ ਉਤੇ ਮੇਰੇ ਪ੍ਰੀਤਮ ਦਾ ਬਜਰਾ
ਤੁਰਦਾ ਆਵੇ ।

❖ ❖ ❖ ❖

14. ਮੈਂ ਜਾਤਾ ਮੈਂ ਜਾਣਾਂ ਉਸ ਨੂੰ

ਮੈਂ ਜਾਤਾ
ਮੈਂ ਜਾਣਾਂ ਇਸ ਦੀ ਸਾਰ
ਕਿ ਉਸ ਦੇ ਮੇਲ 'ਚ
ਹੋਵੇਗੀ ਕਿੰਨੀ ਖ਼ੁਸ਼ੀ ਅਪਾਰ,
ਪਰ ਇਹ ਸਭ ਮੇਰਾ ਹੈ ਸੀ
ਭਰਮ ਅਗਿਆਨ ।
ਪਰ ਜਦੋਂ ਮੈਨੂੰ ਹੋਇਆ
ਉਸ ਪ੍ਰੀਤਮ ਦਾ ਮਿਲਾਪ
ਤਾਂ ਮੈਨੂੰ ਹੋਇਆ ਇਹ ਆਭਾਸ
ਕਿ ਕਿੰਨਾ ਕੂੜਾ ਸੀ ਉਸ ਬਾਰੇ
ਮੇਰਾ ਇਹ ਸਭ ਕਿਆਸ !
ਹੈ ਸੀ ਜੋ ਨਿਪਟ ਅਗਿਆਨ !
ਮੈਂ ਜਾਤਾ
ਮੈਂ ਉਸ ਦੇ ਮਧੁਰ ਚੁੰਮਣ ਦੇ
ਮਰਮ ਤਾਂਈਂ ਪਛਾਣਾਂ,
ਪਰ ਜਦ ਤਕ ਮੈਨੂੰ ਹੋਇਆ ਨਾ
ਉਸ ਦਾ ਮਿਲਾਪ,
ਮੈਨੂੰ ਉਸ ਮੇਲ ਘੜੀ ਦੀ ਛੁਹ ਦਾ
ਹੋਇਆ ਨਾ ਅਹਿਸਾਸ ।
ਜੋ ਮੈਂ ਜਾਤਾ ਤੇ ਸੋਚਿਆ
ਉਹ ਸੀ ਨਿਪਟ ਅਗਿਆਨ
ਨਿਰਜਿੰਦ ਮੌਤ ਸਮਾਨ;
ਪਰ ਇਸ ਗਿਆਨ ਤੋਂ ਬਾਹਰ
ਜੋ ਸੀ ਮੇਰਾ ਅਗਿਆਨ ਪ੍ਰੇਮ 'ਚ ਬਝਾ
ਉਸ ਨੇ ਮੈਨੂੰ ਪ੍ਰਭੂ-ਪ੍ਰੀਤਮ ਦੇ
ਨੇੜੇ ਲਿਆਂਦਾ ਆਣ ।

15. ਪ੍ਰੀਤਮ ਮੈਨੂੰ ਗੂੜ੍ਹੇ ਪ੍ਰੇਮ ਰੰਗ ਵਿਚ ਰੰਗੋ

ਪ੍ਰੀਤਮ !
ਮੈਨੂੰ ਗੂੜ੍ਹੇ ਪ੍ਰੇਮ ਰੰਗ ਵਿਚ ਰੰਗੋ !
ਹੋਰ ਦਿਉ ਮੈਨੂੰ ਝੂਟਾ ਪ੍ਰੇਮ-ਪੀਂਘ ਦਾ !
ਇਕ ਵੀ ਛਿਣ ਇਸ ਪ੍ਰੇਮ ਰੰਗ ਤੋਂ
ਰਹੇ ਨਾ ਵਿਹੂਣਾ !
ਇਕ ਘਾਹ ਦੇ ਤਿਣਕੇ ਜਿੰਨਾ ਵਿਛੋੜਾ ਵੀ
ਕਦੀ ਨਾ ਵਿਆਪੇ !
ਮੇਰੇ ਰੋਮ-ਰੋਮ 'ਚ
ਪ੍ਰੇਮ ਦਾ ਮਹਾਂ ਸਾਗਰ ਛਲਕਾਵੇ;
ਤੇ ਆਪਣਾ ਸਗਲਾ ਆਪਾ
ਮੈਨੂੰ ਹੋਰ ਬਖ਼ਸ਼ਦੇ ਜਾਉ !
ਮੇਰੇ ਬੰਦ ਨੈਣਾਂ ਉਤੇ ਆਪਣੇ ਹੋਠ ਛੁਹਾਉ !
ਅਗਿਆਨ ਅੰਧੇਰ ਦੇ ਪਰਦੇ ਤਾਂਈਂ ਦੂਰ ਹਟਾਉ !
ਮੇਰੇ ਅੰਦਰ ਅੰਤਰ-ਦ੍ਰਿਸ਼ਟੀ ਵਾਲੀ
ਜੋਤ ਜਗਾਉ !
ਵੇਖ ਵੇਖ ਦੁਨੀਆਂ ਵਾਲੀਆਂ ਕੂੜੀਆਂ ਵਸਤਾਂ
ਮੇਰੀ ਦ੍ਰਿਸ਼ਟੀ ਹੋ ਚੁਕੀ ਹੈ ਧੁੰਦਲੀ ਤੇ ਮਲੀਨ,
ਮੁੜ ਫਿਰ ਗਿਆਨ ਦੀ ਜੋਤ ਜਗਾਉ !
ਪ੍ਰਭੂ ਜੀ !
ਆਪਣੇ ਆਪ ਨਾਲ ਜੁੜਿਆਂ
ਹਉਮੈ ਵਿਚ ਹੈ ਮੇਰੀ ਮੌਤ,
ਆਪਣੀ ਪ੍ਰੇਮ-ਛੁਹ ਬਖ਼ਸ਼ ਕੇ ਮੈਨੂੰ
ਮੁੜ ਜੀਉਂਦੇ ਕਰ ਜਾਉ !
ਅਧਰੈਣੀ ਦੇ ਨਿਰਮਲ ਦੁੱਧ-ਚਿੱਟੇ
ਹਿਮ ਸਾਗਰਾਂ ਅੰਦਰ
ਕਰਾਉ ਮੈਨੂੰ ਇਸ਼ਨਾਨ,

ਰੋਜ਼ ਦਿਹਾੜੇ ਧੁੱਪ ਸੁਨਹਿਰੀ ਦੀ
ਅਨੰਤਤਾ ਦਾ
ਬਖ਼ਸ਼ੇ ਮੈਨੂੰ ਪਰਮ-ਗਿਆਨ,
ਤੁਹਾਡੇ ਮੇਲ ਸੰਜੋਗੀ ਦਾ ਛਿਣ
ਨਿਤ ਘਾਇਲ ਕਰਦਾ ਜਾਵੇ-
ਇੰਝ ਮੇਰੇ ਅੰਦਰ
ਇਹ ਨਵੇਂ ਜੀਵਨ ਦੇ ਅਨੁਭਵ ਨਵੇਂ ਜਗਾਵੇ ।
ਇੰਝ ਤੁਹਾਡੇ ਪ੍ਰੇਮ-ਰੰਗ ਵਿਚ
ਕਾਲ ਬੰਨ੍ਹ ਕੇ ਪੈਰੀਂ ਘੁੰਗਰੂ,
ਨਚਦਾ-ਨਚਦਾ ਤੇਰੇ ਗੀਤ ਨੂੰ ਗਾਉਂਦਾ,
ਮੇਰੇ ਕੋਲੋਂ ਦੀ ਲੰਘੇ,
ਤੇ ਇਸ ਗੀਤ ਦੀ ਮਿੱਠੀ ਧੁਨ
ਮੇਰੇ ਕੰਨੀਂ ਨਿਤ ਰਹੇ ਸੁਣੀਂਦੀ ।

16. ਮੇਰੇ ਪ੍ਰੀਤਮ

ਮਸਤੀ ਵਾਲੀ ਮਨੋਦਸ਼ਾ ਵਿਚ ਬੇਖ਼ੁਦ ਹੋਇਆ
ਮੈਂ ਲਭਦਾ ਆਪਣਾ ਪਿਆਰਾ,
ਜਾਣਾਂ ਸਭ ਕੁਛ,
ਪਰ ਪ੍ਰੀਤਮ ਹੈ ਮੇਰਾ ਅਨਾਮ;
ਜਿਸ ਦੇ ਨਾਂ ਥਾਂ ਬਾਰੇ
ਮੈਂ ਕੁਝ ਨਾ ਸਕਦਾ ਜਾਣ ।
ਕਹਿੰਦੇ ਹਨ ਕਈ ਦਾਨੇ
ਉਸ ਦੇ ਨੂਰ ਵਿਚ ਹਨ ਰੌਸ਼ਨ
ਪਰਬਤ ਸਿਖ਼ਰਾਂ ਵਾਲੇ ਸਾਰੇ ਟਿਕਾਣੇ;
ਇਨ੍ਹਾਂ ਹਿਮ ਦੀਆਂ ਧੌਲਧਾਰਾਂ ਨੂੰ ਤੱਕ ਕੇ
ਮੇਰੇ ਲੂੰ-ਲੂੰ ਅੰਦਰ
ਖ਼ੁਸ਼ੀ ਦੀ ਲਹਿਰ ਦੌੜਦੀ ਜਾਵੇ,
ਇਹ ਮਨਮੋਹਣਾ ਦ੍ਰਿਸ਼
ਮੈਨੂੰ ਕੋਈ ਵੱਡਾ ਰਹੱਸ ਸੁਝਾਵੇ !
ਅਨਿਸ਼ਚਿਤ ਇਸ ਮਹਾਂ ਸੁੰਦਰਤਾ ਦੀਆਂ ਲਹਿਰਾਂ ਅੰਦਰ
ਮੈਂ ਹੁੰਦਾ ਹਾਂ ਅਨੰਦ-ਵਿਭੋਰ !
ਪਰਬਤ ਸਿਖ਼ਰਾਂ ਦੀਆਂ ਇਹ ਰੂਹ ਜਗਾਊ ਜੋਤਾਂ
ਮੇਰੇ ਮਨ ਨੂੰ ਲੁਟ ਲਿਜਾਂਦੀਆਂ ।
ਜਦ ਵੀ ਕੋਈ ਮਹਾਂ ਸੁੰਦਰੀ ਦਾ ਆਤਮ-ਪ੍ਰਕਾਸ਼
ਮੇਰੇ ਮਨ ਨੂੰ ਮੋਹੇ,
ਜਿਸ ਦੀ ਭਾਲ 'ਚ
ਮੈਂ ਕਈ ਜਨਮ-ਗੇੜੇ ਹਨ ਲਾਏ,
ਉਹ ਮਹਾਂ-ਸੁੰਦਰੀ
ਕਦੀ-ਕਦੀ ਮੈਨੂੰ ਇਹ ਰਹੱਸ ਸੁਝਾਏ-
ਸਭ ਵਸਤਾਂ 'ਚੋਂ
ਜਿਸ ਦੀ ਮੈਂ ਆਪਣੇ ਸਗਲੇ ਜੀਵਨ ਵਿਚ

ਭਾਲ ਹੈ ਕੀਤੀ ।
ਕਹਿੰਦੇ ਹਨ ਇਹ ਦਾਨੇ
ਉਹ ਹਰ ਵਸਤ ਵਿਚ ਹੈ ਵਿਆਪਕ;
ਪਰ ਜੁਗਾਂ-ਜੁਗਾਂਤਰਾਂ ਵਿਚ ਕਰਕੇ ਭਾਲ ਉਸ ਦੀ
ਮੈਂ ਤਾਂ ਉਸ ਨੂੰ ਇਸ ਛਿਣ ਵਿਚ ਹੈ
ਪਰਮ ਵਚਿਤਰ ਲਖਿਆ ।

❖ ❖ ❖ ❖

17. ਪ੍ਰੀਤਮ ਮੈਨੂੰ ਅੰਕ ਸਮਾਉ

ਪ੍ਰੀਤਮ !
ਮੇਰੇ ਨਿਜ ਘਰ ਆਉ,
ਮੇਰੇ ਨਾਲ ਰਹਿਣ ਦੀ
ਜੀਵਨ ਸਾਂਝ ਨਿਭਾਉ !
ਪ੍ਰੀਤਮ !
ਮੇਰੇ ਨਿਜ ਘਰ ਆਉ !
ਪਿਆਰੇ ਪ੍ਰੀਤਮ ਆਉ !
ਪਰ ਸੁਆਗਤ ਵਾਲੀਆਂ
ਸਾਰੀਆਂ ਰੀਤਾਂ ਰਸਮਾਂ ਨੂੰ ਪਰੇ ਹਟਾਉ ।
ਨਾ ਮੇਰੇ ਹਿਰਦੇ ਵਿਚੋਂ ਹੋਵੇ
ਕੋਈ ਅਰਦਾਸ,
ਨਾ ਕੋਈ ਤੇਰੇ ਭਗਤੀ-ਭਾਵ ਦੀ
ਹੋਵੇ ਕੋਈ ਪ੍ਰਤਿਗਿਆ,
ਨਾ ਕੋਈ ਉਸਤਤ ਗਾਨ,
ਨਾ ਕੋਈ ਸੰਖ, ਘੜਿਆਲ,
ਨਾ ਆਰਤੀ ਸੰਦੇ ਦੀਪ,
ਨਾ ਧੂਪ ਸਮੱਗਰੀ,
ਨਾ ਕੋਈ ਹੋਰ ਵਿਹਾਰ,
ਇਨ੍ਹਾਂ ਸਭ ਉਤੇ ਛਾਈ ਹੋਵੇ
ਤੇਰੀ ਮਿਹਰ ਅਪਾਰ,
ਜਿਸ ਨੇ ਮੈਨੂੰ ਆਪਣੀ
ਪੀਢੀ ਪਕੜ 'ਚ ਹੋਵੇ ਘੁਟਿਆ ।
ਮਨ-ਮੰਦਰ ਦਾ ਉਹ ਮਧਮ ਜਿਹਾ ਦੀਪ
ਜੋ ਤੇਰੇ ਆਗਮਨ ਲਈ ਸੀ ਬਲਦਾ,
ਉਹ ਵੀ ਆਣ ਬੁਝਾਉ ।
ਮੇਰੇ ਪ੍ਰੀਤਮ ਆਉ !

ਅੰਧਕਾਰ ਦੇ ਇਸ ਘੁੱਪ ਹਨੇਰੇ ਅੰਦਰ
ਮੇਰੀਆਂ ਪੀਲੀਆਂ ਨਿਰਬਲ ਗੱਲ੍ਹਾਂ ਉਪਰ
ਆਪਣੇ ਕਰ ਕੰਵਲਾਂ ਤਾਂਈਂ ਛੁਹਾਉ
ਤੇ ਮੈਨੂੰ ਆਪਣੇ ਵਲ ਉਚਾ ਉਠਾਉ;
ਕੰਠ ਲਗਾ ਕੇ ਆਪਣੇ
ਅੰਕ ਸੰਗ ਅੰਕ ਸਮਾਉ !
ਤੇ ਮੈਨੂੰ ਉਸ ਪ੍ਰਭ-ਪ੍ਰੀਤਮ ਦੇ
ਮਹਾਂ ਪ੍ਰਕਾਸ਼ ਦਾ ਰਹੱਸ ਦਰਸਾਉ !
ਐਸੀ ਰਹੱਸ ਅਵਸਥਾ ਵਿਚ ਮੇਰੇ ਪਿਆਰੇ,
ਮੈਨੂੰ ਆਪਣੇ ਪ੍ਰੇਮ ਦੇ ਅੰਕ ਸਮਾ ਕੇ
ਜੀਵਨ ਦੇ ਪਰਮ ਰਹੱਸ ਤਾਂਈਂ ਸਮਝਾਉ,
ਜਗਤ ਦੇ ਇਸ ਅਗਿਆਨ੍ ਹਨੇਰੇ ਅੰਦਰ
ਜੋ ਤਥ-ਗਿਆਨ ਹੈ ਦਿਸਦਾ,
ਇਹ ਲਗਦਾ ਹੈ ਬਹੁਤ ਹੀ ਫਿੱਕਾ ਤੇ ਨੀਰਸ,
ਮੈਨੂੰ ਆਪਣੇ ਤੱਤ-ਦਰਸ਼ਨ ਦਾ ਸਾਰ ਸੁਝਾਉ !
ਮੇਰੇ ਪ੍ਰੀਤਮ !
ਮੇਰੇ ਨਿਜ ਘਰ ਆਉ !
ਮੇਰੇ ਨਾਲ ਰਹਿਣ ਦੀ ਜੀਵਨ ਸਾਂਝ ਨਿਭਾਉ,
ਮੈਨੂੰ ਆਪਣੇ ਅੰਕ ਸਮਾਉ ।

18. ਮੇਰੇ ਪ੍ਰੀਤਮ ਆਉ

ਮੇਰੇ ਪ੍ਰੀਤਮ !
ਆਉ ਮੇਰੇ ਕੋਲ,
ਮੌਤ ਕਿਨਾਰੇ ।
ਮੌਤ-ਨਦੀ ਗੀਤ ਜੀਵਨ ਦਾ ਗਾਉਂਦੀ
ਨਿਤ ਪਈ ਵਗਦੀ,
ਆਉਣ ਵਾਲੇ ਜੀਵਨ ਦੀ
ਅਣਜਾਣੀ ਖ਼ੁਸ਼ੀ ਦੀ ਸੋਝੀ ਦਿੰਦੀ,
ਜੋ ਨਿੰਦਰਾ ਵਿਚ ਸੁਪਨੇਹਾਰ ਹੈ ਤਰਦਾ,
ਉਸ ਬੱਦਲ ਦੇ ਹਾਰ
ਜੋ ਵਿਚ ਆਕਾਸ਼ੀਂ ਖਿੜੀ ਧੁੱਪ ਵਿਚ
ਛਾਂਈਂ ਮਾਂਈਂ ਹੋ ਜਾਂਦਾ,
ਉਸ ਨਵੇਂ-ਨਵੇਲੇ ਰੰਗ ਦੇ ਹਾਰ
ਜੋ ਊਸ਼ਾ ਦੇ ਮੁਖੜੇ ਉਤੇ ਪਿਆ ਹੈ ਲਸਦਾ ।
ਮੇਰੇ ਪ੍ਰੀਤਮ ਆਉ !
ਮੈਂ ਹਾਂ ਉਹ ਮਿਰਗ-ਕਥੂਰਾ
ਜੋ ਹਿਮ-ਖੰਡ ਦੇ ਪਰਬਤ ਮਾਰਗ ਉਤੇ
ਚੰਨ-ਚਾਨਣੀ ਵਿਚ ਚੀਲਾਂ ਥਲੇ
ਹਾਂ ਇਕੱਲਾ ਸੁੱਤਾ;
ਨਾਫ਼ੇ ਦੀ ਕਥੂਰੀ ਹੁਲਦੀ
ਇਸ ਭਿੰਨੀ ਮਹਿਕ ਦੇ ਲੋਰ ਅੰਦਰ
ਸਾਹ ਨਾਲ ਸਾਹ ਰਲਾਉ !
ਮੇਰੇ ਪ੍ਰੀਤਮ ਆਉ !

* * * *

ਮੇਰੇ ਪ੍ਰੀਤਮ ਆਉ !
ਮੌਤ ਦੇ ਕੰਢੇ
ਹੁਣ ਅਸੀਂ ਦੋਵੇਂ ਹਾਂ ਲੇਟੇ,

ਗੂੜ੍ਹੀ ਨੀਂਦ ਵਿਚ ਸੁੱਤੇ
ਇਕ ਦੂਜੇ ਨੂੰ ਘੁੱਟ ਕੇ,
ਪਵਨ ਦੇ ਬੁਮਕੇ ਹੌਲੀ-ਹੌਲੀ
ਸਾਡੇ ਕੇਸਾਂ ਨੂੰ ਛੇੜਨ,
ਪੈਰ ਅਸਾਡੇ ਮੌਤ-ਨਦੀ ਦੀ ਧਾਰ
ਪਈ ਹੈ ਛੂੰਹਦੀ ਹੌਲੀ-ਹੌਲੀ;
ਮੇਰੇ ਪ੍ਰੀਤਮ ਆਉ !
ਮੌਤ ਤੇ ਜੀਵਨ ਦਾ ਸਾਥ
ਰਲ ਨਿਭਾਉ !
ਮੇਰੇ ਪ੍ਰੀਤਮ ਆਉ !

19. ਸੰਜੋਗੀ ਮੇਲ

ਵਹਿੰਦੇ ਦਰਿਆ ਮੈਨੂੰ ਪੁਛਦੇ :
''ਕਿਥੇ ਹੈ ਪ੍ਰੀਤਮ ਪਿਆਰਾ ?
ਤੇ ਕਿਹੜੀ ਹੈ
ਸੰਜੋਗੀ ਮੇਲ ਦੀ ਘੜੀ ?
ਪ੍ਰੀਤਮ !
ਇਹ ਝੱਲੇ ਲੋਕ
ਮੈਨੂੰ ਪ੍ਰੇਮ ਦੀ
ਸੰਜੋਗੀ ਘੜੀ ਬਾਰੇ ਪੁਛਦੇ !
ਪਰ ਪਿਆਰੇ !
ਮੈਂ ਉਨ੍ਹਾਂ ਨੂੰ ਕੀ ਉਤਰ ਦੇਵਾਂ ?
ਕਿਹੜੇ ਦਿਵਸ, ਕਿਹੜੀ ਰੈਣ, ਕਿਹੜੀ ਘੜੀ ?
ਜਦ ਵੀ ਤੇਰੀ ਰਜ਼ਾ ਹੋਵੇ !
ਇਹ ਤਾਂ 'ਉਸ' ਉਤੇ ਨਿਰਭਰ !''

❖ ❖ ❖ ❖

20. ਈਸਾਈਆਂ ਤੇ ਯਹੂਦੀਆਂ ਦਾ ਰੱਬ

ਲੋਕ ਆਖਦੇ,
ਈਸਾਈਆਂ ਤੇ ਯਹੂਦੀਆਂ ਦਾ ਖ਼ੁਦਾ
ਤੇ ਹਿੰਦੂਆਂ ਤੇ ਮੁਸਲਮਾਨਾਂ ਦਾ ਰੱਬ
'ਇਕ'
ਸ਼ਾਇਦ ਉਹ ਸੱਚ ਆਖਦੇ ਹੋਣ,
ਪਰ ਮੈਨੂੰ ਪੂਰੀ ਤਰ੍ਹਾਂ ਯਕੀਨ ਨਾ ਆਉਂਦਾ,
ਕਿਉਂ ?
ਰੱਬ ਸਭ ਥਾਂ 'ਤੇ ਸਭ ਕੁਝ ਰੱਬ ।
ਰਿਸ਼ੀਆਂ ਮੁਨੀਆਂ ਨਾਲੋਂ ਮੈਂ ਨੀਵੀਂ ਜਾਤ ਦਾ ਬੰਦਾ ।
ਮੈਨੂੰ ਤਾਂ ਆਪਣੇ ਪ੍ਰੀਤਮ ਪਿਆਰੇ ਦੇ
ਚਰਨ-ਕੰਵਲ ਦੇ ਦੁਆਲੇ ਪ੍ਰਕਾਸ਼ ਦਿਸਦਾ;
ਉਸ ਦੇ ਮੁਖੜੇ ਤੋਂ ਪ੍ਰੇਰੇ
ਮੇਰੇ ਲਈ ਸਭ ਹਨੇਰਾ।
ਉਹ ਕਹਿੰਦੇ,
ਰੱਬੀ ਮਸਤੀ ਦੀ ਮੈਅ
ਸਭ ਨੈਣਾਂ ਵਿਚੋਂ ਵਹਿੰਦੀ ।
ਪਰ ਮੇਰੇ ਤਾਂ ਹੱਥ ਕੰਬਦੇ,
ਮੈਂ ਤਾਂ ਉਸ ਪ੍ਰੇਮ-ਪਿਆਲੇ ਨੂੰ
ਆਪਣੇ ਹੱਥੀਂ ਚੁੱਕ ਵੀ ਨਾ ਸਕਦਾ ।
ਜਦ ਮੈਂ ਰੁੱਖ ਦੇ ਸਾਏ ਹੇਠ ਲੇਟਿਆ ਹੁੰਦਾ,
ਆਪ ਸਹੇੜੀ ਭੁੱਖ ਨਾਲ ਨਿਢਾਲ
ਤਾਂ ਕੋਈ ਹਸਤੀ ਆ ਕੇ
ਮੇਰੀ ਅਰਦਾਸ ਸੁਣਦੀ
ਤੇ ਮੈਨੂੰ ਰੋਟੀ, ਪਾਣੀ ਤੇ ਮੈਅ
ਆਪਣੇ ਹੱਥੀਂ ਮੇਰੇ ਹੋਠਾਂ ਨੂੰ ਲਾਉਂਦੀ
ਤੇ ਮੈਂ ਜ਼ੋਰ ਨਾਲ ਉਸ ਦੇ

ਹੱਥ ਪਕੜ ਕੇ ਕੂਕ ਉਠਦਾ :
''ਇਹੋ ਹੈ ਰੱਬ, ਇਹੋ ਹੈ ਰੱਬ !''
ਉਹ ਕਹਿੰਦੇ,
ਮੈਂ ਸਰਬ-ਵਿਆਪੀ ਧੁਨਾਂ ਗਾਉਂਦਾ,
ਪਰ ਮੈਂ ਤਾਂ ਕੋਈ ਦਾਰਸ਼ਨਿਕ ਨਹੀਂ,
ਮੈਂ ਤਾਂ ਕੇਵਲ ਇਕ ਇਨਸਾਨ
ਜੋ ਕਿਸੇ ਫੁੱਲ ਸਮਾਨ
ਆਪਣੇ ਸੂਰਜ ਨੂੰ ਨਿਹਾਰਨ ਲਈ
ਨੈਣ ਖੋਲ੍ਹਦਾ ।
ਹਰ ਸਵੇਰ, ਹਰ ਸੰਝ,
ਹਰ ਦਿਵਸ ਤੇ ਹਰ ਰੈਣ
ਮੈਂ ਤਾਂ ਆਪਣੇ ਰੱਬ ਨੂੰ ਹੀ
ਖਾਂਦਾ ਤੇ ਪੀਂਦਾ ।
ਠੀਕ ਮੈਂ ਵਹਿਮੀ ਹੋਵਾਂਗਾ,
ਕਿਉਂ ਜੋ ਇਨ੍ਹਾਂ ਨਿੱਕੇ ਵਹਿਮਾਂ ਵਿਚ
ਮੈਂ ਸੱਚ ਦਾ ਸ਼ਹਿਦ ਚਖਦਾ
ਜਿਵੇਂ ਕਿ ਮਧੂਮੱਖੀ ਫੁੱਲ ਵਿਚ
ਸ਼ਹਿਦ ਨੂੰ ਜਾ ਲਭਦੀ ਹੈ ।
ਯਹੂਦੀਆਂ ਤੇ ਈਸਾਈਆਂ ਦਾ ਖ਼ੁਦਾ
ਤੇ ਹਿੰਦੂਆਂ ਤੇ ਮੁਸਲਮਾਨਾਂ ਦਾ ਰੱਬ
ਉਹ ਕਹਿੰਦੇ 'ਇਕੋ' ਹੈ,
ਪਰ ਮੈਂ ਕਹਿੰਦਾ,
ਰੱਬ ਹਰ ਥਾਂ ਤੇ ਹਰ ਇਕ ਸ਼ੈਅ ਵਿਚ,
ਪਰ ਸੱਚੀ ਗੱਲ ਤਾਂ ਇਹ
ਕਿ ਰੱਬ ਤਾਂ ਮੈਨੂੰ ਮਿਤਰ ਵਿਚ ਮਿਲਦਾ ।

❖ ❖ ❖ ❖

21. ਪ੍ਰੀਤਮ ਅਗੇ ਅਰਦਾਸ

(੧)

ਪ੍ਰੀਤਮ ! ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ,
ਕੁਝ ਚਿਰ ਤਾਂ ਹੋਰ ਰੁਕੋ !
ਕਦੀ ਕਦਾਈਂ ਹੁੰਦੇ ਇਹ ਸੰਜੋਗੀ ਮੇਲੇ
ਤੁਹਾਡਾ ਅਰਸ਼ਾਂ ਉਤੋਂ ਹੇਠਾਂ ਆਉਣਾ ਮੇਰੇ ਕੋਲ
ਤੇ ਮੇਰਾ ਉਪਰ ਜਾਣਾ ਤੁਹਾਡੇ ਵਲ ਨੂੰ
ਇਹ ਤਾਂ ਪ੍ਰਭੂ-ਪ੍ਰੀਤਮ ਦੀ ਮਿਹਰ
ਕਿ ਸਾਡਾ ਦੋਹਾਂ ਦਾ ਹੋਇਆ
ਇਹ ਸੰਜੋਗੀ ਮੇਲ !.
ਮੇਰੇ ਪ੍ਰੀਤਮ !
ਏਡੀ ਛੇਤੀ ਮੇਰੇ ਕੋਲੋਂ ਦੂਰ ਨਾ ਜਾਉ,
ਤੁਹਾਡੇ ਮੁਖੜੇ ਦੀ ਸੁੰਦਰ ਛਵੀ
ਕੁਝ ਚਿਰ ਹੋਰ ਨਿਹਾਰਾਂ
ਆਪਣੇ ਸਾਹਾਂ ਅੰਦਰ
ਇਸ ਸੰਜੋਗੀ ਅਨੰਦ ਨੂੰ ਰਚਾਵਾਂ,
ਮੇਲ ਦੀ ਇਸ ਘੜੀ ਨੂੰ ਥੋੜ੍ਹਾ ਹੋਰ ਵਧਾਉ !
ਮੇਰੇ ਪ੍ਰੀਤਮ !
ਏਡੀ ਛੇਤੀ ਮੇਰੇ ਕੋਲੋਂ ਦੂਰ ਨਾ ਜਾਉ !
ਪ੍ਰੀਤਮ !
ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ ,
ਕੁਝ ਚਿਰ ਤਾਂ ਹੋਰ ਰੁਕੋ !

(੨)

ਮੇਰੇ ਬੋਲ ਵੀ ਇੰਝ ਸਾਗਰ ਦੀ ਤਹਿ ਥਲੇ ਜਾ ਸਮਾਵਣ
ਜਿਵੇਂ ਇਕ ਪੱਥਰ ਗੀਟਾ

ਸਾਗਰ ਦੀ ਤਹਿ ਥਲੇ ਜਾ ਸਮਾਉਂਦਾ
ਜੋ ਮੇਰੀ ਇਹ ਮੋਨ ਅਵਸਥਾ ਗੂੰਜੇ
ਬਣ ਕੇ ਮਿੱਠੜਾ ਗੀਤ ।
ਇਹ ਜੋ ਧੂਪ-ਸਮੱਗਰੀ
ਦੀਪ, ਫੁੱਲ, ਕੇਸਰ ਤੇ ਚਾਵਲ
ਥਾਲ ਵਿਚ ਜੋ ਹਨ ਟਿਕਾਏ
ਤੁਹਾਡੀ ਪੂਜਾ ਖ਼ਾਤਰ,
ਇਹ ਸਭ ਕੁਝ
ਮੇਰੇ ਕੋਲੋਂ ਪਰੇ ਹਟ ਜਾਵਣ,
ਕੇਵਲ ਮੇਰੇ ਪ੍ਰੇਮ-ਹੰਝੂ ਹੀ
ਧਰਤੀ ਉਤੇ ਡਿਗਣ,
ਤੁਹਾਡੇ ਸੁਆਗਤ ਖ਼ਾਤਰ ।
ਪਰ ਪ੍ਰੀਤਮ !
ਇਸ ਮੇਲ ਘੜੀ ਨੂੰ ਥੋੜਾ ਹੋਰ ਵਧਾਉ,
ਕੁਝ ਹੋਰ ਚਿਰ ਲਈ ਮੇਰੇ ਕੋਲ ਟਿਕ ਜਾਉ;
ਪ੍ਰੀਤਮ !
ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ,
ਕੁਝ ਚਿਰ ਤਾਂ ਹੋਰ ਰੁਕੋ !

(੩)

ਪ੍ਰੀਤਮ !
ਮੇਰੇ ਮਨ ਵਿਚ ਉਠੇ ਨਾ ਕੋਈ ਵਿਚਾਰ
ਸੰਕਲਪ ਵਿਕਲਪ ਕਿਸੇ ਤਰ੍ਹਾਂ ਦਾ !
ਸੰਜੋਗੀ ਮੇਲ ਦੀ ਇਸ ਘੜੀ ਵਿਚ
ਮੈਂ ਬਉਰਾਨੀ ਹੋਈ,
ਅਨੰਦ-ਵਿਭੋਰ ਇਸ ਦਸ਼ਾ ਵਿਚ
ਮੈਨੂੰ ਸੁਧ ਨਾ ਕੋਈ,
ਮੈਂ ਏਨੀ ਲੱਜਾਵਾਨ ਹਾਂ ਹੋਈ
ਆਪਣੇ ਪੱਲੂ ਦੇ ਕਿਨਾਰੇ ਦੇ ਗੋਟੇ ਨੂੰ ਤੋੜ
ਕਰਕੇ ਤਾਰੋ-ਤਾਰ,

ਮੈਂ ਕੰਬਦੇ ਹੱਥਾਂ ਨਾਲ
ਇਹ ਸੁਨਹਿਰੀ ਧਾਗੇ ਟੁੱਟੇ-ਫੁੱਟੇ
ਤੁਹਾਡੇ ਭੇਟ ਨੇ ਕੀਤੇ
ਕੈਸਾ ਹੈ ਇਹ ਛਲ-ਵਲੱਲ
ਮੈਂ ਕੁਝ ਵੀ ਨਾ ਜਾਣਾਂ ਇਸ ਦੀ ਸਾਰ
ਕਿ ਮੈਂ ਤੁਹਾਡੇ ਚਰਨਾਂ ਉੱਤੇ
ਅਰਦਾਸ ਕਰਨ ਤੋਂ ਵੀ ਹੋਈ ਲਾਚਾਰ ।
ਪਰ ਪ੍ਰੀਤਮ !
ਇਸ ਮੇਲ ਘੜੀ ਨੂੰ ਥੋੜ੍ਹਾ ਹੋਰ ਵਧਾਉ,
ਕੁਝ ਹੋਰ ਚਿਰ ਲਈ ਮੇਰੇ ਕੋਲ ਟਿਕ ਜਾਉ !
ਪ੍ਰੀਤਮ !
ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ,
ਕੁਝ ਚਿਰ ਤਾਂ ਹੋਰ ਰੁਕੋ !

(੪)

ਤੁਹਾਡੇ ਸੁੰਦਰ ਰੇਸ਼ਮੀ ਬਾਣੇ ਦਾ
ਮੈਨੂੰ ਪੱਲਾ ਫੜਨਾ ਚਾਹੀਏ,
ਕਿਉਂ ਜੋ ਮੈਂ ਚਾਹਵਾਂ ਪ੍ਰੀਤਮ ਜੀ
ਤੁਸੀਂ ਕੁਝ ਚਿਰ ਹੋਰ ਮੇਰੇ ਕੋਲ ਠਹਿਰੋ !
ਮੈਂ ਤੁਹਾਡੇ ਚਰਨਾਂ 'ਤੇ ਡਿਗ ਕੇ
ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਾਂ
ਇਨ੍ਹਾਂ ਚਰਨਾ-ਕੰਵਲਾਂ ਨੂੰ !
ਪਰ ਕੀ ਇਸ ਦਾ ਇਹ ਭਾਵ ਹੋਵੇਗਾ
ਕਿ ਤੁਸੀਂ ਹੋ ਗਏ ਹੋ ਮੇਰੇ ਜੀਵਨ ਭਰ ਲਈ ?
ਫਿਰ ਮੈਂ ਵਿਚ ਦਰਵਾਜ਼ੇ ਖੜ੍ਹ ਕੇ
ਬਾਹਾਂ ਪਸਾਰ ਖਲੋਵਾਂ
ਤੇ ਰੋਕਾਂ ਰਾਹ ਤੁਹਾਡਾ ।
ਪਰ ਕੀ ਇਸ ਦਾ ਇਹ ਭਾਵ
ਕਿ ਮੇਰੀਆਂ ਬੇਅੰਤ ਬਾਹਾਂ ਨੇ
ਤੁਹਾਡੇ ਅਨੰਤਾਂ ਦੇ ਰਾਹਾਂ ਵਿਚ

ਕੋਈ ਰੋਕ ਹੈ ਪਾਈ ?
ਜਾਂ ਫਿਰ ਮੈਂ ਤੁਹਾਡੇ ਸਨਮੁਖ
ਆਪਣੀ ਪ੍ਰੀਤ ਜਣਾਉਂਦੀ
ਕਰ ਲਵਾਂ ਆਪਣਾ ਅੰਤ ?
ਪਰ ਕੀ ਇਸ ਦਾ ਇਹ ਭਾਵ ਹੋਵੇਗਾ
ਕਿ ਮੈਂ ਸਦਾ ਲਈ ਤੁਹਾਡੇ ਅੰਕ ਸਮਾਵਣ ਲੋਚਾਂ ?
ਪਰ ਪ੍ਰੀਤਮ !
ਇਸ ਮੇਲ ਘੜੀ ਨੂੰ ਥੋੜ੍ਹਾ ਹੋਰ ਵਧਾਉ !
ਕੁਝ ਹੋਰ ਚਿਰ ਲਈ ਮੇਰੇ ਕੋਲ ਟਿਕ ਜਾਉ !
ਪ੍ਰੀਤਮ ! ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ,
ਕੁਝ ਚਿਰ ਤਾਂ ਹੋਰ ਰੁਕੋ !

(੫)

ਇਹ ਤਾਂ ਗਗਨ-ਮੰਡਲਾਂ ਦੀ ਮਿਹਰ ਹੈ ਹੋਈ,
ਇਹ ਤਾਂ ਉਪਰੋਂ ਪ੍ਰਭੂ-ਮਿਹਰ ਦੀ
ਹੈ ਕੋਈ ਵਰਖਾ ਹੋਈ !
ਪਰ ਪ੍ਰੀਤਮ ਇਸ ਪ੍ਰੇਮ-ਮੀਂਹ ਨੂੰ
ਕੁਛ ਚਿਰ ਹੋਰ ਵਰ੍ਹਾਉ,
ਪ੍ਰੀਤਮ !
ਭਾਵੇਂ ਹੁਣੇ ਤੁਸੀਂ ਚਲੇ ਜਾਉ,
ਪਰ ਇਸ ਸੰਜੋਗੀ ਮੇਲ ਦੀ ਘੜੀ ਨੂੰ
ਕੁਝ ਚਿਰ ਹੋਰ ਵਧਾਉ,
ਪ੍ਰੀਤਮ !
ਥੋੜ੍ਹਾ ਚਿਰ ਹੋਰ ਟਿਕ ਜਾਉ !
ਪਰ ਪ੍ਰੀਤਮ !
ਇਸ ਮੇਲ ਦੀ ਘੜੀ ਨੂੰ ਥੋੜ੍ਹਾ ਹੋਰ ਵਧਾਉ,
ਕੁਝ ਹੋਰ ਚਿਰ ਲਈ ਮੇਰੇ ਕੋਲ ਟਿਕ ਜਾਉ,
ਪ੍ਰੀਤਮ ! ਕੁਝ ਚਿਰ ਹੋਰ ਰੁਕੋ,
ਮੇਰੀ ਬੇਨਤੀ ਪ੍ਰੀਤਮ,
ਕੁਝ ਚਿਰ ਤਾਂ ਹੋਰ ਰੁਕੋ !

22. ਪ੍ਰੀਤਮ ! ਆਇਓ ਮੈਂ ਸ਼ਰਨ ਤੁਹਾਰੀ

ਮੇਰੇ ਪ੍ਰੀਤਮ !
ਹਜ਼ਾਰ ਗ਼ਲਤੀਆਂ ਮੇਰੇ ਤੋਂ ਹੋਈਆਂ
ਤੂੰ ਤੇ ਮੈਂ ਅਸੀਂ ਦੋਵੇਂ ਜਾਣੀਏਂ,
ਅਸੰਖ ਪਾਪ ਮੇਰੇ ਤੋਂ ਹੋਏ
ਤੂੰ ਤੇ ਮੈਂ ਅਸੀਂ ਦੋਵੇਂ ਜਾਣੀਏਂ ।
ਆਉ ਮੇਰੇ ਪ੍ਰੀਤਮ ਪਿਆਰੇ
ਕਿਸੇ ਦਿਨ ਜਾਂ ਰੈਣ ਕਿਸੇ ਨੂੰ ।
ਮੈਂ ਆਪਣੇ ਘਰ ਖੜੀ ਉਡੀਕਾਂ !
ਮੇਰੇ ਨੈਣਾਂ 'ਚੋਂ ਹੰਝੂ ਡਿਗਦੇ
ਵਾਰ-ਵਾਰ ਮੈਂ ਕੋਸਾਂ ਇਨ੍ਹਾਂ ਨੂੰ
ਪਰ ਇਹ ਮੇਰੇ ਆਖੇ ਨਹੀਂ ਲਗਦੇ,
ਵਾਰ-ਵਾਰ ਨੈਣਾਂ 'ਚੋਂ ਡਿਗਦੇ !
ਬਖ਼ਸ਼ਣਹਾਰ ਮੇਰੇ ਪ੍ਰੀਤਮ ਪਿਆਰੇ ਆਉ !
ਆਪਣੀ ਖਿਮਾਂ ਦਇਆ ਸੰਗ
ਕੱਜ ਲਉ ਮੇਰਾ ਆਪਾ
ਤੇ ਆਪਣਾ ਬਿਰਧ ਸੰਭਾਲੋ,
ਆਪਣੇ ਦਾਸ ਦੀ ਰਖੋ ਲਾਜ,
ਉਸ ਦੀ ਪੈਜ ਸਵਾਰੋ !

23. ਪ੍ਰੀਤਮ ਨੂੰ

ੁਹਾਡੀ ਚੁੱਪ ਮੇਰੇ ਲਈ ਮੌਤ ਸਮਾਨ
ੇ ਤੁਹਾਡਾ ਇਕ ਪ੍ਰੇਮ ਦਾ ਬੋਲ
ਮੇਰੇ ਲਈ ਜੀਵਨ-ਦਾਨ ।
ਪ੍ਰੀਤਮ !
ਕਿਉਂ ਰਹੇ ਹੋ ਤੁਸੀਂ
ਏਨੇ ਲੰਮੇ ਚਿਰ ਲਈ ਮੌਨ ?
ਪ੍ਰੀਤ ਦਾ ਦਿਲ ਜਾਂਦਾ ਹੈ ਟੁੱਟ,
ਪਰ ਮੁੜ ਫਿਰ ਤੁਹਾਡੀ ਪ੍ਰੀਤ ਵਿਚ
ਉਠਦਾ ਹੈ ਜਾਗ ।
ਇਸ ਤਰ੍ਹਾਂ ਪ੍ਰੀਤਮ ਪਿਆਰੇ !
ਸ੍ਰਿਸ਼ਟੀ ਦੇ ਆਦਿ-ਕਾਲ ਤੋਂ ਹੀ
ਨਿਭਦੀ ਰਹੀ ਹੈ ਪ੍ਰੀਤ,
ਸੱਚੀ ਪ੍ਰੀਤ ਨੂੰ ਕੋਈ ਵੀ ਭਰਮ-ਭੁਲੇਖਾ ਨਹੀਂ ਹੁੰਦਾ
ਗਗਨ ਮੰਡਲ ਨੂੰ ਚਿਰ ਕਾਲ ਢੱਕ ਨਹੀਂ ਸਕਦੀ ਧੁੰਧ !
ਪ੍ਰੀਤਮ ਪਿਆਰੇ !
ਬਖ਼ਸ਼ੋ ਪਿਛਲੇ ਗੁਨਾਹ ਅਸਾਡੇ,
ਸਮਾਂ ਬੀਤ ਰਿਹਾ ਹੈ ਤੇਜ਼ ਗਤੀ ਦੇ ਨਾਲ;
ਇਸੇ ਲਈ ਹੁਣ ਵਰਤਮਾਨ ਨੂੰ ਸਫਲਾ ਆ ਬਣਾਉ !
ਪ੍ਰੀਤਮ ਪਿਆਰੇ !
ਇਸ ਪ੍ਰੀਤ ਨੂੰ ਤੋੜ ਚੜ੍ਹਾਉ !
ਤੇ ਦਸੋ ਇਹ ਸੱਚ
ਕਿ 'ਪ੍ਰੇਮ ਹੀ ਹੈ ਸੱਚਾ ਰੱਬ' ।

24. ਅਨੰਤਾਂ ਦਾ ਸਫ਼ਰ

ਮੈਂ ਹਾਂ ਪਾਂਧੀ
ਅਨੰਤ ਪੰਧ 'ਤੇ ਤੁਰਿਆ,
ਉਸ ਪ੍ਰੀਤਮ ਪਿਆਰੇ ਵਲ;
ਸਦਾ ਹਾਂ ਤੁਰਿਆ ਜਾਂਦਾ,
ਪਰ ਮੈਂ ਕਦੀ
ਆਪਣੀ ਮੰਜ਼ਲ 'ਤੇ ਨਹੀਂ ਪੁਜਾ ।
ਕੇਵਲ ਜਦੋਂ
ਉਹ ਪ੍ਰਭੂ-ਪ੍ਰੀਤਮ
ਮੇਰੇ ਕੋਲ ਹੈ ਆਉਂਦਾ
ਤਾਂ ਮੈਂ ਸਮਝਾਂ
ਉਸ ਦੀਆਂ ਗੁਝੀਆਂ ਰਮਜ਼ਾਂ ।

25. ਸਭ ਜਗ ਚਿਕੜ ਭਰਿਆ*

ਸਭ ਜੱਗ ਮਾਇਆ ਚਿਕੜ ਭਰਿਆ,
ਕੇਵਲ ਪ੍ਰਭ-ਪ੍ਰੀਤਮ ਹੀ ਹੈ ਪਵਿੱਤਰ !
ਸੂਰਜ ਤੇ ਚੰਨ ਵੀ ਦਾਗ਼ੀ,
ਕੇਵਲ ਆਪ ਪ੍ਰਭੂ-ਪ੍ਰੀਤਮ ਹੈ ਪਵਿੱਤਰ !
ਦਿਵਸ ਰਾਤ ਵੀ ਹਨ ਕਾਲੇ,
ਦੇਵ ਗਣ ਵੀ ਹੱਡ-ਰੱਤ ਦੇ ਹਨ ਪੁਤਲੇ,
ਪਵਨ, ਪਾਣੀ ਤੇ ਅਗਨੀ ਵੀ ਹਨ
ਮਾਇਆ ਲਿਬੜੇ ।
ਸ਼ਿਵ, ਬ੍ਰਹਮਾ ਤੇ ਇੰਦਰ ਵੀ
ਮਾਇਆ ਜਾਲ ਤੋਂ ਨਹੀਂ ਸੁਤੰਤਰ;
ਕੋਈ ਵਸਤ ਤੇ ਕੋਈ ਥਾਂ
ਨਹੀਂ ਹੈ ਚਿੱਟੀ,
ਸਗਲ ਬ੍ਰਹਿਮੰਡ ਵਿਚ
ਕੇਵਲ ਪ੍ਰਭੂ-ਪ੍ਰੀਤਮ ਹੀ ਹੈ
ਨਿਰਮਲ ਤੇ ਪਵਿੱਤਰ !

੭. ਲੰਮੀ ਨਜ਼ਮ

1. ਜਗ ਦੇ ਮੇਲੇ ਵਿਚ ਮੈਂ ਇਕ ਗੁਆਚਾ ਬਾਲ

ਜਗ ਦੇ ਮੇਲੇ ਵਿਚ
ਮੈਂ ਇਕ ਗੁਆਚਾ ਬਾਲ ਨਿਆਣਾ !
ਕੋਈ ਬੋਲੀ ਬੋਲ ਨਾ ਜਾਣਾਂ,
ਇਹੋ ਆਖਾਂ :
''ਲੈ ਚਲੋ ਮੈਨੂੰ ਮੇਰੇ ਬਾਪੂ ਕੋਲ ।''
ਇਸ ਤੋਂ ਵੱਧ ਮੈਂ ਦਸ ਨਾ ਸਕਦਾ
ਨਾ ਕੋਈ ਦੇਸ਼,
ਨਾ ਕੋਈ ਸ਼ਹਿਰ,
ਨਾ ਗਲੀ ਕੋਈ,
ਨਾ ਕੂਚਾ ਬਾਜ਼ਾਰ,
ਕਿਸੇ ਦੀ ਮੈਨੂੰ ਸਾਰ ਕੋਈ ਨਾ ।
ਮੈਨੂੰ ਬੰਦਿਆਂ ਕੋਲੋਂ ਡਰ ਪਿਆ ਆਉਂਦਾ,
ਮੈਂ ਤਾਂ ਆਪਣੀ ਮਾਂ ਨੂੰ ਭਾਲਾਂ !
ਮੈਂ ਉਸ ਦੀਆਂ ਬਾਹਾਂ ਪਛਾਣਾਂ,
ਇਨ੍ਹਾਂ ਬਾਹਾਂ ਦੀ ਪ੍ਰੇਮ-ਘੁਟਣੀ
ਮੈਨੂੰ ਪਈ ਦੁਲਾਰੇ,
ਉਸ ਦੀ ਛੋਹ ਮਾਤਰ
ਮੈਨੂੰ ਸੁਖ ਦੀ ਮਿੱਠੀ ਨੀਂਦ ਲਿਆਵੇ,
ਉਸ ਦੀ ਛੋਹ ਮੈਨੂੰ
ਤ੍ਰੇਲ ਸਮਾਨ ਠੰਢ ਪਾਵੇ,
ਮੈਂ ਉਸ ਦੀ ਆਵਾਜ਼ ਪਛਾਣਾਂ
ਹੋਰ ਕੁਝ ਨਾ ਜਾਣਾਂ !
ਬਸ ! ਏਨਾ ਕੁਝ ਮੇਰਾ ਗਿਆਨ-
ਜਿੰਨਾ ਵੱਛਾ ਗਾਂ ਦੇ ਬਾਰੇ ਜਾਣੇ-
ਜਾਂ ਇਕ ਬੋਟ ਚਿੜੀ ਦਾ
ਮਾਂ ਚਿੜੀ ਤਾਂਈਂ ਪਛਾਣੇ ।

ਮੈਂ ਤਾਂ ਇਹੋ ਜਾਣਾਂ
ਮਾਂ ਦੇ ਨਾਲ ਲੇਟ ਰਿਹਾ ਹਾਂ,
ਇਹ ਵੀ ਮੇਰੀਆਂ ਜੰਘਾਂ ਬਾਹਵਾਂ ਦਸਣ
ਮਾਂ ਦੀ ਮਮਤਾ ਕੀ ਹੈ,
ਕੋਈ ਵੀ ਬੋਲੀ ਇਸ ਮਰਮ ਨੂੰ ਦਸ ਨਾ ਸਕਦੀ ?
ਸਾਰੇ ਚੁੰਮੇ ਮੇਰੇ ਤਾਂਈਂ
ਜੀਭ ਹੈ ਲਗੀ,
ਲੂੰ-ਲੂੰ ਪਿਆ ਪੁਕਾਰੇ !
''ਮੇਰੀ ਮਾਂ ਤੇ ਮੇਰਾ ਬਾਪੂ !
ਕਿਥੇ ?''
ਕੋਈ ਉਤਰ ਨਾ ਮਿਲਦਾ !
ਆਕਾਸ਼ ਵਿਚ ਤਾਰੇ ਪਏ ਘੁੰਮਦੇ
ਮੈਂ ਰਾਤਾਂ ਤੋਂ
ਮੈਂ ਇਨ੍ਹਾਂ ਦੇ ਗੇੜੇ ਪਿਆ ਨਿਹਾਰਾਂ,
ਦਸਣ ਨਾ ਕੋਈ ਸਾਰਾਂ
ਮੇਰੇ ਮਾਂ ਬਾਪੂ ਦੀ ।
ਨਦੀਆਂ ਦੇ ਵਹਿਣ ਪਏ ਵਹਿੰਦੇ,
ਪਰਬਤ ਖੜੇ ਹਨ ਮੋਨ,
ਬ੍ਰਿਛ-ਬਨਸਪਤ ਵਧਦੇ-ਫੁਲਦੇ,
ਪਵਨਾਂ ਲੈਣ ਹੁਲਾਰੇ,
ਪਰ ਕੋਈ ਵੀ ਮੇਰੀ ਗੱਲ ਨਾ ਚਿਤਾਰੇ !
ਆਕਾਸ਼ ਦੇਵੇ ਨਾ ਕੋਈ ਹੁੰਗਾਰਾ,
ਨਾ ਚੰਨ ਮੇਰੇ ਤਾਂਈਂ ਕੋਈ ਗੱਲ ਅਲਾਵੇ,
ਮੈਨੂੰ ਕੋਈ ਨਾ ਦਸਦਾ
ਕਿਥੇ ਮੇਰਾ ਬਾਪੂ ?
ਮੇਰੀਆਂ ਚੀਖ਼ਾਂ ਤੇ ਪੁਕਾਰਾਂ,
ਗੁੰਮ ਹੋ ਜਾਵਣ ਵਿਚ ਉਜਾੜਾਂ,
ਸੁੰਨਾਂ ਵਿਚੋਂ ਕੋਈ ਉਤਰ ਨਾ ਮਿਲਦਾ ।

ਕਿਸੇ ਕੋਲ ਉਹ ਦਿਲ ਨਾ ਲਭਦਾ
ਜੋ ਮੇਰੀ ਤਰ੍ਹਾਂ ਕੂਕੇ ਤੇ ਪੁਕਾਰੇ ।
ਕੋਵਲ ਪੰਛੀ ਮੇਰੀ ਮੌਨ ਦੇ ਸਾਥੀ
ਆ ਕੇ ਚਹਿਚਹਾਵਣ !
ਬੋਲਣ ਬੋਲ,
ਮੇਰੇ ਸਿਰ-ਬਾਹਾਂ 'ਤੇ ਆ-ਆ ਕੇ ਬਹਿੰਦੇ
ਤੇ ਮੈਨੂੰ ਪਰਚਾਉਂਦੇ,
ਗੀਤ ਪਏ ਗਾਉਂਦੇ,
ਪਰ ਮੈਨੂੰ ਮਿਲਦਾ ਨਾ ਕਰਾਰ,
ਮੁੜ-ਮੁੜ ਕਰਾਂ ਪੁਕਾਰ !
ਮੇਰੇ ਦਰਦ ਦਾ ਦਾਰੂ ਕੋਈ ਗੀਤ ਨਹੀਂ ਹੈ,
ਨਾ ਕੋਈ ਦ੍ਰਿਸ਼ ਮਨਮੋਹਣਾ
ਮੇਰੇ ਮਨ ਨੂੰ ਭਾਏ ।
ਮੈਂ ਤਾਂ ਬਸ ਇਕ ਬਾਲ ਨਿਆਣਾ,
ਹੱਡ ਮਾਸ ਦਾ ਪੁਤਲਾ,
ਕਿਵੇਂ ਨਾ ਚੀਖ਼ਾਂ, ਕਿਵੇਂ ਨਾ ਕੂਕਾਂ ?
ਮਾਂ ਤੋਂ ਬਿਨਾਂ-
ਕੋਈ ਵੀ ਧੀਰ ਬੰਨ੍ਹਾ ਨਾ ਸਕਦਾ,
ਨਾ ਕੋਈ ਹੋਰ ਪਰਚਾਅ ਹੀ ਸਕਦਾ,
ਉਸੇ ਨੂੰ ਮੈਂ ਭਾਲਾਂ,
ਵਿਚ ਦੇਸ਼ਾਂ ਤੇ ਕਾਲਾਂ,
ਵਿਚ ਅਨੰਤ ਪੁਲਾੜਾਂ
ਮਾਂ ਦੇ ਤਾਂਈਂ ਪੁਕਾਰਾਂ !
ਇਸ ਬਾਲ ਨੂੰ ਚੈਨ ਕਦ ਆਵੇ ?
ਉਸ ਦੀ ਨੰਨ੍ਹੀ ਛਾਤੀ
ਮਾਂ ਦੇ ਸੀਨੇ ਨਾਲ ਲਗ ਕੇ,
ਲਭ ਰਹੀ ਹੈ ਉਹ ਹੁਲਾਰਾ
ਮਾਂ ਮਮਤਾ ਦੀ ਵਾਤਸਲਤਾ ਦਾ !
ਜਦ ਉਹ ਮਾਂ ਦੀ ਛਾਤੀ ਲਗ ਕੇ ਪੈਂਦਾ

ਮਾਂ ਦੇ ਬੁਲ ਉਸ ਦਾ ਮੁਖੜਾ ਚੁੰਮਦੇ,
ਅਰਧ-ਮੁੰਦੇ ਨੈਣ ਜਦ ਖੀਵੇ
ਮਾਂ ਦੇ ਬਾਲ-ਨੈਣਾਂ ਵਿਚ ਤੱਕਣ
ਤਾਂ ਇਕ ਮਸਤੀ ਜਿਹੀ ਛਾ ਜਾਵੇ,
ਬਾਲ ਸ਼ਾਂਤ ਹੋ ਜਾਵੇ ।
ਆਪਣੀਆਂ ਨਿੱਕੀਆਂ ਬਾਹਾਂ
ਉਹ ਮਾਂ ਦੇ ਗਲੇ ਵਲਾਵੇ,
ਖ਼ੁਸ਼ੀ ਵਿਚ ਨਾ ਸਮਾਵੇ ।
ਛੋਟੇ ਬਾਲ ਨਿਆਣੇ ਤਾਂਈਂ
ਮਾਂ ਸਭ ਤੋਂ ਵੱਧ ਸ਼ਕਤੀ ।
ਮਾਂ ਦੀ ਹੋਂਦ ਹੀ
ਬਾਲ ਦਾ ਸਭ ਕੁਝ ।
ਬਾਲ ਦੇ ਲਈ ਤਾਂ ਮਾਂ ਆਪਣੀ ਹੀ
ਰੱਬ ਦਾ ਰੂਪ ਸਾਕਾਰ;
ਮਾਂ ਹੈ ਸਰਬ ਆਕਾਰ !
ਆਪਣੀ ਮਾਂ ਨੂੰ ਪਾ ਕੇ
ਵਿਚ ਗਲਵਕੜੀ ਉਸ ਦੇ
ਬਾਲ ਦਾ ਰੋਣਾ ਮੁਸਣਾ
ਚੁੱਪ ਹੋ ਜਾਂਦਾ,
ਪੀੜ ਵਿਛੋੜੇ ਵਾਲੀ ਹੋ ਜਾਏ ਦੂਰ,
ਮੁਖੜੇ ਉਪਰ ਖ਼ੁਸ਼ੀਆਂ ਲਹਿਰਨ,
ਆਤਮਾ ਵਿਚੋਂ ਫੁੱਲਾਂ ਹਾਰ ਸੁਗੰਧੀ ਆਵੇ ।
ਜਗ ਦੇ ਮੇਲੇ ਵਿਚ ਗੁਆਚਾ
ਮੈਂ ਇਕ ਬਾਲ ਨਿਆਣਾ !
ਲਭਾਂ ਬਾਪੂ ਆਪਣਾ !
ਕੁਝ ਦਾਨਿਆਂ ਆ ਕੇ
ਮੈਨੂੰ ਦਿਤਾ ਦਿਲਾਸਾ,
ਕੁੱਛੜ ਵਿਚ ਚੁਕ ਲੀਤਾ,
ਫੇਰਦੇ ਰਹੇ ਮੈਨੂੰ ਹੱਟ-ਹੱਟ

ਤੇ ਤੰਬੂਆਂ ਦੇ ਵਿਚਕਾਰ,
ਮੁੜ-ਮੁੜ ਪੁਛਦੇ :
"ਭਲਾ ਪਛਾਣ ਸ਼ਾਂ
ਇਨ੍ਹਾਂ ਵਿਚੋਂ ਕਿਹੜਾ ਤੇਰਾ ਬਾਪੂ ?"
ਅਨੰਤ ਚੱਕਰ ਉਨ੍ਹਾਂ ਲਾਏ,
ਕਈ ਰਾਜ-ਦੁਆਰੇ,
ਕਈ ਜੋਧ ਮਹਾਂ ਬਲ ਸੂਰਾਂ ਦੇ ਘਰ,
ਕਈ ਪੈਗ਼ੰਬਰਾਂ ਨਬੀ ਅਵਤਾਰਾਂ ਦੇ ਦਰਸ਼ਨ ਕਰਵਾਏ,
ਫਿਰ ਕਈ ਕਵੀ ਤੇ ਸ਼ਾਇਰ
ਚਿੰਤਕ ਮਹਾਂ ਵਿਦਵਾਨ ਦਰਸ਼ਨਵੇਤੇ,
ਕੁਝ ਬਿਰਧ ਕੁਝ ਜਵਾਨ;
ਸਭ ਮੈਂ ਤੱਕੇ ।
ਫਿਰ ਰਾਣੀਆਂ ਮਹਾਂਰਾਣੀਆਂ ਤੇ
ਰੰਗ-ਮਹਿਲਾਂ ਅੰਦਰ,
ਜਾ ਉਨ੍ਹਾਂ ਨੂੰ ਮਿਲਿਆ,
ਜੋ ਦੇਵਤੇ ਹਾਰ ਪੁੱਤਾਂ ਦੀਆਂ ਸਨ ਮਾਂਵਾਂ,
ਸੀਰਤ ਉਨ੍ਹਾਂ ਦੀ ਫ਼ਰਿਸ਼ਤਿਆਂ ਵਰਗੀ
ਕੋਮਲ ਨਰਮ ਅਪਾਰ ਕਰੁਣਾ-ਰੱਤੀਆਂ
ਜੋ ਇਕ ਇਸਤਰੀ ਤਾਂਈਂ
ਰੂਪ-ਸਰੂਪ ਦੀ ਦੇਵੇ ਪੂਰਨਤਾ,
ਬਣ ਜਾਏ ਉਹ ਸੁੰਦਰਤਾ
ਤੇ ਪਵਿੱਤਰਤਾ ਦੀ ਸਾਖਿਆਤ ਮੂਰਤ !
ਜਿਤਨੇ ਤੰਬੂ ਸੁੰਦਰ ਸੋਨ-ਸੁਨਹਿਰੀ
ਝਾਲਰਾਂ ਵਾਲੇ ਚਮਕੀਲੇ,
ਉਨ੍ਹਾਂ ਵਿਚ ਉਹੋ ਜਿਹੇ ਵਾਸੀ,
ਦੁੱਧ ਚਿੱਟੇ ਨਿਰਮਲ ਧੋਤੇ ਬਸਤਰਾਂ ਵਾਲੇ,
ਸੂਰਤ ਸੀਰਤ ਫ਼ਰਿਸ਼ਤਿਆਂ ਹਾਰ ।
ਜਿੰਨੀਆਂ ਸੁੰਦਰ ਅਨੂਪਮ ਨਾਰਾਂ,
ਉਨ੍ਹਾਂ ਤੋਂ ਵੱਧ ਉਨ੍ਹਾਂ ਦੇ ਪਹਿਨੇ

ਹੀਰੇ ਰਤਨਾਂ ਦੀਆਂ ਚਮਕਾਰਾਂ,
ਤੱਕ-ਤੱਕ ਇਨ੍ਹਾਂ ਦ੍ਰਿਸ਼ਾਂ ਤਾਂਈਂ,
ਮੇਰੇ ਦਿਲ ਦੀ ਪੀੜਾ ਹੋਰ ਵੀ ਵਧਦੀ ਜਾਵੇ
ਤੇ ਧੁਰ ਅੰਦਰੋਂ ਮੇਰੀ ਰੂਹ ਪਈ ਕੁਰਲਾਵੇ :
"ਕਿਥੇ ਹੈ ਮੇਰੀ ਮਾਂ ਤੇ ਬਾਪੂ ?"
ਹੁਣ ਮੈਂ ਹਾਂ ਕੁਝ ਵੱਡਾ ਹੋਇਆ,
ਪਰ ਹਾਲੀ ਤਕ ਵੀ
ਮੈਂ ਆਪਣੇ ਬਾਪੂ ਨੂੰ ਨਹੀਂ ਤੱਕਿਆ;
ਕਈ ਮਹਾਂ ਪੁਰਸ਼ਾਂ ਕੀਤੇ ਯਤਨ ਅਨੇਕ,
ਪਰ ਹੁਣ ਤਕ ਵੀ
ਮਿਲੀ ਨਾ ਮੈਨੂੰ ਆਪਣੀ ਮਾਤ ਪਿਆਰੀ !
ਕਈ ਪੰਛੀ ਰੰਗ, ਬਰੰਗੇ ਲੱਭਣ ਉਸ ਨੂੰ
ਅਨੇਕ ਦਿਸ਼ਾਵੀਂ ਉਡੇ ਵਿਚ ਆਕਾਸ਼ੀਂ;
ਮਿਲੀ ਨਾ ਪਰ ਮੈਨੂੰ ਆਪਣੀ ਮਾਂ ਦੀ ਸੋਅ;
ਭਾਵੇਂ ਉਨ੍ਹਾਂ ਇਸ ਭਾਲ ਵਿਚ
ਮੇਰਾ ਹੱਥ ਵਟਾਇਆ ।
ਮਿਹਰ ਕਰੋ, ਮੇਰੇ ਰਖਣਹਾਰ !
ਮੈਂ ਵਿਚ ਵਿਛੋੜੇ ਮਾਤ-ਪਿਤਾ ਦੇ
ਹੋ ਗਿਆ ਹਾਂ ਬੇਹਾਲ,
ਇਕ ਦੀਵਾਨਾ !
ਹਰ ਕਦਮ 'ਤੇ ਮੇਰੇ ਤੌਖਲੇ
ਡਰ ਤੇ ਚਿੰਤਾ ਮੈਨੂੰ ਪਏ ਡੁਲਾਵਣ,
ਮੈਂ ਠੇਢੇ ਪਿਆ ਖਾਵਾਂ, ਲੜਖੜਾਵਾਂ ।
ਤੱਕਾਂ ਇਕ ਬਿਰਧ
ਤਰਨ-ਵਰੇਸ ਦੀ ਫੁਰਤੀ ਵਾਲਾ,
ਦੁਧੀਆ ਰੰਗਾ ਉਸ ਦਾ ਦਾੜ੍ਹਾ,
ਸਿਰ 'ਤੇ ਚਿੱਟੀ ਦਸਤਾਰ,
ਹਿਮ-ਖੰਡਾਂ ਦੀ ਛਵੀ ਹਾਰ ਪਵਿੱਤਰ ਚਿੱਟੀ,
ਤੱਕ ਕੇ ਉਸ ਦਾ ਨੂਰ ਚਮਕਦਾ ਮੱਥਾ

ਮੈਂ ਧਾਅ ਗਲਵਕੜੀ ਪਾਈ
ਤੇ ਉਚੀ ਉਚੀ ਚੀਖ਼ਣ ਲਗਾ :
''ਬਾਪੂ ! ਬਾਪੂ !''
ਤਾਂ ਫਿਰ ਮੇਰੀ ਆਤਮਾ ਪਰਤ ਆਈ
ਮੇਰੇ ਅੰਦਰਵਾਰ,
ਹੋਇਆ ਮੈਂ ਅਡੋਲ,
ਖ਼ੁਸ਼ੀ ਵਿਚ ਨਾ ਮਿਉਂਦਾ,
ਇਸ ਸੰਜੋਗੀ ਮੇਲ ਦੇ ਮਹਾਂ-ਆਨੰਦ ਵਿਚ
ਹਾਲੇ ਵੀ ਥਰਹਰ ਕੰਪਣ ਵਾਲਾ ਸੀ ਪਹਿਰਾ,
ਮੈਨੂੰ ਆਪਣਾ ਬਾਪੂ ਮਿਲਿਆ
ਜਿਸ ਨੂੰ ਸਾਰੇ ਮੇਰੀ ਖ਼ਾਤਰ ਲਭ ਸਨ ਥੱਕੇ ।
ਫਿਰ ਮੈਂ ਤੱਕਿਆ ਇਕ ਘੋੜ-ਸਵਾਰ,
ਸ਼ਾਹ-ਸਵਾਰ ਕਰੇ ਅਸਵਾਰੀ
ਸ਼ਾਹੀ ਘੋੜੇ ਉਪਰ,
ਤੱਕ ਉਸ ਨੂੰ ਮੈਂ ਉਸ ਦੇ ਘੋੜੇ ਪਿਛੇ ਨੱਠਾ,
ਉਸ ਅਸਵਾਰ ਨਾ ਮੁੜ ਕੇ ਪਿਛਾਂਹ ਸੀ ਤੱਕਿਆ,
ਵਾਹੋਦਾਹੀ ਉਸ ਨੇ ਆਪਣਾ ਘੋੜਾ
ਦੁੜਕੀ ਚਾਲ ਦੌੜਾਇਆ ।
ਮੈਂ ਕੀ ਜਾਣਾਂ ਸਾਰ !
ਫਿਰ ਮੈਂ ਕੁਝ ਇੰਝ ਹੋਇਆ
ਝੱਲਾ ਤੇ ਮਸਤਾਨਾ,
ਕਿ ਜਿਸ ਵੀ ਇਸਤਰੀ ਮਰਦ ਨੂੰ ਤੱਕਾਂ
ਉਸ ਨੂੰ ਘੁੱਟ ਗਲਵਕੜੀ ਪਾਵਾਂ,
ਜਾਪੇ ਮੈਨੂੰ ਉਹੀ ਮੇਰਾ 'ਪਿਤਾ ਤੇ ਮਾਤਾ' !
ਕੁਝ ਇਸ ਤਰ੍ਹਾਂ ਦੀ ਦੀਵਾਨਗੀ
ਮੇਰੇ ਉਪਰ ਛਾਈ,
ਮੈਨੂੰ ਬੱਦਲਾਂ ਵਿਚ ਵੀ ਆਪਣਾ ਬਾਪੂ ਦਿਸਦਾ,
ਪਵਨਾਂ ਵਿਚ ਭ੍ਰਮਣ ਕਰਦਾ,
ਤਾਰਿਆਂ ਸੰਗ ਵਿਚਰਦਾ,

ਇਹ ਕੁਝ ਤੱਕ ਕੇ,
ਹੋਇਆ ਮੈਂ ਬੇਚੈਨ ।
ਇਕ ਨੰਨ੍ਹਾ ਬਾਲ ਨਾਦਾਨ
ਸ਼ਿਸ਼ੂਕਾਲ ਤੋਂ ਗੁਆਚਾ ਹੋਇਆ,
ਜਿਸ ਨੂੰ ਚੱਟਾਨਾਂ ਨੇ
ਆਪਣਿਆਂ ਗੋਡਿਆਂ ਉਤੇ ਖਿਡਾਇਆ,
ਸਮੇਂ ਦੇ ਪੰਛੀਆਂ
ਜਿਸ ਨੂੰ ਚੋਗ ਚੁਗਾਇਆ,
ਜਿਸ ਦਾ ਘਰ
ਵਿਚ ਬਾਜ਼ਾਰ ਦੀ ਮੰਡੀ,
ਪਰ ਜਿਸ ਨੇ ਹਜ਼ਾਰਾਂ ਦੰਪਤੀਆਂ ਵਿਚੋਂ
ਕਦੀ ਨਾ ਕਿਸੇ ਨੂੰ ਤੌਂਕਿਆ,
ਸਹੰਸਰ ਮਾਂਵਾਂ
ਆਪਣੇ ਸਹੰਸਰ ਬਾਲਾਂ ਤਾਂਈਂ ਦੁੱਧ ਚੁੰਘਾਵਣ,
ਪਰ ਮੈਨੂੰ ਕਿਤੋਂ ਨਾ ਹੋਈ ਪ੍ਰਾਪਤ
ਬੂੰਦ ਉਹ ਅੰਮ੍ਰਿਤ ਦੁੱਧ ਦੇ ਵਾਲੀ
ਵੱਛਾ ਹਾਲੀ ਵੀ ਗਊ-ਮਾਂ ਨੂੰ ਚੁੰਘਦਾ-ਚੁੰਘਦਾ
ਉਸ ਨੂੰ ਸਿਰ ਪਿਆ ਮਾਰੇ,
ਮਮਤਾ ਉਸ ਦੀ ਲੋਚੇ,
ਗਊ ਵੀ ਆਪਣੇ ਵਛੜੇ ਤਾਂਈਂ
ਚੁੰਮੇ, ਚੱਟੇ ਤੇ ਪੁਚਕਾਰੇ ।
ਐਪਰ !
ਇਹ ਪ੍ਰੇਮ ਦੀ ਕ੍ਰੀੜਾ
ਸਿਰਜਨਹਾਰ ਦੀ ਸ੍ਰਿਸ਼ਟੀ ਤਾਂਈਂ ਹਿਲਾਵੇ !
ਹੈ ਇਹ ਭਾਗ-ਵਿਧਾਤਾ ਸਭ ਦਾ,
ਇਹ ਪ੍ਰੇਮ ਦੇ ਪਾਂਧੀ
ਕਦੇ ਨਾ ਇਕ ਦੂਜੇ ਦੇ ਅੰਕ ਸਮਾਵਣ;
ਹੋਵਣ ਇਕਮਿਕ !
ਸਿਖ਼ਰ ਦੁਪਹਿਰੇ ਇਕ ਦਿਨ ਇਹ ਦੀਵਾਨਾ

ਜਗਤ-ਜਲੰਦੇ ਦੀਆਂ ਤਪਦੀਆਂ ਰੇਤੜਾਂ ਉੱਤੇ
ਜੀ ਵੇਖੇ !
ਇਕ ਸੁਅਪਨ-ਦ੍ਰਿਸ਼ ਸੁਨਹਿਰੀ,
ਜਿਸ ਵਿਚ ਆਕਾਸ਼ ਆਪ ਹੋਇਆ ਸਾਕਾਰ
ਇਤਨੀ ਮਨਮੋਹਣੀ ਸੁੰਦਰਤਾ
ਚੀਰ ਕੇ ਜੋ ਕਰ ਦੇਵੇ ਦਿਲ ਨੂੰ ਦੋਫਾੜ,
ਜਿਸ ਦੀ ਇਕ ਤੱਕਣੀ ਨੂੰ ਤੱਕ ਕੇ
ਮਾਨਵ ਹੋ ਜਾਂਦਾ ਬਲਿਹਾਰ,
ਕਰਦਾ ਸਿਜਦਾ ਉਸ 'ਸੁੰਦਰੀ' ਦਾ
ਬਣ ਜਾਏ ਉਸ ਦਾ ਦਾਸ ।
ਜਿਸ ਨੂੰ ਇਕ ਵਾਰ ਨਿਹਾਰ
ਮਨੁੱਖ-ਮਾਤਰ ਭੁਲ ਜਾਏ ਆਪਣਾ ਆਪ
ਤੇ ਹੋਰ ਸਭ ਕੁਝ,
ਜਿਸ ਦੀ ਇਕ ਤੱਕਣੀ
ਨਦਰ-ਕਰਮ ਦੀ ਕਾਰ,
ਆਤਮਾ ਉਚੇ ਮੰਡਲੀਂ ਜਾਏ ਉਡਾਰੀ ਮਾਰ;
ਦੇਸ਼ ਤੇ ਕਾਲ ਦੀਆਂ ਹੱਦਾਂ ਨੂੰ
ਕਰ ਜਾਂਦੀ ਹੈ ਪਾਰ,
ਉਸ ਦੇ ਸੁੰਦਰ ਨੈਣਾਂ ਤੋਂ ਪਾ ਇਸ਼ਾਰਾ
ਤਾਰਿਆਂ ਦਾ ਹੈ ਮੀਂਹ ਪਿਆ ਵਰ੍ਹਦਾ ।
ਇਸ ਇਕੋ ਤੱਕਣੀ ਦੇ ਅੰਦਰ
ਸਹੰਸਰ ਪੰਛੀ,
ਰੂਹਾਂ ਦਾ ਹੋ ਜਾਂਦਾ ਹੈ ਕਾਲ !
ਇਹ ਤਾਂ ਸਰਬ ਸੁੰਦਰਤਾ ਦੀ ਸ੍ਰਿਸ਼ਟੀ ਦੀ
ਇਕ ਤੱਕਣੀ ਦਾ ਕੌਤਕ !
ਬ੍ਰਹਿਮੰਡਾਂ ਦੇ ਸੁੱਤੇ ਅੰਗਾਂ ਅੰਦਰ
ਨਵ-ਸ਼ਕਤੀ ਦਾ ਹੋਵੇ ਸੰਚਾਰ,
ਤੇ ਇਕ ਜਾਗੇ ਥਰਹਰ ਕੰਬਣੀ
ਤਾਂ ਇਸ ਪਰਮ-ਸੁੰਦਰਤਾ ਦੀ

ਹੋਵੇ ਜੈ ਜੈ ਕਾਰ !
ਫਿਰ ਆਕਾਸ਼-ਮੰਡਲ 'ਚੋਂ
ਪ੍ਰਗਟਿਆ ਇਕ ਆਕਾਰ,
ਜੋਬਨ ਰੁੱਤ ਵਿਚ ਖਿੜਿਆ ਮੁਖੜਾ
ਖ਼ੁਸ਼ੀਆਂ ਵੰਡਦਾ, ਅਤਿ ਦਾ ਕੋਮਲ, ਨਦਰ ਅਪਾਰ,
ਭੋਲਾ ਭਾਲਾ ਤੇ ਦਇਆ ਦਾ ਭੰਡਾਰ,
ਗੁਲਾਬ ਦੇ ਫ਼ੁੱਲ ਤੋਂ ਵੀ
ਭਿੰਨੀ ਮਿੱਠੀ ਮਹਿਕ ਦਾ ਸੁਆਮੀ,
ਫਿਰ ਵੀ ਉਹ ਮਨੁੱਖ ਸਰੂਪ ਵਿਚ
ਸਰਬ ਸਾਧਾਰਨ ਜਾਪੇ,
ਸਭ ਦਾ ਸਾਂਝਾ ਸਾਂਝੀਵਾਲ !
ਭਾਵੇਂ ਹੱਡ ਮਾਸ ਦਾ ਪੁਤਲਾ,
ਪਰ ਮਸਤਕ ਲਸਦਾ ਨੂਰ,
ਐਸਾ ਚੋਜੀ ਮੇਰਾ ਪ੍ਰੀਤਮ !
(ਚੋਜੀ ਮੇਰਾ ਗੋਵਿੰਦ)
ਜਿਸ ਵਿਚੋਂ ਮੈਨੂੰ ਸਭ ਕੁਝ ਲਭੇ-
ਮਾਤ, ਪਿਤਾ, ਬੰਧਪ ਤੇ ਸੁਆਮੀ !
ਇਹੋ ਹਸਤੀ ਮੇਰੀ ਮਾਤਾ,
ਆ ਗਈ ਮੇਰੇ ਕੋਲ ।
ਉਸ ਨੇ ਮੈਨੂੰ ਆਪਣੀ ਗੋਦੀ ਪਾਇਆ,
ਮੈਂ ਹੁਣ ਜੋ ਸਾਂ ਪੂਰਾ ਸੂਰਾ ਮਰਦ,
ਲੰਮੇ ਕੇਸਾਂ ਤੇ ਖੁਲ੍ਹੇ ਦਾੜ੍ਹੇ ਵਾਲਾ,
ਜਿਸ ਵਿਚ ਹੁਣ ਸਨ ਚਾਂਦੀ-ਰੰਗੀਆਂ ਤਾਰਾਂ
ਜੋ ਇੰਝ ਦਿਸਦੀਆਂ
ਜਿਵੇਂ ਊਸ਼ਾ ਦੇ ਪ੍ਰਕਾਸ਼ 'ਚੋਂ ਫੁੱਟਣ ਕਿਰਨਾਂ
ਜੋ ਮੌਤ ਦੇ ਦੇਸ਼ ਨੂੰ ਵੀ ਪਾਰ ਕਰ ਜਾਂਦੀਆਂ;
ਇਸ ਦਾੜ੍ਹੀ ਦੀਆਂ ਧਾਰੀਆਂ ਅੰਦਰ ਸ਼ਕਤੀ
ਮੌਤ ਤੋਂ ਪਰ੍ਹੇ ਦੇ ਦੇਸ਼ ਪੁਜਣ ਦੀ,
ਹੁਣ ਮੈਂ ਇਕ ਕੰਬਦਾ ਨਿਰਬਲ ਬੁਢੜਾ,

ਮੈਲਾ ਵੇਸ ਟਾਕੀਆਂ ਵਾਲਾ,
ਸਿਰੋਂ ਨੰਗਾ 'ਤੇ ਪੈਰੋਂ ਵਾਹਣਾ,
ਇਕ ਯਾਤਰੀ
ਜੋ ਗੁਆਚ ਗਿਆ ਹੈ ਮਾਰੂਥਲ ਵਿਚ ।
ਇੰਝ ਆਦਮੀ ਦਾ ਪੁੱਤਰ
ਸੁੱਤਾ ਪਿਆ ਵਿਚ ਬੇਹੋਸ਼ੀ ।
ਪਰ ਅਚੰਭਾ !
ਜਦ ਆਈ ਉਸ ਨੂੰ ਜਾਗ
ਤਾਂ ਹੋ ਗਿਆ ਉਹ ਪਰਮ ਪਵਿੱਤਰ ।
ਉਸ ਦੇ ਮਿੱਟੀ ਦੇ ਅੰਗ ਸਾਰੇ
ਕੰਚਨ ਦੇ ਹੁਣ ਬਣ ਚੁਕੇ ਸਨ,
ਆਤਮਾ ਦੀ ਘਾੜਤ ਦੇ ਅੰਦਰ
ਉਹ ਨਵੇਂ ਸਿਰਿਉਂ ਹੀ ਗਏ ਸਨ ਸਿਰਜੇ ਤੇ ਢਾਲੇ ।
ਜਨਮ-ਮਰਨ ਦੀ ਜੀਵਨ-ਦੌੜ ਦਾ
ਅੰਤ ਸੀ ਹੋਇਆ ।
ਇਸੇ ਲਈ ਤਾਰਿਆਂ ਦੇ ਦੀਪਕ
ਚਮਕ ਰਹੇ ਸਨ ਵਿਚ ਅਸਮਾਨਾਂ !
ਉਸ ਮਾਤ ਨੇ ਆਪਣੇ ਸੁੰਦਰ ਹੱਥਾਂ ਨਾਲ
ਕਰ ਦਿਤਾ ਸ਼ਿੰਗਾਰ,
ਪਹਿਲਾਂ ਲੰਮੇ ਕੇਸਾਂ ਤਾਂਈਂ
ਜੂੜੇ ਦੇ ਵਿਚ ਬੰਨ੍ਹਿਆਂ,
ਫਿਰ ਸਿਰ ਉਪਰ
ਬਰਫ਼ਾਂ ਰੰਗੀ ਚਿੱਟੀ ਦਸਤਾਰ ਸਜਾਈ,
ਗੁਟ ਉਤੇ ਕੜਾ ਫ਼ੌਲਾਦੀ,
ਗਾਤਰੇ ਦੋ ਤਲਵਾਰਾਂ ਛੁਪੀਆਂ ਹੋਈਆਂ,
ਦਾੜ੍ਹਾ ਖੁਲ੍ਹਾ ਤੇ ਪ੍ਰਕਾਸ਼ਮਾਨ,
ਇਸ ਪੁਰਸ਼ ਨੂੰ ਪਹਿਨਾਈ ਗਈ ਸੀ
ਸੁੰਦਰ ਪੌਸ਼ਾਕ ਯੋਧਿਆਂ ਵਾਲੀ,
ਇੰਝ ਉਹ ਯਾਤਰੀ

ਆਪਣੀ ਗੂੜ੍ਹੀ ਨੀਂਦ 'ਚੋਂ ਉਠਿਆ ।
ਉਸ ਨੇ ਬਨ ਵਿਚ ਕੁਟੀਆ ਇਕ ਬਣਾਈ,
ਆਪਣੇ ਹੱਥੀਂ ਛੱਪਰ ਛਾਏ,
ਘਾਸ-ਫੂਸ ਦੀ ਛੱਤ ਬਣਾਈ,
ਜਿਸ ਦੀਆਂ ਝੀਤਾਂ ਵਿਚੋਂ
ਚੰਨ ਸੂਰਜ ਦੀਆਂ ਰਿਸ਼ਮਾਂ ਝਾਕਣ ਅੰਦਰ;
ਲਾਲ ਮਿੱਟੀ ਦਾ ਘੜਾ ਸਜੀਲਾ,
ਢਕਿਆ ਮਿੱਟੀ ਦੇ ਪਿਆਲੇ ਦੇ ਨਾਲ,
ਵਿਛਾਉਣਾ ਘਾਸ-ਫੂਸ ਦਾ ਇੰਝ ਸਜਾਇਆ,
ਜਿਦਾਂ ਹੋਵੇ ਸਾਫ਼-ਸੁਥਰਾ ਆਲ੍ਹਣਾ ਪੰਛੀਆਂ ਸੰਦਾ,
ਇਥੇ ਸੁੰਦਰ ਖੰਭਾਂ ਵਾਲੇ
ਪੰਛੀ ਰੰਗ-ਬਰੰਗੇ ਆਉਂਦੇ,
ਇਸ ਪਿਆਲੇ 'ਚੋਂ ਪਾਣੀ ਪੀਂਦੇ,
ਸੁਹਣੀਆਂ ਚੁੰਝਾਂ ਨਾਲ
ਕਣਕ ਮੱਕੀ ਦੇ ਦਾਣੇ ਚੁਗਦੇ,
ਇਸ ਮਾਨਵ ਸੰਗ ਪਾਈ ਉਨ੍ਹਾਂ ਪੱਕੀ ਸਾਂਝ ।
ਇਹ ਕੁਟੀਆ ਵਾਲਾ ਮਰਦ ਫ਼ਕੀਰ
ਪੰਛੀ ਹਾਰ ਬੈਠਾ ਵਿਚ ਆਪਣੇ ਘਰ ਦੇ,
ਮਾਣ ਰਿਹਾ ਸੀ ਪੀਂਘ ਹੁਲਾਰੇ
ਕੁਦਰਤ ਮਾਂ ਦੀ ਗੋਦੀ ਅੰਦਰ,
ਧੁੱਪ ਮਾਣਦਾ, ਪਵਨ ਭਖਦਾ,
ਬੱਦਲਾਂ, ਮੀਹਾਂ, ਝੱਖੜਾਂ ਤਾਂਈਂ ਪਛਾਣਦਾ !
ਅਨੰਤ ਤਰੰਗਾਂ ਰੰਗਾਂ ਅੰਦਰ
ਜੀਵਨ ਪਿਆ ਗੁਜ਼ਾਰਦਾ !
ਇਕ ਵਾਰ ਮੁੜ ਇਸ ਮਾਨਵ ਦੇ ਸੁੱਤ ਅੰਦਰ,
ਪ੍ਰਭੂ ਦੀ ਹੋਂਦ ਦਾ ਜਾਗਿਆ ਅਹਿਸਾਸ,
ਆਪਣੇ ਨੀਵੇਂ ਆਪੇ ਤੋਂ ਮੁਕਤ,
ਪਰ ਆਪਣੇ ਨਿਰਛਲ ਭੋਲੇ-ਭਾਲੇ
ਆਪੇ ਨਾਲ ਜੁੜਿਆ ਹੋਇਆ,

ਜੋ ਇਤਨਾ ਮਾਸੂਮ
ਜਿਦਾਂ ਇਕ ਪੰਛੀ ਦਾ ਆਪਾ ਹੋਵੇ;
ਜੋ ਊਸ਼ਾ ਨੂੰ ਕਰੇ ਪਿਆਰ,
ਆਪਣੀ ਪਰਮ ਪਵਿੱਤਰ ਮਾਨਵਤਾ ਵਿਚ
ਕੰਬਦਾ ਤੇ ਦ੍ਰਵਦਾ ਵਿਚ ਖ਼ੁਮਾਰ,
ਵਿਚ ਪਿਆਰ ਝੂੰਮਦਾ,
ਭੈ ਵਿਚ ਡਰਦਾ,
ਮਾਣੇ ਪਿਆ ਵਿਸਮਾਦ
ਕੁਦਰਤ ਮਾਂ ਦੇ ਰੰਗ-ਬਰੰਗੇ
ਕੌਤਕੀ-ਚੋਜਾਂ ਦਾ ।
ਦੂਜਿਆਂ ਲਈ ਦਰਦ ਇੰਝ ਰਖਦਾ
ਜਿਵੇਂ ਦੁਨੀਆਂ ਵਾਲੇ ਦਰਦਮੰਦ ਬੰਦੇ
ਦਰਦ ਹੋਰਾਂ ਦਾ ਰਖਣ,
ਇਸੇ ਧੁਨ ਵਿਚ ਰਹਿਣ ਗ਼ਲਤਾਨ,
ਬਿਨ ਦਸੇ ਉਹ ਭਲਾ ਹੋਰਾਂ ਦਾ ਚਾਹੁਣ,
ਦੀਨ ਦੁਖੀਆਂ ਦੇ ਅਣਚਾਹੇ ਦਰਦ ਵੰਡਾਣ,
ਇਸ ਉਪਕਾਰ ਦੀ ਕਾਰ ਦੇ ਅੰਦਰ
ਭਾਲਣ ਸਮਾਂ ਸੁਹੇਲਾ,
ਬਿਨਾਂ ਕਿਸੇ ਨੂੰ ਕਸ਼ਟ ਦਿਤਿਆਂ
ਤੇ ਚੋਭ ਲਾਉਂਦਿਆਂ,
ਲੋੜਵੰਦਾਂ ਦੇ ਦੁਖੜੇ ਪਏ ਮਿਟਾਉਣ ।
ਇਹ ਇਕ ਬਾਲ ਮਨੁੱਖ
ਜੋ ਨਵੀਂ ਸਿਖੀ ਬੋਲੀ ਬੋਲ :
"ਵਾਹੁ ! ਵਾਹੁ !
ਮੇਰੇ ਸਾਹਿਬਾ ਸਾਈਆਂ !
ਵਾਹੁ ! ਵਾਹੁ !
ਮੇਰੀ ਪਾਵਨ ਹਸਤੀ !
ਮੈਂ ਜਾਵਾਂ ਬਲਿਹਾਰ !"
ਇਸ 'ਸ਼ਬਦ' ਦਾ ਉਸ ਦੇ ਹੋਠ ਵਿਰਦ ਕਮਾਵਣ,

ਇਹ ਮੰਤਰ ਹੁਣ ਉਸ ਦੀ ਰੱਤ ਵਿਚ ਛਣਕੇ ।
ਇਸ ਸ਼ਬਦ-ਧੁਨੀ ਤੋਂ ਵਿਛੜ
ਉਹ ਜਿਊਂ ਨਾ ਸਕਦਾ ।
ਇਹੋ ਉਸ ਲਈ ਪਵਨ,
ਆਕਾਸ਼ ਤੇ ਧਰਤੀ ।
ਜਲ ਵਿਚ ਮੀਨ ਦੀ ਨਿਆਂਈਂ
ਉਹ 'ਵਾਹਿਗੁਰੂ' ਸ਼ਬਦ ਦੇ
ਮਹਾਂ-ਸਾਗਰ ਵਿਚ ਤਰਦਾ,
ਇਸ ਬਿਨ ਰਹਿ ਨਾ ਸਕਦਾ ।
ਹੋਰਾਂ ਲਈ ਬਹੁਤ ਕੁਝ ਹੋਸੀ,
ਜੀਣ-ਥੀਣ ਦਾ ਆਹਰ,
ਪਰ ਉਸ ਲਈ ਤਾਂ ਕੇਵਲ ਇਕੋ
ਬਣਿਆਂ ਨਾਮ-ਆਧਾਰ ।
ਉਸ ਲਈ ਸਭੋ ਕੁਝ ਹੈ
ਇਹੋ ਵਸਤ ਅਮੋਲਕ ।
ਇਹੋ ਉਸ ਦਾ ਜੀਵਨ-ਸੋਮਾ
ਜਿਸ ਤੋਂ ਜੀਵਨ-ਕਣੀਆਂ
ਉਸ ਅੰਦਰ ਨਵਾਂ ਜੀਵਨ ਰੰਗ ਜਗਾਵਣ ।
ਇਹੋ ਉਸ ਦੇ ਰਿਸ਼ਤੇ-ਨਾਤੇ,
ਇਹੋ ਨਾਮ ਤੇ ਸ਼ਾਨ,
ਇਹੋ ਨਾਮ ਹੈ ਬਣਿਆਂ
ਉਸ ਦਾ ਪਰਮ ਨਿਧਾਨ ।
ਉਸ ਲਈ ਬੈਕੁੰਠ ਦਾ ਵਾਸਾ
ਬਸ ਕੇਵਲ ਇਕ 'ਨਾਮ'
ਇਸ ਨਾਮ ਰੂਪੀ ਕੁਟੀਆ ਤੋਂ ਬਾਹਰ
ਉਹ ਰਹਿ ਨਾ ਸਕਦਾ ।
ਇਸ ਸ਼ਬਦ ਵਿਚ ਉਸ ਦੀ ਰੱਖਿਆ ਹੁੰਦੀ,
ਇਹੋ ਉਸ ਦਾ ਰਖਣਹਾਰ ।
'ਨਾਮ' ਵਿਹੂਣੇ ਚੌਗਿਰਦੇ ਵਿਚ

ਉਸ ਦਾ ਦਮ ਪਿਆ ਘੁਟਦਾ ।
ਉਸ ਦੇ ਜੀਵਨ ਦੀ ਸਿਖ਼ਰ ਦੁਪਹਿਰ ਦੇ
ਸੁੰਦਰ ਸੁਪਨਿਆਂ ਅੰਦਰ ਵਿਚਰਨ ਵਾਲੇ ਸਭ ਫ਼ਰਿਸ਼ਤੇ
ਇਸ ਨਾਮ ਵਿਚ ਉਸ ਨੂੰ ਦਿਸਦੇ ।
ਉਸ ਦੀ ਮਾਤਾ ਸੁਪਨਿਆਂ ਅੰਦਰ
ਉਸ ਨੂੰ ਦਰਸ਼ਨ ਦਿੰਦੀ
ਤੇ ਇਸ ਜੀਵਨ-ਰਹੱਸ ਦੇ
ਸਾਰ ਦਾ ਮਰਮ ਜਣਾਉਂਦੀ ।
ਸੁਖੋਪਤ-ਅਵਸਥਾ ਦੀ ਨਿੰਦਰਾ ਦੇ ਸੁਪਨੇ
ਉਸ ਨੂੰ ਸਾਰੀ ਰਮਜ਼ ਸਮਝਾਵਣ,
ਪਰ ਕੈਸਾ ਇਹ ਅਚੰਭਾ
ਕਿ ਜਦ ਉਹ ਸਭ ਕੁਝ ਜਾਣੇ,
ਇੰਝ ਆਭਾਸ ਹੋਏ ਉਸ ਨੂੰ ਤਦ,
ਉਹ ਕੁਝ ਵੀ ਨਾ ਜਾਣੇ ।
ਉਸ ਦੇ ਸਾਹਾਂ ਦੇ ਚਕਰ ਵਿਚ
ਮੁਕਤੀ ਜਿਹੀ ਕੋਈ ਦੌੜੇ,
ਲੋੜ ਨਾ ਉਸ ਨੂੰ ਰਹੀ
ਫਿਰ ਕਿਸੇ ਟੇਕ ਦੀ ।
ਉਸ ਦੇ ਅਡੋਲ ਸ਼ਾਂਤ ਮਨ ਨੂੰ
ਨਾ ਕੋਈ ਕਾਮਨਾ-ਲਹਿਰ ਡੁਲਾਵੇ,
ਆਤਮ-ਸ਼ਾਂਤੀ, ਆਤਮ-ਸੰਜਮ ਦੇ ਸਾਗਰ ਤਲ 'ਤੇ
ਉਹ ਇਕ ਵਿਗਸੇ ਕੰਵਲ ਹਾਰ ਦਿਸ ਆਵੇ
ਗੁਰੂ ਵਿਰੋਸਾਏ 'ਨਾਮ' ਦੀ ਪਵਨ ਸਮੀਰੀ ਅੰਦਰ
ਉਸ ਦੀ ਦੇਹ ਦੀ ਜੀਵਨ-ਨਈਆ
ਅਨੰਤ ਵਲ ਠੁੰਮ-ਠੁੰਮ ਤਰਦੀ ਜਾਵੇ ।
ਗੁਰੂ ਦੀ ਬਖ਼ਸ਼ੀ ਗਿਆਨ-ਜੋਤ ਨੇ
ਉਸ ਦੀ ਕਾਂਇਆ ਕਲਪ ਹੈ ਕੀਤੀ !
ਇਸ ਅਵਸਥਾ ਅੰਦਰ ਉਸ ਨੂੰ
ਹੋਵੇ ਇਹ ਆਭਾਸ,

ਮੈਂ ਹਾਂ ਆਪਣੇ 'ਪ੍ਰਭੂ ਪਿਤਾ' ਦੇ ਪਾਸ ।
ਉਸ ਦੀ ਗੋਦੀ ਵਿਚ ਮੈਂ ਸੌਂਵਾਂ ਤੇ ਜਾਗਾਂ ।
ਜਦ ਮੈਂ ਕਦੀ ਵੀ ਡਗਮਗਾਂਦਾ
ਉਹ 'ਪ੍ਰਭੂ ਪਿਤਾ' ਮੇਰੇ ਦੁਆਲੇ
ਆਪਣੀਆਂ ਬਾਹਾਂ ਵਲਾਂਦਾ ।
ਜਦ ਮੇਰੀ ਘਾਸ-ਫੂਸ ਦੇ ਛੱਪਰ ਦੀ
ਕੁਟੀਆ ਦੇ ਪਿਛਵਾੜੇ,
ਚੰਨ ਚੜ੍ਹ ਉਚਾ ਹੁੰਦਾ
ਤਾਂ ਮੈਂ ਆਪਣੇ ਘਾਹ-ਫੂਸ ਦੇ
ਤਿਣਕਿਆਂ ਵਾਲੇ ਨਰਮ ਵਿਛੌਣੇ ਉਤੇ ਲੇਟਿਆ
ਉਸ ਦੇ ਆਗਮਨ ਨੂੰ ਤੱਕਦਾ,
ਆਕਾਸ਼ਾਂ ਉਤੇ ਤਾਰੇ ਤੱਕਣਾ
ਮੇਰਾ ਬਣਿਆਂ ਪ੍ਰੇਮ-ਵਿਹਾਰ,
ਹੋਰ ਉਚੇ ਗਗਣਾਂ ਨੂੰ ਤੱਕ ਤੱਕ
ਮੈਂ ਹੁੰਦਾ ਬਲਿਹਾਰ ।
ਆਪਣੇ ਬਾਪ ਦੇ ਕੁੱਛੜ ਬੈਠਾ
ਹੱਥ ਫੜੀ ਦੁੱਧ ਅੰਮ੍ਰਿਤ ਵਾਲਾ ਨਾਮ-ਕਟੋਰਾ
ਮੈਂ ਕਿਸੇ ਪਾਤਸ਼ਾਹ ਤੋਂ ਘੱਟ ਨਾ ਹੁੰਦਾ ।
ਜਗ ਦੇ ਮੇਲੇ ਤਾਂਈਂ
ਹੁਣ ਮੇਰਾ ਅਲਵਿਦਾ ਕਹਿਣ ਦਾ ਸਮਾਂ ਹੈ ਆਇਆ !
ਹੁਣ ਤਾਂ ਮੇਰੇ ਪ੍ਰਭੂ ਪਿਤਾ ਨੇ ਮੈਨੂੰ ਸੱਦੜੇ ਘੱਲੇ ।
ਪ੍ਰੇਮ ਦੀਆਂ ਸਿਖ਼ਰਾਂ 'ਤੇ ਬੈਠਾ,
ਮੈਂ ਇਹ ਬਚਨ ਅਲਾਵਾਂ :
''ਹੇ ਧਰਤੀ !
ਹੇ ਆਕਾਸ਼ ਪਿਆਰੇ !
ਹੇ ਪਵਨਾਂ ਦੇ ਹੁਲਾਰੇ !
ਤੇ ਜਲ ਦੀਓ ਲਹਿਰੋ !
ਹੇ ਦਿਵਸ-ਰਾਤ ਦੇ ਦਾਈ-ਦਾਇਆ ਗੇੜੇ !
ਇਸ ਪ੍ਰੇਮ ਦੇ ਉਚ ਆਸਨ ਤੇ ਬੈਠਾ

ਮੈਂ ਤੁਹਾਨੂੰ ਭੇਜਾਂ
ਆਪਣੀ ਅਲਵਿਦਾ ਲੈਣ ਸਮੇਂ ਦੀਆਂ ਸ਼ੁਭ ਕਾਮਨਾਵਾਂ !
ਰੁੱਤਾਂ ਮਹਾਂ-ਰੁੱਤਾਂ ਦੇ ਜੀਵਨ-ਗੇੜੇ ਦੇ ਚਕਰਾਂ ਵਿਚ ਬਝੇ-
ਨਰ, ਨਾਰੀ, ਬਾਲੇ ਤੇ ਬਿਰਧੇ !
ਹੱਥ ਜੋੜ ਮੈਂ ਆਪ ਨੂੰ
ਗੁਰੂ ਦੀ ਦਸੀ ਫ਼ਤਹਿ ਬੁਲਾਵਾਂ
''ਸਤਿ ਸ੍ਰੀ ਅਕਾਲ'' ਅਲਾਵਾਂ !
ਪਰ ਵਿਛੜਨ ਤੋਂ ਪਹਿਲਾਂ ਮੈਂ ਤੁਹਾਡੇ ਨਾਲ
ਉਹ 'ਸੱਚ' ਸਾਂਝਾ ਕਰਨ ਹਾਂ ਲਗਾ
ਜੋ ਮੈਨੂੰ ਮੇਰੇ ਗੁਰੂ-ਬਾਬੇ ਆਪ ਸੁਝਾਇਆ ਤੇ ਸਮਝਾਇਆ,
ਕੇਵਲ ਇਕੋ 'ਨਾਮ' ਹੈ ਸਾਡਾ ਰਾਖਾ !
ਇਹੋ ਇਕ 'ਨਾਮ' ਹੈ ਮਹਾਂ ਪ੍ਰੇਮ ਦਾ ਨੇਮ
'ਨਾਮ' ਆਦਿ ਹੈ, 'ਨਾਮ' ਅੰਤ ਹੈ,
'ਨਾਮ' ਹੈ ਮਾਰਗ, 'ਨਾਮ' ਹੈ ਦੀਪਕ,
'ਨਾਮ' ਹੈ ਸਭ ਅੰਤਾਂ ਦਾ ਅੰਤ-
ਸਭ ਹੱਦਾਂ ਦੀ ਹੱਦ,
ਜੀਵਨ ਦਾ ਕੋਈ ਵੀ ਪੱਖ
ਇਸ ਦਾ ਕਰ ਨਾ ਸਕੇ ਵਿਖਿਆਨ,
ਸਰਬ-ਜੀਵਨ ਹੈ ਇਸ ਦੇ ਅੰਦਰ
ਸਭ ਦਾ ਇਹੋ ਮੁਕਾਮ ।
ਚਾਹੇ ਜੋ ਤੁਸੀਂ ਇਸ ਦਾ ਨਾਮ ਧਰਾਵੋ
ਪਰ ਇਹ ਹੈ ਗੁਰੂ ਨਾਨਕ ਦੇ ਜੀਵਨ-ਮਾਰਗ ਦੇ ਪ੍ਰੇਮ ਦਾ ਮਹਾਂ-ਨੇਮ !''

2. ਮੈਂ ਮਾਲੀ ਦੀ ਬੇਟੜੀ

(੧)

ਮੈਂ ਮਾਲੀ ਦੀ ਬੇਟੜੀ !
ਸਿਰ ਮੇਰੇ 'ਤੇ ਖਾਰੀ
ਸਵੇਰ ਦੇ ਅਰਸ਼ੀ ਫ਼ੁੱਲਾਂ ਵਾਲੀ,
ਇਸ ਖਾਰੀ ਦੇ ਅੰਦਰ
ਸੂਰਜ-ਕੰਵਲ ਵਲੇਟਿਆ ਹੋਇਆ,
ਆਪਣੇ ਪਿਤਾ ਪਿਆਰੇ ਦੀ
ਭੇਟ ਚੜ੍ਹਾਵਣ ਖ਼ਾਤਰ ।
ਸਿਰ 'ਤੇ ਚੁਕੀ ਇਸ ਖਾਰੀ ਨੂੰ
ਮੈਂ ਪਹੁੰਚੀ ਵਿਚ ਬਾਜ਼ਾਰ !
ਇਨ੍ਹਾਂ ਫ਼ੁੱਲਾਂ ਨੂੰ ਵਿਹਾਜਣ ਦੇ ਲਈ
ਗਾਹਕਾਂ ਦੀ ਭਰਮਾਰ,
ਵੱਧ ਤੋਂ ਵੱਧ ਮੁਲ ਤਾਰਨ ਦੇ ਲਈ
ਕਈ ਸਨ ਗਾਹਕ ਤਿਆਰ,
ਕਈ ਜਵਾਨ ਇਨ੍ਹਾਂ ਫ਼ੁੱਲਾਂ ਨੂੰ ਲੈਣ ਦੀ ਖ਼ਾਤਰ
ਹੋਏ ਸਨ ਤਿਆਰ ਤੇ ਕਰਨ ਪਏ ਤਕਰਾਰ
ਇਕ ਦੂਜੇ ਦੇ ਨਾਲ ।
ਮੈਂ ਬਸ ਇਤਨਾ ਬੋਲੀ :
''ਇਹ ਫ਼ੁੱਲ ਵਿਕਾਊ ਨਹੀਂ ਹਨ ।''
ਇਹ ਆਖ ਮੈਂ ਅਗੇ ਤੁਰ ਪਈ
ਆਪਣੀ ਮੰਜ਼ਲ ਵਲ ।
ਮੇਰੇ ਦੇਸ਼ ਦੇ ਰਾਜੇ
ਮੈਨੂੰ ਰੋਕ ਲਿਆ ਸੀ !
ਇਨ੍ਹਾਂ ਫ਼ੁੱਲਾਂ ਨੂੰ ਲੈਣ ਦੀ ਜਾਗੀ
ਉਸ ਦੇ ਦਿਲ ਵਿਚ ਵੱਡੀ ਰੀਝ,
ਰਾਜੇ ਨੇ ਫ਼ੁਰਮਾਇਆ :
''ਫ਼ੁੱਲਾਂ ਦੇ ਸੌਦਾਗਰ

ਇਸ ਦਾ ਮੁਲ ਪਾ ਦੇਵਣ ?''
ਪਰ ਮੈਂ ਅਰਜ਼ ਗੁਜ਼ਾਰੀ :
''ਰਾਜਨ !
ਇਹ ਫ਼ੁੱਲਾਂ ਦੀ ਖਾਰੀ
ਵਿਕਾਊ ਨਹੀਂ ਹੈ ।''
ਇਹ ਆਖ ਮੈਂ ਅਗੇ ਤੁਰਨਾ ਚਾਹਿਆ
ਆਪਣੀ ਮੰਜ਼ਲ ਵਲ,
ਪਰ ਫਿਰ ਮੈਨੂੰ ਨਗਰ ਵਾਸੀਆਂ
ਰੋਕ ਲਿਆ ਸੀ,
ਭਾਂਤੋ-ਭਾਂਤ ਆਵਾਜ਼ਾਂ ਮੇਰੇ ਕੰਨੀਂ ਪਈਆਂ :
''ਉਹ ਮੂਰਖ ਮਾਲੀ ਦੀ ਬੇਟੀ !
ਜਾਣੇ ਨਾ ਤੂੰ ਮਹਾਰਾਜ ਦੇ ਦਿਲ ਵਿਚ
ਇਨ੍ਹਾਂ ਫ਼ੁੱਲਾਂ ਨੂੰ ਲੈਣ ਲਈ
ਕਿੰਨੀ ਸੀ ਵੱਡੀ ਰੀਝ ?''
ਮੈਂ ਮਹਾਰਾਜ ਦੇ ਸਨਮੁਖ ਹੋ ਕੇ
ਇੰਝ ਅਰਜ਼ ਗੁਜ਼ਾਰੀ :
''ਰਾਜਨ !
ਮੈਂ ਇਕ ਨਿਰਧਨ ਮਾਲੀ ਦੀ ਹਾਂ ਬੇਟੀ !
ਪਰ ਮੈਂ ਹਾਂ
ਤੁਹਾਡੀ ਵੀ ਚਾਕਰ ਤੇ ਨਿਮਾਣੀ ਦਾਸੀ,
ਹਜ਼ੂਰ ਹੋ ਸਾਡੇ ਰਾਜਨ, ਸਾਡੇ ਰੱਖਿਅਕ,
ਪਰ ਇਹ ਫ਼ੁੱਲਾਂ ਦੀ ਖਾਰੀ,
ਹਜ਼ੂਰ ਲਈ ਨਹੀਂ ਹੈ !
ਇਹ ਤਾਂ ਗਗਨਾਂ ਦੇ ਸ਼ਾਹ-ਪਾਤਸ਼ਾਹ ਦੀ
ਭੇਟ ਚੜ੍ਹਾਵਣ ਲਈ ਹੈ !
ਇਹ ਤਾਂ ਉਸੇ ਦੇ ਚਰਨਾਂ 'ਤੇ
ਕੀਤੀ ਜਾਵੇਗੀ ਭੇਟਾ !
ਇਸ ਪ੍ਰੇਮ ਦੇ ਚੜ੍ਹਾਵੇ ਦਾ
ਕੋਈ ਮੁਲ ਨਹੀਂ ਹੈ,

ਇਹ ਤਾਂ ਖ਼ੁਸ਼ੀ ਤੇ ਅਨੰਦ ਦਾ ਹੈ ਇਕ ਸੌਦਾ !
ਰਾਜਨ !
ਆਪ ਹੋ ਵੱਡ-ਪ੍ਰਤਾਪੀ
ਇਸ ਮਾਲੀ ਦੀ ਬੇਟੀ ਉਤੇ
ਮਿਹਰ ਕਰੋ !''
ਇਸ ਬਿਨੈ ਨੂੰ ਸੁਣ ਕੇ
ਮਹਾਰਾਜ ਮੁਸਕਰਾਏ
ਤੇ ਉਨ੍ਹਾਂ ਬਖ਼ਸ਼ੀ ਮੈਨੂੰ ਆਪਣੀ ਮੁਹਰ-ਨਿਸ਼ਾਨੀ
ਜਿਸ ਨੂੰ ਤੱਕ ਕੇ
ਭੀੜ ਨੇ ਦਿਤਾ ਮੈਨੂੰ ਰਾਹ !
ਧਰਤੀ 'ਤੇ ਮੇਰੇ ਪੈਰ ਨਾ ਲਗਦੇ ।
ਸਿਰ 'ਤੇ ਚੁੱਕ ਫ਼ੁੱਲਾਂ ਦੀ ਖਾਰੀ
ਅਰਸ਼ਾਂ ਵੱਲ ਮੈਂ ਉਡਦੀ ਸਾਂ ਜਾਂਦੀ !
ਧਰਤੀ ਉਤੇ ਮੇਰੇ ਪੈਰ
ਖ਼ੁਸ਼ੀ ਵਿਚ ਨਹੀਂ ਸਨ ਟਿਕਦੇ,
ਰਾਜਨ ਨੇ ਮੇਰੇ 'ਤੇ
ਕੀਤੀ ਸੀ ਵੱਡੀ ਮਿਹਰ !

(੨)

ਮੈਂ ਮਾਲੀ ਦੀ ਬੇਟੜੀ !
ਸਿਰ ਮੇਰੇ 'ਤੇ ਖਾਰੀ
ਸਵੇਰ ਦੇ ਅਰਸ਼ੀ ਫ਼ੁੱਲਾਂ ਵਾਲੀ,
ਇਸ ਖਾਰੀ ਦੇ ਅੰਦਰ
ਸੂਰਜ-ਕੰਵਲ ਵਲੇਟਿਆ ਹੋਇਆ,
ਆਪਣੇ ਪਿਤਾ ਪਿਆਰੇ ਦੀ
ਭੇਟ ਚੜ੍ਹਾਵਣ ਖ਼ਾਤਰ ।
ਸਿਰ 'ਤੇ ਚੁਕੀ ਇਸ ਖਾਰੀ ਨੂੰ
ਜਦ ਸ਼ਹਿਰ ਦੀਆਂ ਗਲੀਆਂ ਵਿਚ ਮੈਂ ਪਹੁੰਚੀ !
ਤਾਂ ਕਿਸੇ ਨਵੀਂ ਵਿਆਹੀ ਵਹੁਟੀ ਨੇ
ਘਰ ਦੀ ਬਾਰੀ ਵਿਚੋਂ

ਦੰਦ ਖੰਡ ਦੇ ਰੱਤੇ ਚੂੜੇ ਵਾਲੀ ਬਾਂਹ ਕਢ ਕੇ
ਦਿਤੀ ਮੈਨੂੰ ਆਵਾਜ਼ :
''ਠਹਿਰ ਜਾ ਮਾਲੀ ਦੀ ਬੇਟੀ !
ਮੈਂ ਕਣਕ ਦੀ ਭਰੀ ਥਾਲੀ ਹਾਂ ਲਿਆਂਦੀ
ਤੂੰ ਦੇ ਜਾ ਮੈਨੂੰ ਨਵਾਂ ਗੁੰਦਿਆ ਹਾਰ !''
''ਨਵੀਂ ਵਿਆਹੀ ਵਹੁਟੀਏ !
ਇਹ ਨਹੀਂ ਤੇਰੇ ਲਈ ਬਣਾਇਆ ਹਾਰ ।''
ਇਹ ਆਖ ਮੈਂ ਅਗੇ ਤੁਰ ਪਈ ।
ਕਹਿਣ ਲਗੀ ਉਹ ਵਹੁਟੀ :
''ਹਾਏ ਹਾਏ ਨੀ !
ਕਿੰਨੀ ਹੰਕਾਰੀ ਹੈ ਇਹ ਮਾਲੀ ਦੀ ਛੋਕਰੀ !''
ਗਲੀਆਂ ਵਿਚ ਸੀ ਗਹਿਮਾ-ਗਹਿਮੀ ;
ਨੱਢੇ ਅਤੇ ਨੱਢੀਆਂ ਦੀ ਲਗੀ ਸੀ ਭੀੜ
ਘਰਾਂ ਤੋਂ ਬਾਹਰ ਆ ਕੇ
ਜੋ ਇਧਰ ਉਧਰ ਰਹੇ ਸਨ ਘੁੰਮ
ਆਪੋ ਆਪਣੇ ਕੰਮੀਂ ਰੁਝੇ !
ਛੇਤੀ ਛੇਤੀ ਉਹ ਆਏ ਘਰਾਂ ਤੋਂ ਬਾਹਰ,
ਕਈਆਂ ਦੇ ਵਾਲ ਅਣਵਾਹੇ
ਕਈਆਂ ਦੀਆਂ ਲਿਟਾਂ ਖਿੰਡਰੀਆਂ
ਕਈਆਂ ਪਾਈ ਹੋਈ ਸੀ ਅੱਧ-ਵਲੇਟੀ ਸਾੜ੍ਹੀ ।
ਉਚੀ-ਉਚੀ ਆਵਾਜ਼ਾਂ ਆਈਆਂ :
''ਫੁੱਲ ਦੇ ਜਾ-ਫੁੱਲ ਦੇ ਜਾ-ਮਾਲੀ ਦੀ ਬੇਟੀ
ਅਸੀਂ ਫੁੱਲਾਂ ਦੇ ਗਾਹਕ !''
ਛੇਤੀ ਛੇਤੀ ਮੈਂ ਇੰਝ ਬੋਲੀ :
''ਇਹ ਨਹੀਂ ਫੁੱਲ ਵਿਕਾਊ !
ਇਹ ਨਹੀਂ ਫੁੱਲ ਵਿਕਾਊ !''
ਇਨਾ ਆਖ ਮੈਂ ਅਗੇ ਤੁਰ ਪਈ
ਆਪਣੀ ਮੰਜ਼ਲ ਵਲ ।
ਉਨ੍ਹਾਂ ਨੱਢੀਆਂ ਮੁੜ ਅਵਾਜ਼ਾਂ ਕਸੀਆਂ :

''ਨੀ ਭੈਣੋ ! ਇਹੋ ਜਿਹੀ ਘੁਮੰਡੀ
ਨਹੀਂ ਕਦੀ ਸੀ ਡਿੱਠੀ
ਅਸਾਂ ਮਾਲੀ ਦੀ ਛੋਕਰੀ ।''

(੩)

ਮੈਂ ਮਾਲੀ ਦੀ ਬੇਟੜੀ !
ਸਿਰ ਮੇਰੇ 'ਤੇ ਖਾਰੀ
ਸਵੇਰ ਦੇ ਅਰਸ਼ੀ ਫ਼ੁੱਲਾਂ ਵਾਲੀ,
ਇਸ ਖਾਰੀ ਦੇ ਅੰਦਰ
ਸੂਰਜ-ਕੰਵਲ ਵਲੇਟਿਆ ਹੋਇਆ,
ਆਪਣੇ ਪਿਤਾ ਪਿਆਰੇ ਦੀ
ਭੇਟ ਚੜ੍ਹਾਵਣ ਖ਼ਾਤਰ ।
ਹੁਣ ਮੈਂ ਪਹੁੰਚੀ ਸ਼ਹਿਰ ਦੀਆਂ
ਗਲੀਆਂ ਤੋਂ ਬਾਹਰਵਾਰ !
ਤਾਂ ਇਕ ਗਭਰੂ ਨੇ ਆ ਕੇ
ਫੜ ਲਈ ਮੇਰੀ ਬਾਂਹ,
ਕਹਿਣ ਲਗਾ :
''ਮਾਲੀ ਦੀ ਬੇਟੀ,
ਹੁਣ ਤੂੰ ਮੇਰੀ ਹੋ ਜਾ,
ਲਗੇਂ ਤੂੰ ਮੈਨੂੰ ਬਹੁਤ ਪਿਆਰੀ,
ਤੈਨੂੰ ਮੈਂ ਅਗੇ ਜਾਣ ਨਹੀਂ ਦੇਣਾ,
ਇਕਦਮ ਮੇਰੀ ਹੋ ਜਾ !
ਮੈਂ ਹੋ ਜਾਵਾਂ ਸਦਾ ਸਦਾ ਲਈ ਤੇਰਾ ।
ਵੇਖ ! ਮੈਂ ਕਿੰਨਾ ਸੋਹਣਾ ਗਭਰੂ,
ਮੈਂ ਤੇਰੇ ਲਈ ਹੀ ਜੀਊਣਾ ਲੋਚਾਂ !
ਅੱਜ ਤੋਂ ਮੇਰੀ ਹੋ ਜਾ,
ਮੇਰੀ ਬਹੁਤ ਪਿਆਰੀ ਮਾਲੀ ਦੀ ਬੇਟੀ !''
''ਵੇਖ ! ਮਸਤਾਨੇ ਨੌਜਵਾਨ !
ਮੈਂ ਤਾਂ ਤੇਰੀ ਹੋ ਨਹੀਂ ਸਕਦੀ,
ਮੈਂ ਤਾਂ ਹਾਂ ਉਸੇ ਰੱਬ ਸੱਚੇ ਦੀ

ਜਿਸ ਨੇ ਮੈਨੂੰ ਹੈ ਬਣਾਇਆ !
ਛਡੋ ਮੇਰਾ ਰਾਹ
ਜਾਣ ਦਿਉ ਮੈਨੂੰ ਅਗੇ
ਆਪਣੀ ਮੰਜ਼ਲ ਵਲ ।''
''ਨਹੀਂ ਨਹੀਂ, ਮਾਲੀ ਦੀ ਬੇਟੀ
ਤੂੰ ਮੇਰੀ ਹੀ ਹੋ ਜਾ !
ਵਾਰ ਵਾਰ ਮੈਂ ਅਰਜ਼ ਗੁਜ਼ਾਰਾਂ,
ਮੈਨੂੰ ਇੰਝ ਜਾਪਦਾ
ਜਿਵੇਂ ਤੂੰ ਮੇਰੇ ਲਈ ਹੀ ਬਣੀ ਹੈਂ
ਤੇ ਮੈਂ ਤੇਰੇ ਲਈ ਬਣਿਆ ਹੋਵਾਂ ।
ਅਸੀਂ ਦੋਵੇਂ ਇਕ ਦੂਜੇ ਦੇ ਲਈ ਹੀ ਬਣੇ
ਤੂੰ ਮੇਰੇ ਲਈ-ਮੈਂ ਤੇਰੇ ਲਈ,
ਆ, ਇਸ ਜੀਵਨ ਭਰ ਦੇ ਸਾਥ ਨੂੰ ਨਿਭਾਈਏ
ਤੇ ਰੱਬ ਦਾ ਸ਼ੁਕਰ ਮਨਾਈਏ !
ਆ ਤੈਨੂੰ ਮੈਂ ਇਸ ਜੱਗ ਦੇ ਜੀਵਨ ਦੀ ਜੁਗਤ ਸੁਝਾਵਾਂ,
ਸੁਪਨਿਆਂ ਦੇ ਜੀਵਨ ਵਿਚ ਹੈ ਕੀ ਰਖਿਆ !
ਆ ਜਾ ਤੂੰ ਵੀ ਹੁਣ
ਆਪਣੇ ਸੁਪਨਿਆਂ ਦੀ ਦੁਨੀਆਂ ਤੋਂ ਬਾਹਰਵਾਰ ।''
''ਨਹੀਂ ਨਹੀਂ, ਛੈਲ ਛਬੀਲੇ ਬਾਂਕੇ ਨੌਜਵਾਨ
ਅਸੀਂ ਇਕ ਦੂਜੇ ਲਈ ਨਹੀਂ ਬਣੇ ਹਾਂ
ਨਾ ਤੂੰ ਮੇਰੇ ਲਈ-ਨਾ ਮੈਂ ਤੇਰੇ ਲਈ ।
ਮੈਂ ਤਾਂ ਉਸੇ ਰੱਬ ਸੱਚੇ ਦੀ
ਜਿਸ ਨੇ ਮੈਨੂੰ ਬਣਾਇਆ !
ਇਹ ਸਾਡਾ ਜੀਵਨ ਹੈ ਉਸ ਦਾ
ਜਿਸ ਨੇ ਸਾਨੂੰ ਇਹ ਬਖ਼ਸ਼ਿਆ ।
ਇਸ ਲਈ ਨਾ ਮੈਂ ਤੇਰੀ ਹੋ ਸਕਦੀ ਹਾਂ
ਨਾ ਤੂੰ ਮੇਰਾ ਹੋ ਸਕਦਾ ਹੈਂ ।
ਛੈਲ ਛਬੀਲੇ ਗਭਰੂ ਬਾਂਕੇ
ਆ ਇਹ ਜੀਵਨ

ਓਸ ਪ੍ਰਭੂ ਦੇ ਅਰਪਨ ਕਰੀਏ
ਜਿਸ ਨੇ ਸਾਨੂੰ ਇਹ ਹੈ ਦਿਤਾ !
ਇਸ ਲਈ ਛੱਡ ਦਿਉ ਮੇਰਾ ਰਾਹ,
ਮੈਨੂੰ ਹੋ ਰਹੀ ਅਵੇਰ
ਜਾਣ ਦਿਉ ਮੈਨੂੰ ਅਗੇ
ਆਪਣੀ ਮੰਜ਼ਲ ਵਲ !''
ਨੱਢੇ ਫੇਰ ਇਹ ਤਰਲਾ ਪਾਇਆ :
''ਮਾਲੀ ਦੀ ਬੇਟੀ,
ਕਿਵੇਂ ਰਹਿ ਸਕਾਂਗਾ ?
ਮੈਂ ਤੇਰੇ ਬਿਨ ?
ਤੂੰ ਤਾਂ ਮੇਰੇ ਲਈ ਅਰਸ਼ੀ ਦੇਵੀ !
ਮਾਲੀ ਦੀ ਬੇਟੀ !
ਗੋਡੇ ਟੇਕ ਮੈਂ ਤੇਰੇ ਅਗੇ ਤਰਲੇ ਪਾਵਾਂ,
ਇਸ ਨੀਲੇ ਸੁਨਹਿਰੀ ਆਕਾਸ਼ੀਂ ਛਤਰ ਥੱਲੇ ਖਲੋਤਾ
ਮੈਂ ਤੈਨੂੰ ਆਪਣਾ ਇਸ਼ਟ ਜਾਣ
ਇਹ ਅਰਜ਼ ਗੁਜ਼ਾਰਾਂ !
ਤੂੰ ਮੇਰੀ ਹੀ ਬਣ ਜਾ
ਸਦਾ ਸਦੀ ਲਈ !''
''ਨਹੀਂ ਨਹੀਂ,
ਛੈਲ ਛਬੀਲੇ ਬਾਂਕੇ ਗਭਰੂ !
ਮੈਂ ਤਾਂ ਉਸੇ ਰੱਬ ਸੱਚੇ ਦੀ
ਜਿਸ ਨੇ ਮੈਨੂੰ ਬਣਾਇਆ ।
ਜਿੰਨਾ ਚਿਰ ਆਪ 'ਉਹ'
ਮੈਨੂੰ ਨਹੀਂ ਕਰਦਾ ਤੇਰੇ ਹਵਾਲੇ
ਮੈਂ ਤੇਰੀ ਨਹੀਂ ਹੋ ਸਕਦੀ ।
ਕਿਰਪਾ ਕਰਕੇ,
ਛੱਡ ਦਿਉ ਮੇਰਾ ਰਾਹ
ਜਾਣ ਦਿਉ ਮੈਨੂੰ ਅਗੇ
ਆਪਣੀ ਮੰਜ਼ਲ ਵਲ ।

ਮੇਰੇ ਅੱਜ ਦੇ ਇਸ ਦਿਵਸ ਦੇ
ਤੁਸੀਂ ਬਹੁਤ ਕੀਮਤੀ ਛਿਣ
ਹਨ ਵਿਅਰਥ ਗੁਆਏ !
ਸ੍ਰੀਮਾਨ ਜੀ !
ਮੇਰੇ ਇਹ ਫ਼ੁੱਲ
ਹਨ ਨਹੀਂ ਵਿਕਾਊ ।''
ਇੰਝ ਕਹਿ
ਮੈਂ ਛੇਤੀ ਛੇਤੀ ਅਗੇ ਤੁਰ ਪਈ
ਆਪਣੀ ਮੰਜ਼ਲ ਵਲ ।

(੪)

ਮੈਂ ਮਾਲੀ ਦੀ ਬੇਟੜੀ !
ਸਿਰ ਮੇਰੇ 'ਤੇ ਖਾਰੀ
ਸਵੇਰ ਦੇ ਅਰਸ਼ੀ ਫ਼ੁੱਲਾਂ ਵਾਲੀ,
ਇਸ ਖਾਰੀ ਦੇ ਅੰਦਰ
ਸੂਰਜ ਕੰਵਲ ਵਲੇਟਿਆ ਹੋਇਆ
ਆਪਣੇ ਪਿਤਾ ਪਿਆਰੇ ਦੀ
ਭੇਟ ਚੜ੍ਹਾਵਣ ਖ਼ਾਤਰ ।
ਹੁਣ ਆ ਗਈ ਮੈਂ ਸ਼ਹਿਰੋਂ ਬਾਹਰ
ਜਿਥੇ ਬਾਹਵਾਂ ਖੜੀਆਂ ਕਰਕੇ ਮੈਨੂੰ ਰੋਕਿਆ
ਕਈ ਨੱਢੇ, ਨੱਢੀਆਂ ਤੇ ਮਹਾਰਾਜ ਨੇ
ਜਿਨ੍ਹਾਂ ਲਈ ਬਸ ਮੇਰਾ
ਇਹੋ ਇਕ ਉਤਰ ਸੀ :
'' ਇਹ ਫ਼ੁੱਲ ਨਹੀਂ ਹਨ ਵਿਕਾਊ,
ਇਹ ਤਾਂ ਇਸ਼ਟ-ਦੇਵ ਦੀ
ਭੇਟ ਚੜ੍ਹਾਵਣ ਖ਼ਾਤਰ
ਮੈਂ ਹਾਂ ਲਿਆਈ ।''
''ਇਹ ਅਰਸ਼ਾਂ ਦੀ ਖਾਰੀ ਮੇਰੀ ਹੈ ਸਦੀਵੀ !
ਇਸ ਦੇ ਫ਼ੁੱਲ ਸਵੇਰ ਵਾਲੇ
ਰਹਿੰਦੇ ਹਰਦਮ ਤਾਜ਼ਾ !

ਇਹ ਤਾਂ ਨਿਰਧਨ ਮਾਲੀ ਦੀ ਬੇਟੜੀ
ਦੀ ਹੈ ਪਵਿੱਤਰ ਭੇਟਾ;
ਉਸ ਸਾਹਿਬ ਸੱਚੇ ਅਗੇ
ਜਿਸ ਨੂੰ ਉਸ ਨੇ ਆਪਣੇ
ਇਨ੍ਹਾਂ ਨਿੱਕਿਆਂ ਹੱਥਾਂ ਨਾਲ
ਧਰਤੀ ਤੋਂ ਚੁਣ ਚੁਣ
ਅਰਸ਼ਾਂ ਵਾਲੀ ਖਾਰੀ ਵਿਚ ਸਜਾਇਆ !
ਇਨ੍ਹਾਂ ਨੂੰ ਮੈਂ ਨਿਤ ਦਿਨ
ਆਪਣੇ ਪ੍ਰਭੂ-ਪ੍ਰੀਤਮ ਦੀ ਭੇਟ ਚੜ੍ਹਾਵਾਂ !
ਰੋਜ਼ ਉਹ ਸੱਚਾ ਸਾਹਿਬ
ਕਰਦਾ ਮੇਰੀ ਭੇਟ ਪ੍ਰਵਾਨ !
ਕਿੰਨਾ ਵੱਡਾ ਹੈ
ਮੇਰਾ ਉਹ ਪਾਤਸ਼ਾਹ ਮਿਹਰਬਾਨ !
ਤੇ ਮਹਾਨ !''

(੫)

ਮੈਂ ਮਾਲੀ ਦੀ ਬੇਟੜੀ !
ਸਿਰ ਮੇਰੇ 'ਤੇ ਖਾਰੀ
ਸਵੇਰ ਦੇ ਅਰਸ਼ੀਂ ਫੁੱਲਾਂ ਵਾਲੀ,
ਇਸ ਖਾਰੀ ਦੇ ਅੰਦਰ
ਸੂਰਜ-ਕੰਵਲ ਵਲੇਟਿਆ ਹੋਇਆ,
ਆਪਣੇ ਪਿਤਾ ਪਿਆਰੇ ਦੀ,
ਭੇਟ ਚੜ੍ਹਾਵਣ ਖ਼ਾਤਰ ।
ਰੋਜ਼ ਮੈਂ ਇਹ ਅਰਸ਼ਾਂ ਵਾਲੀ ਫੁੱਲਾਂ ਦੀ ਖਾਰੀ
ਸਿਰ ਦੇ ਉਤੇ ਚੁਕ ਲਿਆਵਾਂ,
ਆਉਂਦੀ ਸ਼ਹਿਰੋਂ ਬਾਹਰ
ਤੇ ਲੰਘਾਂ ਸ਼ਹਿਰ ਦੇ ਭੀੜ ਭੜੱਕੇ ਵਿਚੋਂ
ਮੰਡੀ ਵਿਚੋਂ, ਗਲੀਆਂ ਵਿਚੋਂ,
ਕਈ ਭਾਂਤੋ-ਭਾਂਤ ਦੇ ਗਭਰੂ ਛੈਲ ਜਵਾਨ
ਸੁੰਦਰ ਨੱਢੇ-ਨੱਢੀਆਂ

ਕਣ ਮੇਰਾ ਰਾਹ !
ਰੇ ਲਈ ਉਹ ਸਾਰੇ ਓਪਰੇ !
ਜ਼ ਮੈਂ ਆਪਣੀ
ਵੇਰ ਦੇ ਫ਼ੁੱਲਾਂ ਵਾਲੀ ਅਰਸ਼ੀ ਖਾਰੀ
ਉਸ ਪ੍ਰਭੂ-ਪ੍ਰੀਤਮ ਦੇ
ਰਨਾਂ ਉਪਰ ਜਾ ਟਿਕਾਵਾਂ,
ਰ ਰੋਜ਼ ਉਹ ਪ੍ਰਭੂ ਪਿਆਰਾ
ਾਲੀ ਦੀ ਇਸ ਨਿਰਧਨ ਬੇਟੀ ਦੀ
ਰਦਾ ਭੇਟ ਪ੍ਰਵਾਨ !
ਜ਼ ਉਹ ਮੈਨੂੰ ਇੰਝ ਕਹਿ ਬੁਲਾਂਦਾ :
''ਮੇਰੀ ਪੁੱਤਰੀ !''
ਤੇ ਮੈਂ ਵੀ ਉਤਰ ਵਿਚ
ਇੰਝ ਕਹਿ ਦਿੰਦੀ !
''ਮੇਰੇ ਪਿਤਾ ਪਿਆਰੇ !''

3. ਮਿਹਰ ਦੀ ਨਿਗ੍ਹਾ

ਮੈਂ ਮਰ ਰਿਹਾ ਹਾਂ
ਮੈਨੂੰ ਉਡ ਰਹੇ ਹੁਮਾ ਦੇ
ਭਾਗਾਂ ਭਰੇ ਸਾਏ ਥੱਲੇ ਲੈ ਚਲੋ;
ਸ਼ਾਇਦ ਮੈਂ ਮੁੜ ਜੀ ਪਵਾਂ !
ਹੁਮਾ ਨੇ ਉਤਰ ਦਿਤਾ :
''ਇਸ ਨੂੰ ਪਰੇ ਕਰੋ,
ਮੈਂ ਸਦਾ ਬਾਦਸ਼ਾਹ ਦੀ
ਰੂਹ ਉਪਰ ਉਡਦਾ ਹਾਂ !''
ਮੈਂ ਮਰ ਰਿਹਾ ਹਾਂ,
ਮੈਨੂੰ ਪਾਰਸ ਨਾਲ ਛੁਹਾਉ,
ਸ਼ਾਇਦ ਮੈਂ ਮੁੜ ਜਿਉ ਪਵਾਂ !
ਪਾਰਸ ਨੇ ਉਤਰ ਦਿਤਾ :
''ਇਸ ਨੂੰ ਪਰੇ ਕਰੋ,
ਮੈਂ ਸਦਾ ਆਪਣੀ ਛੁਹ
ਸਵਰਨ-ਆਤਮਾ ਨੂੰ ਦੇਂਦਾ ਹਾਂ !''
ਮੈਂ ਮਰ ਰਿਹਾ ਹਾਂ,
ਮੈਨੂੰ ਨਾਗ ਦੇ ਫਣ ਵਿਚੋਂ ਉਹ ਮਣੀ ਲਿਆ ਕੇ ਦਿਉ,
ਜਿਸ ਦੇ ਚਾਨਣ ਨਾਲ
ਉਹ ਕਾਲੀਆਂ ਰਾਤਾਂ ਵਿਚ
ਖੇਡਦਾ ਹੈ,
ਜਿਸ ਦੇ ਖੁੱਸਣ ਨਾਲ
ਉਹ ਮਰ ਜਾਂਦਾ ਹੈ ।
ਨਾਗਮਣੀ ਨੇ ਕਿਹਾ :
''ਤੁਸਾਂ ਇਸ ਨੂੰ ਇਥੇ ਕਿਉਂ ਲਿਆਂਦੇ ?
ਮੈਂ ਜਾਣਦੀ ਹਾਂ ਕਿ ਮੇਰਾ ਮਾਲਕ
ਉਹ ਹੋ ਸਕਦਾ ਹੈ,
ਜੋ ਸਾਗਰਾਂ ਵਿਚ

ਖੁਸ਼ਕ ਮਾਰਗ ਅਪਣਾ-ਸਕੇ,
ਅਤੇ ਅਗਨੀ ਵਿਚ ਠੰਢੇ ਮਾਰਗ 'ਤੇ ਜਾ ਸਕੇ ।
ਮੈਂ ਉਹ ਤਲਿਸਮਾਂ ਹਾਂ
ਜੋ ਨਾਗ ਦੀ ਕਲਗੀ ਵਿਚ ਦਬਿਆ ਰਹਿੰਦਾ,
ਜੋ ਉਸ ਨੂੰ ਸਿਧੀ ਖੜੀ ਫਣ ਦਾ
ਅਭਿਮਾਨ ਬਖ਼ਸ਼ਦਾ,
ਅਤੇ ਉਸ ਦੇ ਆਪਣੇ ਜ਼ਹਿਰ ਵਿਚ ਵੀ
ਉਸ ਨੂੰ ਸੁਰੱਖਿਅਤ ਰਖਦਾ !''
ਮੈਂ ਮਰ ਰਿਹਾ ਹਾਂ !
ਮੈਨੂੰ ਆਕਸ਼ ਥੱਲੇ ਉਥੇ ਲੈ ਚਲੋ
ਜਿਥੇ ਪਾਰਜਾਤ ਬਿਰਛ ਦੇ
ਅਸੰਖ ਚਾਂਦੀ-ਪੱਤਰ ਹਿੱਲ ਰਹੇ ਹਨ,
ਸ਼ਾਇਦ ਮੈਂ ਮੁੜ ਜੀ ਪਵਾਂ !
ਪੱਤਿਆਂ ਨੇ ਆਪਣਾ ਮੂੰਹ ਮੋੜ ਲਿਆ
ਤੇ ਕਿਹਾ :
''ਅਸੀਂ ਕੇਵਲ ਜਿਉਂਦੇ ਵਿਅਕਤੀਆਂ ਦੇ
ਚਿਹਰਿਆਂ ਨੂੰ ਝੱਲ ਮਾਰਦੇ ਹਾਂ ।''
ਉਹ ਬੀਜਾਂ ਦਾ ਬੀਜ
ਗੁਪਤ ਰਤਨ ਕਿਥੇ ਹੈ,
ਜਿਸ ਦੀ ਛੂਹ ਜ਼ਿੰਦਗੀ ਬਖ਼ਸ਼ਦੀ ਹੈ ?
ਜਦੋਂ ਦੇਵਤਿਆਂ ਨੇ ਖੀਰ ਸਾਗਰ ਦਾ
ਮੰਥਨ ਕੀਤਾ
ਤਾਂ ਸ਼ਿਵਜੀ ਨੇ ਵਿਸ਼ ਦਾ ਪਿਆਲਾ ਪੀਤਾ
ਅਤੇ ਹੁਣ ਕਾਲਾ ਨਾਗ
ਆਪਣੇ ਵਿਸ਼ ਸਮੇਤ
ਉਸ ਦੇ ਕੰਠ ਦਾ ਸ਼ਿੰਗਾਰ ਹੈ ।
ਨੀਲ-ਕੰਠ ਸ਼ਿਵ ਨੇ,
ਇਸ ਨੂੰ ਸਮੁਚਾ ਹੀ ਨਿਘਾਰ ਲਿਆ ਜਾਪਦਾ ਹੈ !
ਇਹ ਰਤਨ ਵਿਸ਼ਨੂੰ ਕੋਲ ਹੈ

ਜਿਸ ਦੇ ਉਪਰ ਸਹੰਸਰ ਸਿਰਾਂ ਵਾਲਾ
ਸ਼ੇਸ਼ ਨਾਗ ਫਣ ਖਿਲਾਰੀ ਪਿਆ ਹੈ ।
ਇਹ ਰਾਧਿਕਾ ਦਾ ਰੂਪ ਹੈ,
ਜਿਸ ਨੂੰ ਸਾਂਵਲਾ ਕ੍ਰਿਸ਼ਨ ਪ੍ਰੇਮ ਕਰਦਾ ਹੈ !!
ਸਭ ਭਾਲ ਉਸ ਜੀਵਨ ਰਤਨ ਲਈ ਹੈ,
ਜਿਸ ਦੀ ਛੂਹ ਨਾਲ ਮੁਰਦੇ ਤੇ ਮਰਨਾਊ
ਜਿੰਦਾ ਕੀਤੇ ਜਾ ਸਕਦੇ ਹਨ,
ਜਿਸ ਨੂੰ ਪਾ ਬਾਦਸ਼ਾਹ
ਸ਼ਾਹੀ ਤਖ਼ਤਾਂ ਦਾ ਤਿਆਗ ਕਰਕੇ
ਧੂੜੀ ਵਿਚ ਆ ਲੇਟਦੇ ਹਨ
ਤੇ ਆਪਣੇ ਗੁੰਥਾਂ ਨੂੰ
ਵਹਿੰਦੇ ਦਰਿਆਵਾਂ ਵਿਚ
ਵਗਾਹ ਮਾਰਦੇ
ਅਤੇ ਉਸ ਪਿਛੇ ਦੀਵਾਨੇ ਹੋ ਜਾਂਦੇ ਹਨ !!
ਹੁਮਾ ਇਸ ਲਈ ਭਾਗਾਂ ਭਰਿਆ ਹੈ;
ਕਿਉਂ ਜੋ ਇਕ ਵਾਰ ਉਸ ਨੇ ਤਿਖੀ ਧੁੱਪ ਵਿਚ
ਆਪਣੇ ਖੰਭਾਂ ਦਾ ਛੱਤਰ ਬਣਾ
ਉਸ ਦੇ ਮੁਖੜੇ 'ਤੇ ਉਡਦੇ ਨੇ ਛਾਂ ਕੀਤੀ ਸੀ,
ਪਾਰਸ ਨੂੰ ਉਸ ਦੀ ਸ਼ਕਤੀ
ਉਸ ਨੂੰ ਪਰਸ ਕੇ ਹੀ ਮਿਲੀ ਸੀ ।
ਆਪਣੇ ਫਣ ਵਿਚ ਮਣੀ ਰਖਣ ਵਾਲੇ
ਸ਼ੇਸ਼ ਨਾਗ ਨੇ ਇਕ ਵਾਰ
ਤਪਦੀਆਂ ਰੇਤਾਂ ਉਤੇ ਸੁੱਤੇ ਪਏ
ਉਸ ਦੇ ਮੁਖੜੇ 'ਤੇ ਛਾਂ ਕੀਤੀ ਸੀ !!
ਪਾਰਜਾਤ ਇਸ ਲਈ ਜੀਵਨ ਬਿਰਛ ਹੈ;
ਕਿਉਂ ਜੋ ਇਕ ਵਾਰ ਉਹ (ਪ੍ਰੀਤਮ)
ਉਸ ਦੀ ਛਾਵੇਂ ਬੈਠਾ ਸੀ ।
ਉਸ ਦੇ ਪ੍ਰਸ਼ਾਦੇ ਦੇ ਭੋਰਿਆਂ ਵਿਚ
ਸਲਤਨਤਾਂ ਤੇ ਤਾਜ ਖਿਲਰੇ ਪਏ ਹਨ ।

ਉਸ ਦੀ ਚਰਨ-ਧੂੜੀ ਵਿਚ
ਕਈ ਸੂਰਜ ਵਿਛੇ ਪਏ ਹਨ ।
ਮੈਂ ਮਰ ਰਿਹਾ ਹਾਂ,
ਮੈਨੂੰ ਉਸ ਸ਼ਹਿਰ ਲੈ ਚਲੋ
ਜਿਥੇ ਉਸ ਦਾ ਨਿਵਾਸ ਹੈ,
ਮੈਨੂੰ ਉਸ ਦੀ ਚਰਨ-ਛੋਹੀ ਧੂੜੀ ਵਿਚ
ਲਿਟਾ ਦਿਉ ਤੇ ਉਥੇ ਹੀ ਰਹਿਣ ਦਿਉ !
ਉਸ ਦੀ ਚਰਨ-ਧੂੜੀ ਨਾਲ
ਮੈਨੂੰ ਲਿਪ ਦਿਉ,
ਮੈਂ ਰਾਜ਼ੀ ਹਾਂ ।
ਮੇਰੇ ਦਿਲ ਦੀ ਧੜਕਣ ਮੈਨੂੰ ਪੁਰਾਣਾ ਗੀਤ
ਮੁੜ ਗਾਉਂਦੀ ਸੁਣਾਈ ਦੇਂਦੀ ਹੈ ।
ਮੇਰੇ ਨੈਣ ਨਵੇਂ ਸੰਸਾਰ ਨੂੰ
ਨਿਹਾਰਨ ਲਈ ਮੁੜ ਖੁਲ੍ਹ ਗਏ ਹਨ,
ਮੇਰਾ ਜਿਸਮ ਉਸ ਧੂੜੀ ਵਿਚ ਨਹਾ ਕੇ,
ਅਪੂਰਵ ਰੂਪ ਦੀ ਪਵਿੱਤਰਤਾ ਨਾਲ
ਧੋਤਾ ਗਿਆ ਹੈ;
ਤੇ ਇਸ ਦੇ ਰੋਮ ਰੋਮ 'ਚੋਂ
ਗੰਗਾ ਦਾ ਸੰਗੀਤਮਈ ਅੰਮ੍ਰਿਤ-ਜਲ
ਵਹਿ ਤੁਰਿਆ ਹੈ !
ਉਹ ਮੇਰੇ ਕੋਲੋਂ ਲੰਘਦਾ ਹੈ,
ਮੇਰੇ ਵਲ ਤੱਕਦਾ ਤੇ ਮੁਸਕਰਾਉਂਦਾ ਹੈ
ਅਤੇ ਮੇਰੀ ਨਾਭੀ ਦੇ ਕੰਵਲ
ਮੇਰੇ ਹਿਰਦੇ ਦੇ ਸਹਸ
ਪੱਤਿਆਂ ਵਾਲੇ ਸੁਨਹਿਰੀ ਕੰਵਲ
ਜੋ ਉਂਧੇ ਮੂੰਹ ਖੜੇ ਸਨ,
ਮੇਰੇ ਸਿਰ ਦਾ ਉਰਧ-ਕੰਵਲ
ਸਭ ਆਪਣੇ ਸੂਰਜ ਤੋਂ ਰੌਸ਼ਨੀ ਪਾ
ਜਗਮਗਾ ਉਠੇ ਹਨ

ਤੇ ਫਿਰ ਆਪਣੇ ਸੰਪੂਰਨ ਖੇਤਰੇ ਦੀ
ਸ਼ਾਨ ਵਿਚ ਖਲੋ ਗਏ ਹਨ ।
ਉਸ ਵਲੋਂ ਆਉਣ ਵਾਲੇ ਪ੍ਰਕਾਸ਼ ਦੀ
ਨਿਰੋਲ-ਕੋਮਲ ਛੁਹ
ਵਿਚ ਸੰਪੂਰਨਤਾ ਹੈ ।
ਆਪਣੀ ਕੋਮਲ ਡੰਡੀ ਉਤੇ
ਹਵਾ ਵਿਚ ਖਿੜੇ ਸਹੰਸਰ ਕੰਵਲਾਂ ਸੰਗ
ਮੈਂ ਝੂਮ ਰਿਹਾ ਹਾਂ
ਅਤੇ ਮੇਰੇ ਸੰਗ ਨੀਲੇ ਪਾਣੀਆਂ ਵਿਚ
ਮੇਰਾ ਪ੍ਰਛਾਵਾਂ ਲਹਿਰ ਰਿਹਾ ਹੈ ।
ਮੈਂ ਉਸ ਤਰ੍ਹਾਂ ਝੂਮਦਾ ਹਾਂ
ਜਿਵੇਂ ਇਕ ਸੁੰਦਰ ਰਾਜ ਕੁਮਾਰੀ
ਆਪਣੇ ਜੋਬਨ ਦੀ ਮਸਤੀ ਵਿਚ ਝੂਮਦੀ ਹੈ ।
ਮੈਂ ਖੁਲ੍ਹੇ ਆਕਾਸ਼ ਵਿਚ
ਕਲਾ ਪ੍ਰਵੀਨ ਹੱਥਾਂ ਨਾਲ ਛਿੜੀਆਂ
ਸੰਗੀਤਕ ਤਰਬਾਂ ਵਾਂਗ ਕੰਬਦਾ ਹਾਂ !
ਮੈਂ ਉਸ ਦੇ ਦਰ 'ਤੇ ਆਏ
ਹਵਾ ਦੇ ਬੁਲ੍ਹੇ ਨਾਲ ਹਿਲਦੇ
ਚਿਨਾਰ ਦੇ ਪੱਤੇ ਹਾਰ ਕੰਬਦਾ ਹਾਂ !
ਮੇਰੇ ਨਾਲ ਤੁਲਨਾ ਕਰਨ ਸਮੇਂ
ਪਵਿੱਤਰਤਾ ਵੀ ਅਪਵਿੱਤਰਤਾ ਹੋ ਨਿਬੜਦੀ ਹੈ,
ਅੱਛਾ ! ਅਲਵਿਦਾ !!
ਮੈਂ ਖੁਸ਼ ਹਾਂ,
ਮੈਂ ਇਸ ਨੂੰ
ਉਸ ਵਿਚੋਂ ਲਭ ਲਿਆ ਹੈ ।
ਅਲਵਿਦਾ !
ਹੁਣ ਚੰਨ ਮੇਰੇ ਮਸਤਕ 'ਤੇ
ਦਮਕ ਰਿਹਾ ਹੈ ।
ਜੀਵਨ ਦੀ ਚਿੰਗਿਆੜੀ

ਕਿੰਨੀ ਸੀਤਲ ਹੈ !
ਆਹ !
ਸਭ ਨੂੰ ਆਪਣੀ ਲਪੇਟ ਵਿਚ ਲੈ ਲੈਣ ਵਾਲੀ
ਅਲੌਕਿਕ ਅਗਨੀ !!
''ਮੇਰਾ ਲਗਨ ਚੜ੍ਹ ਚੁਕਾ ਹੈ,
ਮੈਂ ਉਸ ਨਾਲ ਵਰੀ ਗਈ ਹਾਂ,
ਮੈਨੂੰ ਪ੍ਰੀਤਮ ਨੇ ਅੰਦਰ ਬੁਲਾ ਲਿਆ ਹੈ,
ਹੁਣ ਮੇਰੇ ਕੋਲ ਸ਼ੁਭ ਕਰਮਾਂ ਲਈ ਵੀ
ਵਿਹਲ ਕਿਥੇ ?''
ਮੈਂ ਚੁੱਪ ਹਾਂ,
ਆਪਣੀ ਹੀ ਵੇਦਨਾ ਨਾਲ ਭਰਪੂਰ
ਅੱਖਾਂ ਖੋਲ੍ਹ ਦੂਜਿਆਂ ਨੂੰ ਤੱਕਣ ਲਈ,
ਮੇਰੇ ਕੋਲ ਸਮਾਂ ਹੀ ਨਹੀਂ ?
''ਮੇਰੇ ਵਿਚ
ਸਭ ਸੰਸਾਰ ਦੀ ਮੁਕਤੀ ਹੈ,
ਮੇਰੇ ਵਲ ਤੱਕੋ,
ਤੁਹਾਨੂੰ ਮੌਤ ਕਦੇ ਵੀ ਨਹੀਂ ਪੋਹੇਗੀ
ਅਤੇ ਨਾ ਹੀ ਜੀਵਨ ਤੁਹਾਨੂੰ ਮੁੜ ਕੇ ਕਦੀ
ਦੁੱਖ ਦੇ ਦਰ 'ਤੇ ਲੈ ਜਾਵੇਗਾ ।''

❖ ❖ ❖ ❖

4. ਮੁਰੀਦ

ਕਹਿੰਦੇ ਹਨ
ਕਿਸੇ ਸੁਭਾਗੇ ਦਿਨ ਤੇ ਸੁਲੱਖਣੀ ਘੜੀ,
ਆਕਾਸ਼ ਤੋਂ ਸਵਾਂਤ ਬੂੰਦ ਵਰ੍ਹਦੀ ਹੈ;
ਤੇ ਮੋਤੀ-ਜਣਨੀ (ਸਿੱਪੀ)
ਸਾਗਰ ਤਹਿ 'ਤੇ ਤਰਦੀ ਹੈ,
ਇਸੇ ਉਡੀਕ ਵਿਚ
ਕਿ ਇਹ ਅੰਮ੍ਰਿਤ-ਬੂੰਦ
ਉਸ ਦੀ ਤ੍ਰਿਖਾ ਮਿਟਾਵੇਗੀ,
ਅਤੇ ਜਿਸ ਪਲ ਇਹ ਉਸ ਦੇ
ਮੂੰਹ ਵਿਚ ਡਿਗਦੀ ਹੈ,
ਇਸ ਨੂੰ ਪ੍ਰਾਪਤ ਕਰ
ਉਹ ਹੇਠਾਂ ਡੂੰਘੇ ਸਾਗਰਾਂ ਵਿਚ
ਉਤਰ ਜਾਂਦੀ ਹੈ,
ਜਿਥੇ ਮੌਤ ਵਰਗੇ ਚੁੱਪ ਟਿਕਾਉ ਵਿਚ
ਉਹ ਮੋਤੀਆਂ ਦੇ ਸੁਪਨੇ ਲੈਂਦੀ ਹੈ!
ਕਹਿੰਦੇ ਹਨ
ਕਿ ਮੋਤੀ ਸਮਾਧੀ ਦੀ ਸਿਰਜਨਾ ਹੈ,
'ਪਰ' ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ :
''ਗੁਰੂ ਤੋਂ ਨਾਮ ਦਾ ਬੀਜ ਪ੍ਰਾਪਤ ਕਰਕੇ
ਮਨੁੱਖ ਦੀ ਆਤਮਾ ਮੁੰਦੀ ਜਾਂਦੀ ਹੈ
ਅਤੇ ਚੁੱਪ ਵਿਚ ਡੂੰਘੀ ਉਤਰ ਜਾਂਦੀ ਹੈ,
ਅਤੇ ਜਿਧਰ ਨੂੰ ਹਵਾ ਦੇ ਬੁੱਲੇ ਉਸ ਨੂੰ ਖੜਨ
ਉਹ ਤੁਰ ਪੈਂਦੀ ਹੈ ।
ਭਾਵੇਂ ਉਸ ਦੇ ਸਿਰ ਉਪਰ ਗਰਜਦੇ ਸਾਗਰ
ਠਾਠਾਂ ਮਾਰਦੇ ਹਨ,
ਉਹ ਪ੍ਰੇਮ-ਭਿੱਜੀ ਲੇਟੀ ਰਹਿੰਦੀ ਹੈ,

ਆਪਣੇ ਵਿਸ਼ਵਾਸ ਦੀ ਦ੍ਰਿੜ੍ਹਤਾ ਵਿਚ
ਉਦੋਂ ਤਕ ਬਿਲਕੁਲ ਬੰਦ ਰਹਿੰਦੀ ਹੈ
ਜਦੋਂ ਤਕ 'ਰੱਬੀ ਸ਼ਬਦ' (ਨਾਮ) ਉਸ ਨੂੰ
ਮੁਰੀਦ ਦੇ ਨਵੇਂ ਆਕਾਰ ਵਿਚ ਘੜ ਨਹੀਂ ਦੇਂਦਾ !''
''ਮੁਰੀਦ ਦੀ ਘਾੜਤ
ਮੋਤੀ ਨਾਲੋਂ ਵੀ ਬਿਖਮ ਹੈ,
ਮਾਣਕ ਨਾਲੋਂ ਵੀ ਪੁਰਾਤਨ ਤੇ ਨਵੀਨ,
ਧਰਮ-ਗ੍ਰੰਥਾਂ ਨਾਲੋਂ ਵੀ;
ਉਹ ਜੀਵਨ ਦਾ ਬੀਜ-ਬਿੰਦੂ ਹੁੰਦਾ ਹੈ
ਜੋ ਜੀਵਨ ਨੂੰ ਮੁੜ ਨਵੇਂ ਸਿਰਿਉਂ ਸਿਰਜਦਾ ਹੈ ।
ਉਹ ਮੁਰੀਦ ਹੀ ਹੈ
ਜਿਸ ਦੀ ਆਤਮਾ ਵਿਚ
ਆਪ ਪਰਮਾਤਮਾ
ਆਪਣੀ ਪਰਮ-ਸੁੰਦਰਤਾ ਵਿਚ
ਟਹਿਕ ਉਠਦਾ ਹੈ ।''
ਜਦੋਂ ਮੇਰੇ ਅੰਦਰ
ਗੁਰੂ ਦੇ ਦਰਸ਼ਨ ਲਈ ਸਿੱਕ ਉਠੀ,
ਮੈਂ ਉਸ ਦੇ ਮੁਰੀਦ ਨੂੰ ਵੇਖ ਕੇ ਨਿਹਾਲ ਹੋਇਆ
ਅਤੇ ਜਦੋਂ ਮੈਂ ਮੁਰੀਦ ਨੂੰ ਵੇਖਣਾ ਚਾਹਿਆ
ਤਾਂ ਮੈਨੂੰ ਗੁਰੂ ਦੇ ਦਰਸ਼ਨ ਹੋਏ
ਅਤੇ ਦੋਵੇਂ ਅਸਚਰਜ ਰੂਪ ਵਿਚ
ਇਕ ਸਮਾਨ ਸਨ ।
ਅਸੀਂ ਨਿਰਾਰਥ ਦੇ ਭੈ ਤੋਂ ਮੁਕਤ ਹਾਂ,
ਰੁੱਛ ਖਿਚਾਂ ਤੇ ਤੌਖਲੇ ਸਾਨੂੰ ਡਰਾ ਨਹੀਂ ਸਕਦੇ,
ਗੁਰੂ ਨੇ ਸਾਨੂੰ ਸਿਧੇ ਸਾਦੇ ਬਲਕਾਰ ਯੋਧੇ
ਅਤੇ ਸੱਚੇ ਵਿਅਕਤੀ ਬਣਾਇਆ ਹੈ ।
ਅਸੀਂ ਮਹਾਂ ਪਵਿੱਤਰ (ਪ੍ਰਭੂ) ਦੇ
ਸ਼ਬਦ ਪੜ੍ਹਦੇ ਬਹਾਦਰਾਂ ਵਾਂਗ ਜੂਝ ਮਰਦੇ ਹਾਂ ।
ਜਿਵੇਂ ਬੱਚੇ ਨੂੰ ਮਾਤਾ ਦੀ ਗੋਦ ਪਿਆਰੀ ਹੈ,

ਤਿਵੇਂ ਸਾਨੂੰ ਰੱਬ ਦੀ ਹੋਂਦ ।
ਅਸੀਂ ਆਪਣੇ ਲਈ ਕੁਝ ਵੀ ਨਹੀਂ ਕਰਦੇ,
ਸਾਡਾ ਪ੍ਰਭੂ ਸਾਡੇ ਲਈ ਸਭ ਕੁਝ ਕਰਦਾ ਹੈ ।
ਆਤਮ-ਪ੍ਰੇਰਨਾ ਦੇ ਖੰਭਾਂ ਦੁਆਰਾ
ਅਸੀਂ ਸਭ ਸਿਰਾਂ ਤੋਂ ਉਚੇਰੇ
ਨਿਰੋਲ ਵਿਚਾਰਾਂ ਦੇ
ਅਗਿਆਤ ਉਚੇ ਮੰਡਲਾਂ ਵਿਚ
ਉਡਾਰੀਆਂ ਮਾਰਦੇ ਹਾਂ ।
ਅਸੀਂ ਪੰਛੀਆਂ ਹਾਰ
ਉਡਾਰੀਆਂ ਮਾਰਦੇ ਹਾਂ
ਜੋ ਇਕ ਟਹਿਣੀ ਤੋਂ ਦੂਜੀ 'ਤੇ
ਉਡਾਰੀ ਮਾਰਦੇ
ਫਲ ਚੱਖਦੇ ਜਾਂਦੇ ਹਨ ।
ਪ੍ਰੀਤਮ ਦੀ ਰਜ਼ਾ ਵਿਚ ਵਿਚਰਨਾ
ਸਾਡੇ ਜੀਵਨ ਦੀ ਸਰਵੁੱਚ ਪੂਰਤੀ ਹੈ ।
ਜੋ ਉਸ ਦੀ ਰਜ਼ਾ ਹੈ,
ਉਹ ਸਾਡੀ ਸਰਵੁੱਚ ਭਲਾਈ ਹੈ ।
ਗੁਰੂ ਦਾ ਮਾਰਗ
ਪੰਛੀਆਂ ਦੇ ਮਾਰਗ ਸਮਾਨ ਹੈ ।
ਹਰ ਕਿਸੇ ਨੂੰ
ਮਾਰਗ ਰਹਿਤ ਆਕਾਸ਼ ਵਿਚ
ਆਪਣੇ ਖੰਭਾਂ ਅਨੁਸਾਰ
ਆਪ ਉਡਾਰੀ ਮਾਰਨੀ ਪੈਂਦੀ ਹੈ ।
ਅਸੀਂ ਨਹੀਂ ਜਾਣਦੇ
ਕਿ ਆਪਣੇ ਅੰਦਰ ਦੀ
ਉਚੀ ਸੁਰਤ ਬਾਰੇ
ਹੋਰਾਂ ਨੂੰ ਕੀ ਦਸੀਏ,
ਸੜਕ ਕੰਢੇ ਬੈਠੇ ਅਸੀਂ
ਸੜਕ ਦੇ ਕੰਢੇ ਬਹਿ

ਜੀਵਨ ਭਰ ਅਸੀਂ
ਮਿੱਟੀ ਦੇ ਲਾਲ ਪਿਆਲਿਆਂ ਵਿਚੋਂ
ਆਪਣੀ ਖ਼ੁਸ਼ੀ ਵੰਡਦੇ ਹਾਂ ।
ਸਾਡਾ ਹਰਿਮੰਦਰ ਗੁਰੂ ਦਾ ਸ਼ਬਦ ਹੈ
ਅਤੇ ਇਹ ਸਾਡੀ ਆਤਮਾ ਵਿਚ ਇਸਥਿਤ ਹੈ,
ਜਿਥੇ ਵੀ ਜਾਈਏ
ਇਹ ਸਾਡੇ ਨਾਲ ਜਾਂਦਾ ਹੈ ।
ਪ੍ਰੀਤਮ ਦੀ ਕਮਾਣ ਵਿਚੋਂ
ਉਸ ਦੇ ਸੁਨਹਿਰੀ ਅਣੀਆਂ ਵਾਲੇ
ਗਾਉਂਦੇ ਤੀਰਾਂ ਦਾ ਮੀਂਹ ਵਰ੍ਹਦਾ ਹੈ;
ਅਤੇ ਪਰੇ ਕਈ ਸ਼ਹਿਰਾਂ ਵਿਚ
ਉਸ ਦਾ ਮਹਾਂ ਪ੍ਰਕਾਸ਼
ਦੁਸਾਰ ਪਾਰ ਹੋ ਗਿਆ ਹੈ,
ਜਿਸ ਨਾਲ ਉਨ੍ਹਾਂ ਨੇ
ਜੀਵਨ ਵਿਚ ਪਹਿਲੀ ਵਾਰ
ਪ੍ਰੇਮ ਦੇ ਘਾਓ ਦਾ ਮਜ਼ਾ ਚੱਖਿਆ ਹੈ ।
ਇਸ ਘੜੀ ਖਿੜ ਰਹੇ ਫ਼ੁੱਲਾਂ ਹਾਰ
ਅਸੀਂ ਉਸ ਜਿੰਨੇ ਹੀ ਨਵੇਂ ਤੇ ਪੁਰਾਣੇ ਹਾਂ ।
ਸਾਡੇ ਕੋਲ ਇਸ ਤੋਂ ਬਿਨਾਂ
ਹੋਰਾਂ ਨੂੰ ਕਹਿਣ ਲਈ ਕੁਝ ਨਹੀਂ
ਕਿ ਸਾਨੂੰ ਸਾਰਿਆਂ ਨੂੰ ਗੁਰੂ ਨੇ
ਇੰਨਾ ਸੁੰਦਰ ਬਣਾ ਦਿਤਾ ਹੈ
ਅਤੇ ਆਪਣੇ ਪਿਆਰ ਦੁਆਰਾ
ਉਸ ਨੇ ਸਾਨੂੰ ਸਭ ਨੂੰ
ਅਨੰਤ ਕਰ ਦਿਤਾ ਹੈ ।
ਆਪਣੇ ਚਰਨਾਂ ਦੀ ਛੂਹ ਦੁਆਰਾ
ਉਸ ਨੇ ਸਾਨੂੰ ਜੀਵਨ ਦਾ
ਵਿਸਮਾਦੀ ਅਨੰਦ ਬਖ਼ਸ਼ਿਆ ਹੈ
ਅਤੇ ਅਸੀਂ ਹੁਣ ਜਾਣਦੇ ਹਾਂ

ਕਿ ਇਸ ਮਹਾਂ-ਆਨੰਦ ਦੀ ਪ੍ਰਾਪਤੀ ਦਾ ਸਾਧਨ
ਇਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ ।
ਮੌਤ ਦੇ ਦਰਾਂ ਤੋਂ ਪਰੇਡੇ
ਵਿਚਰਦੀਆਂ ਭਲੀਆਂ ਰੂਹਾਂ (ਸੰਤ ਆਤਮਾਵਾਂ)
ਦੇ ਵਚਿੱਤਰ ਆਕਾਰਾਂ ਦਾ ਰੂਪ ਧਾਰ
ਰੱਬੀ ਸੰਗੀਤ ਦੀਆਂ ਧੁਨਾਂ ਹਾਰ
ਸਾਨੂੰ ਆ ਕੇ ਮਿਲਦੀਆਂ ਹਨ ।
ਅਸੀਂ ਕਈ ਅਗਿਆਤ ਵਸਤਾਂ ਨੂੰ ਪਰਸਦੇ ਹਾਂ,
ਜਿਨ੍ਹਾਂ ਬਾਰੇ
ਅਸੀਂ ਕੁਝ ਭੀ ਨਹੀਂ ਜਾਣਦੇ ।
ਸਾਡਾ ਜੀਵਨ ਕਰਾਮਾਤਾਂ ਦੀ
ਇਕ ਲੜੀ ਹੈ,
ਪਰ ਹੈ ਇਹ ਕਿੰਨਾ ਸਰਲ ਤੇ ਸਾਦਾ ।
ਜਿਵੇਂ ਤਾਰੇ ਰੌਸ਼ਨੀ ਦੇ ਟੁਕੜੇ ਹਨ,
ਤਿਵੇਂ ਸਭ ਸ਼ੁਭ ਗੁਣ
ਸਾਡੇ ਪਿਆਰ ਦੀਆਂ ਕਾਤਰਾਂ ਹਨ ।
ਜਿਵੇਂ ਬੱਚਾ ਸੁਤੇ ਹੀ ਬੋਲਣਾ ਸਿਖਦਾ ਹੈ,
ਤਿਵੇਂ ਸਿਆਣਪ ਇਕਦਮ ਸਾਡੇ ਅੰਦਰ
ਉਸ ਦੀ ਕਿਰਪਾ ਦੁਆਰਾ
ਪ੍ਰਗਟ ਹੁੰਦੀ ਹੈ ।
ਅਸੀਂ ਇਸ ਅਨੁਭਵ ਬਾਰੇ
ਕੁਝ ਦਸ ਨਹੀਂ ਸਕਦੇ,
ਜੋ ਇਸ ਬਾਰੇ ਜਾਣਨਾ ਲੋਚਦੇ ਹਨ,
ਉਨ੍ਹਾਂ ਨੂੰ ਸਾਡੇ ਪ੍ਰੀਤਮ ਦਾ
ਦੀਦਾਰ ਕਰਨਾ ਚਾਹੀਦਾ ਹੈ ।
ਸਾਡਾ ਧਰਮ ਸਾਨੂੰ
ਕਿਰਤ ਤੇ ਪ੍ਰੇਮ ਕਰਨਾ ਸਿਖਾਉਂਦਾ ਹੈ
ਅਤੇ ਆਪਣੇ ਪ੍ਰਭੂ ਨੂੰ ਹਰ ਵਸਤ ਵਿਚ
ਹਾਜ਼ਰ-ਨਾਜ਼ਰ ਵੇਖਣ ਦੀ ਜਾਚ ਦਸਦਾ ਹੈ;

ਅਸੀਂ ਉਸ ਦੀ ਹੋਂਦ ਨਾਲ
ਨਕੋ-ਨੱਕ ਭਰਪੂਰ ਵਿਚਰਦੇ ਹਾਂ ।
ਸਾਡਾ ਜੀਵਨ ਪ੍ਰੀਤਮ ਦੇ ਧਿਆਨ ਵਿਚ
ਮਗਨ ਰਹਿੰਦਾ ਹੈ;
ਇਸ ਲਿਵ ਦੇ ਟੁੱਟਦਿਆਂ ਹੀ
ਅਸੀਂ ਮਰ ਜਾਂਦੇ ਹਾਂ ।
ਪ੍ਰੀਤਮ ਦੇ ਧਿਆਨ ਨਾਲੋਂ ਵਿਛੜ ਕੇ
ਕੀ ਸਾਰੀਆਂ ਕੌਮਾਂ ਦੂਜਿਆਂ ਦੀਆਂ
ਗ਼ੁਲਾਮ ਨਹੀਂ ਬਣ ਗਈਆਂ ?
ਅਸੀਂ ਚੂਨੇ ਦੇ ਉਹ ਫ਼ੁੱਲਦਾਨ ਹਾਂ,
ਜਿਸ ਵਿਚ ਗੁਰੂ ਨੇ ਆਪਣੇ ਹੱਥੀਂ
ਆਤਮਾ ਦੇ ਚਾਨਣ ਦੇ
ਪਤਲੇ ਧਾਗਿਆਂ ਦੀ ਪਨੀਰੀ ਲਾਈ ਹੈ
ਅਤੇ ਆਤਮਾ ਦੇ ਚਾਨਣ ਦੀ
ਇਹ ਨੰਨ੍ਹੀ ਪਨੀਰੀ
ਰੌਸ਼ਨੀ ਦੇ ਵੱਡੇ ਬਿਰਛ ਬਣ ਗਏ ਹਨ;
ਉਨ੍ਹਾਂ ਦਾ ਪ੍ਰਕਾਸ਼ ਉਧਰ ਜਾਂਦਾ
ਤੇ ਹੇਠਾਂ ਨੂੰ ਝਰਦਾ
ਮਨੁੱਖੀ ਵਸਤੂਆਂ ਤੇ ਘਟਨਾਵਾਂ ਦੀਆਂ
ਆਤਮਕ ਪ੍ਰਭਾਵ ਵਾਲੀਆਂ
ਅਜਿਹੀਆਂ ਤਸਵੀਰਾਂ ਦੀ ਰਚਨਾ ਕਰ ਰਿਹਾ ਹੈ
ਜੋ ਸਾਨੂੰ ਸਾਡੇ ਆਪਣੇ ਜੀਵਨ ਵਿਚ
ਠੀਕ ਤੇ ਗ਼ਲਤ ਹੋਣ ਬਾਰੇ
ਸੰਕੇਤ ਦੇਂਦੀਆਂ ਹਨ ।
ਅਸੀਂ ਆਪਣੀ ਆਤਮਾ ਵਿਚ
ਇਸ ਰੌਸ਼ਨੀ ਦੇ
ਆਪ ਬਣਾਏ ਰੀਕਾਰਡਾਂ ਨਾਲ
ਨਿਰੰਤਰ ਇਕਸੁਰ ਹੋਏ ਰਹਿੰਦੇ ਹਾਂ
ਅਤੇ ਅਸੀਂ ਕੇਵਲ ਆਪਣੇ ਅੰਦਰ

ਗੁਰੂ ਦੇ ਦੀਪਕ ਦੀ
ਜਗਦੀ ਜੋਤ ਦੇ ਹੀ ਵਫ਼ਾਦਾਰ ਹਾਂ ।
ਜੀਵਨ ਦੇ ਇਸ ਪਥ-ਹੀਣ ਭਵਸਾਗਰ ਵਿਚ
ਅਸੀਂ ਆਪਣੇ ਅੰਦਰ ਦੇ ਚਾਨਣ ਦੇ
ਪਿਛੇ ਤੁਰਦੇ ਹਾਂ ।
ਸਾਡਾ ਪ੍ਰਭੂ ਸਾਡੇ ਹਿਰਦੇ ਦੀਆਂ
ਕੰਵਲ-ਪੱਤੀਆਂ 'ਤੇ ਬਿਰਾਜਮਾਨ ਹੈ ।
ਗੁਰੂ ਦੇ ਦੀਪਕ ਦੀ ਜੋਤੀ ਦੀਆਂ ਕਿਰਨਾਂ
ਸਾਨੂੰ ਸਰਬ-ਗਿਆਤਾ ਬਣਾ ਦੇਂਦੀਆਂ ਹਨ ।
ਸਾਨੂੰ ਵੇਲੇ ਦੀ ਲੋੜ ਦਾ ਗਿਆਨ ਹੋ ਜਾਂਦਾ ਹੈ;
ਕੋਈ ਬਾਹਰੀ ਆਦੇਸ਼ ਸਾਡੇ ਲਈ
ਵਿਸ਼ੇਸ਼ ਅਰਥ ਨਹੀਂ ਰਖਦਾ ।
ਸਾਡਾ ਸਦਾਚਾਰ
ਉਸ ਪ੍ਰਭੂ ਦੇ ਹਿਰਦੇ ਤੋਂ ਫੁੱਟਦਾ
ਸੰਗੀਤ ਹੁੰਦਾ ਹੈ ।
ਸਾਡੇ ਅੰਦਰਲੇ ਪ੍ਰਕਾਸ਼ ਦਾ ਚਿੱਟਾ ਚਾਨਣ
ਸਾਡੇ ਜੀਵਨ-ਜਹਾਜ਼ ਦਾ
ਸਰਵੁੱਚ ਮਾਰਗ-ਦਰਸ਼ਕ ਹੈ
ਅਸੀਂ ਆਪਣੀ ਖ਼ੁਸ਼ੀ ਵਿਚ
ਕਿੱਡੇ ਮਨ-ਮਰਜ਼ੀ ਦੇ ਮਾਲਕ ਹੁੰਦੇ ਹਾਂ
ਇਹ ਕੇਡੀ ਦੈਵੀ-ਜੋਤੀ ਹੈ !
ਕਈ ਵਾਰ ਇਸ ਤੋਂ ਸਾਡੇ ਉਪਰ
ਚਿੰਗਿਆੜੀਆਂ ਦਾ ਮੀਂਹ ਵਰ੍ਹਦਾ ਹੈ,
ਜਦੋਂ ਇਹ ਜਿਉਂਦੀ ਵਸਤ ਹਾਰ
ਕੰਬਦੀ ਹੈ ਤਾਂ ਅਸੀਂ ਹਿੱਲ ਜਾਂਦੇ ਹਾਂ
ਅਤੇ ਦੂਜੇ ਹੀ ਪਲ
ਜਦੋਂ ਅਸੀਂ ਘੂਕ ਸੁਤੇ ਹੁੰਦੇ ਹਾਂ
ਤਾਂ ਇਹ ਸਾਡੇ ਉਤੇ
ਮਿੱਠੀ ਤ੍ਰੇਲ ਦੀ ਛਹਿਬਰ ਲਾਉਂਦੀ ਹੈ;

ਅਸੀਂ ਇਸ ਦੇ ਸਾਏ ਥੱਲੇ ਵਿਚਰਦੇ ਹਾਂ ।
ਅਸੀਂ ਆਦਿ ਕਾਲ ਤੋਂ ਇਸ ਦੇ
ਨੂਰੀ ਜਮਾਲ ਦੀ ਭਾਸ਼ਾ ਤੋਂ ਜਾਣੂ ਹਾਂ ।
ਅਸੀਂ ਇਸ ਦੇ ਪਿਆਰ ਭਰੇ
ਇਸ਼ਾਰਿਆਂ ਨੂੰ ਸਮਝਦੇ ਹਾਂ,
ਜਿਨ੍ਹਾਂ ਨੂੰ ਸਾਡੇ ਤੋਂ ਬਿਨਾਂ
ਹੋਰ ਕੋਈ ਨਹੀਂ ਵੇਖ ਸਕਦਾ ।
ਸਭ ਕੁਝ ਮਿਹਰ ਭਰਿਆ ਹੈ,
ਇਥੋਂ ਤਕ ਕਿ ਮੌਤ ਵੀ ।
ਪ੍ਰਭੂ ਨੇ ਜੋ ਸਾਨੂੰ ਗਿਆਨ ਬਖ਼ਸ਼ਿਆ ਹੈ,
ਉਸ ਨੇ ਇਹ ਗੱਲ ਚੰਗੀ ਤਰ੍ਹਾਂ
ਸਾਨੂੰ ਸੁਦ੍ਰਿੜ ਕਰਵਾ ਦਿਤੀ ਹੈ ।
ਇਹ ਸੱਚ ਜੁਗੋ-ਜੁਗ
ਸਾਡੇ ਸੰਗ ਰਿਹਾ ਹੈ,
ਫਿਰ ਵੀ
ਇਹ ਅਨੰਤ ਵਿਸਮਾਦਾਂ ਨਾਲ ਭਰਪੂਰ ਹੈ
ਅਤੇ ਸਾਨੂੰ ਹਰ ਪਲ
ਅਸਚਰਜ ਕਰਦਾ ਰਹਿੰਦਾ ਹੈ ।
ਇਹ ਅਣਗਿਣਤ ਨਵੇਂ ਰੂਪ ਧਾਰਨ ਕਰਦਾ ਹੈ;
ਇਕ ਸਮਾਨ ਅਸੰਖ ਨਾਨਾ-ਰੰਗੇ ਦ੍ਰਿਸ਼
ਇਕੋ ਰੂਹ ਦੇ ਅਨੇਕ ਪ੍ਰਤੀਬਿੰਬ
ਦਿਸ ਆਉਂਦੇ ਹਨ ।
ਕਈ ਵਾਰ ਮੈਨੂੰ
ਗ਼ਰੀਬ ਦੀ ਝੌਂਪੜੀ ਦਾ ਮਿੱਟੀ-ਘੱਟਾ
ਚੰਗਾ ਲਗਦਾ ਹੈ
ਤੇ ਕਿਸੇ ਹੋਰ ਸਮੇਂ ਮੈਨੂੰ
ਅਮੀਰਾਂ ਵਾਲੀ ਪੌਸ਼ਾਕ ਖ਼ੁਸ਼ੀ ਦੇਂਦੀ ਹੈ ।
ਇਕ ਵਾਰ ਮੈਨੂੰ
ਛੱਤੀ ਪਦਾਰਥਾਂ ਦੇ ਭੋਜਨ

ਕੌੜੇ ਪਿੱਤੇ ਤੇ ਭੁਰੀ ਲਕੜੀ ਵਰਗੇ ਲਗੇ;
ਅਤੇ ਕੋਧਰੇ ਦੀ ਰੋਟੀ
ਤੇ ਖਾਰੇ ਪਾਣੀ ਨੇ ਮੈਨੂੰ
ਦੇਵ-ਭੋਜ ਦਾ ਅਨੰਦ ਦਿਤਾ ।
ਮੈਂ ਕਿਸੇ ਦਾ ਖੰਡਨ ਨਹੀਂ ਕਰਦਾ,
ਨਾ ਹੀ ਕਿਸੇ ਵਸਤ ਦਾ
ਤਿਆਗ ਕਰਦਾ ਹਾਂ ।
ਸਭ ਕੁਝ ਆਪਣੇ ਕੁਦਰਤੀ ਰੂਪ ਵਿਚ
ਅਤੇ ਆਪਣੇ ਯੋਗ ਸਮੇਂ
ਮੇਰੇ ਕੋਲ ਆ ਜਾਂਦਾ ਹੈ ।
ਮੈਂ ਅੱਖਾਂ ਗੁਆ ਬੈਠਾ,
ਪਰ ਮੈਨੂੰ ਅੱਖਾਂ ਵਾਲਿਆਂ ਨਾਲੋਂ
ਬਹੁਤਾ ਵਿਖਾਈ ਦਿਤਾ ਸੀ ।
ਮੈਨੂੰ ਹਿੰਦੂ ਸੰਤਾਂ ਵਾਲੇ ਤਿਆਗ ਦੀ
ਲੋੜ ਨਹੀਂ ਪੈਂਦੀ ।
ਮੈਂ ਉਸ ਤਿਆਗ ਵਿਚ ਭਰੋਸਾ ਰਖਦਾ ਹਾਂ,
ਜੋ ਮੇਰੇ ਅੰਦਰ ਗੁਰੂ ਦੀ ਕਿਰਪਾ ਦੁਆਰਾ
ਰਾਜ-ਮਹਿਲ ਅਤੇ ਕੱਖਾਂ ਦੀ ਕੁੱਲੀ ਵਿਚ
ਇਕ ਸਮਾਨ ਉਪਜਦਾ ਹੈ ।
ਮੇਰਾ ਧਿਆਨ ਧਰਨ
ਅਤੇ ਉਸ ਦੇ ਅੰਕ ਸਮਾਉਣ ਵਿਚ ਵਿਸ਼ਵਾਸ ਤਾਂ ਹੈ,
ਪਰ ਤਦੋਂ
ਜਦੋਂ ਅਰੋਕ ਵੇਗ ਵਿਚ
ਉਹ ਮੈਨੂੰ ਆਪਣੇ ਨੇੜੇ ਲੈ ਜਾਂਦਾ ਹੈ ।
ਮੈਂ ਉਦੋਂ ਆਪਣੀ ਆਤਮਾ ਦੇ
ਇਕਾਂਤ ਵਿਚ ਵਾਸ ਕਰ ਲੈਂਦਾ ਹਾਂ
ਜਦੋਂ ਲੰਮੀਆਂ ਅੱਯਾਲਾਂ ਵਾਲੇ
ਸਬਜ਼ ਘੋੜੇ ਹਵਾ ਵਿਚ ਦੌੜਦੇ
ਤੇ ਮੇਰੇ ਰੱਥ ਦੇ ਪਹੀਏ ਆਕਾਸ਼ ਵਿਚ ਉਡਦੇ ਹਨ ।

ਗਗਨ ਦੀਆਂ ਹਵਾਵਾਂ ਨੂੰ
ਮੈਨੂੰ ਮੋਢਿਆਂ 'ਤੇ ਚੁੱਕ ਕੇ
ਚਹੁੰ ਕੂੰਟਾਂ ਵਿਚ ਖੜਨ ਦਿਉ !
ਜਿਹੜਾ ਚੰਨ ਤੇ ਸੂਰਜ ਕੋਲੋਂ
ਆਪਣੇ ਘਰ ਦੇ ਫ਼ਰਸ਼
ਨਹੀਂ ਬੁਹਰਾ ਸਕਦਾ,
ਉਹ ਉਸ ਦੇ ਸ਼ਬਦ ਨੂੰ
ਮਨ-ਮੰਦਰ ਵਿਚ
ਕਿਵੇਂ ਸਥਾਪਤ ਕਰ ਸਕਦਾ ਹੈ !
ਤਾਰਿਆਂ ਨਾਲ ਮੇਰੀਆਂ ਮੀਢੀਆਂ ਗੁੰਦੋ,
ਅਤੇ ਮੈਨੂੰ ਸੁਹਾਗ ਪੌਸ਼ਾਕਾਂ ਪੁਆਵੋ
ਕਿਉਂ ਜੋ ਮੈਂ
ਪ੍ਰਭੂ-ਪ੍ਰੀਤਮ ਦੀ ਲਾੜੀ ਹਾਂ ।
ਜਿਵੇਂ ਟਕਸਾਲ 'ਤੇ ਬੈਠਾ ਪਾਰਖੂ
ਖੋਟੇ ਤੇ ਖਰੇ ਸਿੱਕਿਆਂ ਨੂੰ
ਟੁਣਕਾ ਟੁਣਕਾ ਕੇ ਆਪਣੇ ਹੱਥ ਨਾਲ
ਅੱਡ ਕਰੀ ਜਾਂਦਾ ਹੈ,
ਤਿਵੇਂ ਸਭ ਵਸਤਾਂ ਵਿਚੋਂ ਗੁਜ਼ਰਦਾ ਘੇਰਾ
ਮੇਰੀ ਦ੍ਰਿਸ਼ਟੀ ਅਗੋਂ ਲੰਘਦਾ ਹੈ
ਤੇ ਕੇਵਲ ਸੱਚ
ਮੇਰੇ ਹੱਥਾਂ ਵਿਚ ਰਹਿ ਜਾਂਦਾ ਹੈ ।
ਅਸੀਂ ਉਸ ਦੇ ਪ੍ਰੇਮ ਵਿਚ
ਆਪਣੇ ਆਪ ਨੂੰ ਜਾਲਦੇ ਹਾਂ,
ਇਸ ਲਈ ਅਸੀਂ
ਵਿਸ਼ਵ-ਵਿਆਪੀ ਹੋ ਗਏ ਹਾਂ ।
ਬੱਤੀ ਤੇ ਤੇਲ ਲਈ
ਜਿਵੇਂ ਨਿੱਕੀ ਜੋਤੀ ਬਣਨਾ ਹੀ
ਵੱਡਾ ਆਦਰਸ਼ ਹੈ,
ਇਹ ਪ੍ਰਭੂ ਦੀ ਸੇਵਾ ਦੇ ਤੁੱਲ ਹੈ ।

ਸਾਡਾ ਗੁਰੂ ਆਖਦਾ ਹੈ :
''ਜਦੋਂ ਅਸੀਂ ਉਸ ਦਾ ਧਿਆਨ ਧਰਦੇ ਹਾਂ
ਤਾਂ ਉਸ ਦੀ ਸਭ ਤੋਂ ਵੱਡੀ ਸੇਵਾ ਕਮਾਉਂਦੇ ਹਾਂ ।''
ਸੁੰਦਰ ਹੋਣਾ ਵਿਸ਼ਵ-ਵਿਆਪੀ ਹੋਣਾ ਹੈ;
ਸੁੰਦਰ ਹੋਣਾ ਕਲਿਆਣਕਾਰੀ ਹੋਣਾ ਹੈ;
ਪ੍ਰਭੂ ਸਾਡੀ ਮੰਜ਼ਲ ਅਤੇ ਮਾਰਗ ਹੈ ।
ਸਾਕੀ ! ਇਕ ਵਾਰ ਫਿਰ ਬਾਹਰ ਆ !
ਅਤੇ ਸਾਡੇ ਟੁੱਟੇ ਪਿਆਲਿਆਂ ਵਿਚ
ਆਪਣੀ ਮੈਅ ਉਲੱਦ;
ਸ਼ਾਇਦ ਇਨ੍ਹਾਂ ਸਾਰੇ ਟੁਕੜਿਆਂ ਦੀ ਖ਼ੁਸ਼ੀ ਮਿਲ ਕੇ
ਤੇਰੇ ਜਾਮ ਨੂੰ ਪਕੜੀ ਰਖੇ !
ਕਿਰਪਾ ਕਰਕੇ ਆਪਣੇ ਮਿਹਰ ਦੇ ਦਿਆਲੂ ਦਰ ਉਤੇ
ਕੁਝ ਚਿਰ ਹੋਰ ਖੜਾ ਰਹੁ
ਤੇ ਆਪਣੇ ਆਕਾਸ਼ ਦੀ ਨੀਲੀ ਸੁਰਾਹੀ ਵਿਚੋਂ
ਅੱਗ ਵਰਗੀ ਤੇਜ਼ ਸ਼ਰਾਬ
ਸਾਡੇ ਦਿਲਾਂ ਦੇ ਰਾਤ ਵਰਗੇ
ਕਾਲੇ ਚਿਹਰੇ ਉਤੇ
ਉਦੋਂ ਤਕ ਡੋਲ੍ਹਦਾ ਰਹੁ,
ਜਦੋਂ ਤਕ ਕਿ ਮੁਰਦੇ ਜਾਗ ਨਹੀਂ ਪੈਂਦੇ
ਅਤੇ ਗੁੰਗੇ ਗਾਉਣ ਨਹੀਂ ਲਗ ਪੈਂਦੇ
ਅਤੇ ਸਾਰੇ ਰਿੰਦ
ਨਸ਼ੇ ਦੀ ਮਸਤ ਖ਼ੁਮਾਰੀ ਵਿਚ
ਤੇਰੇ ਮੰਦਰ ਅਗੇ ਮਿਲ ਕੇ
ਮੁੜ ਨਵ-ਜਨਮੇ ਮਨੁੱਖ ਦੇ ਰੂਪ ਵਿਚ
ਨੱਚ ਨਹੀਂ ਉਠਦੇ !
ਤੇ ਤੇਰੀ ਯਾਕੂਤੀ ਸ਼ਰਾਬ ਨਾਲ ਰੰਗੇ
ਨਵੇਂ ਆਕਾਸ਼ ਦੇ
ਨਵੇਂ ਚੜ੍ਹੇ ਸੂਰਜ ਦੀ ਸੂਹੀ ਰੋਸ਼ਨੀ ਨੂੰ
'ਜੀ ਆਇਆਂ' ਨਹੀਂ ਆਖਦੇ !!

5. ਆਤਮਿਕ ਉਡਾਰੀ

(ਰਾਣੀ ਰਾਜ ਕੌਰ ਦੀ ਆਤਮਕ ਉਡਾਰੀ*)

ਆਪਣੇ ਤਨ ਤੋਂ ਮੈਂ** ਹੋਈ ਸਾਂ ਵਖਰੀ
ਨੀਲੇ ਉਚੇ ਗਗਨਾਂ ਵਿਚ
ਸਾਂ ਮੈਂ ਉਡਦੀ ਜਾਂਦੀ
ਜਿਵੇਂ ਉਡਦੀ ਹੈ ਗੁੱਡੀ ਵਿਚ ਆਕਾਸ਼ੀਂ;
ਬਨਾਂ ਉਤੋਂ ਦੀ ਗਗਨ-ਮੰਡਲ ਤੋਂ
ਮੈਂ ਤੱਕਿਆ ਧਰਤੀ ਵਲ ਹੇਠਾਂ,
ਨਦੀਆਂ ਨਾਲੇ ਪਰਬਤ ਧਾਰੇ,
ਮੈਨੂੰ ਨਜ਼ਰੀਂ ਆਏ ।
ਉਡ ਰਹੀ ਸੀ ਮੇਰੀ ਆਤਮਾ
ਇਕ ਪੰਛੀ ਦੇ ਹਾਰ
ਹੋਰ ਉਤਾਂਹ ਨੂੰ ।
ਮੈਂ ਹੋਈ ਹੈਰਾਨ
ਇਹ ਅੰਚਭਾ ਤੱਕ ਕੇ
ਕਿ ਕਿਵੇਂ ਮੇਰੀ ਆਤਮਾ
ਹੋਈ ਸਰੀਰੋਂ ਵੱਖ
ਜੋ ਹੇਠਾਂ ਨਿਰਜਿੰਦ ਪਿਆ ਸੀ ਧਰਤੀ 'ਤੇ
ਤੇ ਮੇਰੀ ਆਤਮਾ ਵਿਚ ਜਿੰਦ ਕਣੀ ਧੜਕ ਰਹੀ ਸੀ
ਉਵੇਂ ਦੀ ਉਵੇਂ ।
ਮੈਂ ਸਾਂ ਹੌਲੀ ਮੇਘਾਂ ਤੋਂ ਵੀ
ਪਵਨ ਤੋਂ ਵੀ ਸੂਖਮ ਸੀ ਮੇਰਾ ਰੂਪ,
ਮੈਂ ਤਾਂ ਹੀਰੇ ਹਾਰ ਦਮਕ ਰਹੀ ਸਾਂ,
ਮੈਂ ਤਾਂ ਸਾਂ ਸ਼ੁਧ ਆਤਮਾ ।

* * * *

* ਭਾਈ ਵੀਰ ਸਿੰਘ ਰਚਿਤ ਮਹਾਂ-ਕਾਵਿ 'ਰਾਣਾ ਸੂਰਤ ਸਿੰਘ' ਦੀ ਨਾਇਕ

** ਜੀਵ-ਆਤਮਾ

ਇਸ ਖੰਡ 'ਚੋਂ ਮੈਂ ਹੋਰ ਉਤਾਂਹ ਉਡਾਰੀ ਮਾਰੀ
ਪਹੁੰਚੀ ਮੈਂ ਚਾਨਣ ਦੇ ਵਿਸਮਾਦੀ ਮੰਡਲ,
ਜਿਥੇ ਮਹਾਂ-ਪ੍ਰਕਾਸ਼ ਦਾ ਪਹਿਰਾ
ਨੂਰੋ-ਨੂਰ ਫੁਹਾਰ ਰਿਹਾ ਸੀ,
ਜਿਸ ਦੀ ਚਮਕ ਸੀ ਹੀਰਿਆਂ ਤੋਂ ਵਧ ਕੇ,
ਫੁੱਲਾਂ ਹਾਰ ਸੂਖਮ ਸੀ ਜਿਸ ਦੀ ਮੁਸਕਾਨ;
ਇਸ ਨੇ ਮੇਰੀ ਆਤਮਾ ਨੂੰ ਧੂਹ ਸੀ ਪਾਈ,
ਖਿਚ ਲਿਆ ਸੀ ਆਪਣੀ ਵੱਨੇ,
ਇਹ ਤਾਂ ਅਦ੍ਰਿਸ਼ਟ ਦੀ ਸੀ ਕੋਈ ਮਹਾਂ-ਜੋਤੀ;
ਜੀਵਨ ਦੇ ਸਾਹਾਂ ਦੀ ਪਵਨ ਝੁੱਲ ਰਹੀ ਸੀ,
ਜਿਸ ਨੇ ਆ ਕੇ ਮੇਰੀ ਰੂਹ ਨੂੰ ਛੋਹਿਆ,
ਇਸ ਦੀ ਭਿੰਨੀ ਮਹਿਕ
ਮੇਰੀ ਆਤਮਾ ਅੰਦਰ ਰਚ ਗਈ ਸੀ,
ਜਿਵੇਂ ਇਹ ਹੋਵੇ ਇਕ ਮੌਨ ਸੰਗੀਤ ।

* * * *

ਮੈਂ ਅਸੰਖ ਜਿੰਦਾਂ ਨੂੰ ਉਥੇ ਤੱਕਿਆ,
ਜਿਨ੍ਹਾਂ ਦਾ ਆਕਾਰ ਨਿਰਾ ਨੂਰ ਸੀ ।
ਇਥੇ ਇਕ ਜੋਤ-ਸਰੂਪ ਹਸਤੀ ਆਈ ਮੇਰੇ ਕੋਲ
ਜਿਸ ਨੇ ਮੈਨੂੰ ਬਾਹਾਂ ਅੰਦਰ ਘੁੱਟ ਲਿਆ ਸੀ;
ਮੈਨੂੰ ਇੰਝ ਹੋਇਆ ਆਭਾਸ
ਜਿਵੇਂ ਮ੍ਰਿਤੂ ਦੇ ਸਦੀਆਂ ਪਿਛੋਂ
ਮੈਂ ਮਿਲੀ ਹਾਂ ਆਪਣੀ ਕਿਸੇ ਸਕੀ ਭੈਣ ਨੂੰ ।
ਉਸ ਦੀ ਪ੍ਰੇਮ ਗਲਵਕੜੀ ਅੰਦਰ
ਮੈਨੂੰ ਸਦੀਵਤਾ ਦਾ ਹੋਇਆ ਅਹਿਸਾਸ,
ਪਰ ਇਥੇ ਆ ਕੇ ਵੀ
ਮੈਂ ਆਪਣੇ 'ਰਾਣੇ'* ਨੂੰ ਨਹੀਂ ਸਾਂ ਭੁਲੀ ।

* * * *

* ਕਵੀ ਦਾ ਇਸ਼ਾਰਾ ਭਾਈ ਵੀਰ ਸਿੰਘ ਦੇ ਸਿਰਜੇ ਨਾਇਕ 'ਰਾਣਾ ਸੂਰਤ ਸਿੰਘ' ਵਲ ਜਾਪਦਾ ਹੈ ।

ਉਸ ਤੋਂ ਮੈਂ ਇੰਞ ਪੁਛਿਆ :
''ਹੇ ਮੇਰੀ ਗਗਨ-ਮੰਡਲ ਦੀ ਸਖੀ ਪਿਆਰੀ !
ਦਸੋ ਮੈਨੂੰ ਮੇਰਾ 'ਰਾਣਾ'
ਕਿਹੜੇ ਮੰਡਲ ਵਿਚਰ ਰਿਹਾ ਹੈ ?
ਮੈਂ ਤਾਂ ਹਾਂ ਇਕ ਪੰਛੀ ਹਾਰ
ਜੋ ਢੂੰਡ ਰਹੀ ਹਾਂ ਆਪਣਾ
ਗੁਆਚਿਆ ਜੀਵਨ ਸਾਥੀ ।
ਪਾਉ ਦਸ ਓਸ ਦੀ
ਜੇ ਤੁਹਾਨੂੰ ਹੈ ਕੋਈ ਸਾਰ ।''
ਸਖੀ ਕਿਹਾ :
''ਮੇਰੀਏ ਭੈਣੇ !
ਹੋ ਜਾ ਤੂੰ ਸ਼ਾਂਤ,
ਤੇਰਾ 'ਰਾਣਾ' ਹੈ ਸਚਖੰਡ ਨਿਵਾਸੀ ਹੋਇਆ
ਜੋ ਇਨ੍ਹਾਂ ਸਭ ਖੰਡਾਂ ਤੋਂ ਹੈ ਉਚੇਰਾ
ਮਹਾਂ-ਨਿਰਵਾਣ ਦਾ ਮੰਡਲ,
ਜੋ ਇਨ੍ਹਾਂ ਸਭ ਮੰਡਲਾਂ ਤੋਂ
ਨਿਹਾਰ ਰਹੀ ਹੈਂ ਤੂੰ ਜਿਨ੍ਹਾਂ ਤਾਂਈਂ
ਇਨ੍ਹਾਂ ਸਭ ਤੋਂ ਹੈ ਪ੍ਰੇਰਾ ।''
ਮੈਂ ਕਿਹਾ :
''ਮੇਰੀ ਪਿਆਰੀ ਸਖੀਏ !
ਮੈਨੂੰ ਦਸੋ ਛੇਤੀ ਉਹ ਮਾਰਗ
ਜੋ ਮੇਰੇ 'ਰਾਣੇ' ਦੇ ਨਿਵਾਸ ਨੂੰ ਜਾਂਦਾ,
ਕਿਥੇ ਹੈ ਉਹ ਖੰਡ
ਜਿਥੇ ਮੇਰਾ ਸੋਹਣਾ ਪ੍ਰੀਤਮ ਰਹਿੰਦਾ?''
ਸਖੀ ਕਿਹਾ :
''ਸੁਣ ਮੇਰੀਏ ਪਿਆਰੀਏ ਭੈਣੇ !
ਉਥੇ ਜਾਣਾ ਹੈ ਮੇਰੀ ਸ਼ਕਤੀ ਤੋਂ ਬਾਹਰ,
ਪਰ ਮੈਂ ਤੈਨੂੰ ਲੈ ਜਾਵਾਂਗੀ ਉਸ ਮਾਰਗ ਨੂੰ
ਜਿਥੋਂ ਤਕ ਮੈਂ ਤੇਰੇ ਸੰਗ ਜਾ ਸਕਦੀ ਹਾਂ ।''

* * * *

ਫਿਰ ਉਸ ਨੇ ਮੇਰਾ ਹੱਥ ਸੀ ਫੜਿਆ
ਤੇ ਮੈਨੂੰ ਲੈ ਤੁਰੀ ਉਹ
ਹੋਰ ਉਚੇਰੇ ਮੰਡਲਾਂ ਵਲ ਨੂੰ,
ਉਡ ਰਹੀ ਸਾਂ ਮੈਂ ਉਸ ਦੇ ਸੰਗ
ਨੂਰ ਦੇ ਬੱਦਲ ਹਾਰ
ਮਾਰ ਉਡਾਰੀ ਹੋਰ ਉਤਾਂਹ ਨੂੰ,
ਅਸੀਂ ਸਾਂ ਪੁਜੇ
ਮਹਾਂ-ਅਨੰਦ ਦੀ ਸਵਰਨ-ਭੂਮੀ ਵਿਚ ।
ਇਥੇ ਅਕੱਥ ਸ਼ਿਵੰ ਚਮਕ ਰਿਹਾ ਸੀ,
ਆਤਮ-ਗਿਆਨ ਦੇ ਮਹਾਂ-ਆਨੰਦ ਦਾ
ਸਾਗਰ ਲਹਿਰ ਰਿਹਾ ਸੀ,
ਸ਼ੁਧ ਪਵਿੱਤਰ ਤੇ ਪੁਨੀਤ;
ਅਨੰਤਾਂ ਦੇ ਜੀਵਨ ਦਾ ਖੇੜਾ ਤੈਰ ਰਿਹਾ ਸੀ,
ਚਿੱਟੇ ਦੁੱਧ ਫੁੱਲਾਂ ਦੇ ਹਾਰ
ਤੇ ਪ੍ਰਭੂ-ਪ੍ਰੀਤਮ ਦਾ ਅਨਹਦ ਨਾਦ
ਹਰ ਆਤਮਾ ਵਿਚ ਗੂੰਜ ਰਿਹਾ ਸੀ ।

* * * *

ਜਦ ਮੈਂ ਇਸ ਅਮਰ-ਮੰਡਲ ਵਿਚ ਕੀਤਾ ਪ੍ਰਵੇਸ਼
ਤਾਂ ਇੰਝ ਹੋਇਆ ਮੈਨੂੰ ਆਭਾਸ
ਕਿ ਮੈਂ ਆਪਣੇ ਚਾਨਣ ਦੇ ਬਸਤਰ
ਦਿਤੇ ਨੇ ਉਤਾਰ
ਤੇ ਇਕ ਸੂਖਮ ਜੋਤੀ ਨੂੰ ਪਹਿਨ ਲਿਆ ਹੈ
ਜੋ ਹੈ ਮੇਰੇ ਆਤਮ-ਮੰਦਰ ਦੇ ਅੰਦਰ ਦਾ ਧਾਮ ।
ਇਸ ਮੰਡਲ ਵਿਚ ਮੇਰਾ ਹਰ ਫੁਰਨਾ ਤੇ ਵਿਚਾਰ
ਨਵ-ਸ੍ਰਿਸ਼ਟੀ ਦਾ ਲੈਂਦਾ ਰੂਪ ਸੀ ਧਾਰ

* * * *

ਇਸ ਮੰਡਲ ਵਿਚ ਪ੍ਰੀਤ ਦਾ ਸੀ ਮਹਾਂ ਪਸਾਰਾ,
ਲਖਿਆ ਨਾ ਜਾਏ ਜਿਸ ਦਾ ਕੋਈ ਆਰਾ-ਪਾਰਾ,
ਜਿਵੇਂ ਹੋਵੇ ਮਾਤ ਲੋਕ ਵਿਚ ਪਵਨ ਅਸਗਾਹ

ਤੇ ਜਿਦਾਂ ਜਲ ਦੇ ਸਾਗਰ ਹਨ ਅਥਾਹ,
ਮੈਨੂੰ ਇੰਝ ਹੋਇਆ ਅਹਿਸਾਸ
ਕਿ 'ਰਾਣਾ ਜੀ' ਮੈਨੂੰ ਮਿਲ ਜਾਣਗੇ ਇਥੇ;
ਪਰ ਮੇਰੀ ਉਸ ਦੇਵ ਸਖੀ ਨੇ
ਬੁਝ ਲਿਆ ਮੇਰੇ ਮਨ ਦਾ ਫੁਰਨਾ
ਤੇ ਇੰਝ ਆਖਣ ਲਗੀ:
''ਅਸੀਂ ਤਾਂ ਹਾਂ ਕੇਵਲ ਚਾਨਣ ਦੇ ਪਿੰਡ
ਤੇਰਾ ਪ੍ਰੀਤਮ ਪਿਆਰਾ
ਹੋਰ ਉਚੇਰੇ ਮੰਡਲਾਂ ਦਾ ਵਾਸੀ,
ਇਹ ਤਾਂ ਕੇਵਲ ਸਰਮ ਖੰਡ ਹੈ
ਸਿਰਜਨ ਮਨ ਦਾ ਜਿਥੇ ਪਹਿਰਾ
ਤੇਰਾ 'ਰਾਣਾ' ਹੋਰ ਉਚੇਰੇ ਮੰਡਲਾਂ ਦਾ ਵਾਸੀ ।''

* * * *

ਅਸੀਂ ਮੈਂ ਤੇ ਮੇਰੀ ਸਖੀ
ਹੋਰ ਉਚੇਰੇ ਮਾਰ ਉਡਾਰੀ
ਉਡ ਰਹੇ ਸਾਂ;
ਮੇਰੇ ਜੋਤੀ-ਬਸਤਰ
ਹੁਣ ਫਿਰ ਗਏ ਸਨ ਉਤਾਰੇ,
ਪਤਾ ਨਾ ਲਗਾ
ਕਿਵੇਂ ਇਹ ਕੌਤਕ ਸੀ ਘਟਿਆ,
ਹੋਰ ਸੂਖਮ ਨੂਰੀ ਬਸਤਰ
ਮੈਂ ਸਨ ਪਹਿਨੇ ।
ਅਸੀਂ ਮਹਾਂ-ਅਨੰਦ ਦੇ ਮੰਡਲ ਵਿਚ
ਪਹੁੰਚ ਚੁਕੇ ਸਾਂ ।

* * * *

ਇਸ ਮੰਡਲ ਵਿਚ ਮੈਂ ਸੀ ਤੱਕਿਆ
ਅਨਹਦ ਨਾਦ ਪ੍ਰਭੂ ਦਾ,
ਸੁੰਦਰੀ ਸੰਗੀਤ
ਜੀਵਨ ਧਾਰਾ ਸਿਰਜ ਰਿਹਾ ਸੀ ।

ਸ਼ਬਦ 'ਬ੍ਰਹਮ' ਪ੍ਰਕਾਸ਼ ਦਾ ਰਿਹਾ ਸੀ ਰੂਪ ਧਾਰ
ਤੇ ਪ੍ਰਕਾਸ਼ 'ਸ਼ਬਦ' ਵਿਚ ਢਲ ਰਿਹਾ ਸੀ ।
ਇਥੇ ਸੁਰਤ, ਮਤ ਤੇ ਬੁਧ ਦੀ ਹੋ ਰਹੀ ਸੀ
ਘਾੜਤ ਬਹੁਤ ਅਨੂਪ;
ਅਨੰਤ ਨੂੰ ਸਿਰਜਿਆ ਜਾ ਰਿਹਾ ਸੀ ਤ੍ਰਾਸ਼ ਕੇ
ਵਿਚ ਨਵ-ਸੁੰਦਰ ਆਕਾਰ ।
ਮੈਂ ਜਾਤਾ
'ਰਾਣਾ ਜੀ ਮੈਨੂੰ
ਇਸ ਮੰਡਲ ਵਿਚ ਮਿਲ ਜਾਣਗੇ ।'
ਪਰ ਮੇਰੀ ਸਖੀ ਨੇ
ਮੇਰੇ ਦਿਲ ਦੀ ਗੱਲ ਨੂੰ ਬੁਝ ਲਿਆ ਸੀ
ਤੇ ਇੰਝ ਅਲਾਇਆ :
''ਆਪਣੇ ਮਹਾਂ-ਅਨੰਦ ਦੇ ਜਲ ਤਰੰਗਾਂ ਵਿਚ
ਆਪਣੇ ਪ੍ਰੀਤਮ ਪਿਆਰੇ ਨੂੰ ਨਾ ਢੂੰਡੋ ।
ਜਦ ਤਕ ਤੁਸੀਂ ਨਿਜ ਆਤਮਾ ਦੇ ਡੂੰਘੇ ਤਲ ਵਿਚ
ਆਪਣੇ ਪ੍ਰੀਤਮ ਦੀ ਨੁਹਾਰ ਨਾ ਦੇਖੋ
ਤਦ ਤਕ ਉਨ੍ਹਾਂ ਦਾ ਕੋਈ ਚਿਤਰ ਘੜਨ ਦਾ
ਯਤਨ ਨਾ ਕਰਨਾ ਚਾਹੀਏ ।''

* * * *

ਹੋਰ ਪ੍ਰੇਰੇ ਹੋਰ ਉਚੇਰੇ
ਅਸੀਂ ਸਾਂ ਉਡਦੀਆਂ ਜਾਂਦੀਆਂ
ਮੈਂ ਤੇ ਮੇਰੀ ਸਖੀ ਪਿਆਰੀ
ਜਿਸ ਨੇ ਮੇਰੀ ਬਾਂਹ ਪਕੜ ਕੇ
ਮੈਨੂੰ ਇਨ੍ਹਾਂ ਖੰਡਾਂ ਦੀ ਸੀ ਕਰਾਈ ਯਾਤਰਾ,
ਹੋਰ ਉਚੇਰੀਆਂ ਅਸੀਂ ਉਡਦੀਆਂ ਜਾ ਰਹੀਆਂ ਸਾਂ
ਜਿਥੋਂ ਤਕ ਪਹੁੰਚ ਜਾਵੇ ਅਰਦਾਸ
ਇਕ ਸੱਚੇ ਦਿਲ ਦੀ ।
ਇਕ ਵਿਸਮਾਦੀ ਮੰਡਲ ਵਿਚੋਂ
ਅਸੀ ਹੋਰ ਵਿਸਮਾਦੀ ਮੰਡਲ ਨੂੰ

ਕਰ ਰਹੀਆਂ ਸਾਂ ਪਾਰ ।
ਤਦ ਸਖੀ ਨੇ ਮੈਨੂੰ ਆਖਿਆ :
''ਦੇਖੋ, ਪਰੇ ਉਸ ਖੰਡ ਵਿਚ
ਆਤਮਾ ਦੇ ਮੰਡਲ ਦਾ ਮਹਾਂ ਪ੍ਰਕਾਸ਼
ਪਸਰ ਰਿਹਾ ਹੈ;
ਇਹੋ ਹੀ ਹੈ 'ਨਿਰਵਾਣ' ਦਾ ਮੰਡਲ ।
ਇਥੇ ਪੁਜ ਕੇ ਕੋਈ ਵੀ ਵਾਪਸ ਨਹੀਂ ਮੁੜਦਾ ।
ਮਹਾਂ-ਜੋਤੀ ਦੇ ਚਰਨਾਂ ਉਤੇ
ਜਨਮ ਮਰਨ ਦਾ ਗੇੜ ਹੈ ਕਟਿਆ ਜਾਂਦਾ ।
ਪ੍ਰੇਮ ਦੀ ਪੁਤਲੀ ਸੁੰਦਰ ਰਾਣੀ,
ਇਹ ਮਹਾਂ-ਜੋਤੀ ਦੇ ਮਹਾਂ-ਨੂਰ ਨੂੰ
ਰੱਜ ਰੱਜ ਲਉ ਨਿਹਾਰ
ਤੇ ਪ੍ਰਭੂ ਦੇ ਇਸ ਮਹਾਂ-ਨੂਰ ਮੰਡਲ ਦੀਆਂ
ਨੂਰੀ ਕਿਰਨਾਂ ਦੀ ਅੰਮ੍ਰਿਤ-ਧਾਰਾ ਨੂੰ
ਡੀਕਾਂ ਲਾ ਲਾ ਪੀਉ !
ਉਹ ਪਰੇ.....'ਸਚਖੰਡ' ਹੈ
ਜਿਥੇ ਤੁਹਾਡੇ 'ਰਾਣਾ ਜੀ ਦਾ ਹੈ
ਨਿਵਾਸ !''

6. ਦੇਸ਼ਾਂ ਨੂੰ ਸਰ ਕਰਨ ਵਾਲੀ ਦੇਵੀ

(ਰਾਣੀ ਰਾਜ ਕੌਰ ਦੀ ਆਤਮਾ ਪੀੜਾ)

ਦੇਸ਼ਾਂ ਨੂੰ ਸਰ ਕਰਨ ਵਾਲੀ
ਮਹਾਂ-ਸ਼ਕਤੀ ਦੇਵੀ !
ਆਕਾਸ਼ ਦੀ ਭੈਣ !
ਚਮਕੋ ਜਾ ਕੇ ਪਾਰ ਗਗਨ ਤੋਂ
ਉਸ ਭੂ-ਮੰਡਲ
ਜਿਥੇ ਮੇਰੇ ਪ੍ਰੀਤਮ ਪਿਆਰੇ ਦਾ ਹੈ ਵਾਸਾ ।
ਹੇ ਬਿਜਲੀ ਦੀ ਚਮਕ ਮਹਾਨ ਮੇਰੀ ਭੈਣ !
ਤੇਰੇ ਨਾਲੋਂ ਵੀ ਬਹੁਤੀ ਹਾਂ ਮੈਂ ਬੇਚੈਨ ।
ਮੈਂ ਤਾਂ ਆਪਣੇ ਪ੍ਰੀਤਮ ਨੂੰ ਹਾਂ
ਹਰ ਥਾਂ ਢੂੰਡ ਰਹੀ ।
ਹੇ ਬਿਜਲੀ ਦੀ ਸ਼ਕਤੀ ਮੇਰੀ ਭੈਣ,
ਦੂਜੇ ਬੰਨੇ ਜਾ ਕੇ
ਮੇਰੇ ਪ੍ਰੀਤਮ ਨੂੰ ਇਹ ਖ਼ਬਰ ਦਿਉ
ਕਿ ਜਿਹੜੀ ਪਤਨੀ ਤੁਸੀਂ ਛੱਡ ਗਏ ਸਉ
ਇਸ ਧਰਤੀ 'ਤੇ,
ਉਹ ਵਿਯੋਗ ਵਿਚ ਤੜਪ ਰਹੀ ਹੈ,
ਤੇਰੀ ਚਮਕ ਤੋਂ ਵੀ ਵੱਧ ਹੈ ਬੇਕਰਾਰ ।
ਉਸ ਦੀ ਪੀੜਾ ਦਾ ਕੋਈ ਨਹੀਂ ਹੈ ਦਾਰੂ,
ਜਿਉਂ ਜਿਉਂ ਉਸ ਦਾ ਤਨ ਤੇ ਅੰਗ ਹਨ ਕਰਦੇ ਆਰਾਮ,
ਤਿਉਂ ਤਿਉਂ ਉਨ੍ਹਾਂ ਵਿਚ ਉਠਦੀ ਪੀੜਾ ਹੋਰ ਘਨੇਰੀ ।
ਬਿਜਲੀ ਮੇਰੀ ਭੈਣ ਪਿਆਰੀ !
ਮੇਰੇ ਪ੍ਰੀਤਮ ਨੂੰ ਇਹ ਦਿਉ ਸੰਦੇਸ਼ਾ ਮੇਰਾ ਜਾ ਕੇ :
''ਠੀਕ ਹੈ ਪਿਆਰੇ
ਮੈਂ ਤਾਂ ਤੇਰੇ ਯੋਗ ਨਹੀਂ ਹਾਂ !
ਪਰ ਕੀ ਫ਼ਰਕ ਪੈਂਦਾ ਹੈ ਤੁਹਾਨੂੰ

ਤੁਸੀਂ ਤਾਂ ਮੇਰੇ ਕੰਤ ਪਿਆਰੇ
ਮਿਹਰਬਾਨ ਬੜੇ ਹੋ !
ਹੇ ਤੁਹਾਡਾ ਹਿਰਦਾ ਬੜਾ ਉਦਾਰ ਵਿਸ਼ਾਲ,
ਦੇਖੋ ਚੰਨ ਜੋ ਆਪ ਹੈ ਜੋਤੀ-ਹੀਣ
ਸੂਰਜ ਤੋਂ ਪ੍ਰਕਾਸ਼ ਨੂੰ ਪਾ ਕੇ
ਕਿੰਨੀ ਸ਼ਾਨ ਵਿਚ ਚਮਕ ਹੈ ਪੈਂਦਾ !
ਸੋ, ਹੇ ਮੇਰੇ ਪ੍ਰੀਤਮ ਪਿਆਰੇ !
ਜੇ ਤਸੀਂ ਕਰੋ ਦਇਆ
ਤਾਂ ਚੰਨ ਦੀ ਸ਼ਾਨ ਵੀ ਮੇਰੀ ਸ਼ਾਨ ਦੇ ਸਾਂਹਵੇਂ
ਮਾਤ ਹੋ ਜਾਸੀ ।''
ਹੇ ਬਿਜਲੀ ਮੇਰੀ ਭੈਣ ਪਿਆਰੀ
ਮੈਨੂੰ ਚੁਕ ਕੇ
ਆਪਣੇ ਪ੍ਰੀਤਮ ਪਿਆਰੇ ਦੇ ਮੰਡਲ ਲੈ ਜਾਉ
ਉਸ ਪਾਰ
ਤੇ ਜਾ ਲਿਟਾਉ ਉਸ ਦੇ ਚਰਨਾਂ ਉਤੇ
ਤਾਂ ਜੋ ਆਪਣੇ ਪ੍ਰੀਤਮ ਪਿਆਰੇ ਵਲ
ਲਾ ਸਦੀਵੀ ਧਿਆਨ
ਮੈਂ ਆਪਣੀ ਅਬੁਝ ਤ੍ਰਿਖਾ ਨੂੰ ਲਵਾਂ ਤ੍ਰਿਪਤਾ ।

❖ ❖ ❖ ❖

7. ਬੇਪ੍ਰਵਾਹ ਰਾਜਾ

ਬੇਪ੍ਰਵਾਹ ਰਾਜਾ ਕੋਈ ਸਿਖ ਸਾਧੂ
ਭ੍ਰਮਣ ਕਰਦਾ ਜਾ ਰਿਹਾ ਸੀ
ਵਿਚ ਚਰਾਂਦਾਂ ਉਸ ਨੇ ਤੱਕਿਆ ਇਕ ਪਠੋਰਾ ਕਾਲਾ
ਬੈਠਾ ਸੀ ਜੋ ਘਾਹ ਦੇ ਉਤੇ ।
ਉਸ ਸਾਧੂ ਨੇ ਉਸ ਨੂੰ ਚੁਕ ਕੇ
ਆਪਣੀ ਗੋਦੀ ਵਿਚ ਬਿਠਾਇਆ ਆਪਣੇ ਬੂਰੇ ਉਤੇ
ਤੇ ਘਾਹ ਦੀਆਂ ਤਿੜਾਂ ਤੋੜ ਤੋੜ ਕੇ
ਲਗਾ ਉਸ ਦੇ ਮੂੰਹ ਪਾਣ,
ਉਸ ਨੂੰ ਨਾਲ ਪ੍ਰੇਮ ਖੁਆਉਣ,
ਇੰਝ ਹੋਇਆ ਉਸ ਨੂੰ ਆਭਾਸ
ਜਿਵੇਂ ਉਹ ਪ੍ਰਮੇਸ਼ਵਰ ਤਾਂਈਂ ਅਰਪ ਰਿਹਾ ਹੈ
ਕੁਝ ਖਾਣ ਲਈ
ਇਸ ਨਾਲ ਉਸ ਸਾਧੂ ਨੂੰ ਹੋਈ ਖ਼ੁਸ਼ੀ ਅਪਾਰ,
ਇੰਝ ਜਾਪਿਆ ਉਸ ਨੂੰ
ਜਿਦਾਂ ਉਸ ਨੇ ਪ੍ਰਭੂ-ਪ੍ਰੀਤਮ ਨੂੰ ਹੈ ਜੇਵਾਇਆ
ਆਪਣੇ ਹੱਥੀਂ ਤੇ ਇਸ ਕਾਲੇ ਪਠੋਰੇ ਦੇ ਰੂਪ ਵਿਚ
ਗੁਰੂ ਆਪ ਹੈ ਆਇਆ
ਇਸ ਨੂੰ ਕਰਨ ਪਿਆਰ ।
ਜਦ ਆਜੜੀ ਨੇ ਤੱਕਿਆ
ਤਾਂ ਝਟਪਟ ਆ ਕੇ
ਉਸ ਨੇ ਆਪਣਾ ਪਠੋਰਾ
ਸਾਧੂ ਤੋਂ ਖੋਹ ਖੜਿਆ ।
ਤਾਂ ਉਸ ਬੇਪ੍ਰਵਾਹ ਸਾਧੂ ਨੇ ਇੰਝ ਅਲਾਇਆ :
''ਕਿਵੇਂ ਇਸ ਮੂਰਖ ਨੇ
ਮੇਰੇ ਸੁਅਪਨ ਮੰਦਰ ਦੇ
ਇਸ਼ਟ-ਦੇਵ ਦੇ
ਸੁੰਦਰ ਦ੍ਰਿਸ਼ ਨੂੰ ਹੈ ਭੰਗ ਕੀਤਾ,
ਇਹ ਕਮਲੇ ਤਾਂ ਰੱਬ ਨੂੰ ਵੀ
ਨਹੀਂ ਕਰਨ ਦਿੰਦੇ ਆਰਾਮ ।''

8. ਮੁਕਤੀ

ਪ੍ਰਭ ਜੀ !
ਕਾਮਨਾ ਸ਼ਾਂਤ ਨਹੀਂ ਹੁੰਦੀ !
ਜਗਦੀ ਨਹੀਂ ਪ੍ਰੇਮ ਦੀ ਜੋਤ !
ਇਸ ਨੂੰ ਮਿਲਦਾ ਨਹੀਂ ਹੈ ਚੈਨ !
ਜੀਵਨ ਬਸ ਇਕ ਦੌੜ ਹੀ ਦੌੜ !
ਦੁਨੀਆਂ ਦੀ ਦੌਲਤ ਦਾ
ਮੈਂ ਇਕੱਠਾ ਕਰ ਲਿਆ ਭੰਡਾਰ,
ਹਾਥੀ ਲੱਦੇ ਕਈ ਮੈ
ਸਭ ਮਾਣਕ ਮੋਤੀਆਂ ਨਾਲ,
ਭਰ ਲਿਆ ਆਪਣਾ ਮਹਿਲ-ਖ਼ਜ਼ਾਨਾ,
ਜੋੜਿਆ ਬੇਸ਼ੁਮਾਰ,
ਪਰ ਹਾਲੀ ਵੀ ਝੱਲਾ ਮਨ ਮੇਰਾ
ਨਹੀਂ ਸੀ ਰਜਿਆ,
ਹੋਰ ਭਰਨਾ ਚਾਹੇ ਆਪਣਾ ਤਗਾਰ ।
ਫਿਰ ਮੈਂ ਦਿਤਾ ਸਭ ਕੁਝ ਤਿਆਗ,
ਬਣ ਗਿਆ ਸਾਧੂ ਸੰਨਿਆਸੀ,
ਨਦੀ ਕਿਨਾਰੇ ਸੰਘਣੇ ਬਨ ਅੰਦਰ
ਪਾ ਲਿਆ ਇਕ ਛੱਪਰ ।
ਫਿਰ ਵੀ ਪ੍ਰਭ ਜੀ !
ਕਾਮਨਾ ਸ਼ਾਂਤ ਨਹੀਂ ਹੁੰਦੀ !
ਜਗਦੀ ਨਹੀਂ ਪ੍ਰੇਮ ਦੀ ਜੋਤ !
ਦਿਲ ਨੂੰ ਮਿਲਦਾ ਨਹੀਂ ਚੈਨ !
ਜੀਵਨ ਬਸ ਇਕ ਦੌੜ ਹੀ ਦੌੜ !

* * * *

ਫਿਰ ਇਕ ਸੁੰਦਰ ਯੁਵਤੀ ਨੇ
ਮੇਰਾ ਮਨ ਭਰਮਾਇਆ,
ਜੋਬਨ ਰੁੱਤ ਦਾ ਖੇੜਾ ਉਸ ਦਾ

ਮਸਤ ਨੈਣ ਹਰਨਾਖੇ;
ਦਿਲ ਵਿਚ ਉਸ ਦੇ ਪ੍ਰੇਮ ਸੀ ਭਰਿਆ
ਦਿਸੇ ਫ਼ਰਿਸ਼ਤਿਆਂ ਹਾਰ !
ਮੈਂ ਉਸ ਦੇ ਦੁਪੱਟੇ ਦੀ ਕੰਨੀ ਤਾਂਈਂ ਚੁੰਮਿਆਂ,
ਉਸ ਦੇ ਮੂਹਰੇ ਗੋਡੇ ਟੇਕੇ;
ਉਸ ਨੇ ਮੇਰੇ ਨੈਣਾਂ ਅੰਦਰ
ਅਣਬੋਲੇ ਬੋਲਾਂ ਨੂੰ ਤੱਕਿਆ !
ਉਹ ਵੀ ਹੋ ਗਈ ਬੇਕਰਾਰ,
ਮੈਂ ਆਪਣੇ ਮਸਤਕ ਨੂੰ
ਉਸ ਦੇ ਕਦਮਾਂ ਉਤੇ ਰਖਿਆ !
ਸਾਡੀ ਇਸ ਝੌਂਪੜੀ ਅੰਦਰ
ਨਦੀ ਕਿਨਾਰੇ
ਸਾਡੇ ਪੁੱਤਰ ਦੇ ਪੈਰਾਂ 'ਤੇ
ਪੰਜੇਬਾਂ ਦੇ ਬੋਰ ਛਣਕਦੇ,
ਉਨ੍ਹਾਂ ਦੀ ਝੁਣਕਾਰ
ਸਾਡੇ ਦੋਹਾਂ ਦੇ ਦਿਲ ਨੂੰ ਸੀ ਮੋਹਦੀ ।
ਸਾਡੇ ਘਰ ਦੇ ਵਿਹੜੇ ਅੰਦਰ
ਖ਼ੁਸ਼ੀ ਦੀ ਛਣ ਛਣ ਹੁੰਦੀ !
ਪ੍ਰਭ ਜੀ !
ਕਾਮਨਾ ਸ਼ਾਂਤ ਨਹੀਂ ਹੁੰਦੀ !
ਜਗਦੀ ਨਹੀਂ ਪ੍ਰੇਮ ਦੀ ਜੋਤ !
ਦਿਲ ਨੂੰ ਮਿਲਦਾ ਨਹੀਂ ਹੈ ਚੈਨ !
ਜੀਵਨ ਬਸ ਇਕ ਦੌੜ ਹੀ ਦੌੜ !

* * * *

ਫਿਰ ਮੈਂ ਰਮਾ ਲਈ ਇਕ ਧੂਣੀ
ਲਗਾ ਸੇਕਣ ਹੱਡ ਤੇ ਮਾਸ
ਵਿਚ ਪ੍ਰਾਸਚਿਤ;
ਇੰਝ ਮੈਨੂੰ ਹੋਇਆ ਆਭਾਸ,
ਇੰਝ ਮੈਂ ਆਪਣੀ ਆਤਮਾ ਤਾਂਈਂ

ਕਰ ਸਕਾਂਗਾ ਸੁਧ ਤੇ ਪਵਿੱਤਰ ।
ਲੱਖਾਂ ਮੈਂ ਪ੍ਰਾਸਚਿਤ ਕੀਤੇ
ਇਸ ਭਾਂਤ ਦੇ,
ਫਿਰ ਵੀ ਮਨ ਅੰਦਰੋਂ
ਅਹੰਮ ਭਾਵ ਨਾ ਮਿਟਿਆ,
ਧੂੜ ਇਸ ਹਉਮੈਂ ਦੀ ਨੇ
ਮੇਰੇ ਕੇਸਾਂ ਨੂੰ ਸੀ ਢਕਿਆ ।
ਤਦ ਇੰਝ ਹੋਇਆ ਮੈਨੂੰ ਪ੍ਰਤੀਤ
ਜਿਵੇਂ ਮੈਂ ਉਥੇ ਹਾਂ ਖੜਿਆ
ਜਿਥੇ ਮੈਂ ਸਾਂ ਤੁਰਿਆ ।

* * * *

'ਭੌਰ ਗਏ ਬਗ ਬਪੜੇ ਆਏ'
ਜਵਾਨੀ ਨੇ ਬਿਰਧ ਵਰੇਸ ਦਾ ਰੂਪ ਵਟਾਇਆ,
ਪਰ ਹੁਣ ਤੀਕਰ ਮੇਰੀ ਝੋਲੀ
ਹੈ ਸੀ ਪੁੰਨ ਤੋਂ ਖ਼ਾਲੀ ।
ਪ੍ਰਭ ਜੀ !
ਕਾਮਨਾ ਸ਼ਾਂਤ ਨਹੀਂ ਹੁੰਦੀ !
ਜਗਦੀ ਨਹੀਂ ਪ੍ਰੇਮ ਦੀ ਜੋਤ !
ਦਿਲ ਨੂੰ ਮਿਲਦਾ ਨਹੀਂ ਹੈ ਚੈਨ !
ਜੀਵਨ ਬਸ ਇਕ ਦੌੜ ਹੀ ਦੌੜ !

* * * *

ਇਕ ਦਿਨ ਸਾਡੇ ਘਰ ਅੰਦਰ
ਇਕ ਅਜਬ ਪ੍ਰਾਹੁਣਾ ਆਇਆ,
ਜਿਸ ਦੇ ਆਉਣ ਨਾਲ
ਸਾਡਾ ਵਿਹੜਾ ਗਿਆ ਨਸ਼ਿਆਇਆ,
ਚਾਨਣ ਦੇ ਖੇੜੇ ਨਾਲ;
ਪ੍ਰੇਮ ਤੇ ਖ਼ੁਸ਼ੀ ਦਾ ਹੜ੍ਹ ਸੀ ਆਇਆ
ਅਜਬ ਇਕ ਵਿਸਮਾਦ ਸੀ ਛਾਇਆ ।
ਉਸ ਦੇ ਚਿੱਟੇ ਧੋਤੇ ਬਸਤਰ

ਜੋ ਬਿਰਛਾਂ 'ਤੇ ਸੁਕਣ ਲਈ ਸਨ ਟੰਗੇ,
ਉਨ੍ਹਾਂ ਨੇ ਵੀ ਸਾਡੇ ਮਨ ਨੂੰ,
ਹੈ ਸੀ ਮੋਹਿਆ !
ਉਸ ਦੀ ਮਿੱਠੀ ਤੱਕਣੀ ਨੇ
ਸਾਡੇ ਹਿਰਦਿਆਂ ਅੰਦਰ ਸੀ
ਜਿੰਦ ਧੜਕਣ ਛੇੜੀ,
ਇਹੋ ਜਿਹਾ ਵਿਸਮਾਦੀ ਅਨੁਭਵ
ਅਸੀਂ ਕਦੀ ਨਹੀਂ ਸੀ ਲੱਖਿਆ ।
ਜਦ ਉਹ ਅਜਬ ਪ੍ਰਾਹੁਣਾ
ਸਾਥੋਂ ਵਿਛੜਨ ਲਗਾ,
ਸਾਡੇ ਦੋਨਾਂ ਦੇ ਮਸਤਕ ਉਤੇ
ਉਸ ਨੇ ਹੱਥ ਸੀ ਧਰਿਆ,
ਫਿਰ ਸਾਡੇ ਬਚੜੇ ਦੇ ਸਿਰ 'ਤੇ ਦਿਤਾ ਪਿਆਰ,
ਕਹਿਣ ਲਗਾ :
''ਬਸ ਇਹੋ ਹੀ ਹੈ ਮੇਰੇ ਬਚੜੇ
ਰੱਬ ਸੱਚੇ ਦੀ ਸ਼ਾਨ,
ਵਿਚਰੋ ਇਸ ਵਿਚ
ਤੇ ਇਸ ਦੇ ਰਸ ਆਨੰਦ ਨੂੰ ਮਾਣੋ !''
ਉਸ ਦਿਨ ਤੋਂ ਸਾਡੇ ਹਿਰਦੇ
ਜੁੜਦੇ ਵਿਚ ਸ਼ੁਕਰਾਨੇ
ਤੇ ਕਰਦੇ ਅਰਦਾਸ ਰੱਬ ਸੱਚੇ ਦੇ ਪਾਸ,
ਉਸ ਦਿਨ ਤੋਂ ਮੇਰਾ ਦਿਲ ਵੀ ਹੋ ਗਿਆ ਹੈ ਸ਼ਾਂਤ ।

9. ਨਾਮਦੇਵ ਜੀ ਦਾ ਠਾਕਰ

ਨਾਮਦੇਵ ਦਾ ਪਿਤਾ ਸੀ ਗਿਆ ਬਾਹਰ
ਤੇ ਉਹ ਆਖ ਗਿਆ ਸੀ ਨਾਮਦੇਵ ਨੂੰ
ਆਪਣੇ ਇਸ਼ਟ ਦੇਵ ਨੂੰ
ਵੇਲੇ ਸਿਰ ਭੋਗ ਲੁਆਉਣਾ ।
ਨਾਮੇ ਭਰਿਆ ਸੋਨ-ਕਟੋਰਾ
ਦੁੱਧ ਅੰਮ੍ਰਿਤ ਦੇ ਨਾਲ
ਜਿਸ ਨੂੰ ਉਸ ਨੇ ਆਪ ਸੀ ਚੋਇਆ
ਕਪਲਾ ਗਊ ਤੋਂ ।
ਆ ਕੇ ਉਸ ਇੰਝ ਅਰਜ਼ ਗੁਜ਼ਾਰੀ
ਆਪਣੇ ਠਾਕਰ ਅਗੇ :
'ਦੁੱਧ ਪੀਉ ਜੀ
ਮੇਰੇ ਗੋਬਿੰਦ ਰਾਇਆ'
ਨਾਮੇ ਫਿਰ ਇੰਝ ਬਚਨ ਉਚਾਰੇ
ਠਾਕਰ ਮੂਰਤ ਅਗੇ :
'ਠਾਕਰ ਜੀ,
ਮੈਂ ਵੀ ਆਪਣੇ ਪਿਤਾ ਸਮਾਨ
ਹਾਂ ਤੁਹਾਡਾ ਭਗਤ,
ਤੁਹਾਡੇ ਸੋਹਲੇ ਗਾਉਂਦਾ;
ਮੈਂ ਵੀ ਲਿਆਇਆ ਹਾਂ ਭਰ ਕੇ ਦੁੱਧ ਕਟੋਰਾ
ਤੁਹਾਨੂੰ ਭੋਗ ਲਵਾਉਣ ਖ਼ਾਤਰ,'
'ਦੁੱਧ ਪੀਉ ਜੀ,
ਮੇਰੇ ਗੋਬਿੰਦ ਰਾਇਆ ।'
ਠਾਕਰ ਜੀ,
ਜੇ ਤੁਸਾਂ ਦੁੱਧ ਨੂੰ ਭੋਗ ਨਾ ਲਾਇਆ
ਤਾਂ ਕੀ ਕਹੇਗੀ ਇਹ ਦੁਨੀਆਂ
ਕਿ ਨਾਮੇ ਨੂੰ ਠਾਕਰ ਦੀ

ਪੂਜਾ ਨਹੀਂ ਕਰਨੀ ਆਉਂਦੀ ?
'ਦੁੱਧ ਪੀਉ ਜੀ,
ਮੇਰੇ ਗੋਬਿੰਦ ਰਾਇਆ ।'
ਠਾਕਰ ਖਿੜ ਖਿੜ ਕੇ ਹੱਸੇ,
ਹੱਥ ਅਗੇ ਕਢ ਦੁੱਧ ਕਟੋਰਾ ਫੜਿਆ
ਤੇ ਠਾਕਰ ਜੀ ਨੇ ਪੀਤਾ ।
ਨਾਮੇ ਨੂੰ ਹੋਇਆ ਪ੍ਰਤੱਖ
ਠਾਕਰ ਮੂਰਤ ਨੇ ਸੀ ਹੱਥ ਵਧਾਏ
ਦੁੱਧ ਪੀਣ ਲਈ
ਤੇ ਜਦ ਨਾਮੇ ਨੇ
ਠਾਕਰ ਜੀ ਦੇ ਦਰਸ਼ਨ ਕੀਤੇ
ਤਾਂ ਬੋਲ ਉਨ੍ਹਾਂ ਦੇ
ਉਸ ਦੇ ਕੰਨੀਂ ਗੂੰਜੇ ।

10. ਭੇਟਾ - ੧.

ਲਿਆਉ ਮੈਨੂੰ ਕੁੰਭ ਫੜਾਉ
ਮੈਂ ਜਲ ਭਰ ਕੇ ਠਾਕਰ ਜੀ ਦਾ
ਹੈ ਇਸ਼ਨਾਨ ਕਰਾਉਣਾ ।
ਪਰ ਜਲ ਵਿਚ ਹਨ ਅਸੰਖ ਜੀਵ-ਜੰਤ
ਉਸ ਪ੍ਰਭੂ ਦੇ
ਤੇ ਉਸ ਨੇ ਆਪ ਵੀ ਪਹਿਲਾਂ
ਉਸ ਜਲ ਵਿਚ ਕਰ ਲਿਆ ਹੈ ਇਸ਼ਨਾਨ ।
ਲਿਆਉ ਮੇਰੇ ਲਈ ਫੁੱਲ ਚੁਗ ਕੇ
ਬਨ-ਉਪਬਨ 'ਚੋਂ,
ਮੈਂ ਪ੍ਰਭੂ ਦੇ ਜਾ ਕੇ ਹੈ ਫੁੱਲ, ਹਾਰ ਚੜ੍ਹਾਉਣਾ,
ਪਰ ਇਹ ਫੁੱਲ ਵੀ ਨਹੀਂ ਹਨ ਸੁੱਚੇ,
ਇਨ੍ਹਾਂ ਦੀ ਮਕਰੰਦ ਦੀ ਖ਼ਾਤਰ
ਅਸੰਖ ਮਧੂਮੱਖੀਆਂ
ਇਨ੍ਹਾਂ ਉਤੇ ਬੈਠ ਗਈਆਂ ਨੇ
ਤੇ ਇਹ ਫੁੱਲ ਵੀ
ਖੰਭਦਾਰ ਫਰਿਸ਼ਤਿਆਂ ਹਾਰ
ਪਹਿਲਾਂ ਹੀ ਪ੍ਰਭੂ-ਪ੍ਰੀਤਮ ਦੀ ਭੇਟ ਨੇ ਹੋਏ ।
ਲਿਆਉ ਮੈਨੂੰ ਦੁੱਧ ਕਟੋਰਾ ਫੜਾਉ
ਤਾਂ ਜੋ ਮੈਂ ਸੁੱਚੇ-ਦੁੱਧ ਨਾਲ
ਠਾਕਰ ਜੀ ਨੂੰ ਭੋਗ ਲੁਆਵਾਂ
ਪਰ ਵਛੜੇ ਨੇ ਦੁੱਧ ਨੂੰ ਜੂਠਾ ਕੀਤਾ,
ਨਹੀਂ ਨਹੀਂ,
ਠਾਕਰ ਜੀ ਨੇ ਆਪ ਹੀ ਸਭ ਤੋਂ ਪਹਿਲਾਂ
ਹੈ ਦੁੱਧ ਪੀਤਾ ।

ਭੇਟਾ - ੨

ਪ੍ਰਭ ਜੀ !
ਮੈਂ ਕੀ ਭੇਟ ਚੜ੍ਹਾਵਾਂ ?
ਮੇਰੇ ਕੋਲ ਤਾਂ ਕੁਝ ਵੀ ਨਹੀਂ ਹੈ,
ਜੋ ਮੈਂ ਭੇਟ ਚੜ੍ਹਾਵਾਂ ।
ਮਾਰੂਥਲ ਵਿਚ ਉਗੇ ਇਕੱਲੇ ਫੁੱਲ ਦੇ ਕੋਲ
ਜਦ ਮੈਂ ਪੁਜਾ
ਤਾਂ ਤੱਕ ਕੇ ਮੈਨੂੰ ਫੁੱਲ ਬੋਲਿਆ :
''ਮੈਨੂੰ ਤੋੜੋ ਨਾਹੀਂ,
ਮੈਂ ਤਾਂ ਹਾਂ ਫੁੱਲ ਪ੍ਰਭੂ-ਮੰਦਰ ਦਾ ।''

* * * *

ਫਿਰ ਮੈਂ ਬਰਫ਼ਾਂ ਢੱਕੀਆਂ
ਉੱਚੀਆਂ ਪਰਬਤ ਸਿਖ਼ਰਾਂ ਉਤੇ ਪੁਜਾ
ਜਿਥੇ ਚਮਕਾਂ ਵਾਲੇ
ਕਈ ਰਤਨ ਜਵਾਹਰ ਪਏ ਸਨ !
ਜਦ ਮੈਂ ਉਨ੍ਹਾਂ ਨੂੰ ਸੀ ਛੁਹਿਆ
ਤਾਂ ਲਾਲ ਬੋਲ ਪਏ :
''ਅਸੀਂ ਤਾਂ ਪ੍ਰਭੂ-ਮੰਦਰ ਦੇ
ਖ਼ਜ਼ਾਨੇ ਦਾ ਹਾਂ ਮਾਲ ।''

* * * *

ਪ੍ਰਭ ਜੀ !
ਜਦ ਵੀ ਮੈਂ ਤੁਹਾਡੇ ਭੇਟ ਚੜ੍ਹਾਵਣ ਖ਼ਾਤਰ
ਕਿਸੇ ਵਸਤ ਨੂੰ ਹੱਥ ਹਾਂ ਲਾਂਦਾ
ਅਤੇ ਉਸ ਵਸਤ ਦੇ
ਆਪਣੀ ਹੋਣ ਦਾ ਧੋਖਾ ਖਾਂਦਾ
ਤਾਂ ਆਕਾਸ਼ਵਾਣੀ ਹੁੰਦੀ -
ਇਹੋ ਸਨਾਤਨ ਬੋਲ ਸੁਣੀਂਦੇ :
''ਇਥੇ ਸਭ ਕੁਝ ਪ੍ਰਭੂ-ਪਿਤਾ ਦਾ ।''

ਪ੍ਰਭ ਜੀ !
ਇਹ ਸਭ ਵਸਤਾਂ ਹਨ ਤੁਹਾਡੀਆਂ !
ਸਭ ਤੁਹਾਡੇ ਮੰਦਰ ਦਾ ਮਾਲ !
ਸਾਰੇ ਲੋਕ ਜੋ ਤੁਹਾਡੇ ਹਰਿਮੰਦਰ ਵਿਚ ਜਾਂਦੇ
ਹਰ ਕੋਈ ਤੁਹਾਡੇ ਲਈ ਹੈ ਭੇਟ ਲਿਆਂਦਾ !
ਅਮੀਰ ਸੁਆਣੀ ਲਿਆਉਂਦੀ ਮੋਹਰਾਂ
ਤੁਹਾਡੇ ਮੂਹਰੇ ਧਰਨ ਲਈ,
ਪਰ ਗਰੀਬ ਵਿਚਾਰੀ ਲਿਆਵੇ
ਮੁੱਠੀ ਭਰ ਦਾਣੇ ਕਣਕ ਮੱਕੀ ਦੇ !
ਜੋਬਨ-ਰੱਤੀਆਂ ਮੁਟਿਆਰਾਂ
ਆਪਣੇ ਚਿੱਟੇ ਦੁਪੱਟਿਆਂ ਦੀਆਂ ਝੋਲੀਆਂ ਵਿਚ
ਫੁੱਲ ਲਿਆਉਂਦੀਆਂ
ਮੋਤੀਏ, ਚੰਬੇਲੀ ਤੇ ਨਰਗਸ ਦੇ !
ਗਭਰੂ ਜਵਾਨ ਮਚਲਦੀਆਂ ਸਧਰਾਂ ਦਿਲ ਦੀਆਂ ਦੇ ਨਾਲ
ਲੈ ਕੇ ਆਉਂਦੇ ਹੱਥ 'ਚ ਫੜ ਕੇ
ਕੰਵਲਾਂ ਦੇ ਹਾਰ !
ਤੇਰੇ ਹਰਿਮੰਦਰ ਵਿਚ
ਬੁਢੇ ਤੇ ਜਵਾਨ ਰਲ ਕੇ ਬਹਿੰਦੇ !
ਇਕ ਦਰ ਧੌਲੀ ਦਾੜ੍ਹੀ ਵਾਲੇ ਬਾਬੇ !
ਦੂਜੇ ਬੰਨੇ ਕਾਲੀਆਂ ਦਾੜ੍ਹੀਆਂ ਵਾਲੇ ਨੌਜਵਾਨ !
ਇਕ ਦਰ ਸੋਚਵਾਨ, ਗੰਭੀਰ, ਪਵਿੱਤਰ
ਦੂਜੇ ਬੰਨੇ ਮਨਚਲੇ-
ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਵਾਲੇ,
ਮੰਦਰ ਵਿਚ ਜੋ ਸੈਨਤਾਂ ਨਾਲ ਗੱਲਾਂ ਕਰਦੇ,
ਮਨ ਦੇ ਭਾਵ ਲੁਕਾਉਂਦੇ ?
ਪ੍ਰਭ ਜੀ !
ਤੁਹਾਡੇ ਹਰਿਮੰਦਰ ਵਿਚ
ਆ ਕੇ ਭੀੜਾਂ ਜੁੜਦੀਆਂ !
ਵਿਚ ਭਰਾਤ੍ਰੀ ਭਾਵ ਦੇ ਰੱਤੇ

ਰੰਗ-ਬਰੰਗੇ ਵਸਤਰ ਪਹਿਨੇ,
ਹਰ ਕੋਈ ਜਾਪੇ
ਤੁਹਾਡੇ ਬਾਗ਼ ਦਾ ਸੁੰਦਰ ਫ਼ੁੱਲ
ਆਇਆ ਹੋਵੇ ਜਿਵੇਂ
ਆਪਣੇ ਆਪ ਦੀ ਭੇਟ ਚੜ੍ਹਾਵਣ ਖ਼ਾਤਰ !
ਪਰ ਮੇਰੇ ਪ੍ਰਭ ਜੀ !
ਮੈਂ ਕੀ ਭੇਟ ਚੜ੍ਹਾਵਾਂ ?
ਮੇਰੇ ਕੋਲ ਤਾਂ ਕੁਝ ਵੀ ਨਹੀਂ ਹੈ;
ਤੁਹਾਡੀ ਭੇਟ ਚੜ੍ਹਾਵਣ ਖ਼ਾਤਰ,
ਪਰ ਮੈਨੂੰ ਇੰਝ ਹੋਵੇ ਪ੍ਰਤੀਤ
ਜਿਵੇਂ ਮੇਰੇ ਅੰਗ-ਅੰਗ 'ਤੇ
ਲਗੀ ਹੈ ਤੁਹਾਡੀ ਮੁਹਰ ਸੰਦੀਵੀ ।
ਮੈਨੂੰ ਇਹ ਗੱਲ ਕਰ ਦੇਵੇ ਲੱਜਾਵਾਨ
ਕਿ ਮੈਂ ਤੁਹਾਡੀ ਸ੍ਰਿਸ਼ਟੀ ਦੇ ਸਨਮੁਖ ਕਰਾਂ
ਆਪਣੇ ਆਪ ਨੂੰ ਭੇਟਾ;
ਜਦ ਕਿ ਇਸ ਸ੍ਰਿਸ਼ਟੀ ਦੀ ਹਰ ਵਸਤੂ
ਨਿੱਕੇ ਇਕ ਮਿੱਟੀ ਦੇ ਢੇਲੇ ਤੋਂ ਲੈ ਕੇ
ਉਚੇ ਆਕਾਸ਼ ਵਿਚ ਚਮਕ ਰਹੇ ਤਾਰੇ ਤੀਕਰ
ਤੁਹਾਡਾ ਹੀ ਨਾਮ ਪਈ ਉਚਾਰੇ ।
ਤਾਂ ਫਿਰ ਮੈਂ ਤੁਹਾਡੇ ਲਈ ਕੀ ਭੇਟ ਲਿਆਵਾਂ ?
ਮੇਰੇ ਕੋਲ ਤਾਂ ਕੁਝ ਵੀ ਨਹੀਂ ਹੈ !
ਤੁਹਾਡੀ ਭੇਟ ਚੜ੍ਹਾਵਣ ਖ਼ਾਤਰ !
ਜੇ ਮੈਂ ਤੁਹਾਡੇ ਦਾਸ ਹੋਣ ਦਾ ਦਾਅਵਾ ਕਰਕੇ
ਆਪਣੇ ਆਪ ਨੂੰ
ਤੁਹਾਡੀ ਟਹਿਲ ਕਮਾਉਣ ਖ਼ਾਤਰ ਭੇਟ ਚੜ੍ਹਾਵਾਂ
ਤਾਂ ਵੀ ਇਹ ਗੱਲ ਮੈਨੂੰ
ਆਪਣੇ 'ਮਨ ਦੀ ਮੂਰਖਤਾ' ਹੀ ਜਾਪੇ
ਕਿਉਂਜੋ
ਬਿਨ ਤੁਹਾਡੇ ਸੱਦੇ 'ਤੇ ਹੁਕਮ ਦੇ

ਇਸ ਭੇਟਾ ਦਾ ਹੋ ਨਹੀਂ ਸਕਦਾ
ਕੋਈ ਵੀ ਅਰਥ ।
ਮੇਰਾ ਆਪਣਾ ਤਾਂ
ਅੱਧੀ ਕੌਡੀ ਮੁਲ ਨਹੀਂ ਹੈ ।
ਤੁਹਾਡੇ ਸੱਦੇ ਆਉਣ ਤੋਂ ਪਹਿਲਾਂ
ਤੇ ਬਿਨਾਂ ਤੁਹਾਡੇ ਹੁਕਮ ਦੇ
ਇਹ ਭੇਟਾ ਮੂਰਖਾਂ ਵਾਲੀ ਜਾਪੇ ਕਾਰ
ਜਦ ਕਿ ਮੈਨੂੰ ਇਹ ਪਤਾ ਹੈ
ਤੁਸਾਂ ਭੇਜਿਆ ਮੈਨੂੰ
ਜਦੋਂ ਕੋਈ ਬੁਲਾਵਾ,
ਤਾਂ ਮੈਂ ਬੇ-ਧਿਆਨਾ ਹੋਇਆ ਤੁਹਾਡੇ ਵਲੋਂ
ਕੀਤੀ ਅਵੱਗਿਆ ਭਾਰੀ !
ਜੋ ਕੁਝ ਵੀ ਮੈਂ ਕੀਤਾ
ਉਹ ਯੋਗ ਨਹੀਂ ਸੀ
ਹੋਈ ਮੈਥੋਂ ਗ਼ਲਤੀ !
ਮੇਰੇ ਉੱਤੇ ਤੁਸਾਂ ਲੱਦੇ ਭਾਂਡੇ ਕਈ ਹਜ਼ਾਰ
ਤਾਂ ਜੋ ਚੁੱਕਾਂ
ਮੈਂ ਉਨ੍ਹਾਂ ਦਾ ਭਾਰ
ਤੁਹਾਡੀ ਖ਼ਾਤਰ ਕਰਾਂ ਮੈਂ
ਇਹ ਤੁਹਾਡੀ ਕਾਰ,
ਪਰ ਹਰ ਵਾਰੀ ਮੈਂ
ਉਨ੍ਹਾਂ ਭਾਂਡਿਆਂ ਤਾਂਈਂ
ਜੋ ਤੁਸਾਂ ਮੇਰੇ ਉੱਤੇ ਲੱਦੇ ਸਨ
ਕੀਤੇ ਚੂਰੇ ਚੂਰ !
ਹੁਣੇ ਮੈਂ ਸ਼ਰਮ ਵਿਚ ਗ਼ਲਤਾਨ,
ਮੂੰਹ ਵਿਚ ਪਾਈ ਉਂਗਲਾਂ ਟੁੱਕਾਂ
ਆਪਣੀਆਂ ਦੰਦੀਆਂ ਨਾਲ
ਤੇ ਤੁਹਾਡੀ ਦ੍ਰਿਸ਼ਟੀ ਦੇ ਸਨਮੁਖ
ਇਕ ਅਪਰਾਧੀ ਦੇ ਵਾਂਗ
ਖੜਾ ਹਾਂ ਨੀਵੀਂ ਪਾਈ

ਹੋ ਕੇ ਸ਼ਰਮਸਾਰ ਤੇ ਗੁਨਾਹਗਾਰ !
ਮੇਰੇ ਇਨ੍ਹਾਂ ਦੋਸ਼ਾਂ ਤੋਂ ਅਵਗਤ
ਸੱਚ ਹੈ
ਹੁਣ ਤੁਸੀਂ ਮੈਨੂੰ ਕਦੀ ਵੀ ਨਹੀਂ ਬੁਲਾਉਗੇ
ਆਪਣੀ ਸੇਵਾ ਖ਼ਾਤਰ,
ਆਪਣੇ ਕੋਲ !
ਸ਼ਰਮਾਂ ਦਾ ਮਾਰਿਆ
ਤੇ ਪਾਪਾਂ ਲੱਦਿਆ ਨੰਗ-ਮੁਨੰਗ
ਮੈਂ ਤਾਂ ਹੁਣ
ਤੁਹਾਡੇ ਹਰਿਮੰਦਰ ਦੀ ਜੂਹ ਤੋਂ
ਆ ਗਿਆ ਹਾਂ ਬਾਹਰਵਾਰ
ਜਿਥੇ ਛੇਕੇ ਤੇ ਧ੍ਰਿਕਾਰੇ ਲੋਕੀਂ ਰਹਿੰਦੇ ।
ਮੇਰਾ ਵੀ ਹੈ ਹਾਲ ਉਨ੍ਹਾਂ ਦੇ ਵਰਗਾ ।
ਆਖ਼ਰ !
ਹੋ ਗਿਆ ਹੈ ਮੇਰਾ ਇਹ ਹਸ਼ਰ,
ਇਸ ਨੀਵੀਂ ਇਕੱਲੀ ਛੇਕੀ ਕੁਟੀਆ ਅੰਦਰ
ਮੈਂ ਲੇਟਿਆ ਭੁੰਏ
ਇਕ ਨਿਰਬਲ ਬਿਰਧ
ਨੈਣ-ਜੋਤ ਤੋਂ ਹੀਣ
ਬਣਿਆਂ ਕੀਟ ਨਕਾਰਾ !
ਬੇ-ਸਹਾਰਾ !
ਸਭ ਕਾਸੇ ਤੋਂ ਸੱਖਣਾ !
ਫਿਰ ਵੀ
ਇਸ ਅੰਨ੍ਹੇ ਲਈ
ਇਸ ਨੀਵੀਂ ਕੁਟੀਆ ਅੰਦਰ
ਹੇ ਸੂਰਜ ਰੋਸ਼ਨ ਹੋਇਆ,
ਕਿੰਝ ਤੁਸੀਂ ਆ ਦਰਸ਼ਨ ਦਿਤੇ
ਇਸ ਅਭਾਗੇ ਨੂੰ
ਜਿਸ ਦੇ ਮੌਤ ਵਿਛੌਣੇ ਕੋਲ
ਤੁਸੀਂ ਹੋ ਆ ਬਿਰਾਜੇ !

ਹੋ ਕੇ ਸ਼ਰਮਸਾਰ ਤੇ ਗੁਨਾਹਗਾਰ !
ਮੇਰੇ ਇਨ੍ਹਾਂ ਦੋਸ਼ਾਂ ਤੋਂ ਅਵਗਤ
ਸੱਚ ਹੈ
ਹੁਣ ਤੁਸੀਂ ਮੈਨੂੰ ਕਦੀ ਵੀ ਨਹੀਂ ਬੁਲਾਉਗੇ
ਆਪਣੀ ਸੇਵਾ ਖ਼ਾਤਰ,
ਆਪਣੇ ਕੋਲ !
ਸ਼ਰਮਾਂ ਦਾ ਮਾਰਿਆ
ਤੇ ਪਾਪਾਂ ਲੱਦਿਆ ਨੰਗ-ਮੁਨੰਗ
ਮੈਂ ਤਾਂ ਹੁਣ
ਤੁਹਾਡੇ ਹਰਿਮੰਦਰ ਦੀ ਜੂਹ ਤੋਂ
ਆ ਗਿਆ ਹਾਂ ਬਾਹਰਵਾਰ
ਜਿਥੇ ਛੇਕੇ ਤੇ ਧ੍ਰਿਕਾਰੇ ਲੋਕੀਂ ਰਹਿੰਦੇ ।
ਮੇਰਾ ਵੀ ਹੈ ਹਾਲ ਉਨ੍ਹਾਂ ਦੇ ਵਰਗਾ ।
ਆਖ਼ਰ !
ਹੋ ਗਿਆ ਹੈ ਮੇਰਾ ਇਹ ਹਸ਼ਰ,
ਇਸ ਨੀਵੀਂ ਇਕੱਲੀ ਛੇਕੀ ਕੁਟੀਆ ਅੰਦਰ
ਮੈਂ ਲੇਟਿਆ ਡੁੱਦੇ
ਇਕ ਨਿਰਬਲ ਬਿਰਧ
ਨੈਣ-ਜੋਤ ਤੋਂ ਹੀਣ
ਬਣਿਆਂ ਕੀਟ ਨਕਾਰਾ !
ਬੇ-ਸਹਾਰਾ !
ਸਭ ਕਾਸੇ ਤੋਂ ਸੱਖਣਾ !
ਫਿਰ ਵੀ
ਇਸ ਅੰਨ੍ਹੇ ਲਈ
ਇਸ ਨੀਵੀਂ ਕੁਟੀਆ ਅੰਦਰ
ਹੈ ਸੂਰਜ ਰੌਸ਼ਨ ਹੋਇਆ,
ਕਿੰਝ ਤੁਸੀਂ ਆ ਦਰਸ਼ਨ ਦਿੱਤੇ
ਇਸ ਅਭਾਗੇ ਨੂੰ
ਜਿਸ ਦੇ ਮੌਤ ਵਿਛੌਣੇ ਕੋਲ
ਤੁਸੀਂ ਹੋ ਆ ਬਿਰਾਜੇ !

11. ਮੁਗ਼ਲ

ਖ਼ੁਸ਼ਖ਼ਬਰੀ-ਖ਼ੁਸ਼ਖ਼ਬਰੀ ਲੋਕਾ !
ਮੇਰੇ ਨਗਰ ਵਿਚ ਸ੍ਰੀ ਕ੍ਰਿਸ਼ਨ ਜੀ ਆਏ
ਕਿੰਨੀ ਤੇਰੀ ਸੇਵਾ ਮਿੱਠੀ ਪਿਆਰੀ !
ਕਿੰਨੇ ਸੁੰਦਰ ਤੇ ਮਿੱਠੜੇ ਤੁਸੀਂ ਆਪ !
ਤੇ ਕਿੰਨੇ ਮਿੱਠੜੇ ਤੁਹਾਡੇ ਬੋਲ !
ਕਿੰਨੇ ਭਰਪੂਰ ਹੋ ਤੁਸੀਂ ਵਿਚ ਪਿਆਰ !
ਮੇਰੇ ਸਾਂਵਲੇ ਪ੍ਰਭੂ ਜੀ
ਮੁਗ਼ਲ ਦੇ ਭੇਸ ਵਿਚ ਤੁਸੀਂ ਆਪ ਹੋ ਆਏ !
ਸ੍ਰੀ ਕ੍ਰਿਸ਼ਨ ਦੀ ਦਾਵਰਕਾ ਨਗਰੀ ਵਿਚ
ਇਹ ਮੁਗ਼ਲ ਦਾ ਰੂਪ
ਬਿਨਾਂ ਤੁਹਾਡੇ
ਹੋਰ ਕਿਸੇ ਦਾ ਹੋ ਨਹੀਂ ਸਕਦਾ !
ਕਿਥੋਂ ਆਏ ? ਕਿਥੇ ਜਾਣਾ ?
ਮਿਤਰ ਪਿਆਰੇ ਸੱਚ ਸੱਚ ਦਸੋ !
ਇਹ ਹੈ ਦਵਾਰਕਾ ਨਗਰੀ ਸ੍ਰੀ ਕ੍ਰਿਸ਼ਨ ਦੀ !
''ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ।''
ਤੁਹਾਡਾ ਸੁੰਦਰ ਸਾਂਵਲਾ ਮੁਖੜਾ
ਮੈਨੂੰ ਬੜਾ ਲੁਭਾਵੇ !
''ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ।''

---

*ਨਾਮਦੇਵ ਜੀ ਨੇ ਮੁਗ਼ਲ ਹਾਕਮ ਦੀ ਘੋੜੀ ਦੀ ਨਵਜਾਤ ਵਛੇਰੀ ਨੂੰ ਚੁਕਿਆ ਸੀ, ਜਿਸ ਵਲ ਸੰਕੇਤ ਹੈ ।

12. ਪ੍ਰਹਿਲਾਦ

ਜਦ ਪ੍ਰਹਿਲਾਦ ਉਠਿਆ ਤੇ ਨਚਿਆ
ਵਿਚ ਹਰੀ ਦੇ ਪਿਆਰ
ਤਾਂ ਸਾਰੀ ਧਰਤੀ ਅੰਦਰ
ਇਕ ਮਿੱਠਾ ਕਾਂਬਾ ਛਿੜਿਆ;
ਜਦ ਉਸ ਗਾਇਆ 'ਹਰੀ ਹਰੀ' ਦਾ ਗੀਤ
ਜਲਿ ਹਰੀ, ਥਲਿ ਹਰੀ,
ਸਰਬਿ ਨਿਰੰਤਰ ਹਰੀ ਹਰੀ !
ਰਾਜੇ (ਹਰਨਾਖਸ਼) ਉਸ ਨੂੰ ਪਰਬਤ ਉਤੋਂ ਸੁਟਿਆ ।
ਪਰ ਉਸ ਪਰਬਤ ਤੋਂ
'ਹਰੀ ਹਰੀ' ਦਾ ਗੀਤ ਗੂੰਜਦਾ ਹੇਠਾਂ ਆਇਆ ।
ਰਾਜੇ (ਹਰਨਾਖਸ਼) ਉਸ ਨੂੰ ਅੱਗ ਵਿਚ ਪਾਇਆ,
ਪਰ ਉਹ ਉਥੋਂ ਚਮਕਦੇ ਹੋਏ
'ਹਰੀ ਹਰੀ' ਦੇ ਗੀਤ ਵਾਂਗ ਸੀ ਬਾਹਰ ਆਇਆ ।
ਉਸ ਨੇ 'ਹਰੀ ਹਰੀ' ਦਾ ਗੀਤ ਅਲਾਇਆ :
'ਜਲਿ ਹਰੀ ਥਲਿ ਹਰੀ,
ਸਰਬਿ ਨਿਰੰਤਰ ਹਰੀ ਹਰੀ ।'
ਪ੍ਰਹਿਲਾਦ ਦੇ ਸੰਗ ਬਿਰਛ ਤੇ ਪਰਬਤ
ਸਭ ਧਰਤੀ ਗਾਉਂਦੀ ਤੇ ਨੱਚ ਰਹੀ ਸੀ
ਇਹੋ ਗੀਤ 'ਹਰੀ ਹਰੀ' ਦਾ
'ਜਲਿ ਹਰੀ ਥਲਿ ਹਰੀ
ਸਰਬਿ ਨਿਰੰਤਰ ਹਰੀ ਹਰੀ ।'

13. ਧਰੂ ਤੇ ਉਸ ਦੀ ਮਾਤਾ

ਧਰੂ : ਮਾਂ !

ਹਰ ਕੋਈ ਰਾਜਾ ਬਣ ਸਕਦਾ ਹੈ ?

ਮਾਤਾ : ਹਾਂ ਮੇਰੇ ਪੁੱਤਰ ਪਿਆਰੇ !

ਜੇ ਕੋਈ ਰੱਬ ਦੀ ਭਗਤੀ ਕਰਦਾ
ਤੇ ਉਸ ਦੇ ਧਿਆਨ ਧਰਨ ਨੂੰ
ਬਨ ਵਿਚ ਜਾਵੇ,
ਉਹ ਸਹਿਜੇ ਹੀ
ਰਾਜ-ਪਦ ਨੂੰ ਪਾਵੇ ।

ਧਰੂ: ਮਾਂ ਜੀ !

ਮੈਂ ਬਨ ਨੂੰ ਹਾਂ ਜਾਂਦਾ,
ਉਥੇ ਜਾ ਕੇ
ਰੱਬ ਦੀ ਕਰਾਂਗਾ ਭਗਤੀ
ਤੇ ਉਸ ਦਾ ਧਰਾਂਗਾ ਧਿਆਨ,
ਤੁਸਾਂ ਬਖ਼ਸ਼ਿਆ ਜੋ ਮੈਨੂੰ ਗਿਆਨ
ਸਹਿਜੇ ਹੀ
ਰਾਜ-ਪਦ ਪ੍ਰਾਪਤ ਕਰਨ ਦਾ ।

14. ਜਦ ਹੋਏ ਸਭ ਬੂਹੇ ਬੰਦ

ਮੇਰੇ ਲਈ
ਜਦ ਹੋ ਗਏ ਸਾਰੇ ਬੂਹੇ ਬੰਦ,
ਮੇਰੇ ਆਪਣੇ ਨੈਣ ਤੇ ਕੰਨ
ਮੇਰੇ ਲਈ ਹੋ ਗਏ ਬੰਦ,
ਦੁਨੀਆਂ ਸੰਦਾ ਰਿਹਾ ਨਾ ਕੋਈ ਅਨੰਦ,
ਮੇਰੇ ਹਿਰਦੇ ਦਾ ਸਭ ਚਾਨਣ
ਹੋਇਆ ਜਦ ਅਲੋਪ,
ਸਾਰੇ ਮਿਤਰ ਸਾਕ-ਸੰਬੰਧੀ
ਬਣ ਗਏ ਦੁਪਰਿਆਰੇ,
ਘੱਟੇ-ਮਿੱਟੀ ਤੇ ਕਾਲੀ ਧੂੜ ਨੇ
ਰੁੰਨੀ ਮੇਰੀ ਦ੍ਰਿਸ਼ਟੀ,
ਤੇਰੇ ਤਾਰੇ ਆਕਾਸ਼ਾਂ ਵਾਲੇ
ਹੋਏ ਮੇਰੀ ਨਜ਼ਰੋਂ ਦੂਰ;
ਜਦ ਮੈਂ ਹੋਇਆ
ਆਪਣੀ ਹਉਮੈ ਅੰਦਰ ਏਨਾ ਅੰਨ੍ਹਾ !
ਤੇ ਗੁਆ ਬੈਠਾ ਇਹ ਸੋਝੀ
ਕਿ ਜਾਣ ਨਾ ਸਕਿਆ
ਮੈਂ ਹਾਂ ਕਿਸੇ ਮਹਾਂ ਕਸ਼ਟ ਵਿਚ
ਜੀਉਂਦਾ ਹਾਂ ਜਾਂ ਮੋਇਆ–
ਜਦ ਤ੍ਰਿਸ਼ਨਾ-ਭੁੱਖ ਵੀ ਰਹੀ ਨਾ ਕੋਈ ਬਾਕੀ
ਜੋ ਮੇਰੇ ਸੀਨੇ ਦੇ ਅੰਦਰ
ਮੱਚ ਮੱਚ ਮਘਦੀ ਰਹੀ ਸੀ
ਤੇ ਉਹ ਪੁਰਾਣੀ ਲੋਚਾ ਤੁਹਾਨੂੰ ਮਿਲਣ ਦੀ
ਜੋ ਕਦੀ ਮੇਰੇ ਸੀਨੇ ਅੰਦਰ ਧੜਕੀ ਸੀ -
ਨਹੀਂ ਸੀ ਬਾਕੀ ਰਿਹਾ
ਉਸ ਦਾ ਕੋਈ ਨਾਮ-ਨਿਸ਼ਾਨ,

ਇੰਦਰੀਆਂ ਦੀਆਂ ਵਾਸ਼ਨਾਵਾਂ
ਮੇਰੇ ਦਿਲ ਦਰਿਆ ਨੂੰ
ਰੇਤੜਾਂ ਵਿਚ ਜਾ ਸੁਕਾਇਆ
ਤੇ ਮੇਰੀ ਅਯਾਸ਼ੀ ਦੇ ਹਰ ਕਰਮ ਨੇ
ਮੇਰੇ ਵਾਲੀ ਸ਼ਾਨ ਦਾ ਰਹਿਣ ਨਾ ਦਿਤਾ
ਕੋਈ ਵੀ ਕਿਣਕਾ ਮੇਰੇ ਅੰਦਰ
ਤਾਂ ਮੈਂ ਸ਼ਰਮਾਂ ਦੇ ਸਾਗਰ ਵਿਚ ਡੁਬਾ
ਹੋ ਗਿਆ ਲਾਚਾਰ-
ਮੇਰੇ ਕਰਮਾਂ ਨੇ ਮੇਰਾ
ਕਰ ਦਿਤਾ ਸਤਿਆਨਾਸ
ਤੇ ਮੈਂ ਬਣ ਗਿਆ
ਬਸ ! ਬੱਜਰ ਪਾਪਾਂ ਦੀ ਪੰਡ.
ਆਪਣੇ ਪ੍ਰਭੂ-ਪ੍ਰੀਤਮ ਨੂੰ ਭੁਲਿਆ,
ਫਿਰ ਵੀ ਪ੍ਰਭ ਜੀ !
ਹੇ ਕਿਰਪਾਲੂ ਪ੍ਰੀਤਮ !
ਤੇਰੀ ਦਇਆ ਇਤਨੀ ਮਹਾਨ, ਮੈਨੂੰ ਇਹ ਭਰੋਸਾ
ਕਿ ਤੇਰੇ ਬੂਹੇ ਖੁਲ੍ਹ ਜਾਣਗੇ
ਮੇਰੇ ਪਾਪੀ ਲਈ ਵੀ ਇਕ ਦਿਨ !
ਪ੍ਰਭ ਜੀ !
ਮੈਨੂੰ ਹੈ ਵਿਸ਼ਵਾਸ,
ਤੁਸੀਂ ਆਪਣੀ ਮਿਹਰ ਦਾ ਪਰਦਾ ਪਾ ਕੇ
ਮੇਰੇ ਇਸ ਪਾਪਾਂ ਲੱਦੇ ਕੁਕਰਮਾਂ ਦੀਆਂ
ਸ਼ਰਮਾਂ ਨੂੰ ਢਕ ਲਉਗੇ;
ਤੇ ਇਸ ਪਤਿਤ ਨੂੰ
ਆਪਣੇ ਹੱਥਾਂ ਨਾਲ ਕਰਾ ਇਸ਼ਨਾਨ
ਬਖ਼ਸ਼ ਦਿਉਗੇ ਮੁੜ ਉਹ ਜਵਾਨੀ
ਤੇ ਸਦ-ਵਿਗਾਸੀ ਖੇੜਾ,
ਮੇਰੇ ਕੰਨੀਂ ਫਿਰ ਉਹ
ਗਗਨਾਂ ਵਾਲੇ ਸ਼ਬਦ ਸੰਗੀਤ ਦੀ

ਗੂੰਜੇਗੀ ਝਣਕਾਰ !
ਵਿਅਰਥ ਮੈਂ ਹੋਰਾਂ ਤਾਂਈਂ
ਕਰਦਾ ਰਿਹਾ ਪਿਆਰ ।
ਬੇਸਮਝੀ ਵਿਚ ਅਸੀਂ
ਇਕ ਦੂਜੇ ਨੂੰ ਰਹੇ ਹਾਂ ਮਾਰ,
ਜੀਵਨ ਦੀ ਆਤਮ-ਸੱਤਾ ਤੋਂ
ਹੋ ਕੇ ਬਿਲਕੁਲ ਬੇ-ਧਿਆਨ ।
ਰੋਜ਼ ਐਸ਼ਵਰਜ਼ ਦੀ ਕੁਤੱਣਣ ਵਿਚ ਰਿਹਾ ਗ਼ਲਤਾਨ
ਤੇ ਹੋਇਆ ਤੁਹਾਥੋਂ ਹੇ ਪ੍ਰਭੂ ਜੀ ਹੋਰ ਪ੍ਰੇਰੇ !
ਮੈਂ ਭੁਲ ਗਿਆ ਸਾਂ
ਤੁਹਾਡੀ ਹੋਂਦ ਦੀ ਸਰਬ ਵਿਆਪਕਤਾ ਨੂੰ
ਜੋ ਹੈ ਹਰ ਥਾਂ ਹਾਜ਼ਰ ਨਾਜ਼ਰ !
ਤੇ ਉਸ ਸਰਬ-ਸ਼ਕਤੀਮਾਨ ਨਦਰ-ਕਰਮ ਨੂੰ
ਜਿਸ ਨੇ ਮੈਨੂੰ ਬਖ਼ਸ਼ਿਆ ਸੀ
ਇਹ ਮੇਰਾ ਜੀਵਨ ।
ਹਉਮੈ ਤੇ ਮੋਹ ਮਮਤਾ ਦੀਆਂ ਖੇਡਾਂ ਅੰਦਰ
ਮੈਂ ਮੌਜਾਂ ਰਿਹਾ ਮਾਣਦਾ
ਤੇ ਪ੍ਰਭ ਜੀ !
ਤੁਹਾਨੂੰ ਦਿਤਾ ਵਿਸਾਰ !
ਇਹ ਵੀ ਮੈਂ ਭੁਲ ਗਿਆ
ਕਿ ਇਨ੍ਹਾਂ ਇੰਦਰੀਆਂ ਦੀ ਮੋਹ ਮਮਤਾ ਦੇ
ਪਾਪ-ਚੱਕਰਾਂ ਦੇ ਅੰਦਰ
ਜਿਹੜਾ ਮੇਰੇ ਕੋਲ ਬਲ ਸੀ,
ਉਹ ਵੀ ਸੀ ਤੁਹਾਡਾ ਬਖ਼ਸ਼ਿਆ ਹੋਇਆ ।
ਮੈਂ ਤੁਰਿਆ ਮੰਦੇ ਰਾਹਾਂ 'ਤੇ
ਤੇ ਭੁਲਾ ਦਿਤਾ ਸੀ ਤੁਹਾਨੂੰ,
ਇਹ ਵੀ ਕਦੀ ਯਤਨ ਨਾ ਕੀਤਾ
ਕਿ ਤੁਹਾਡੀ ਹੈ ਸਦੀਵੀ ਹਸਤੀ !
ਰੋਜ਼ ਦਿਹਾੜੀ ਆਪਣੀ ਆਤਮਾ ਤਾਂਈਂ ਗੁਆ ਕੇ

ਹੋਇਆ ਜਦ ਮੈਂ ਏਨਾ ਨਿਰਬਲ
ਕਿ ਆਪਣੇ ਕੀਤੇ ਕਰਮਾਂ ਉਤੇ
ਰੋ ਵੀ ਨਾ ਸਕਿਆ
ਤੇ ਡੁਲ੍ਹੇ ਮੇਰੇ ਨੈਣਾਂ ਵਿਚੋਂ
ਹੰਝੂ ਦੋ ਪਛਤਾਵੇ ਵਾਲੇ ।
ਮੂੜ੍ਹਤਾ ਵਾਲੀ ਸੌੜੀ-ਦ੍ਰਿਸ਼ਟੀ ਕਾਰਨ
ਭੁਲ ਗਿਆ ਮੈਂ
ਤੇ ਆਈ ਨਾ ਕਦੀ ਵੀ ਤੁਹਾਡੀ ਯਾਦ,
ਰੋਜ਼ ਦੇ ਕਰਮਾਂ ਦੇ ਘੱਟੇ ਮਿੱਟੀ ਦਾ
ਮੇਰੇ ਉਪਰ ਢੇਰ ਸੀ ਲਗਾ
ਤੇ ਮੈਂ ਰੋਗਾਂ ਦਾ ਹੋਇਆ ਸ਼ਿਕਾਰ,
ਪੁਜ ਗਿਆ ਸਾਂ ਮੌਤ ਕਿਨਾਰੇ !
ਹੋਇਆ ਮੈਂ ਪ੍ਰਭ ਜੀ
ਤੁਹਾਡੇ ਤੋਂ ਹੋਰ ਦੂਰ !
ਫਿਰ ਵੀ ਮੇਰੇ ਮਸਤਕ ਉਪਰ ਲਿਖਿਆ
ਜੋ ਤੁਸਾਂ ਲੇਖ ਸਚਾਵਾ,
ਇਹੋ ਰਹਿ ਗਈ ਸੀ ਹੁਣ ਬਾਕੀ
ਮੇਰੀ ਇਕੋ ਆਸ !
ਤੇ ਮੈਨੂੰ ਇੰਝ ਹੋਇਆ ਪ੍ਰਤੀਤ
ਕਿ ਮੇਰੇ ਇਹ ਪਾਪ ਗਗਨਾਂ ਵਿਚ
ਬੱਦਲਾਂ ਦੇ ਵਾਂਗੂ ਉਡ ਰਹੇ ਨੇ !
ਮੇਰੇ ਸੀਨੇ ਅੰਦਰ ਤੁਹਾਡੇ ਤੀਰ ਨੇ
ਵਾਹੀ ਜੋ ਲੇਖਾਂ ਦੀ ਲਕੀਰ,
ਇਸ ਸੰਕਟ-ਲੱਦੇ ਜੀਵਨ ਅੰਦਰ
ਮੇਰੇ ਲਈ ਸੀ ਬਾਕੀ ਰਹਿ ਗਈ,
ਬਸ ਇਕੋ ਇਹ ਆਸ
ਆਪਣੇ ਇਸ ਸੁੰਞੇਪਣ ਵਿਚ
ਮੈਂ ਕੀ ਤੱਕਿਆ,
ਮੇਰੀ ਇਸ ਲਾਚਾਰੀ ਵਿਚ

ਤੁਹਾਡੇ ਫ਼ਰਿਸ਼ਤੇ ਮੇਰੇ ਕੋਲ ਖੜੇ ਸਨ !
ਪ੍ਰਭ ਜੀ !
ਇਹ ਹੈ ਤੁਹਾਡਾ ਪ੍ਰੇਮ ਤੇ ਦਇਆ ਦਾ ਸਰੂਪ,
ਜੋ ਕਿਸੇ ਦੇ ਔਗੁਣ ਕਦੀ ਨਾ ਚਿਤਾਰੇ,
ਨਾ ਦੇਵੇ ਕੋਈ ਸਜ਼ਾ
ਤੇ ਕਰੇ ਕਰੜਾ ਨਿਆਂ,
ਸਗੋਂ ਮਾਂ ਦੇ ਹਾਰ, ਪ੍ਰੇਮ ਵਿਚ
ਸਾਰੇ ਗੁਨਾਹ ਕਰ ਦੇਵੇ ਮੁਆਫ਼ !
ਤੇਰੀ ਅਨੰਤ ਸੁਨਹਿਰੀ ਧੁੱਪ ਵਿਚ
ਤੇਰੇ ਬੱਚੇ ਖੇਡਣ ਮੱਲਣ,
ਜਲਧਾਰਾਂ ਉਨ੍ਹਾਂ ਲਈ ਲਹਿਰਨ,
ਪਵਨ-ਫੁਹਾਰਾਂ ਉਨ੍ਹਾਂ ਲਈ ਰੁਮਕਣ
ਤੇ ਤਾਰਿਆਂ ਭਰਿਆ ਆਕਾਸ਼ੀ ਛੱਤਰ
ਉਨ੍ਹਾਂ ਲਈ ਹੈ ਬਣੀ ਕਮਾਨ ।
ਪ੍ਰਭ ਜੀ !
ਤੁਸੀਂ ਹਰ ਇਕ ਨੂੰ ਆਪਣਾ ਚਾਨਣ ਬਖ਼ਸ਼ੋ,
ਹਰ ਇਕ ਨੂੰ ਰਿਜ਼ਕ ਹੋ ਦਿੰਦੇ,
ਸਦਾ ਸਭ ਲਈ ਵੰਡਿਆ ਜਾਂਦਾ
ਤੁਹਾਡੀਆਂ ਅਖੁੱਟ ਦਾਤਾਂ ਦਾ ਭੰਡਾਰ ।
ਤੁਹਾਡੇ ਅੰਦਰ ਸਭ ਲਈ
ਸੱਚਾ ਤੇ ਪੱਕਾ ਪਿਆਰ !
ਜੋ ਦਾਤਾਂ ਬਣ ਕੇ
ਵੰਡਦਾ ਪਿਆ ਅਨੇਕ ਦਾਤਾਂ ਸਭ ਨੂੰ
ਬਿਨਾਂ ਚਿਤਾਰੇ
ਉਨ੍ਹਾਂ ਦੇ ਗੁਣ ਤੇ ਅਵਗੁਣ !

15. ਗੁਰੂ ਨਾਨਕ

ਬੁੱਧ ਆਪਣੇ ਚਿੱਟੇ ਕੰਵਲ-ਆਸਨ ਉਤੇ ਬਿਰਾਜਮਾਨ;
ਉਨ੍ਹਾਂ ਦੇ ਮਸਤਕ ਉਪਰ ਕੇਸ ਜੂੜੇ 'ਚ ਬਝੇ ਹੋਏ,
ਈਸਾ ਦੇ ਸੁਨਹਿਰੀ ਕੇਸ
ਕੁਆਰੀਆਂ ਹਾਰ ਉਨ੍ਹਾਂ ਦੇ ਮੋਢਿਆਂ 'ਤੇ ਖਿਲਰੇ,
ਉਨ੍ਹਾਂ ਦੇ ਨੈਣਾਂ ਦਾ ਪ੍ਰਭੂ-ਪ੍ਰਕਾਸ਼,
ਉਨ੍ਹਾਂ ਦੇ ਪੁਰ-ਨੂਰ ਚਿਹਰੇ ਉਤੇ ਲਹਿਰ ਰਿਹਾ ।
ਮੁਹੰਮਦ ਦੀ ਮਿਹਰ ਦੀ ਨਿਗ੍ਹਾ
ਦਿਲ ਦੀ ਜਵਾਲਾ ਤੇ ਤਲਵਾਰ ਦੀ ਧਾਰ ਦੇ
ਲਿਸ਼ਕਾਰੇ ਨਾਲ
ਮਾਰੂਥਲਾਂ ਨੂੰ ਜਗਮਗਾ ਰਹੀ ।
ਸਮੱਸਤ ਆਕਾਸ਼ ਉਨ੍ਹਾਂ ਦੇ ਅੰਦਰ ਵਿਦਮਾਨ,
ਸਾਰੀ ਕੌਮ ਦਾ ਦਿਲ
ਇਸ ਇਕ ਵਿਅਕਤੀ ਦੇ ਦਿਲ ਦੀ
ਧੜਕਣ ਨਾਲ ਧੜਕਦਾ,
ਜਿਵੇਂ ਬਾਲ ਆਪਣੀ ਮਾਂ ਦੀ ਆਤਮਾ ਵਿਚ ਹਿਲਦਾ ।
ਪ੍ਰਭੂ ਦਾ ਮਾਨਵ-ਅਵਤਾਰ
ਸਭ ਮਨੁੱਖਾਂ ਦੀ ਕੰਡ ਉਤੇ ਖੜਾ,
ਉਨ੍ਹਾਂ ਨੂੰ ਰਾਹੇ ਪਾਉਂਦਾ, ਉਪਦੇਸ਼ਦਾ,
ਉਸ ਦੇ ਚਰਨਾਂ ਉਤੇ
ਉਹ ਆਪਣੀਆਂ ਆਤਮਾਵਾਂ ਸਮਰਪਣ ਕਰਦੇ ।
ਹਰ ਆਤਮਾ ਦੇ ਪਿਛੇ ਇਕ ਰੱਬੀ ਅਵਤਾਰ ਹੁੰਦਾ
ਭਾਵੇਂ ਉਹ ਉਸ ਨੂੰ ਜਾਣੇ ਨਾ ਜਾਣੇ,
ਜਿਸ ਉਤੇ ਉਸ ਦਾ ਰੱਬ ਵਾਂਗ ਭਰੋਸਾ ਹੁੰਦਾ,
ਉਹ ਉਸ ਦਾ ਬ੍ਰਹਿਮੰਡ ਤੇ ਉਸ ਦਾ ਆਪਾ
ਜਿਸ ਦਾ ਆਭਾਸ ਉਦੋਂ ਹੁੰਦਾ
ਜਦੋਂ ਉਹ (ਆਤਮਾ) ਕਿਸੇ ਸੰਕਟ ਵਿਚ ਹੁੰਦੀ ।

ਸਾਡੇ ਵਿਚਾਰ ਤੇ ਕਰਮ ਕਈ ਅਲੌਕਿਕ ਰੂਪ ਧਾਰਦੇ,
ਪਰ ਮਨੁੱਖ ਰੂਪ ਵਿਚ ਸਾਡੇ ਨਿਤ ਦੇ ਕਰਮ
ਸਾਨੂੰ ਬੰਧਨਾਂ ਵਿਚ ਬੰਨ੍ਹਦੇ ।
ਅਸੀਂ ਆਪਣੇ ਜੀਵਨ-ਮਹਿਲ ਨੂੰ
ਉਸ ਰੱਬੀ ਅਵਤਾਰ ਦੇ ਦਸੇ ਅਨੁਸਾਰ ਨਹੀਂ ਉਸਾਰਦੇ
ਸਗੋਂ ਰੇਤ-ਕੰਧਾਂ ਉਤੇ ਉਸ ਦਾ ਨਿਰਮਾਣ ਕਰਦੇ ।
ਸਾਡੇ ਨਿਤ ਦੇ ਕਰਮਾਂ ਦਾ ਮਿੱਟੀ-ਘੱਟਾ
ਸਾਨੂੰ ਆ ਚਿਮੜਦਾ,
ਇਹੋ ਹੀ ਹੈ ਸਾਡੀ ਹੋਣੀ ।
ਉਸ ਪ੍ਰਭੂ-ਅਵਤਾਰ ਦੀ ਹੋਂਦ ਦੀ ਪ੍ਰਤੀਤੀ ਤੋਂ ਬਿਨਾਂ
ਸਭ ਫੋਕਟ ਅਭਿਮਾਨ;
ਸਾਡੇ ਚੰਗੇ ਮੰਦੇ ਕਰਮ
ਸਾਡੇ ਲਈ ਇਕ ਸਮਾਨ ਬੰਧਨ ।
ਪਰ ਸਾਡੇ ਲਈ ਹੈ ਇਕ 'ਸਦੀਵੀ ਸੱਚ'
ਕਿ ਮਨੁੱਖ ਅੰਦਰ ਪ੍ਰਭੂ
ਮਾਨਵ-ਅਵਤਾਰ ਦੇ ਰੂਪ ਵਿਚ ਆਉਂਦਾ,
ਜੋ ਸਾਡੇ ਅੰਦਰ ਆਪਣੀ ਕਰਾਮਾਤ ਜਗਾਉਂਦਾ,
ਇਹੋ ਹੀ ਹੈ ਉਸ ਪ੍ਰਭੂ ਦਾ 'ਨਾਮ' ।
ਉਹ ਮਨੁੱਖ ਆਪ ਹੀ ਹੈ ਉਸ 'ਨਾਮ' ਦਾ
ਚਿੰਨ੍ਹ ਤੇ ਨਿਸ਼ਾਨ ।
ਵਾਹੁ ! ਵਾਹੁ !!
'ਨਾਮ' ਦੀ ਸ਼ਾਨ !
ਇਹੋ ਨਾਮ ਉਸ ਪ੍ਰਭੂ ਦਾ
ਸਭ ਤੋਂ ਵੱਡਾ ਹਸਤਾਖ਼ਰ,
ਉਸ ਦੀ ਪ੍ਰਮਾਣਿਕ ਮੋਹਰ ।
ਇਹੋ ਹੈ 'ਸਤਿਨਾਮ'
ਆਦਿ ਜੁਗਾਦੀ ਸੱਚ,
ਅਨੰਤ ਸਰੂਪ, ਹੈ ਭੀ ਹੋਸੀ,
ਨਿਰਆਕਾਰ, ਨਿਰਰੂਪ,

ਚਕ੍ਰ-ਚਿਹਨਾਂ ਤੋਂ ਬਾਹਰਾ,
ਸ਼ਬਦਾਂ ਤੋਂ ਪ੍ਰੇਰੇ,
ਇਕ ਅਖੰਡ ਰੂਪ '੧ਓ'
ਉਹ ਜੋ ਦੇਸ਼, ਕਾਲ ਤੇ ਵਿਚਾਰ ਤੋਂ ਪਰੇ ਵਿਚਰਦਾ,
ਸਾਡੇ ਵਰਗੀ ਜਿਸ ਦੀ ਹੋਂਦ,
ਜਿਸ ਨੂੰ ਅਸੀਂ,
'ਪਰਮ ਪੁਰਖ' ਦੇ ਰੂਪ ਵਿਚ ਜਾਣਦੇ ।
ਉਸ ਦੀ ਹੋਂਦ
ਥਲ ਵਿਚ, ਜਲ ਵਿਚ,
ਆਕਾਸ਼ ਵਿਚ, ਪਾਤਾਲ ਵਿਚ !
ਉਹ ਮਾਨਵ ਸਰੂਪ ਵਿਚ ਭੀ ਸੁਭਾਇਮਾਨ,
ਐਨ ਉਸ ਤਰ੍ਹਾਂ ਜਿਸ ਤਰ੍ਹਾਂ ਸੂਰਜ ਦਾ ਪ੍ਰਕਾਸ਼
ਸ਼ੀਸ਼ਿਆਂ ਵਿਚੋਂ ਚਮਕਦਾ ।
ਸੰਸਾਰ ਨੇ ਉਸ ਦੇ ਦਰਸ਼ਨ
ਕ੍ਰਿਸ਼ਨ ਦੇ ਰੂਪ ਵਿਚ ਕੀਤੇ,
ਫਿਰ ਬੁਧ ਦੇ ਰੂਪ ਵਿਚ ਉਸ ਨੂੰ ਨਿਹਾਰਿਆ,
ਈਸਾ ਤੇ ਮੁਹੰਮਦ ਦੇ ਰੂਪ ਵਿਚ
ਉਸ ਦੇ ਦੀਦਾਰ ਕੀਤੇ ।
ਪਰ ਮੈਂ ਤਾਂ ਉਸ ਨੂੰ
ਆਪਣੇ ਗੁਰ-ਪਿਤਾ ਦੇ ਰੂਪ ਵਿਚ ਜਾਣਦਾ,
'ਬਾਬਾ ਗੁਰੂ ਨਾਨਕ' ਦੇ ਰੂਪ ਵਿਚ
ਜਿਸ ਦੇ ਦਰਸ਼ਨ ਮੈਂ ਲਗਾਤਾਰ
ਦਸਾਂ ਜਾਮਿਆਂ ਵਿਚ ਕੀਤੇ ।
ਸਹੰਸਰ ਰੂਪਾਂ ਵਿਚ
'ਉਹ' ਸਾਨੂੰ ਆਪਣੇ
'ਨਾਮ' ਦੇ ਸੰਕੇਤ ਭੇਜਦਾ;
ਉਸ ਪਵਿੱਤਰ 'ਸਤਿਨਾਮ' ਦੇ
ਜੋ ਉਸ ਦਾ ਸਭ ਤੋਂ ਵੱਡਾ ਨਿਸ਼ਾਨ !

ਤ੍ਰੈਲੋਕੀ ਨੂੰ ਆਪਣੀ ਗੋਦ ਵਿਚ ਸਮੇਟ
ਉਹ ਮਨੁੱਖ ਦੀ ਕੰਡ ਉੱਤੇ ਖੜਾ
ਉਸ ਦੇ ਹਿਰਦੇ ਵਿਚ ਵਸਦਾ ।
ਗੁਰੂ ਨਾਨਕ ਦੇ ਅੰਗਾਂ ਤੋਂ 'ਅੰਗਦ' ਹੋਇਆ ।
(ਉਸ ਦੇ ਅੰਕ ਸਮਾਉਣ ਨਾਲ)
ਫਿਰ ਮੈਂ ਅੰਗਦ ਰੂਪ ਵਿਚ
ਉਸ ਦੇ ਦਰਸ਼ਨ ਕਰਦਾ,
ਜਿਸ ਨੇ ਅਗੋਂ ਇਸ ਜੋਤ ਨੂੰ
ਨੂਰ ਦੇ ਵਹਿੰਦੇ ਝਰਨੇ ਦੇ ਰੂਪ ਵਿਚ
ਦੁਧੀਆ ਕੇਸਾਂ ਵਾਲੇ ਤੇ ਸੁੰਦਰ ਸਫ਼ੈਦ ਦਾੜ੍ਹੇ ਵਾਲੇ
ਤਕੜੇ ਜੁੱਸੇ ਤੇ ਕਮਾਊ ਸਰੀਰ ਵਾਲੇ
'ਗੁਰੂ ਅਮਰਦਾਸ' ਦੇ ਰੂਪ ਵਿਚ ਪ੍ਰਕਾਸ਼ਿਆ ।
ਤੇ ਗੁਰੂ ਅਮਰਦਾਸ ਨੂੰ
'ਸਤਿਨਾਮ' ਦਾ ਸੁਆਮੀ ਬਣਾ ਦਿਤਾ ।
ਫਿਰ ਗੁਰੂ ਅਮਰਦਾਸ ਨੇ
ਗੁਰੂ ਰਾਮਦਾਸ ਦਾ ਸਰੂਪ ਧਾਰਿਆ
ਜੋ 'ਹਰਿਮੰਦਰ' ਦੇ ਰੂਪ ਵਿਚ ਪ੍ਰਗਟਿਆ
ਜਿਸ ਵਿਚ ਸ਼ਬਦ ਦੀ
ਅਨਹਦ ਧੁਨੀ ਨਿਰੰਤਰ ਗੂੰਜਦੀ,
ਉਹ ਆਪ ਆਤਮਾ ਦੇ ਜਗਤ ਦਾ ਚਮਕਦਾ ਦਿਵਸ,
ਸਭ ਤੋਂ ਮਿੱਠਾ ਪਦਾਰਥ ।
ਗੁਰੂ ਰਾਮਦਾਸ ਜੀ ਨੇ ਆਪਣੇ ਪ੍ਰਕਾਸ਼ ਤੋਂ
ਗੁਰੂ ਅਰਜਨ ਦੇਵ ਦੇ ਸਰੂਪ ਨੂੰ ਜਗਮਗਾਇਆ !
ਸ੍ਰਿਸ਼ਟੀ ਨੂੰ ਗੁਰੂ ਅਰਜਨ ਨੇ ਗੁਰੂ-ਪਿਤਾ ਦੀ
ਸ਼ਬਦ-ਧੁਨੀ ਨਾਲ ਝੁਣਕਾਰਿਆ ।
ਗੁਰੂ ਅਰਜਨ ਨੇ ਆਪਣੇ ਨਿਜ-ਸਰੂਪ ਤੋਂ
ਗੁਰੂ ਹਰਿਗੋਬਿੰਦ ਦੀ ਮੂਰਤ ਨੂੰ ਸੰਵਾਰਿਆ,
ਫਿਰ ਗੁਰੂ-ਰੂਪ ਵਿਚ
ਗੁਰੂ ਹਰਿ ਰਾਏ ਨੂੰ ਮੱਥਾ ਟੇਕਿਆ !

ਗੁਰੂ ਹਰਿ ਰਾਏ ਨੇ
ਗੁਰੂ ਹਰਿਕਿਸ਼ਨ ਦੇ ਰੂਪ ਵਿਚ
ਨਾਨਕ ਦੀ ਜੋਤ ਨੂੰ ਟਿਕਾਇਆ;
ਅਗੋਂ ਲਈ ਉਸ ਗੁਰੂ-ਜੋਤ ਦੇ ਦਰਸ਼ਨਾਂ ਲਈ
'ਬਾਬੇ ਬਕਾਲੇ' ਦਾ ਆਦੇਸ਼ ਕੀਤਾ ।
ਗੁਰੂ ਤੇਗ ਬਹਾਦਰ ਸਹੰਸਰ ਪ੍ਰਭਾਤਾਂ ਸਮਾਨ ਪ੍ਰਗਟੇ,
ਉਨ੍ਹਾਂ ਦੇ ਸਰੂਪ ਵਿਚ
ਫਿਰ ਸਨਾਤਨ ਗੁਰੂ ਨਾਨਕ ਦੇ ਦਰਸ਼ਨ ਹੋਏ,
ਚੰਨ ਤੇ ਸੂਰਜ ਇਸ ਗੱਲ ਦੇ ਸਾਖੀ ਬਣੇ
ਤੇ ਹੁਣ ਵੀ ਧਰਤ ਤੇ ਆਕਾਸ਼
ਉਨ੍ਹਾਂ ਦੇ ਦਰਸ਼ਨ ਦੀਦਾਰ ਕਰਦੇ ।
ਪਰ ਜਦੋਂ ਦਸਮ ਗੁਰੂ ਨੇ ਦਰਸ਼ਨ ਦਿਤੇ
ਤਾਂ ਉਨ੍ਹਾਂ ਦੇ ਸੁੰਦਰ ਘੋੜੇ ਦੀ ਸ਼ਾਨ ਨੂੰ ਨਿਹਾਰ
ਆਕਾਸ਼ ਵਿਚ ਤਾਰੇ ਵੀ ਖ਼ੁਸ਼ੀ ਵਿਚ ਮਸਤ ਹੋ ਗਏ;
ਉਨ੍ਹਾਂ ਦਾ ਨੀਲਾ ਘੋੜਾ ਆਪਣੇ ਸੁੰਮਾਂ ਦੁਆਰਾ
ਸੰਸਾਰ ਵਿਚ ਬੱਦਲਾਂ ਦੀ ਗਰਜ ਪੈਦਾ ਕਰਦਾ
ਤੇ ਸਾਰੀ ਸ੍ਰਿਸ਼ਟੀ ਤੇ ਪ੍ਰਭਾ-ਮੰਡਲ ਵਿਚ
ਅਨੋਖੀ ਮਹਿਕ ਪਸਰ ਜਾਂਦੀ ।
ਜਦੋਂ ਗੁਰੂ ਨਾਨਕ ਘੋੜੇ 'ਤੇ ਸਵਾਰੀ ਕਰਦਾ
ਤਾਂ ਗੁਰੂ ਗੋਬਿੰਦ ਸਿੰਘ ਹੋ ਜਾਂਦਾ ।
ਸਨਾਤਨ ਧਨੁਖਧਾਰੀ ਸ਼ਿਕਾਰੀ ਦਾ ਸਰੂਪ ਧਾਰਨ ਕਰ
ਜਿਸ ਦੇ ਤੀਰਾਂ ਅਗੇ ਕਾਲ ਦੇ ਹਿਰਨ ਨੱਠ ਉਠਦੇ,
ਸਨਾਤਨ ਗੁਰੂ ਨਾਨਕ ਗੁਰੂ ਗੋਬਿੰਦ ਦੇ ਰੂਪ ਵਿਚ
ਕ੍ਰਿਪਾਨਧਾਰੀ ਬਣੇ
ਮੋਢੇ ਉਤੇ ਤੀਰਾਂ ਦਾ ਭੱਥਾ ਲਟਕਾਈ ਆਉਂਦਾ;
ਸਿਰ 'ਤੇ ਤਾਰਿਆਂ ਦੀ ਕਲਗੀ ਚਮਕਦੀ
ਤੇ ਹੱਥ ਉਤੇ ਬਾਜ਼ ਸੁਹਾਉਂਦਾ;
ਦੇਵ-ਲੋਕ ਦੀ ਸੱਚੀ ਪਾਤਸ਼ਾਹੀ ਦਾ ਝੰਡਾ
ਅਗੇ ਅਗੇ ਝੂਲਦਾ ਜਾਂਦਾ !

ਜਦੋਂ ਉਸ ਦਾ ਝੰਡਾ
ਗਗਨ-ਮੰਡਲ ਵਿਚ ਫੜਫੜਾਉਂਦਾ
ਤਾਂ ਦੇਵਗਣ ਧਨ ਗੁਰੂ ! ਧਨ ਗੁਰੂ !!
ਦੀ ਧੁਨੀ ਉਚਾਰਦੇ !
ਨੀਲੇ ਬਾਣੇ ਵਾਲਾ ਸ਼ਾਹ-ਸਵਾਰ ਗੁਰੂ
ਨੀਲੇ ਘੋੜੇ 'ਤੇ ਸਵਾਰ ਹੁੰਦਾ
ਅਨੋਖੀ ਅਕਾਲ ਸੈਨਾ ਦਾ ਸੈਨਾਪਤੀ
ਜਿਸ ਵਿਚ ਸਿਖ, ਸੰਤ, ਮੁਰੀਦ
ਤੇ ਬੀਰ ਸਭ ਆ ਜੁੜਦੇ -
ਅਰਸ਼ਾਂ ਦੇ ਦੇਵਤੇ ਇਸ ਸੈਨਾ ਵਿਚ ਸ਼ਾਮਲ
ਇਹ ਸਾਰੇ ਗੁਰੂ ਸਮਾਨ ਮਹਾਨ ਹੋ ਜਾਂਦੇ
ਤੇ ਇਸ ਜਗਤ ਵਿਚ ਅਕਾਲ ਪੁਰਖ ਦੇ
ਆਦਰਸ਼ਾਂ ਦੀ ਰਾਖੀ ਲਈ ਯੁੱਧ ਕਰਦੇ !!
ਤੱਕੋ ਨਿਰਾਲੀ ਸ਼ਾਨ !
ਜਦੋਂ ਗੁਰੂ ਨਾਨਕ
ਗੁਰੂ ਗੋਬਿੰਦ ਸਿੰਘ ਦਾ ਰੂਪ ਧਾਰਨ ਕਰਦਾ
ਤਾਂ ਉਹ ਤੇਗ਼ ਦੀ ਚਮਕਾਰ ਬਣ ਜਾਂਦਾ;
ਉਸ ਦਾ ਪ੍ਰੇਮ
ਤੀਰਾਂ ਦੇ ਰੂਪ ਵਿਚ ਪ੍ਰਗਟ ਹੁੰਦਾ,
ਇਹੀ ਪ੍ਰੇਮ ਸਾਗਾਂ ਦਾ ਝੱਖੜ ਬਣ ਝੁਲਦਾ ।
ਬਲਿਹਾਰ ਜਾਵਾਂ !
ਉਸ ਦੀ ਤੀਖਣ ਨਿਗ੍ਹਾ ਦੀਆਂ ਪ੍ਰਕਾਸ਼ ਕਿਰਨਾਂ !
ਜਿਥੇ ਖ਼ੂਨ ਦੀ ਹੋਲੀ ਖੇਡ
ਮੌਤ ਦੇ ਸਥਰ ਵਿਛਾਉਂਦੀਆਂ
ਉਥੇ ਉਹ
ਮਨੁੱਖਤਾ ਦੇ ਆਦਰਸ਼ਾਂ ਦੀ ਰਾਖੀ ਕਰਦੀਆਂ !
ਇਨ੍ਹਾਂ ਚਲ ਰਹੇ ਤੀਰਾਂ ਦੀ ਸਰਸਰਾਹਟ ਦੀ ਛਾਂ ਥਲੇ
ਬੈਕੁੰਠ ਵਾਲੀ ਸ਼ਾਂਤੀ ਪਸਰ ਜਾਂਦੀ !
ਤੀਰਾਂ ਦੀ ਟੁਣਕਾਰ ਵਿਚ 'ਅਨਹਦ ਨਾਦ' ਗੂੰਜਦਾ !

ਤਲਵਾਰ ਦੀ ਨੋਕ ਦੀ ਧਾਰ ਸੰਤਾਂ ਲਈ
ਸੁਖ ਦੀ ਨੀਂਦ ਹੁੰਦੀ !
ਜਦੋਂ ਧਰਤ ਉਤੇ ਤੀਰਾਂ ਦੀ ਵਾਛੜ ਹੁੰਦੀ
ਤਾਂ ਸਾਕਾਰ ਹੋ ਕੇ ਪ੍ਰੇਮ ਦੀ ਝੜੀ ਵਰ੍ਹਦੀ,
ਇਹ ਖ਼ੂਨ ਕਦੋਂ ਡੁਲ੍ਹਦਾ !
ਇਹ ਤਾਂ 'ਅੰਮ੍ਰਿਤ ਦਾ ਸੋਮਾ' ਧਰਤ ਨੂੰ
ਸਰਸਬਜ਼ ਕਰਨ ਲਈ ਫੁੱਟਦਾ ।
ਠੰਢੀ ਤਲਵਾਰ ਸਾਹਿਬਜ਼ਾਦਿਆਂ ਦੀਆਂ
ਕੋਮਲ ਗਰਦਨਾਂ 'ਤੇ ਵਜੀ;
ਪਰ ਕਿਹੜਾ ਫ਼ੌਲਾਦੀ ਸ਼ਸਤਰ
ਨਾਨਕ ਨਾਮ ਉਤੇ ਚਲ ਸ਼ਕਦਾ ?
ਕਿਹੜੀ ਅਗਨ ਨਾਨਕ ਦੇ ਨਾਮ ਉਤੇ
ਭਾਰੂ ਹੋ ਸਕਦੀ ?
ਕੋਈ ਵੀ ਤਲਵਾਰ ਪ੍ਰਕਾਸ਼ ਦੀਆਂ ਕਿਰਨਾਂ ਨੂੰ
ਕੱਟ ਨਹੀਂ ਸਕਦੀ ।
ਖੱਬੇ ਮੌਤ ਹੋਵੇ, ਸੱਜੇ ਮੌਤ ਹੋਵੇ,
ਪਿਛੇ ਮੌਤ ਹੋਵੇ, ਅਗੇ ਮੌਤ ਹੋਵੇ,
ਪਰ ਕੋਈ ਵੀ ਮੌਤ
ਉਸ ਦਾ ਵਾਲ ਵੀ ਵਿੰਗਾ ਨਾ ਕਰ ਸਕਦੀ,
ਉਸ ਨੂੰ ਪੋਹ ਨਾ ਸਕਦੀ,
ਨਾ ਹੀ ਉਸ ਦਾ ਕੁਝ ਵਿਗਾੜ ਸਕਦੀ,
ਜੋ ਉਸ ਦਾ ਹੋ ਗਿਆ ਹੋਵੇ,
ਜਿਸ ਨੇ ਉਸ ਦੇ ਨਾਮ ਵਿਚ ਸ਼ਰਨ ਲੈ ਲਈ ਹੋਵੇ ।
ਗੁਰੂ ਨਾਨਕ ਹੁਣ ਵੀ ਸਾਡੇ ਅੰਗ-ਸੰਗ,
ਇਕ ਗੀਤ, ਇਕ ਪਾਵਨ ਗ੍ਰੰਥ;
'ਗੁਰੂ ਗ੍ਰੰਥ' ਦਾ ਪ੍ਰਕਾਸ਼
ਹਰ ਘਰ ਵਿਚ ਸੁਭਾਇਮਾਨ;
ਹਾਲੀ ਵੀ ਗੁਰ-ਪਿਤਾ ਮਧੁਰ ਗੀਤ ਗਾਉਂਦਾ,
ਅਜੇ ਵੀ ਉਸ (ਪ੍ਰਭੂ) ਦੀ ਆਵਾਜ਼ ਸਾਡੇ ਕੰਨੀਂ ਪੈਂਦੀ,

ਹੁਣ ਵੀ ਉਸ ਦੇ ਸਾਨੂੰ ਸਾਖਿਆਤ ਦਰਸ਼ਨ ਹੁੰਦੇ,
ਜਿਸ ਦੇ ਚਰਨ-ਕੰਵਲਾਂ ਨੂੰ ਅਸੀਂ ਪਰਸਦੇ-ਛੂੰਹਦੇ
ਜੋ ਸਾਡੇ ਨਾਲ ਬਚਨ-ਬਿਲਾਸ ਕਰਦਾ ।
ਗੁਰੂ ਹਾਲੀ ਵੀ ਸਾਡੇ ਸਨਮੁਖ
ਆਪਣੇ ਸਿਖ ਦੇ ਰੂਪ ਵਿਚ,
ਆਪਣੇ ਸੰਤ ਸਰੂਪ ਵਿਚ,
ਹਾਲੀ ਵੀ ਮਨੁੱਖ ਸਾਡੇ ਜੀਵਨ ਕੇਂਦਰ -ਬਿੰਦੂ,
ਹੁਣ ਵੀ ਪ੍ਰਭੂ
ਆਪਣੇ ਸੰਤਾਂ ਦੀ ਆਵਾਜ਼ ਸੁਣਦਾ,
ਉਨ੍ਹਾਂ ਵਿਚ ਨਿਵਾਸ ਰਖਦਾ,
ਉਨ੍ਹਾਂ ਦੀ ਪੈਜ ਰਖਦਾ,
ਇਹੋ ਹੀ ਹੈ 'ਅਬਚਲ ਸੱਚ' ਦੇ
'ਪਰਿਵਰਤਨਸ਼ੀਲ ਸਦੀਵਤਾ' ਦੀ
ਜੁਗੋ ਜੁੱਗ ਅਟੱਲ ਕਥਾ ।
ਸੰਤ ਪੁਰਸ਼ ਸਾਨੂੰ
ਪ੍ਰਭੂ-ਪਿਤਾ ਦੀ ਯਾਦ ਦਿਵਾਉਂਦੇ
ਤੇ ਬਚਨ ਕਰਦੇ :
''ਵੇਖੋ !
ਸਭ ਦਾ ਪਿਤਾ ਸਾਡੀ ਕੰਡ ਉਤੇ ਖੜਾ,
ਉਹ ਤੁਹਾਨੂੰ ਵੇਖ ਰਿਹਾ,
ਪਰ ਜਿਸ ਨੂੰ ਤੁਸੀਂ ਨਾ ਵੇਖਦੇ ।''
''ਆਪਣੇ ਜੀਵਨ ਦੇ ਹਰ ਛਿਣ
ਉਸ ਦਾ ਸਤਿਕਾਰ ਕਰੋ ।''
''ਪਿਤਾ ਦੇਖਦਾ,
ਪਿਤਾ ਆਪਣੀਆਂ ਫ਼ਸਲਾਂ ਦਾ ਧਿਆਨ ਰਖਦਾ,
ਪਿਤਾ ਤਾਂ ਸਦਾ ਜਾਗਦਾ,
'ਬਾਬਾ' ਕਦੀ ਨਾ ਸੌਂਦਾ,
'ਬਾਬਾ' ਬਿਰਛ ਦੇ ਹਾਰ
ਤੁਹਾਡੇ ਉਤੇ ਛਤਰ ਝੁਲਾਉਂਦਾ,

ਇਹ ਆਕਾਸ਼ ਦਾ ਨੀਲਾ ਛਤਰ ਹੀ ਤਾਂ ਹੈ
ਉਸ ਦਾ ਸਾਖਿਆਤ ਸਰੂਪ !''
ਇਹ ਆਕਾਸ਼ ਦਾ ਛੱਤਰ ਬਾਬੇ ਦਾ ਬਿਰਛ
ਜਿਸ ਦੀਆਂ ਪੱਤੀਆਂ ਤੇ ਟਹਿਣੀਆਂ ਵਿਚ
ਸਹੰਸਰ ਦੇਵਤੇ ਤੁਹਾਡੀ ਰੱਖਿਆ ਕਰਦੇ !
ਇਹੋ ਤਾਂ ਹੈ 'ਹਰੀ ਨਾਮ'
ਆਕਾਸ਼ਵਾਣੀ ਹੁੰਦੀ :
''ਮੇਰੇ ਬੱਚਿਓ !
ਮੈਂ ਹਾਲੀ ਵੀ ਹਾਜ਼ਰ-ਨਾਜ਼ਰ ।
ਜਾਗੋ !
ਤੇ ਵਾਹੁ ! ਵਾਹੁ ! ਦਾ ਗੁਣ ਗਾਣ ਕਰੋ ।''
ਗੁਰ-ਪਿਤਾ ਹਾਲੀ ਵੀ
ਸਾਡੇ ਨਿਜ ਮਹਿਲ ਆਉਂਦਾ,
ਸੰਤਾਂ ਦੇ ਹਿਰਦਿਆਂ ਵਿਚ
ਉਸ ਦੇ ਗਿਆਨ ਦੀ ਜੋਤ ਜਗਦੀ;
ਪ੍ਰਭੂ-ਪਿਤਾ ਤੇ ਉਸ ਦੇ ਪੁੱਤਰ
ਹਾਲੀ ਵੀ 'ਇਕ ਜੋਤ-ਇਕ ਸਰੂਪ'
ਉਹ ਗੁਰੂ-ਪਿਤਾ ਦੇ ਛੰਤ ਗਾਉਂਦਾ,
ਸਾਨੂੰ ਮਿੱਠੀਆਂ ਲੋਰੀਆਂ ਦੇ ਕੇ ਸੁਲਾਉਂਦਾ,
ਸ਼ਸਤਰ ਤਿਖੇ ਕਰਕੇ ਸਾਨੂੰ ਵਰਦਾਨ ਦਿੰਦਾ,
ਤੀਰਾਂ ਦੀ ਵਾਛੜ ਦੁਆਰਾ
ਸਾਡੇ 'ਤੇ ਬਖ਼ਸ਼ਸ਼ਾਂ ਕਰਦਾ ।
ਸਾਨੂੰ ਖ਼ੂਨ ਨਾਲ ਲਥਪੱਥ ਕਰ ਦਿੰਦਾ,
ਪ੍ਰਚੰਡ ਅਗਨੀ ਵਿਚ ਨੁਹਾਲ ਦਿੰਦਾ ।
ਖ਼ੁਸ਼ੀ ਖ਼ੁਸ਼ੀ ਪਹਿਲਾਂ ਮਰਨ ਕਬੂਲ !
ਵਾਹੁ ਵਾਹੁ !! ਦੇ ਸਤਿਨਾਮ ਦਾ ਜਾਪ !
ਇਸ ਸੰਸਾਰ ਦੀ ਖੇਡ
ਇਥੇ ਹੀ ਤਾਂ ਨਹੀਂ ਮੁੱਕ ਜਾਂਦੀ;
ਇਹ ਇਸ ਦਾ ਅੰਤ ਨਹੀਂ,

ਨਾ ਹੀ ਇਸ ਦਾ ਆਦਿ,
''ਪਾਤਾਲਾ ਪਾਤਾਲ ਲਖ ਆਗਾਸਾ ਆਗਾਸ''
''ਧਰਤੀ ਹੋਰੁ ਪਰੈ ਹੋਰੁ ਹੋਰੁ''
ਸਾਵਧਾਨ !
ਤੁਹਾਡੇ ਅੰਦਰ ਗੁਰੂ ਦੀ ਇਸ ਜੋਤ ਦੀ ਅਗਨੀ
ਸੀਤ ਨਾ ਹੋਵੇ !
ਇਸ 'ਨਾਮ' ਦੀ ਜੋਤ ਨੂੰ ਜਗਾਈ ਰਖੋ ।
ਇਹੋ 'ਨਾਮ' ਦਾ ਦੀਪਕ ਮੌਤ ਤੋਂ ਪਰੇ ਵੀ
ਤੁਹਾਡੇ ਮਾਰਗ ਨੂੰ ਰੌਸ਼ਨ ਕਰੇਗਾ,
ਤਪਦੇ ਘਾਮ ਵਿਚ ਤੁਹਾਡੇ ਉੱਪਰ
'ਨਾਮ' ਦੀ ਠੰਢੀ ਛਾਂ ਕਰੇਗਾ;
ਇਹ ਕਰਾਮਾਤ ਦੀ ਨਿਆਂਈਂ
ਤੁਹਾਡੀਆਂ ਮਨੋ-ਕਾਮਨਾਵਾਂ ਦੀ ਪੂਰਤੀ ਕਰੇਗਾ ।
ਮੌਤ ਤੋਂ ਪਾਰਲੇ ਮੰਡਲਾਂ ਵਿਚ
ਹਰੀਨਾਮ ਤੁਹਾਡੀ ਤ੍ਰਿਖਾ ਨੂੰ ਬੁਝਾਵੇਗਾ
ਜਿਸ ਦੇ ਆਸਰੇ ਤੁਸੀਂ ਉਡ ਕੇ ਗੁਰੂ-ਚਰਨਾਂ ਵਿਚ ਜਾ ਬਿਰਾਜੋਗੇ
ਤੇ ਵਾਹੁ ! ਵਾਹੁ !! ਦਾ ਵਿਰਦ ਕਰਦੇ
ਅਕਾਲ ਪੁਰਖ ਦੇ ਸਚਖੰਡ ਤੇ ਤਖ਼ਤ ਦੀ
ਹਜ਼ੂਰੀ ਵਿਚ ਪਹੁੰਚ ਜਾਉਗੇ ।
ਇਹ ਸਭ ਅਡੰਬਰ ਕਿਸ ਅਰਥ
ਜੇ ਤੁਸੀਂ ਸਾਰੇ ਸੰਸਾਰ ਦਾ ਧਨ ਦੌਲਤ
ਤਾਂ ਪ੍ਰਾਪਤ ਕਰ ਲਿਆ,
ਪਰ ਆਪਣੀ ਆਤਮਾ ਨੂੰ ਵੇਚ ਦਿਤਾ ?
ਇਸ ਨਾਮ ਦੀ ਜੋਤ ਨੂੰ ਮੱਧਮ ਨਾ ਪੈਣ ਦਿਉ !
ਇਹ ਭਵ-ਸਾਗਰ ਦੇ ਦੋ ਦੂਰ ਦੂਰ ਕੰਢੇ ਹਨ ।
ਜਿਨ੍ਹਾਂ ਵਿਚ ਪ੍ਰਭੂ ਨੇ ਤੁਹਾਨੂੰ ਵਿਚਰਨ ਲਈ ਛਡਿਆ ਹੈ,
ਇਸ ਭਵ ਸਾਗਰ ਵਿਚ
ਦੁਖ ਤੇ ਸੁਖ ਦਾ ਚੱਕਰ ਚਲਦਾ ਰਹਿੰਦਾ ਹੈ,
ਪਰ ਇਸ ਨੂੰ ਪਾਰ ਕਰਨ ਲਈ

ਤੁਹਾਨੂੰ ਨਾਮ ਦਾ ਖ਼ਜ਼ਾਨਾ ਬਖ਼ਸ਼ਿਆ ਗਿਆ ਹੈ ।
ਇਸ ਨਾਮ ਦੇ ਖ਼ਜ਼ਾਨੇ ਨੂੰ ਅਕਾਰਥ ਨਾ ਗੁਆਉ !
ਇਸ ਰੱਬੀ ਦੌਲਤ ਨੂੰ ਸੰਚਿਤ ਕਰੋ !
ਇਹ 'ਪ੍ਰੇਮ ਦੀ ਧਾਤ' ਵਾਲਾ ਪਦਾਰਥ ਹੈ
ਜਿਸ ਦੁਆਰਾ
ਤੁਹਾਡੀ ਆਤਮਾ ਦੀ ਘਾੜਤ ਘੜੀ ਗਈ ਹੈ ।
ਨਾਮ ਬਿਨਾਂ ਹੋਰ ਕੁਝ ਵੀ ਕੰਮ ਨਹੀਂ ਆਉਂਦਾ ।
ਮੌਤ ਦੇ ਦਰ 'ਤੇ
ਜਿਸ ਚੰਗ ਮੰਦ ਨੂੰ ਤੁਸੀਂ ਆਪਣਾ ਸਮਝਦੇ ਸੀ,
ਸਭ ਛਲਾਵਾ ਸਿਧ ਹੋਏ ।
ਸੰਸਾਰ ਵਿਚ ਤੁਸੀਂ ਇਕ ਜੀਉਂਦੇ ਬਾਲ ਦੇ ਰੂਪ ਵਿਚ ਆਏ,
ਇਕ ਫੁੱਲ ਸਮਾਨ ਯਾਕੂਤੀ ਹੋਠ ਮੁਸਕਰਾਂਦੇ,
ਤੁਹਾਡੀ ਆਤਮਾ ਹਸਦੀ ਹਸਦੀ ਮਾਤਲੋਕ ਵਿਚ ਆਈ,
ਹਰ ਕੋਮਲ ਦੋ ਬਾਹਾਂ ਤੁਹਾਨੂੰ ਪਿਆਰ ਖਿਚ ਪਾਉਂਦੀਆਂ
ਆਪਣੀ ਗਲਵਕੜੀ ਵਿਚ ਘੁੱਟ ਲੈਂਦੀਆਂ,
ਪ੍ਰੇਮ-ਰਸ ਚਖਾਉਂਦੀਆਂ ।
ਪਰ ਵੇਖੋ ਇਹ ਵਿਡੰਬਣਾ
ਉਹ ਹੁਣ ਕਿਵੇਂ ਤੁਹਾਨੂੰ ਤੋਰ ਰਹੇ
ਝੁਰੜੀਆਂ ਭਰਿਆ ਤੁਹਾਡਾ ਬੁਢਾ ਚਿਹਰਾ
ਜਿਸ ਨੂੰ ਤੱਕ ਹਰ ਕੋਈ ਨੱਕ ਮੂੰਹ ਵਟਦਾ;
ਹੁਣ ਉਹ ਤੁਹਾਡੀ ਮ੍ਰਿਤਕ ਦੇਹ ਨੂੰ
ਬਾਹਰ ਸੁਟਣ ਲਈ ਤਿਆਰ,
ਜਿਹੜੇ ਹੱਥ ਤੁਹਾਨੂੰ ਇਤਨਾ ਪਿਆਰ ਕਰਦੇ
ਉਹੋ ਹੁਣ ਤੁਹਾਨੂੰ ਅਗਨ ਭੇਟ ਕਰਦੇ !
ਪ੍ਰੇਮ ਦਾ ਨਫ਼ਾ
ਜੋ ਹਰੀਨਾਮ ਦੇ ਰੂਪ ਵਿਚ ਤੁਸੀਂ ਇਕੱਤਰ ਕੀਤਾ,
ਕੀੜੀ ਸਮਾਨ ਇਕ ਇਕ ਦਾਣਾ ਕਰਕੇ ਜੋੜਿਆ,
ਇਹੋ ਤੁਹਾਡਾ ਸੁਰੱਖਿਅਤ ਭੰਡਾਰ
ਜੋ ਤੁਹਾਡਾ ਮੌਤ ਤੋਂ ਪਰੇ

ਇਸ ਸਮੇਂ ਦਾ ਰਖਿਅਕ, ਇਹੋ ਤੁਹਾਡਾ ਰਾਹਬਰ,
ਇਹੋ ਤੁਹਾਡਾ ਮਿਤਰ ਤੇ ਸਖਾ ।
ਜੀਵਨ ਤੇ ਮੌਤ ਦੇ ਇਸ ਪਸਾਰੇ ਤੋਂ ਪਰੇ
ਤੁਸੀਂ ਆਪਣੇ ਨਿਜ ਮਹਿਲ ਨੂੰ
ਸਾਜਣ ਵਾਲੇ ਆਪ ਉਸਰਈਏ,
ਇਸ ਨੂੰ ਜਿਹੋ ਜਿਹਾ ਤੁਹਾਡਾ ਜੀਅ ਚਾਹੇ ਬਣਾ ਲਵੋ,
ਭਾਵੇਂ ਦੁਖਾਂ ਤੇ ਸੰਤਾਪਾਂ ਦਾ, ਕਲ ਕਲੇਸ਼ਾਂ ਦਾ,
ਮਨੋ ਕਾਮਨਾਵਾਂ ਦਾ, ਤ੍ਰਿਸ਼ਨਾਵਾਂ ਦਾ,
ਧਨ ਪਦਾਰਥ, ਜਸ, ਪ੍ਰਸਿੱਧੀ
ਤੇ ਐਸ਼ਵਰਜਾਂ ਦੀ ਪੂਰਤੀ ਦਾ
ਇਹ ਸਭ ਤੁਹਾਡੀਆਂ
ਮਨੋ ਕਾਮਨਾਵਾਂ ਦਾ ਹੀ ਢੇਰ ਹੋਵੇਗਾ -
ਹੋਰ ਕੁਝ ਵੀ ਨਹੀਂ ।
ਜਾਂ ਦੂਜੇ ਬੰਨੇ
ਤੁਸੀਂ ਇਸ ਨਿਜ ਮਹਿਲ ਨੂੰ ਹਰਿਮੰਦਰ ਬਣਾ ਲਵੋ
ਜਿਥੇ ਪ੍ਰਭੂ ਪ੍ਰੀਤਮ ਤੁਹਾਡੇ ਸਦਾ ਅੰਗਸੰਗ ਵਸੇ,
ਤੁਹਾਡੀ ਸਦੀਵਤਾ ਨੂੰ
ਪਰਮਾਨੰਦ ਨਾਲ ਭਰਪੂਰ ਕਰ ਦੇਵੇ ।
ਤਾਂ ਫਿਰ ਵਾਹੁ ! ਵਾਹੁ !! ਦਾ ਗੁਣ ਗਾਨ ਕਰੋ !
ਹਰੀਨਾਮ ਦਾ ਆਸਰਾ ਲਵੋ !
ਤੁਹਾਡੇ ਇਸ ਹਰਿਮੰਦਰ ਦੀ
ਦੇਵਤੇ ਆਪ ਰੱਖਿਆ ਕਰਨਗੇ ।
ਇਹ ਕਰਮ ਖੰਡ ਸੰਤਾਂ ਭਗਤਾਂ ਦਾ ਖੰਡ
ਜੋ ਰੱਖਿਆ ਲਈ ਸਦਾ ਤਤਪਰ ਰਹਿੰਦਾ ।
ਇਹ ਅਲੌਕਿਕ ਲੋਕ 'ਹਲਤ ਪਲਤ' ਦੇ ਦੋਹਾਂ
ਦੂਰ ਨੇੜੇ ਦੇ ਕੰਢਿਆਂ ਦੀ ਖਾੜੀ ਦੀ
ਵਿਥ ਨੂੰ ਮੇਲਦਾ,
ਇਸ ਜੀਵਨ ਨੂੰ ਉਸ ਜੀਵਨ ਨਾਲ ਜਾ ਜੋੜਦਾ
ਜਿਸ ਨੂੰ ਮੌਤ ਦੇ ਕੰਢੇ ਤੋਂ ਪਰੇ ਦਾ

ਜੀਵਨ ਕਹਿੰਦੇ ।
ਉਸ ਲਈ ਕੋਈ ਮੌਤ ਨਹੀਂ,
ਜਿਸ ਦੇ ਸਵਾਸ ਵਿਚ
'ਵਾਹਿਗੁਰੂ' ਦੇ ਨਾਮ ਦਾ ਨਿਵਾਸ,
ਜਿਸ ਦੇ ਜੀਵਨ ਦਾ ਹਰ ਕਦਮ
'ਰੱਬੀ-ਸੰਜੋਗ' ਦੇ ਆਨੰਦ ਨੂੰ ਮਾਣਦਾ !
ਇਸ ਨਾਮ ਨਾਲ ਭਰਪੂਰ
ਇਕੋ ਸਵਾਸ ਵਿਚ ਸਦੀਵਤਾ ਸਦਾ ਵਿਆਪਕ !
ਇਹੋ ਇਕੋ ਸਵਾਸ ਸਾਨੂੰ
ਇਸ ਸਦੀਵਤਾ ਨਾਲ ਜਾ ਜੋੜਦਾ !
ਪਰਮ ਪਵਿੱਤਰ ਸਭ ਨਾਥਾਂ ਦਾ ਨਾਥ,
ਸੰਤ ਪੁਰਸ਼ਾਂ ਵਿਚ ਵਿਦਮਾਨ,
ਜਿਵੇਂ ਗੁਲਾਬ ਦੀਆਂ ਪੰਖੜੀਆਂ ਵਿਚ ਭਿੰਨੀ ਮਹਿਕ,
ਗੁਲਾਬ ਦੇ ਫੁੱਲ ਦੀ ਸੁੰਦਰਤਾ ਤੇ ਭਿੰਨੀ ਮਹਿਕ
ਦੋਵੇਂ ਇਕੋ ਥਾਂ ਸੰਜੋਈਆਂ ਹੋਈਆਂ !
ਉਹ ਜਿਨ੍ਹਾਂ ਨੇ ਆਪਣਾ ਆਪ ਪ੍ਰਭੂ ਜੀ
ਤੇਰੇ ਅਰਪਨ ਕੀਤਾ !
ਉਹ ਤੇਰੇ, ਤੂੰ ਸਦਾ ਉਨ੍ਹਾਂ ਦਾ !
ਆਪਣੇ ਪ੍ਰਭੂ ਪ੍ਰੀਤਮ ਦੇ ਭਰੋਸੇ
ਉਹ ਇਸ ਜਗਤ ਵਿਚ ਆਪਣਾ ਜੀਵਨ ਗੁਜ਼ਾਰਦੇ,
ਉਸ ਦੀ ਰਜ਼ਾ ਅਨੁਸਾਰ ਉਸ ਦਾ ਹੁਕਮ ਮਨ
ਆਪਣੀ ਜੀਵਨ ਖੇਡ ਪੁਗਾਉਂਦੇ,
ਉਨ੍ਹਾਂ ਦੇ ਜੀਵਨ ਦੇ ਸਵਾਸਾਂ ਦੀ ਗਤੀ ਵਿਚ
ਇਕ ਸਵਾਸ ਵੀ ਪ੍ਰੇਮ-ਵਿਹੂਣਾ ਨਾ ਹੁੰਦਾ ।
ਪ੍ਰਭੂ ਦੇ ਸਾਜੇ ਮਨੁੱਖ ਨੂੰ ਪ੍ਰੇਮ ਕਰਨਾ ਹੀ
ਪ੍ਰਭ ਨੂੰ ਪ੍ਰੇਮ ਕਰਨਾ ਹੈ ।
ਇਹੋ ਨਿਹਚਾ ਹੀ ਗੁਰੂ ਨਾਨਕ ਦੇ
ਮਨੁੱਖ ਮਾਤਰ ਲਈ
ਪ੍ਰੇਮ ਦੇ ਨੇਮ ਦਾ ਆਧਾਰ ਹੈ ।

ਇਹ ਸਰਵ-ਸਾਧਾਰਨ ਜਿਹੀ ਪ੍ਰੇਮ-ਵੱਥ ਹੀ
ਸਭ ਤੋਂ ਅਮੋਲਕ ਵਸਤੂ ।
ਪਰ ਇਨ੍ਹਾਂ ਦੀ ਪਰਖ ਕੇਵਲ ਜੌਹਰੀਆਂ ਨੂੰ ਹੀ ।
ਉਹ ਕੇਵਲ ਇਸ ਨਾਮ ਰੂਪੀ ਲਾਲ ਦੀ ਹੀ
ਪਰਖ ਕਰ ਸਕਦੇ ।
ਇਸ ਨਾਮ ਰੂਪ ਰਤਨ ਦੇ ਪਾਰਸ ਵਿਚ
ਆਪ ਪ੍ਰਭੂ ਦੀ ਹੋਂਦ ।
ਇਹ ਸਭ ਦੀ ਰੱਖਿਆ ਕਰਨ ਵਾਲਾ
ਤੇ ਸਭ ਨੂੰ ਆਪਣੇ ਵਿਚ ਸਮਾ ਲੈਣ ਵਾਲਾ
'ਹਰੀਨਾਮ' ਹੀ ਹੈ ।
ਇਸ ਦੇ ਸਹਾਰੇ ਹੀ ਸੰਸਾਰ ਦੀ
ਸਾਰੀ ਗਤਮਿਤ ਹੈ ।
ਇਹੋ ਹੀ ਇਸ ਜਗਤ ਦਾ ਵਿਸਮਾਦੀ ਤਤ,
ਇਹੋ ਹੀ (ਸਾਡੇ ਲਈ) ਗੁਰੂ ਨਾਨਕ ਹੈ ।
ਇਹੋ ਹੈ ਪ੍ਰੇਮ !
ਜੋ ਮਰਜ਼ੀ ਹੈ ਇਸ ਦਾ ਨਾਮ ਧਰ ਲਵੋ,
ਤੁਸੀਂ ਇਸ ਦਾ ਕੋਈ ਨਾਮ ਧਰ ਹੀ ਨਹੀਂ ਸਕਦੇ,
ਇਹ ਨਾਮ ਰਹਿਤ ਅਨਾਮ ਹੈ,
ਰੂਪ ਰਹਿਤ ਅਰੂਪ ਹੈ,
ਜਾਤ ਰਹਿਤ ਅਜਾਤ ਹੈ,
ਸੁਆਦ ਰਹਿਤ ਅਸਵਾਦ ਹੈ ।
ਹੇ ਮੇਰੇ ਮਨ !
ਜਾਗ ਤੇ ਬੋਲ :
''ਗੁਰੂ ਨਾਨਕ ਤੇਰੀ ਜੈ ਹੋਵੇ !''

❖ ❖ ❖ ❖

17. ਸੰਤ ਪਰਸ਼

ਨਾਰੀ ਦੇ ਮੁਖੜੇ ਤੋਂ ਹੈ
ਕਦੀ ਕਦੀ ਲਸਦਾ
ਚਾਨਣ ਦਾ ਲਿਸ਼ਕਾਰਾ
ਪਰ ਸੰਤਾਂ ਦੇ ਚਰਨੀਂ ਦਮਕੇ
ਸਦ ਨੂਰੀ ਝਲਕਾਰਾ ।

* * * *

ਵਿਚ ਆਕਾਸ਼ਾਂ ਨਹੀਂ ਹੈ
ਮੇਘਾਂ ਦਾ ਮੁਕਾਮ
ਪਿਆਰ ਰਤੜੀਆਂ ਜਿੰਦਾਂ ਦੇ ਨੈਣੀ
ਹੈ ਬੱਦਲਾਂ ਦਾ ਧਾਮ ।

* * * *

ਬਾਦਸ਼ਾਹਾਂ ਦੀ ਨਿਰਜਿੰਦ ਸੋਨਾ
ਸਭ ਤੋਂ ਵੱਡੀ ਦਾਤ,
ਪਰ ਸੰਤਾਂ ਕੋਲੋਂ ਹੈ ਨਿਤ ਮਿਲਦੀ
ਜਿੰਦ ਕਣੀਆਂ ਦੀ ਸੁਗਾਤ ।

* * * *

ਬਾਦਸ਼ਾਹ ਨਿਤ ਦੂਜਿਆਂ ਦੇ
ਖ਼ੂਨ ਮਾਸ ਨੂੰ ਖਾਵਣ
ਔਪਰ
ਸੰਤ ਦੂਜਿਆਂ ਤਾਂਈਂ
ਆਪਣਾ ਰਤ ਤੇ ਮਾਸ ਖੁਆਵਣ ।

* * * *

ਜਿਵੇਂ ਸ਼ਬਦ ਦੇ ਵਿਚ ਹੈ
ਬ੍ਰਹਮ ਦਾ ਅਸਲ ਨਿਵਾਸ
ਤਿਵੇਂ ਸੰਤਾਂ ਦੇ ਹਿਰਦੇ ਅੰਦਰ
ਹੈ ਸੱਚੇ ਪ੍ਰੇਮ ਦਾ ਵਾਸ ।

* * * *

ਬੰਦਿਆਂ ਅੰਦਰ ਕਦੇ ਕਦਾਈਂ
ਸੰਤ ਚਿਤਰ ਦਿਸ ਆਵੇ

ਪੁੰਨ-ਆਤਮਾਵਾਂ ਦੇ ਅੰਦਰ
ਹੈ ਸੰਤ ਕਰਾਮਾਤ ।

* * * *

ਮਨੁੱਖ ਆਪਣੇ ਗਿਆਨ ਕੋਸ਼ 'ਤੇ
ਵਿਅਰਥ ਕਰੇ ਅਭਿਮਾਨ
ਔਪਰ, ਸੰਤ ਅਗਿਆਨ ਆਪਣੇ ਉਤੇ
ਹੁੰਦਾ ਨਿਤ ਹੈਰਾਨ ।

* * * *

ਮਨੁੱਖ ਆਪਣੇ ਨਿਜ ਦੇ ਖ਼ਾਲੀਪਣ ਤੋਂ ਤ੍ਰਹਿੰਦਾ
ਇਕਾਂਤਵਾਸ ਨੂੰ ਲੋਚੇ
ਔਪਰ,
ਸੰਤ ਆਪਣੀ ਭਰਪੂਰੀ ਵਿਚ ਰੱਤਾ
ਸੰਗ ਹੋਰਾਂ ਦਾ ਲੋਚੇ ।

* * * *

ਮਨੁੱਖ ਸੰਧਿਆ ਪਿਛੋਂ
ਆਪਣੇ ਦੀਪ ਬੁਝਾਵਣ
ਔਪਰ, ਸੰਤ ਤਾਰਿਆਂ ਵਾਕਰ
'ਰਾਤੀ' ਦੀਪ ਜਗਾਵਣ ।

* * * *

ਸੰਤ ਪੁਰਸ਼ਾਂ ਦੇ ਨਿਜ ਕੋਠੇ ਵਿਚ
ਲੱਖਾਂ ਲੋਕ ਸਮਾਵਣ
ਔਪਰ,
ਬਾਦਸ਼ਾਹ ਰਾਜ ਆਪਣੇ ਵਿਚ
ਕਿਸੇ ਹੋਰ ਨੂੰ ਨਾ ਚਾਹੁਣ ।

* * * *

ਮਨੁੱਖ ਦੂਜਿਆਂ ਖ਼ਾਤਰ ਆਪਣੀ ਬੰਦਗੀ
ਅਤੇ ਸਭ ਦਾ ਕਰਦਾ ਤਿਆਗ
ਧਨ ਦੌਲਤ ਤੇ ਸੋਨੇ ਚਾਂਦੀ ਨੂੰ
ਛੱਡ ਨਾ ਸਕਦਾ ।
ਸੰਤ ਸਦਾ ਸਭ ਕੁਝ ਛੱਡ ਕੇ
ਆਪਣੀ ਬੰਦਗੀ ਦੇ ਸਮੇਂ ਦਾ
ਕਦੀ ਨਾ ਕਰੇ ਤਿਆਗ ।

18. ਸ਼ਬਦ ਬ੍ਰਹਮ

ਮਨੁੱਖ ਉਚੇ ਗਗਨਾਂ ਨੂੰ ਤੱਕ ਤੱਕ ਕੇ
ਲਭਣ ਰੱਬ ਮਹਾਨ, ਪਰ
ਉਥੋਂ ਕੇਵਲ ਹਨ ਸੁਣਦੇ
ਸ਼ਬਦ ਦਾ ਫ਼ੁਰਮਾਨ

❖ ❖ ❖ ❖

ਮਾਂ

ਜਿਸ ਘਰ ਦੇ ਵਿੱਚ ਮਾਂ ਨਹੀਂ ਹੁੰਦੀ, ਉਸ ਵਿਹੜੇ ਵਿੱਚ ਛਾਂ ਨਹੀਂ ਹੁੰਦੀ।
ਜੇ ਪੁੱਤ ਕਿਤੇ ਜਾਣ, ਤਾਂ ਮਾਂ ਤੋਂ [illegible] ਨਹੀਂ ਹੁੰਦਾ।
ਜੇ ਮਾਂ ਜਾਣ ਲਗ ਪੇਕੇ, ਤਾਂ [illegible] ਤੋਂ ਵੀ [illegible] ਨਹੀਂ ਹੁੰਦੀ।
ਮਾਂ ਜਿਹਾ ਪਰਛਾਵਾਂ [illegible], ਕਿਧਰੇ ਨਜ਼ਰ ਨਾ ਆਵੇ।
ਮਾਂ ਤੋਂ ਵੱਡੇ ਛਾਂ ਉਪਾਰੀ, ਰੱਬ ਨੇ [illegible] ਉਸਾਰੇ।
ਮਾਤ ਪਿਤਾ ਦੇ ਚਰਨ ਛੂਹੇ ਜੇ, [illegible] ਤੀਰਥ ਫਲ ਪਾਏ।
ਜੇ ਅਸੀਸ ਉਹ ਦਿਲ ਤੋਂ ਦੇਵਣ, [illegible] ਤੋਂ ਹੀ [illegible] ਜਾਏ।
ਰੱਬ ਜਾਪਿਆ ਮਾਂ ਪਿਉ ਦੀ ਖਾਤਰ, [illegible] ਜਾਂ [illegible] ਨਹੀਂ।
ਰਹਿਣਾ ਉਨ੍ਹਾਂ ਦਾ [illegible] ਸਿਰ ਤੇ, [illegible] ਮਾਂ [illegible] ਨਹੀਂ।

ਪ੍ਰੋ: [illegible] ਸਿੰਘ ਜੀ

19. ਮਨ-ਮੰਦਰ

ਮੇਰੀ ਆਤਮਾ ਵਿਚ
ਮੰਦਰ ਇਕ ਮਹਾਨ
ਜਿਸ ਦੀ ਸਰਦਲ ਤੇ ਮੈਂ ਆਪਣਾ
ਮਸਤਕ ਧਰਿਆ ਆਣ ।